Published in Punjabi & English

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-9, ਸਤੰਬਰ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਟਰੰਪ ਦੀ ਟੈਰਿਫ਼ ਜੰਗ ਅਤੇ ਕੈਨੇਡਾ ਦਾ ਪਲਟ-ਵਾਰ

**ਅਮਰੀਕੀ ਸਾਮਰਾਜੀ ਬੌਸ ਡੋਨਲਡ ਟਰੰਪ ਦੀ ਆਲਮੀ ਯੁੱਧਨੀਤੀ ਨਿਰਾਲੀ ਹੈ:** ਇਕ ਪਾਸੇ, ਉਹ ਫ਼ੌਜੀ ਹਮਲੇ ਤੇਜ਼ ਕਰਕੇ ਅਤੇ ਆਰਥਕ ਸ਼ਿਕੰਜਾ ਕੱਸਕੇ ਇਰਾਨ ਨੂੰ ਝੁਕਾਉਣ ਲਈ ਬਜ਼ਿੱਦ ਹੈ, ਨਾਲ ਹੀ ਉਹ ਆਪਣੇ ਯੁੱਧਨੀਤਕ ਸੰਗੀਆਂ ਨੂੰ ਨਿਸ਼ਾਨੇ 'ਤੇ ਰੱਖਣ ਤੋਂ ਵੀ ਨਹੀਂ ਉੱਕਦਾ। ਇਸਦੀ ਤਾਜ਼ਾ ਮਿਸਾਲ ਆਪਣੇ ਇਕ ਸਭ ਤੋਂ ਨੇੜਲੇ ਸੰਗੀ ਅਤੇ ਵਪਾਰਕ ਭਾਈਵਾਲ ਕੈਨੇਡਾ ਵਿਰੁੱਧ ਟੈਰਿਫ ਥੋਪਣਾ ਹੈ। ਪਹਿਲਾਂ ਟਰੰਪ ਨੇ 20 ਅਰਬ ਡਾਲਰ ਮੁੱਲ ਦੀਆਂ ਹੋਰ ਕੈਨੇਡੀਅਨ ਵਸਤਾਂ ਉੱਪਰ 50% ਟੈਰਿਫ਼ ਥੋਪੇ, ਫਿਰ ਧਮਕੀ ਦਿੱਤੀ ਕਿ ਅਗਲੇ ਸਾਲ ਤੋਂ ਕੈਨੇਡਾ ਦੀਆਂ ਕਾਰਾਂ, ਟਰੱਕਾਂ ਅਤੇ ਵਾਹਨਾਂ ਦੇ ਪੁਰਜ਼ਿਆਂ 'ਤੇ ਵੀ ਅਮਰੀਕੀ ਟੈਰਿਫ਼ ਵਧਾ ਕੇ ਇਹੀ ਦਰਾਂ ਲਾਗੂ ਕੀਤੀਆਂ ਜਾਣਗੀਆਂ। ਇਸ ਦੇ ਜਵਾਬ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 8 ਸਤੰਬਰ ਤੋਂ 15% ਤੋਂ ਲੈ ਕੇ 50% ਤੱਕ ਜਵਾਬੀ ਮੈਚਿੰਗ ਟੈਰਿਫ਼ ਲਗਾਉਣ (ਸਟੀਲ, ਐਲੂਮਿਨੀਅਮ, ਫਰਨੀਚਰ ਅਤੇ ਕੱਪੜੇ ਆਦਿ ਕੁਝ ਮਹੱਤਵਪੂਰਨ ਖੇਤਰਾਂ 'ਤੇ 50%, ਪਨੀਰ ਅਤੇ ਘਰੇਲੂ ਉਪਕਰਣਾਂ 'ਤੇ 25%, ਇਲੈਕਟ੍ਰਾਨਿਕ ਸਾਮਾਨ ਅਤੇ ਔਜ਼ਾਰਾਂ 'ਤੇ 15%) ਦੀ ਯੋਜਨਾ ਦਾ ਐਲਾਨ ਕੀਤਾ ਹੈ ਜਿਸ ਨਾਲ 700 ਤੋਂ ਜ਼ਿਆਦਾ ਉਪਜਾਂ 'ਤੇ ਅਸਰ ਪਵੇਗਾ।

ਕੈਨੇਡਾ ਅਤੇ ਅਮਰੀਕਾ ਦੇ ਆਟੋ ਮੈਨਫੈਕਚਰਿੰਗ, ਊਰਜਾ, ਸਟੀਲ, ਐਲਮਿਨੀਅਮ, ਡੇਅਰੀ, ਖੇਤੀਬਾੜੀ, ਪਲਪ, ਪੇਪਰ, ਪਲਾਸਟਿਕ ਅਤੇ ਇਲੈਟ੍ਰਾਨਿਕ ਖੇਤਰ ਆਦਿ ਕਈ ਮਹੱਤਵਪੂਰਨ ਉਦਯੋਗ ਡੂੰਘੇ ਜੁੜੇ ਹੋਏ ਹਨ। ਕਈ ਪੜਾਵਾਂ ਉੱਤੇ ਟੈਰਿਫ਼ ਲੱਗਣ ਨਾਲ ਪੈਦਾਵਾਰੀ ਲਾਗਤ ਵਧੇਗੀ ਅਤੇ ਇਸਦਾ ਅਸਰ ਖ਼ਪਤਕਾਰਾਂ 'ਤੇ ਪਵੇਗਾ। ਬੇਸ਼ੱਕ ਔਟਵਾ ਦਾ ਕਹਿਣਾ ਹੈ ਕਿ ਉਸ ਨੇ ਵਸਤਾਂ ਦੀ ਚੋਣ ਸਾਵਧਾਨੀ ਨਾਲ ਕੀਤੀ ਹੈ, ਤਾਂ ਜੋ ਕੈਨੇਡੀਅਨ ਖ਼ਪਤਕਾਰਾਂ ਨੂੰ ਘੱਟ ਤੋਂ ਘੱਟ ਨੁਕਸਾਨ ਹੋਵੇ ਅਤੇ ਅਮਰੀਕਾ ਦੇ ਰਾਜਨੀਤਕ ਅਤੇ ਆਰਥਕ ਤੌਰ ਉੱਤੇ ਸੰਵੇਦਨਸ਼ੀਲ ਖੇਤਰਾਂ ਉੱਤੇ ਦਬਾਅ ਪਾਇਆ ਜਾ ਸਕੇ, ਪਰ ਦੋਵਾਂ ਮੁਲਕਾਂ ਦੀ ਆਰਥਿਕਤਾ ਇਸ ਦੇ ਮਾੜੇ ਨਤੀਜਿਆਂ ਤੋਂ ਬਚ ਨਹੀਂ ਸਕਦੀ। ਅਮਰੀਕੀ ਕਾਰੋਬਾਰਾਂ ਦੀ ਰੱਖਿਆ ਦੇ ਨਾਂ ਉੱਤੇ ਲਾਗੂ ਕੀਤੀ ਜਾ ਰਹੀ ਟੈਰਿਫ ਬੇਹੂਦਗੀ ਨਿਰਮਾਣ ਅਮਲ ਨੂੰ ਹੋਰ ਮਹਿੰਗਾ ਅਤੇ ਘੱਟ ਕੁਸ਼ਲ ਬਣਾ ਸਕਦੀ ਹੈ। ਕੈਨੇਡਾ ਸਰਕਾਰ ਦੀ ਵਿੱਤੀ ਸਹਾਇਤਾ ਟੈਰਿਫਾਂ ਨਾਲ ਲੱਗਣ ਵਾਲੇ ਇਸ ਝਟਕੇ ਨੂੰ ਕੁਝ ਹੱਦ ਤੱਕ ਘਟਾ ਤਾਂ ਸਕਦੀ ਹੈ, ਪਰ ਦਹਾਕਿਆਂ ਦੌਰਾਨ ਵਿਕਸਤ ਹੋਈਆਂ ਸਪਲਾਈ ਚੇਨਾਂ 'ਚ ਵਿਘਨ ਪੈਣ ਦੇ ਘਾਟੇ ਨੂੰ ਪੂਰਾ ਕਰਨਾ ਸੰਭਵ ਨਹੀਂ ਹੋ ਸਕੇਗਾ।

ਬਸਤੀਵਾਦੀ ਜ਼ਿਹਨੀਅਤ ਵਾਲਾ ਟਰੰਪ ਕੈਨੇਡਾ ਨੂੰ ਆਜ਼ਾਦ ਮੁਲਕ ਵਜੋਂ ਨਹੀਂ, ਸਗੋਂ ਆਪਣੇ ਸਹਾਇਕ ਰਾਜ ਵਜੋਂ ਦੇਖਦਾ ਹੈ, ਜਿਸ ਦੀਆਂ ਨੀਤੀਆਂ ਵਾਸ਼ਿੰਗਟਨ ਦੀ ਮਨਜ਼ੂਰੀ ਦੇ ਮਤਹਿਤ ਰਹਿਣੀਆਂ ਚਾਹੀਦੀਆਂ ਹਨ। ਉਹ ਪ੍ਰਧਾਨ ਮੰਤਰੀ ਨੂੰ 'ਗਵਰਨਰ ਕਾਰਨੀ' (ਅਮਰੀਕਾ ਦੇ '51ਵੇਂ ਰਾਜ' ਦਾ ਗਵਰਨਰ) ਅਤੇ ਅਧਿਕਾਰੀਆਂ ਨੂੰ 'ਮਸਖ਼ਰੇ' ਕਹਿਕੇ ਮਜ਼ਾਕ ਉਡਾਉਂਦਾ ਹੈ। ਰਿਪੋਰਟਾਂ ਅਨੁਸਾਰ ਅਮਰੀਕਾ ਕੈਨੇਡਾ ਦੀਆਂ ਡਿਜੀਟਲ ਅਤੇ ਸੱਭਿਆਚਾਰਕ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਹੋਰ ਮੁਲਕਾਂ ਨਾਲ ਉਸ ਦੇ ਭਵਿੱਖੀ ਵਪਾਰਕ ਸਮਝੌਤਿਆਂ ਉੱਤੇ ਵੀਟੋ ਦਾ ਅਧਿਕਾਰ ਚਾਹੁੰਦਾ ਸੀ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਝਗੜੇ ਦਾ ਇਕ ਵੱਡਾ ਮੁੱਦਾ ਕੀਸਟੋਨ ਐਕਸਐੱਲ ਪਾਈਪਲਾਈਨ ਸੀ, ਜਿਸ ਨੂੰ ਟਰੰਪ ਲੰਮੇ ਸਮੇਂ ਤੋਂ ਬਣਵਾਉਣ ਲਈ ਤਾਹੂ ਹੈ। ਕੈਨੇਡਾ ਤੋਂ ਅਮਰੀਕਾ ਦੇ ਖਾੜੀ ਤੱਟ ਤੱਕ ਤੇਲ ਪਹੁੰਚਾਉਣ ਦੇ ਉਦੇਸ਼ ਨਾਲ ਬਣਾਈ ਜਾਣ ਵਾਲੀ ਇਸ ਪਾਈਪਲਾਈਨ ਦਾ ਵਿਸਥਾਰ ਤਤਕਾਲੀ ਰਾਸ਼ਟਰਪਤੀ ਜੋਅ ਬਾਇਡਨ ਨੇ 2021 'ਚ ਰੱਦ ਕਰ ਦਿੱਤਾ ਸੀ। ਸਪੱਸ਼ਟ ਹੈ ਕਿ ਅਸਲ ਮਕਸਦ ਸਿਰਫ਼ ਵਪਾਰਕ ਸੰਤੁਲਨ ਨੂੰ ਆਪਣੇ ਪੱਖ 'ਚ ਝੁਕਾਉਣਾ ਨਹੀਂ, ਸਗੋਂ ਕੈਨੇਡਾ ਨੂੰ ਅਮਰੀਕਾ ਉੱਪਰ ਫ਼ੌਜੀ ਅਤੇ ਆਰਥਕ ਨਿਰਭਰਤਾ ਦਾ ਅਹਿਸਾਸ ਕਰਾਕੇ ਉਸਦੀ ਪ੍ਰਭੂਸੱਤਾ ਨੂੰ ਛਾਂਗਣਾ ਹੈ। ਕੈਨੇਡਾ ਨੂੰ '51ਵਾਂ ਰਾਜ' ਦੱਸਣਾ, ਉਸ ਵਿਰੁੱਧ "ਆਰਥਕ ਤਾਕਤ" ਵਰਤਣ ਦੀ ਧਮਕੀ ਦੇਣਾ, 'ਲੇਕ ਓਨਟਾਰੀਓ' ਦਾ ਨਾਂ 'ਲੇਕ ਅਮੈਰਿਕਾ' ਰੱਖਣ ਦੀ ਮਨਸ਼ਾ ਜ਼ਾਹਿਰ ਕਰਨਾ ਅਤੇ ਖੇਤਰੀ ਦਾਅਵਿਆਂ ਨਾਲ ਜੁੜੀ ਭੜਕਾਊ ਬਿਆਨਬਾਜ਼ੀ ਸੋਚ-ਸਮਝੇ ਬਾਂਹ-ਮਰੋੜ ਰਵੱਈਏ ਦਾ ਹਿੱਸਾ ਹੈ: ਦੂਜੇ ਮੁਲਕ ਨੂੰ ਆਰਥਕ ਸੰਕਟ 'ਚ ਸੁੱਟਕੇ, ਵਧੇਰੇ ਸਖ਼ਤ ਸਜ਼ਾ ਦੀ ਧਮਕੀ ਦੇ ਕੇ ਮਨਚਾਹੇ ਸਮਝੌਤੇ ਮੰਨਣ ਲਈ ਮਜਬੂਰ ਕਰੋ।




ਫ਼ੌਜੀ ਸਹਿਯੋਗ ਅਤੇ ਨਿਰਭਰਤਾ ਦਾ ਮਤਲਬ ਦੂਜੇ ਮੁਲਕ ਦੀਆਂ ਨੀਤੀਆਂ ਤੈਅ ਕਰਨਾ ਨਹੀਂ ਹੋ ਸਕਦਾ। ਟਰੰਪ ਪ੍ਰਸ਼ਾਸਨ ਦੁਵੱਲੀ ਨਿਰਭਰਤਾ ਨੂੰ ਹਥਿਆਰ ਬਣਾ ਕੇ ਵਰਤ ਰਿਹਾ ਹੈ। ਲਿਹਾਜ਼ਾ ਕੈਨੇਡਾ ਦਾ ਗੱਲਬਾਤ ਤੋਂ ਪਿੱਛੇ ਹਟਣਾ ਜਾਇਜ਼ ਸੀ, ਕਿਉਂਕਿ ਤਜਵੀਜ਼ਤ ਸਮਝੌਤੇ ਵਿੱਚ ਪਹਿਲਾਂ ਤੈਅ ਕੀਤੀਆਂ ਚੀਜ਼ਾਂ ਸ਼ਾਮਲ ਨਹੀਂ ਸਨ। ਜਦੋਂ ਇਕ ਧਿਰ ਮਰਜ਼ੀ ਨਾਲ ਸਮਝੌਤੇ ਦੀਆਂ ਸ਼ਰਤਾਂ ਬਦਲਣ, ਨਵੀਆਂ ਮੰਗਾਂ ਜੋੜਨ ਜਾਂ ਮਨਚਾਹੀਆਂ ਰਿਆਇਤਾਂ ਲੈਣ ਲਈ ਸ਼ਰੇਆਮ ਬਲੈਕਮੇਲ ਕਰ ਰਹੀ ਹੋਵੇ, ਤਾਂ ਦੁਵੱਲਾ ਟਿਕਾਊ ਸਮਝੌਤਾ ਸੰਭਵ ਨਹੀਂ ਹੁੰਦਾ। ਕਾਰਨੀ ਨੇ ਐਲਾਨ ਕੀਤਾ ਕਿ ਕੈਨੇਡਾ ਵਪਾਰਕ ਗੱਲਬਾਤ ਵਿੱਚ ਫਿਰ ਹੀ ਵਾਪਸ ਆਵੇਗਾ, ਜੇਕਰ ਟਰੰਪ ਪ੍ਰਸ਼ਾਸਨ ਆਪਣਾ ਰਵੱਈਆ ਬਦਲਦਾ ਹੈ। ਇਸ ਟਕਰਾਅ 'ਚ ਤੁਰੰਤ ਆਰਥਕ ਨਤੀਜਿਆਂ ਨਾਲੋਂ ਕਿਤੇ ਵਧੇਰੇ ਵਿਆਪਕ ਅਸਰਾਂ ਦੀ ਸੰਭਾਵਨਾ ਸਮੋਈ ਹੋਈ ਹੈ। ਟਰੰਪ ਪ੍ਰਸ਼ਾਸਨ ਦੀ ਧੌਂਸ ਕੈਨੇਡਾ ਦੀ ਸਰਕਾਰ ਨੂੰ ਗੁਆਂਢੀ ਉੱਪਰ ਨਿਰਭਰਤਾ ਘਟਾਉਣ ਅਤੇ ਬਦਲ ਤਲਾਸ਼ਣ ਲਈ ਉਕਸਾ ਰਹੀ ਹੈ।

ਟਰੰਪ ਪ੍ਰਸ਼ਾਸਨ ਦੀ ਸੋਚ ਇਹ ਜਾਪਦੀ ਹੈ ਕਿ ਕੈਨੇਡਾ ਦੀ ਫ਼ੌਜੀ ਅਤੇ ਆਰਥਕ ਨਿਰਭਰਤਾ ਓੜਕ ਉਸ ਨੂੰ ਆਤਮ-ਸਮਰਪਣ ਕਰਨ ਲਈ ਮਜਬੂਰ ਕਰ ਦੇਵੇਗੀ। ਪਰ ਇਹ ਜ਼ਰੂਰੀ ਨਹੀਂ ਕਿ ਨਿਰਭਰ ਧਿਰ ਹਰ ਵਾਰ ਅਪਮਾਨਜਨਕ ਸ਼ਰਤਾਂ ਕਬੂਲ ਕਰੇ। ਇਸਦਾ ਜਵਾਬ ਬਦਲ ਤਲਾਸ਼ਣਾ ਵੀ ਹੋ ਸਕਦਾ ਹੈ। ਧੌਂਸਬਾਜ਼ ਟਰੰਪ ਆਪਣੇ ਹੀ ਸੰਗੀ ਰਾਜਾਂ ਦਾ ਵਿਸ਼ਵਾਸ ਗੁਆ ਰਿਹਾ ਹੈ। ਮਾਰਕ ਕਾਰਨੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਅਮਰੀਕੀ ਦਸਖ਼ਤ ਹੁਣ ਅਕਸਰ 'ਪੈਂਸਿਲ ਨਾਲ ਲਿਖੇ ਹੋਏ' ਜਾਪਦੇ ਹਨ।

ਟਰੰਪ ਦੀਆਂ ਬਸਤੀਵਾਦੀ ਧਮਕੀਆਂ ਦਾ ਵਿਰੋਧ ਕਰਕੇ ਕੈਨੇਡਾ ਸਰਕਾਰ ਸਿਰਫ਼ ਆਪਣੇ ਕੌਮੀ ਸਨਮਾਨ ਦੀ ਰੱਖਿਆ ਨਹੀਂ ਕਰ ਰਹੀ। ਇਹ ਲੜਾਈ ਅਮਰੀਕੀ ਦਬਾਅ ਦਾ ਸਾਹਮਣਾ ਕਰ ਰਹੇ ਹਰ ਮੁਲਕ ਨਾਲ ਸੰਬੰਧਤ ਬੁਨਿਆਦੀ ਅਸੂਲ ਦੀ ਰਾਖੀ ਲਈ ਹੈ—ਗੱਠਜੋੜ ਆਪਸੀ ਸਹਿਮਤੀ ਅਤੇ ਦੁਵੱਲੇ ਸਤਿਕਾਰ 'ਤੇ ਆਧਾਰਤ ਹੋਣੇ ਚਾਹੀਦੇ ਹਨ, ਨਾ ਕਿ ਧਮਕੀਆਂ, ਬਲੈਕਮੇਲ ਅਤੇ ਅਧੀਨਤਾ ਉੱਤੇ। ਸਮੂਹ ਨਿਆਂਪਸੰਦ ਕੈਨੇਡੀਅਨਾਂ ਨੂੰ ਅਮਰੀਕੀ ਧੌਂਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ ਤਾਂ ਜੋ ਕੈਨੇਡਾ ਦੇ ਹੁਕਮਰਾਨ ਆਪਣੇ ਸਟੈਂਡ 'ਤੇ ਖੜ੍ਹੇ ਰਹਿਣ।

**- ਸੰਪਾਦਕੀ ਬੋਰਡ**

GOLDEN HARMONY CARE
Medical & Paramedic-Led Home Care
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆ ਕੇ ਅਸੀਂ ਕਰਾਂਗੇ



ਘਰ ਵਿਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆ ਕੇਅਰ
- ਖਾਣਾ ਬਣਾਉਣਾ
- ਸਫ਼ਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਆਪਣੇ ਘਰ ਵਿਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ
ਸਰਕਾਰੀ ਫੰਡ ਨਾਲ ਘਰ ਵਿਚ ਦੇਖਭਾਲ ਦੀਆਂ ਸੇਵਾਵਾਂ
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚੇ ਲਏ
ਕੈਲਗਰੀ, ਐਡਮਿੰਟਨ ਅਤੇ ਆਲੇ ਦੁਆਲੇ ਦੇ ਸਾਰੇ ਖੇਤਰਾਂ ਵਿਚ ਸੇਵਾ ਪ੍ਰਦਾਨ ਕਰਦਾ ਹੈ।

(403) 439-6688 | (825) 712-9295
www.goldenharmonycare.ca
goldenharmonycare@gmail.com
Info@goldenharmonycare.ca

ਮਰੀਜ਼ਾਂ ਲਈ ਕੋਈ ਖਰਚਾ ਨਹੀਂ
ਏਐਸਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ

ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha
403 554.4444
paramjit@paramjit.ca
paramjit.ca
520 - 10655 Southport Road SW Calgary

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
EACH OFFICE INDEPENDENTLY OWNED AND OPERATED
RE/MAX MOUNTAIN VIEW



AMANDEEP S. RANIA
RCIC Regulated Canadian Immigration Consultant
Immigration Consultant



+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

RDSP UP TO $90,000 GOVERNMENT GRANT + BOND.
SUPER VISA INSURANCE



Sherjang Singh Rana
416.910.9000

PUNJAB INSURANCE INC.
- Life Insurance
- Mortgage Insurance
- Critical Illness Insurance
- Disability Insurance
- RESP, RRSP

www.punjabinsurance.ca



Sandeep Ahuja
416.660.1010

# ਡਾ. ਸਾਹਿਬ ਦੇ ਨਾਟਕ ਐਡਰੀ (ਕੈਲਗਰੀ) 'ਚ 4 ਅਕਤੂਬਰ ਨੂੰ ਹੋਣਗੇ



(ਦੇਖੋ ਸਫ਼ਾ 20 ਅਤੇ 40 'ਤੇ)

# ਪੁਸਤਕ ਮੇਲਾ 20 ਸਤੰਬਰ 2026 ਦਿਨ ਐਤਵਾਰ ਨੂੰ

(ਦੇਖੋ ਸਫ਼ਾ 20 'ਤੇ)


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

1st Location : 124-4774 Westwinds Drive NE Calgary, Alberta
Email : westwinds@careine.ca

2nd Location : 2110-4250 109 Ave NE, Calgary, AB (The Port Plaza)

3rd Location : 45-250 Carrington Blvd NW Calgary, AB, T3P OC7

Phone : 403-605-6300 | Fax : 403-536-4057

Email : calgary@careinc.ca


16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।




| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |



AAXEL INSURANCE BROKERS LTD.

Harcharan Parhar
403-614-1797
harcharan.parhar@aaxelinsurance.com

Auto·Home·Business Insurance

- Commercial Auto & Trucking
- Commercial Property
- Rental Property
- Tenant Insurance
- General Liability
- Builder's Risk
- Special Event, Shows, Parties Liability

Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com

Insta Realty
BUY SELL INSTANTLY



Residential | Commercial | Rural
Property Management
Harcharan Parhar
BROKER
403-681-8689

info@instarlt.com | www.instarlt.com
400, 3115-12th St NE Calgary AB T2E 7J2



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE

* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU

403 404 3500

## SAROKARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5





Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com






For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.





Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN








Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕਾਮਨਜ਼ ਤੋਂ ਪਰੇ: ਸਿੰਘਭੂਮ ਦੇ ਇਤਿਹਾਸ ਰਾਹੀਂ ਭਾਰਤੀ ਰਾਜ ਦੀ ਪੁਨਰ-ਕਲਪਨਾ

*ਆਨੰਦ ਤੇਲਤੁੰਬੜੇ ਆਲਮੀ ਪੱਧਰ 'ਤੇ ਮਕਬੂਲ ਬੁੱਧੀਜੀਵੀ ਹਨ ਜਿਨ੍ਹਾਂ ਨੇ ਭਾਰਤ ਦੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਬਾਰੇ ਬਹੁਤ ਖੋਜ ਭਰਪੂਰ ਕੰਮ ਕੀਤਾ ਹੈ। ਇਸ ਲਿਖਤ ਵਿਚ ਉਹ ਝੂਠੇ ਕੇਸ ਤਹਿਤ ਜੇਲ੍ਹ ਵਿਚ ਡੱਕੇ ਨੌਜਵਾਨ ਵਿਦਵਾਨ ਉਮਰ ਖ਼ਾਲਿਦ ਦੀ ਲਿਖੀ ਕਿਤਾਬ ਦੇ ਮਹੱਤਵ ਨੂੰ ਉਜਾਗਰ ਕਰਨ ਦੇ ਨਾਲ-ਨਾਲ ਉਹ ਸਵਾਲ ਵੀ ਉਠਾਉਂਦੇ ਹਨ ਜੋ ਇਸ ਕਿਤਾਬ ਵਿਚ ਅਣਛੋਹੇ ਰਹਿ ਗਏ ਜਾਂ ਬਹੁਤ ਘੱਟ ਛੋਹੇ ਗਏ। ਉਹ ਕਹਿੰਦੇ ਹਨ ਕਿ ਇਤਿਹਾਸ ਦੀ ਹਰ ਮਹੱਤਵਪੂਰਨ ਰਚਨਾ ਨਾ ਸਿਰਫ਼ ਆਪਣੇ ਸਿੱਧੇ ਵਿਸ਼ੇ ਬਾਰੇ ਸਾਡੀ ਸਮਝ ਨੂੰ ਬਦਲਦੀ ਹੈ, ਸਗੋਂ ਉਹ ਉਨ੍ਹਾਂ ਸਵਾਲਾਂ ਨੂੰ ਵੀ ਬਦਲ ਦਿੰਦੀ ਹੈ ਜੋ ਅਸੀਂ ਇਤਿਹਾਸ ਤੋਂ ਪੁੱਛਦੇ ਹਾਂ। ਫਰੈਕਚਰਡ ਕਮਿਊਨਿਟੀਜ਼ ਬਿਲਕੁਲ ਇਹੀ ਕੰਮ ਕਰਦੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਗੰਭੀਰ ਸੰਵਾਦ ਰਚਾਉਂਦੀ ਇਸ ਲਿਖਤ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ]*




-ਡਾ. ਆਨੰਦ ਤੇਲਤੁੰਬੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

Fractured Communities: Adivasi Histories and the Politics of Power ਕੋਈ ਆਮ ਕਿਤਾਬ ਨਹੀਂ ਹੈ। ਇਸ ਦੀ ਸ਼ੁਰੂਆਤ ਡਾਕਟਰੇਟ ਖੋਜ-ਪ੍ਰਬੰਧ (ਥੀਸਿਸ) ਵਜੋਂ ਹੋਈ ਸੀ, ਪਰ ਇਹ ਵੀ ਆਮ ਅਕਾਦਮਿਕ ਹਾਲਾਤਾਂ ਵਿੱਚ ਨਹੀਂ ਸੀ ਲਿਖਿਆ ਗਿਆ। ਇਸ ਨੂੰ ਇੱਕ ਅਜਿਹੇ ਵਿਦਿਆਰਥੀ-ਕਾਰਕੁਨ ਨੇ ਲਿਖਿਆ, ਜਿਸ ਨੂੰ ਲਗਭਗ ਇੱਕ ਦਹਾਕੇ ਤੱਕ ਰਾਜ ਵੱਲੋਂ ਲਗਾਤਾਰ ਨਿਸ਼ਾਨਾ ਬਣਾਇਆ ਗਿਆ।

ਆਪਣੀ ਖੋਜ ਦੌਰਾਨ ਹੀ ਉਮਰ ਖ਼ਾਲਿਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਵਿਰੁੱਧ ਲਗਾਤਾਰ ਭੰਡੀ ਦੀ ਮੁਹਿੰਮ ਚਲਾਈ ਗਈ ਅਤੇ ਉਹ ਇੱਕ ਕੱਟੜਪੰਥੀ ਵੱਲੋਂ ਕਤਲ ਕਰਨ ਲਈ ਕੀਤੇ ਗਏ ਹਮਲੇ ਤੋਂ ਵੀ ਬਚ ਨਿਕਲਿਆ।

ਥੀਸਿਸ ਪੂਰਾ ਕਰਨ ਤੋਂ ਬਾਅਦ ਵੀ ਉਸ ਨੂੰ ਇੱਕ ਹੋਰ ਰੁਕਾਵਟ ਦਾ ਸਾਹਮਣਾ ਕਰਨਾ ਪਿਆ, ਜਦੋਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਨੇ ਸ਼ੁਰੂ ਵਿੱਚ ਉਸ ਦਾ ਥੀਸਿਸ ਲੈਣ ਤੋਂ ਇਨਕਾਰ ਕਰ ਦਿੱਤਾ। ਆਖ਼ਿਰਕਾਰ ਅਦਾਲਤੀ ਦਖ਼ਲ ਤੋਂ ਬਾਅਦ ਹੀ ਯੂਨੀਵਰਸਿਟੀ ਇਸ ਨੂੰ ਸਵੀਕਾਰ ਕਰਨ ਲਈ ਮਜਬੂਰ ਹੋਈ।

ਇਸ ਤੋਂ ਪਹਿਲਾਂ ਉਸ ਦਾ ਨਾਂ ਭੀਮਾ-ਕੋਰੇਗਾਓਂ ਐੱਫਆਈਆਰ ਵਿੱਚ ਕੁਝ ਸਮੇਂ ਲਈ ਸਾਹਮਣੇ ਆਇਆ ਸੀ, ਪਰ ਜਦੋਂ ਇਸ ਮਾਮਲੇ ਨੂੰ ਕਥਿਤ ਮਾਓਵਾਦੀ ਸਾਜ਼ਿਸ਼ ਦਾ ਰੂਪ ਦੇ ਕੇ ਪੂਰੇ ਮੁਲਕ ਦੇ 16 ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਾਂ ਉਸ ਦਾ ਨਾਂ ਉਸ ਵਿੱਚੋਂ ਗਾਇਬ ਕਰ ਦਿੱਤਾ ਗਿਆ। ਬਾਅਦ ਵਿੱਚ ਉਸ ਨੂੰ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਵਿਰੋਧੀ ਅੰਦੋਲਨ ਨਾਲ ਜੁੜੇ ਦਿੱਲੀ ਦੰਗਾ ਕੇਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਹ ਲਗਭਗ ਪੰਜ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹੈ। ਇਸ ਦੌਰਾਨ ਉਸ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਵਾਰ-ਵਾਰ ਰੱਦ ਕੀਤੀਆਂ ਜਾਂਦੀਆਂ ਰਹੀਆਂ ਹਨ।

ਫਿਰ ਵੀ ਇਸ ਰਚਨਾ ਦਾ ਮਹੱਤਵ ਉਨ੍ਹਾਂ ਅਸਾਧਾਰਣ ਹਾਲਾਤਾਂ ਵਿੱਚ ਨਹੀਂ ਹੈ ਜਿਨ੍ਹਾਂ ਵਿੱਚ ਇਹ ਲਿਖੀ ਗਈ। ਨਿਸ਼ਚੇ ਹੀ ਉਹ ਹਾਲਾਤ ਪ੍ਰਭਾਵਸ਼ਾਲੀ ਹਨ, ਪਰ ਜੇ ਇਸ ਨੂੰ ਸਿਰਫ਼ ਨਿੱਜੀ ਹਿੰਮਤ ਅਤੇ ਸਹਿਨਸ਼ੀਲਤਾ ਦੀ ਇੱਕ ਮਿਸਾਲ ਵਜੋਂ ਹੀ ਦੇਖਿਆ ਜਾਵੇ, ਤਾਂ ਇਹ ਇਸ ਰਚਨਾ ਨਾਲ ਬੇਇਨਸਾਫ਼ੀ ਹੋਵੇਗੀ।

ਇਸ ਦਾ ਅਸਲ ਮਹੱਤਵ ਇਸ ਦੀ ਵਿਦਵਤਾਪੂਰਨ ਮਹੱਤਵਾਕਾਂਖਿਆ, ਪੁਰਾਲੇਖੀ ਖੋਜ ਦੀ ਡੂੰਘਾਈ ਅਤੇ ਧਾਰਣਾਤਮਕ ਮੌਲਿਕਤਾ ਵਿੱਚ ਹੈ। ਇਸ ਨਾਲ ਇਸ ਦੇ ਲੇਖਕ ਪ੍ਰਤੀ ਹਮਦਰਦੀ ਕਰਕੇ ਨਹੀਂ, ਸਗੋਂ ਇਸ ਦੀਆਂ ਆਪਣੀਆਂ ਬੌਧਿਕ ਪ੍ਰਾਪਤੀਆਂ ਦੇ ਆਧਾਰ 'ਤੇ ਸੰਵਾਦ ਕੀਤਾ ਜਾਣਾ ਚਾਹੀਦਾ ਹੈ।

ਮੈਂ ਪਹਿਲਾਂ ਇਸ ਥੀਸਿਸ ਤੋਂ ਵਿਕਸਿਤ ਹੋ ਕੇ ਪ੍ਰਕਾਸ਼ਿਤ ਹੋਈ ਕਿਤਾਬ ਦੀ ਸਮੀਖਿਆ ਕਰ ਚੁੱਕਾ ਹਾਂ। ਇੱਥੇ ਮੈਂ ਖ਼ੁਦ ਮੂਲ ਥੀਸਿਸ ਨਾਲ ਸੰਵਾਦ ਕਰ ਰਿਹਾ ਹਾਂ, ਕਿਉਂਕਿ ਇਸ ਦਾ ਵਿਸਤਾਰਤ ਅਕਾਦਮਿਕ ਢਾਂਚਾ ਮੂਲ ਖੋਜ ਦੀ ਵਿਸ਼ਾਲਤਾ ਅਤੇ ਡੂੰਘਾਈ ਨੂੰ ਹੋਰ ਵੀ ਸਪਸ਼ਟ ਤੌਰ 'ਤੇ ਸਾਹਮਣੇ ਲਿਆਉਂਦਾ ਹੈ।

ਜਦੋਂ ਵਰਤਮਾਨ ਸਾਨੂੰ ਇਤਿਹਾਸ ਵੱਲ ਮੁੜ ਦੇਖਣ ਲਈ ਮਜਬੂਰ ਕਰਦਾ ਹੈ

ਇਤਿਹਾਸ ਨੂੰ ਨਵੀਂ ਅਹਿਮੀਅਤ ਉਸ ਵੇਲੇ ਮਿਲਦੀ ਹੈ ਜਦੋਂ ਵਰਤਮਾਨ ਸਾਨੂੰ ਉਸ ਵੱਲ ਮੁੜ ਦੇਖਣ ਲਈ ਮਜਬੂਰ ਕਰਦਾ ਹੈ। ਝਾਰਖੰਡ ਇਸ ਦੀ ਸ਼ਾਇਦ ਸਭ ਤੋਂ ਉਚਿਤ ਮਿਸਾਲ ਹੈ।

ਪਿਛਲੇ ਤਿੰਨ ਦਹਾਕਿਆਂ ਦੌਰਾਨ ਖਣਨ, ਜੰਗਲਾਂ, ਉਜਾੜੇ, ਉਦਯੋਗੀਕਰਨ ਅਤੇ ਸੰਵਿਧਾਨਕ ਸੁਰੱਖਿਆਵਾਂ ਨੂੰ ਲੈ ਕੇ ਚੱਲੇ ਸੰਘਰਸ਼ਾਂ ਨੇ ਆਦਿਵਾਸੀ ਇਤਿਹਾਸ ਨੂੰ ਵਾਰ-ਵਾਰ ਰਾਜਨੀਤਿਕ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।

ਛੋਟਾਨਾਗਪੁਰ ਟੈਨੈਂਸੀ ਐਕਟ ਅਤੇ ਸੰਥਾਲ ਪਰਗਨਾ ਟੈਨੈਂਸੀ ਐਕਟ ਵਿੱਚ ਸੋਧਾਂ ਨੂੰ ਲੈ ਕੇ ਹੋਏ ਵਿਵਾਦ, ਪੇਸਾ (PESA) (ਪੰਚਾਇਤ ਵਿਵਸਥਾ ਦਾ ਸੂਚੀਦਰਜ ਇਲਾਕਿਆਂ ਤੱਕ ਵਿਸਤਾਰ ਐਕਟ) ਦੇ ਲਾਗੂ ਹੋਣ ਲਈ ਹੋਏ ਸੰਘਰਸ਼ ਅਤੇ ਖਣਨ ਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਕਾਰਨ ਜਾਰੀ ਉਜਾੜੇ ਨੇ ਬਸਤੀਵਾਦੀ ਅਤੀਤ ਨੂੰ ਸਮਕਾਲੀ ਰਾਜਨੀਤੀ ਦਾ ਸਰਗਰਮ ਮੈਦਾਨ ਬਣਾ ਦਿੱਤਾ ਹੈ।

ਇੱਥੇ ਇਤਿਹਾਸ ਨਾ ਤਾਂ ਸਿਰਫ਼ ਅਤੀਤ ਪ੍ਰਤੀ ਜਿਗਿਆਸਾ ਹੈ ਅਤੇ ਨਾ ਹੀ ਰਾਸ਼ਟਰਵਾਦੀ ਯਾਦਾਂ ਦਾ ਰੋਮਾਂਚਕ ਸੰਸਾਰ। ਇਹ ਉਹ ਸਰੋਤ ਹੈ ਜਿਸ ਦੇ ਆਧਾਰ 'ਤੇ ਵਿਕਾਸ, ਲੋਕਤੰਤਰ ਅਤੇ ਨਿਆਂ ਦੀਆਂ ਇੱਕ-ਦੂਜੇ ਨਾਲ ਮੁਕਾਬਲਾ ਕਰਦੀਆਂ ਧਾਰਣਾਵਾਂ ਆਪਣੀ ਵਾਜਬੀਅਤ ਸਾਬਤ ਕਰਨਾ ਚਾਹੁੰਦੀਆਂ ਹਨ।




ਪਰ ਇਹ ਬਹਿਸਾਂ ਅਕਸਰ ਅਤੀਤ ਦੀ ਬਹੁਤ ਹੀ ਸਰਲ ਅਤੇ ਸੁੰਗੜੀ ਹੋਈ ਸਮਝ 'ਤੇ ਅਧਾਰਤ ਹੁੰਦੀਆਂ ਹਨ।

ਪ੍ਰਚਲਤ ਬਿਰਤਾਂਤ ਆਦਿਵਾਸੀ ਇਤਿਹਾਸ ਨੂੰ ਦੋ ਇਕਸਾਰ ਇਕਾਈਆਂ ਦੇ ਨੈਤਿਕ ਟਕਰਾਅ ਵਜੋਂ ਪੇਸ਼ ਕਰਦਾ ਹੈ—ਇੱਕ ਪਾਸੇ ਜ਼ਮੀਨ ਅਤੇ ਜੰਗਲਾਂ ਨਾਲ ਸਾਂਝਪੂਰਨ ਰਿਸ਼ਤਾ ਰੱਖਣ ਵਾਲਾ ਸਮਾਨਤਾਵਾਦੀ ਭਾਈਚਾਰਾ, ਅਤੇ ਦੂਜੇ ਪਾਸੇ ਬਾਹਰੀ ਪੂੰਜੀ ਦੇ ਹਿੱਤਾਂ ਲਈ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਬੇਦਖ਼ਲ ਕਰਨ 'ਤੇ ਤੁਲਿਆ ਬਸਤੀਵਾਦੀ ਜਾਂ ਉੱਤਰ-ਬਸਤੀਵਾਦੀ ਰਾਜ।

ਇਸ ਨਜ਼ਰੀਏ ਵਿੱਚ ਬਸਤੀਵਾਦ ਟੁੱਟ-ਭੱਜ ਅਤੇ ਖਿੰਡਾਅ ਦਾ ਪਲ ਬਣ ਜਾਂਦਾ ਹੈ ਅਤੇ ਉਸ ਦੇ ਖ਼ਿਲਾਫ਼ ਵਿਰੋਧ ਲਗਭਗ ਆਪਣੇ ਆਪ ਪੈਦਾ ਹੋਣ ਵਾਲਾ ਨਤੀਜਾ ਮੰਨਿਆ ਜਾਂਦਾ ਹੈ। ਇਹ ਵਿਸ਼ਲੇਸ਼ਣਾਤਮਕ ਸ਼੍ਰੇਣੀਆਂ ਨੈਤਿਕ ਤੌਰ 'ਤੇ ਖਿੱਚ ਭਰਪੂਰ ਜ਼ਰੂਰ ਹਨ, ਪਰ ਅਕਸਰ ਵਿਸ਼ਲੇਸ਼ਣ ਦੇ ਪੱਧਰ 'ਤੇ ਅਧੂਰੀਆਂ ਸਾਬਤ ਹੁੰਦੀਆਂ ਹਨ।

ਉਮਰ ਖ਼ਾਲਿਦ ਦੀ ਡੂੰਘੀ ਖੋਜ ਇਸੇ ਇਤਿਹਾਸ-ਲੇਖਣ ਦੇ ਢਾਂਚੇ ਨੂੰ ਚੁਣੌਤੀ ਦਿੰਦੀ ਹੈ।

ਵਿਆਪਕ ਪੁਰਾਤੱਤਤਵ ਖੋਜ ਦੇ ਆਧਾਰ 'ਤੇ ਇਹ ਕਿਤਾਬ ਸਿੰਘਭੂਮ ਵਿੱਚ ਰਾਜ-ਨਿਰਮਾਣ ਦੀਆਂ ਦੋ ਸਦੀਆਂ ਦੀ ਪੁਨਰ-ਰਚਨਾ ਕਰਦੀ ਹੈ ਅਤੇ ਦਿਖਾਉਂਦੀ ਹੈ ਕਿ ਰਵਾਇਤੀ ਅਧਿਕਾਰ, ਜ਼ਮੀਨ, ਜੰਗਲ, ਬਸਤੀਵਾਦੀ ਪ੍ਰਸ਼ਾਸਨ ਅਤੇ ਉੱਤਰ-ਬਸਤੀਵਾਦੀ ਸ਼ਾਸਨ ਵਿਚਕਾਰ ਸਬੰਧ ਸਮੇਂ ਦੇ ਨਾਲ ਕਿਵੇਂ ਬਦਲਦੇ ਗਏ।

ਬਸਤੀਵਾਦ ਨੂੰ ਇੱਕ ਖ਼ੁਦਮੁਖ਼ਤਿਆਰ ਆਦਿਵਾਸੀ ਸਾਂਝੀ ਸੰਪਤੀ (ਕਾਮਨਜ਼) ਦੇ ਸਧਾਰਨ ਵਿਨਾਸ਼ ਵਜੋਂ ਦੇਖਣ ਦੀ ਬਜਾਏ, ਖ਼ਾਲਿਦ ਇਹ ਦਿਖਾਉਂਦਾ ਹੈ ਕਿ ਬਸਤੀਵਾਦੀ ਰਾਜ ਨੇ ਸਥਾਨਕ ਸੰਸਥਾਵਾਂ ਨੂੰ ਚੁਣਵੇਂ ਢੰਗ ਨਾਲ ਮੁੜ-ਸੰਗਠਿਤ ਕਰਕੇ ਉਨ੍ਹਾਂ ਨੂੰ ਪ੍ਰਸ਼ਾਸਨਿਕ ਸੰਦਾਂ ਵਿੱਚ ਬਦਲ ਦਿੱਤਾ ਅਤੇ ਇਸੇ ਪ੍ਰਕਿਰਿਆ ਵਿੱਚ ਉਨ੍ਹਾਂ ਦੇ ਸਮਾਜਿਕ ਸੁਭਾਅ ਨੂੰ ਵੀ ਬਦਲ ਦਿੱਤਾ।

ਬਸਤੀਵਾਦੀ ਰਾਜ ਨੇ ਸਿਰਫ਼ ਸਰਹੱਦੀ ਇਲਾਕਿਆਂ 'ਤੇ ਕਬਜ਼ਾ ਹੀ ਨਹੀਂ ਕੀਤਾ; ਇਸ ਨੇ ਉਨ੍ਹਾਂ ਸੰਸਥਾਵਾਂ ਦੀ ਵੀ ਪੁਨਰ-ਉਸਾਰੀ ਕੀਤਾ ਜਿਨ੍ਹਾਂ ਰਾਹੀਂ ਉਹ ਫਰੰਟੀਅਰ ਸਮਾਜ ਆਪਣੇ ਆਪ ਨੂੰ ਚਲਾਉਂਦਾ ਸੀ।

ਕਿਤਾਬ ਇਸ ਪ੍ਰਕਿਰਿਆ ਨੂੰ 'ਪ੍ਰਸ਼ਾਸਨਿਕ ਵਿਲੱਖਣਵਾਦ' (Administrative Exceptionalism) ਦੀ ਧਾਰਣਾ ਰਾਹੀਂ ਸਮਝਾਉਂਦੀ ਹੈ।

ਸਿੰਘਭੂਮ, ਖ਼ਾਸ ਤੌਰ 'ਤੇ ਹੋ ਭਾਈਚਾਰੇ ਵਾਲੇ ਕੋਲਹਾਨ ਖੇਤਰ ਦਾ ਪ੍ਰਸ਼ਾਸਨ, ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਭਾਰਤ ਦੇ ਹੋਰ ਹਿੱਸਿਆਂ ਤੋਂ ਵੱਖਰੀਆਂ ਕਾਨੂੰਨੀ ਅਤੇ ਪ੍ਰਸ਼ਾਸਨਿਕ ਵਿਵਸਥਾਵਾਂ ਦੇ ਤਹਿਤ ਚਲਾਇਆ ਜਾਂਦਾ ਸੀ।

ਜਿੱਥੇ ਵਾਰ-ਵਾਰ ਚਲਾਈਆਂ ਗਈਆਂ ਫ਼ੌਜੀ ਮੁਹਿੰਮਾਂ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਔਖੇ ਭੂਗੋਲ ਨੇ ਆਮ ਪ੍ਰਸ਼ਾਸਨ ਨੂੰ ਬਹੁਤ ਮਹਿੰਗਾ ਬਣਾ ਦਿੱਤਾ, ਉੱਥੇ ਸਿੱਧਾ ਨੌਕਰਸ਼ਾਹੀ ਸ਼ਾਸਨ ਕਾਰਗਰ ਸਾਬਤ ਨਹੀਂ ਹੋਇਆ।

ਅਜਿਹੀ ਸਥਿਤੀ ਵਿੱਚ ਬਸਤੀਵਾਦੀ ਸੱਤਾ ਨੇ ਅਸਿੱਧੇ ਸ਼ਾਸਨ ਦੀ ਇੱਕ ਵਿਵਸਥਾ ਵਿਕਸਤ ਕੀਤੀ, ਜਿਸ ਦਾ ਕੇਂਦਰ ਸਥਾਨਕ ਸੰਸਥਾਵਾਂ—ਖ਼ਾਸ ਕਰਕੇ ਮਾਨਕੀ-ਮੁੰਡਾ ਪ੍ਰਣਾਲੀ—ਨੂੰ ਪ੍ਰਸ਼ਾਸਨਿਕ ਮਸ਼ੀਨਰੀ ਵਿੱਚ ਸ਼ਾਮਲ ਕਰਨਾ ਸੀ।

ਰਵਾਇਤੀ ਅਧਿਕਾਰ ਨੂੰ ਖ਼ਤਮ ਨਹੀਂ ਕੀਤਾ ਗਿਆ; ਉਸ ਨੂੰ ਪ੍ਰਸ਼ਾਸਨਿਕ ਅਧਿਕਾਰ ਵਿੱਚ ਰੂਪਾਂਤਰਿਤ ਕਰ ਦਿੱਤਾ ਗਿਆ।

ਫਰੰਟੀਅਰ ਖੇਤਰ ਨੂੰ ਸਿਰਫ਼ ਫ਼ੌਜੀ ਜਿੱਤ ਰਾਹੀਂ ਨਹੀਂ, ਸਗੋਂ ਸੰਸਥਾਗਤ ਤਬਦੀਲੀ ਰਾਹੀਂ ਸ਼ਾਂਤ ਕੀਤਾ ਗਿਆ। ਮੇਰੇ ਵਿਚਾਰ ਵਿੱਚ ਇਹੀ ਇਸ ਕਿਤਾਬ ਦੀ ਸਭ ਤੋਂ ਮਹੱਤਵਪੂਰਨ ਅੰਤਰਦ੍ਰਿਸ਼ਟੀ ਹੈ। ਪਰ ਇਹ ਇਸ ਤੋਂ ਵੀ ਵੱਡੇ ਇੱਕ ਸਿਧਾਂਤਕ ਸਵਾਲ ਵੱਲ ਇਸ਼ਾਰਾ ਕਰਦੀ ਹੈ, ਜੋ ਸਿੰਘਭੂਮ ਦੇ ਇਤਿਹਾਸ ਦੀਆਂ ਹੱਦਾਂ ਤੋਂ ਕਿਤੇ ਅੱਗੇ ਤੱਕ ਜਾਂਦਾ ਹੈ।

**ਸਿੰਘਭੂਮ ਦੇ ਇਤਿਹਾਸ ਦਾ ਪੁਨਰਲੇਖਨ**

ਇਤਿਹਾਸ ਦੀ ਹਰ ਮਹੱਤਵਪੂਰਨ ਰਚਨਾ ਉਨ੍ਹਾਂ ਧਾਰਨਾਵਾਂ 'ਤੇ ਸਵਾਲ ਖੜ੍ਹੇ ਕਰਕੇ ਸ਼ੁਰੂ ਹੁੰਦੀ ਹੈ ਜੋ ਇੰਨੀਆਂ ਜਾਣੀਆਂ-ਪਛਾਣੀਆਂ ਹੋ ਜਾਂਦੀਆਂ ਹਨ ਕਿ ਉਹ ਆਪਣੇ ਆਪ ਹੀ ਸੱਚ ਜਾਪਣ ਲੱਗਦੀਆਂ ਹਨ। ਖ਼ਾਲਿਦ ਦਾ ਅਧਿਐਨ ਵੀ ਇਹੀ ਕੰਮ ਕਰਦਾ ਹੈ।

ਬਸਤੀਵਾਦੀ ਰਾਜ ਦਾ ਇਤਿਹਾਸ ਬਿਆਨ ਕਰਨ ਤੋਂ ਪਹਿਲਾਂ ਕਿਤਾਬ ਇੱਕ ਹੋਰ ਬੁਨਿਆਦੀ ਸਵਾਲ ਪੁੱਛਦੀ ਹੈ—ਆਖ਼ਿਰ ਸਿੰਘਭੂਮ ਕੀ ਸੀ?

ਇਸ ਦਾ ਜਵਾਬ ਓਨਾ ਸਪਸ਼ਟ ਨਹੀਂ ਜਿੰਨਾ ਪਹਿਲੀ ਨਜ਼ਰੇ ਲੱਗਦਾ ਹੈ।

ਬਸਤੀਵਾਦੀ ਰਿਕਾਰਡ ਸਿੰਘਭੂਮ ਨੂੰ ਇੱਕ ਕੁਦਰਤੀ ਭੂਗੋਲਿਕ ਅਤੇ ਪ੍ਰਸ਼ਾਸਨਿਕ ਇਕਾਈ ਵਜੋਂ ਪੇਸ਼ ਕਰਦਾ ਹੈ—ਮਾਨੋ ਉਹ ਅੰਗਰੇਜ਼ਾਂ ਵੱਲੋਂ ਖੋਜੇ ਜਾਣ ਦੀ ਉਡੀਕ ਕਰ ਰਿਹਾ ਕੋਈ ਪਹਿਲਾਂ ਤੋਂ ਮੌਜੂਦ ਸਰਹੱਦੀ ਇਲਾਕਾ ਸੀ, ਜਿੱਥੇ ਸਪਸ਼ਟ ਤੌਰ 'ਤੇ ਪਛਾਣੇ ਜਾ ਸਕਣ ਵਾਲੇ ਆਦਿਵਾਸੀ ਰਹਿੰਦੇ ਸਨ ਅਤੇ ਜਿਨ੍ਹਾਂ ਦੀਆਂ ਆਪਣੀਆਂ ਤੈਅਸ਼ੁਦਾ ਰਵਾਇਤਾਂ ਸਨ।

ਖ਼ਾਲਿਦ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਇਹ ਸਾਬਤ ਕਰਦਾ ਹੈ ਕਿ ਇਹ ਦਿਖਾਈ ਦੇਣ ਵਾਲੀ ਇਕਸਾਰਤਾ ਖ਼ੁਦ ਬਸਤੀਵਾਦੀ ਰਾਜ ਦੀ ਪੈਦਾਵਾਰ ਸੀ।

ਬਰਤਾਨਵੀ ਦਖ਼ਲਅੰਦਾਜ਼ੀ ਤੋਂ ਪਹਿਲਾਂ ਇਹ ਖੇਤਰ ਕਈ ਰਾਜਨੀਤਿਕ ਅਤੇ ਭੂਗੋਲਿਕ ਇਕਾਈਆਂ ਦਾ ਸਮੂਹ ਸੀ, ਜੋ ਕਰ-ਅਦਾਇਗੀ, ਰਿਸ਼ਤੇਦਾਰੀ, ਜੰਗਾਂ ਅਤੇ ਰਵਾਇਤੀ ਅਧਿਕਾਰਾਂ ਦੇ ਬਦਲਦੇ ਸਬੰਧਾਂ ਰਾਹੀਂ ਆਪਸ ਵਿੱਚ ਜੁੜੀਆਂ ਹੋਈਆਂ ਸਨ। ਕੋਈ ਇਕਸਾਰ ਪ੍ਰਸ਼ਾਸਨਿਕ ਢਾਂਚਾ ਮੌਜੂਦ ਨਹੀਂ ਸੀ।

'ਸਿੰਘਭੂਮ' ਸਿਰਫ਼ ਇੱਕ ਅਜਿਹਾ ਜ਼ਿਲ੍ਹਾ ਨਹੀਂ ਸੀ ਜਿਸ 'ਤੇ ਬਸਤੀਵਾਦੀ ਰਾਜ ਨੇ ਰਾਜ ਕੀਤਾ; ਦਰਅਸਲ ਬਸਤੀਵਾਦੀ ਰਾਜ ਨੇ ਹੀ ਇਸ ਨੂੰ ਇੱਕ ਜ਼ਿਲ੍ਹੇ ਵਜੋਂ ਰਚਿਆ।

ਜਿਸ ਇਕਾਈ ਦਾ ਇਤਿਹਾਸ ਲਿਖਣ ਦਾ ਦਾਅਵਾ ਬਸਤੀਵਾਦੀ ਪ੍ਰਸ਼ਾਸਕ ਕਰਦੇ ਸਨ, ਉਹ ਅਸਲ ਵਿੱਚ ਬਸਤੀਵਾਦੀ ਰਾਜ-ਨਿਰਮਾਣ ਦੀ ਹੀ ਰਚਨਾ ਸੀ।

ਰਾਜ ਸਿਰਫ਼ ਖੇਤਰਾਂ ਦਾ ਪ੍ਰਸ਼ਾਸਨ ਨਹੀਂ ਕਰਦੇ; ਉਹ ਖੇਤਰਾਂ ਦੀ ਰਚਨਾ ਵੀ ਕਰਦੇ ਹਨ।

ਇਹ ਅੰਤਰਦ੍ਰਿਸ਼ਟੀ ਆਦਿਵਾਸੀ ਸਮਾਜ ਬਾਰੇ ਬਸਤੀਵਾਦੀ ਸਮਝ ਤੱਕ ਵੀ ਫੈਲਦੀ ਹੈ। ਬਸਤੀਵਾਦੀ ਨਸਲ-ਵਿਗਿਆਨ (ਐਥਨੋਗ੍ਰਾਫੀ) ਦੀਆਂ ਸਭ ਤੋਂ ਸਥਾਈ ਵਿਰਾਸਤਾਂ ਵਿੱਚੋਂ ਇੱਕ ਇਹ ਰਹੀ ਹੈ ਕਿ ਉਸ ਨੇ ਆਦਿਵਾਸੀ ਭਾਈਚਾਰਿਆਂ ਨੂੰ ਇੱਕ-ਦੂਜੇ ਤੋਂ ਵੱਖਰੇ, ਆਪਣੇ ਆਪ ਵਿੱਚ ਬੰਦ ਅਤੇ ਕਾਲ ਅਤੀਤ ਸਮਾਜਾਂ ਵਜੋਂ ਪੇਸ਼ ਕੀਤਾ—ਇੱਕ ਅਜਿਹਾ ਚਿੱਤਰਣ, ਜਿਸ ਨੇ ਸਪੱਸ਼ਟ ਤੌਰ 'ਤੇ ਬਸਤੀਵਾਦੀ ਪ੍ਰਸ਼ਾਸਨਿਕ ਉਦੇਸ਼ਾਂ ਦੀ ਪੂਰਤੀ ਕੀਤੀ। ਜੇ ਆਦਿਵਾਸੀ ਸਮਾਜ ਨੂੰ ਇਤਿਹਾਸ ਤੋਂ ਬਾਹਰ ਸਥਿਤ ਦਿਖਾਇਆ ਜਾ ਸਕੇ, ਤਾਂ ਉਸ ਉੱਤੇ ਲਾਗੂ ਕੀਤੇ ਗਏ ਵਿਸ਼ੇਸ਼ ਪ੍ਰਸ਼ਾਸਨਿਕ ਪ੍ਰਬੰਧ ਨੂੰ ਜਿੱਤ ਹਾਸਲ ਕਰਨ ਵਿੱਚ ਆਈਆਂ ਮੁਸ਼ਕਲਾਂ ਦੇ ਰਾਜਨੀਤਕ ਜਵਾਬ ਦੀ ਥਾਂ ਆਦਮ ਹਾਲਾਤਾਂ ਦੇ ਅਨੁਕੂਲ ਇੱਕ ਲਾਜ਼ਮੀ ਵਿਵਸਥਾ ਵਜੋਂ ਜਾਇਜ਼ ਠਹਿਰਾਇਆ ਜਾ ਸਕਦਾ ਸੀ।

ਉਮਰ ਖ਼ਾਲਿਦ ਧੀਰਜ ਅਤੇ ਸੰਜਮ ਨਾਲ ਇਸ ਬਸਤੀਵਾਦੀ ਚਿੱਤਰਣ ਦਾ ਖੰਡਨ ਕਰਦੇ ਹਨ। ਹੋ ਭਾਈਚਾਰਾ ਕਦੇ ਵੀ ਅਜਿਹਾ ਇਕਾਂਤਵਾਸੀ ਸਮਾਜ ਨਹੀਂ ਸੀ ਜੋ ਇਤਿਹਾਸ ਤੋਂ ਪਰੇ ਰਹਿੰਦਾ ਹੋਵੇ। ਉਹ ਖੇਤਰੀ ਵਟਾਂਦਰੇ ਦੇ ਤਾਣੇ-ਬਾਣੇ (ਨੈੱਟਵਰਕਾਂ) ਵਿੱਚ ਸਰਗਰਮ ਤੌਰ 'ਤੇ ਹਿੱਸਾ ਲੈਂਦੇ ਸਨ, ਗੁਆਂਢੀ ਰਾਜਨੀਤਕ ਇਕਾਈਆਂ ਨਾਲ ਆਪਣੇ ਰਿਸ਼ਤਿਆਂ ਨੂੰ ਗੱਲਬਾਤ ਅਤੇ ਸਮਝੌਤਿਆਂ ਰਾਹੀਂ ਤੈਅ ਕਰਦੇ ਸਨ ਅਤੇ ਉਨ੍ਹਾਂ ਕੋਲ ਅਜਿਹੀਆਂ ਸੰਸਥਾਵਾਂ ਸਨ ਜੋ ਉਨ੍ਹਾਂ ਦੇ ਆਪਣੇ ਇਤਿਹਾਸਕ ਤਜਰਬਿਆਂ ਦੇ ਆਧਾਰ 'ਤੇ ਵਿਕਸਤ ਹੋਈਆਂ ਸਨ। ਬਸਤੀਵਾਦ ਨੇ ਇੱਕ ਪਹਿਲਾਂ ਤੋਂ ਹੀ ਇਤਿਹਾਸਕ ਸਮਾਜ ਵਿੱਚ ਪ੍ਰਵੇਸ਼ ਕੀਤਾ; ਉਸ ਨੇ ਕਿਸੇ ਕਾਲ-ਅਤੀਤ ਜੰਗਲੀ ਇਲਾਕੇ ਵਿੱਚ ਇਤਿਹਾਸ ਦੀ ਸ਼ੁਰੂਆਤ ਨਹੀਂ ਕੀਤੀ।

ਕੋਲਹਾਨ ਵਿਰੁੱਧ ਈਸਟ ਇੰਡੀਆ ਕੰਪਨੀ ਵੱਲੋਂ ਵਾਰ-ਵਾਰ ਚਲਾਈਆਂ ਗਈਆਂ ਫ਼ੌਜੀ ਮੁਹਿੰਮਾਂ ਨੇ ਰਵਾਇਤੀ ਫ਼ੌਜੀ ਜਿੱਤ ਦੀਆਂ ਹੱਦਾਂ ਨੂੰ ਉਜਾਗਰ ਕਰ ਦਿੱਤਾ। ਮੁਸ਼ਕਲ ਭੂਗੋਲਿਕ ਹਾਲਾਤਾਂ, ਵਿਕੇਂਦਰੀਕ੍ਰਿਤ ਸਮਾਜਕ ਸੰਗਠਨ ਅਤੇ ਦ੍ਰਿੜ੍ਹ ਵਿਰੋਧ ਨੇ ਲੰਮੇ ਸਮੇਂ ਤੱਕ ਫ਼ੌਜੀ ਕਬਜ਼ਾ ਕਾਇਮ ਰੱਖਣਾ ਬਹੁਤ ਮਹਿੰਗਾ ਅਤੇ ਲਗਭਗ ਅਸੰਭਵ ਬਣਾ ਦਿੱਤਾ। ਇਹ ਆਦਿਵਾਸੀ ਖ਼ੁਦਮੁਖ਼ਤਿਆਰੀ ਪ੍ਰਤੀ ਕਿਸੇ ਸਿਧਾਂਤਕ ਸਤਿਕਾਰ ਦਾ ਨਤੀਜਾ ਨਹੀਂ ਸੀ; ਸਗੋਂ ਮਹਿਜ਼ ਰਾਜਨੀਤਿਕ ਮਜਬੂਰੀ ਨੇ ਅੰਗਰੇਜ਼ ਹਕੂਮਤ ਨੂੰ ਰਾਜ ਦਾ ਇੱਕ ਬਦਲਵਾਂ ਪ੍ਰਬੰਧ ਲੱਭਣ ਲਈ ਮਜਬੂਰ ਕੀਤਾ। ਇਸ ਦਾ ਹੱਲ ਰਾਜ-ਸੱਤਾ ਨੂੰ ਮੁਅੱਤਲ ਕਰਨ ਵਿੱਚ ਨਹੀਂ, ਸਗੋਂ ਉਸ ਦੇ ਪੁਨਰਗਠਨ ਵਿੱਚ ਸੀ।

ਬਾਹਰੋਂ ਲਿਆਂਦੀ ਗਈ ਨੌਕਰਸ਼ਾਹੀ ਪ੍ਰਣਾਲੀ ਥੋਪਣ ਦੀ ਬਜਾਏ ਬਸਤੀਵਾਦੀ ਪ੍ਰਸ਼ਾਸਨ ਨੇ ਹੌਲੀ-ਹੌਲੀ ਮੌਜੂਦਾ ਮਾਨਕੀ-ਮੁੰਡਾ ਪ੍ਰਣਾਲੀ ਦਾ ਪੁਨਰਗਠਨ ਕੀਤਾ। ਵਿਲਕਿਨਸਨ ਦਾ ਬੰਦੋਬਸਤ (Wilkinson's Settlement) ਅਤੇ ਉਸ ਤੋਂ ਬਾਅਦ ਬਣਾਏ ਗਏ ਨਿਯਮਾਂ ਨੇ ਸਿਰਫ਼ ਰਵਾਇਤੀ ਅਧਿਕਾਰ ਨੂੰ ਮਾਨਤਾ ਹੀ ਨਹੀਂ ਦਿੱਤੀ, ਸਗੋਂ ਉਸ ਦੇ ਸੁਭਾਅ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ। ਮਾਨਕੀ, ਜੋ ਰਵਾਇਤੀ ਤੌਰ 'ਤੇ ਕਈ ਪਿੰਡਾਂ ਦੇ ਸਮੂਹ 'ਤੇ ਅਧਿਕਾਰ ਰੱਖਦਾ ਸੀ, ਅਤੇ ਮੁੰਡਾ, ਜੋ ਪਿੰਡ ਦਾ ਮੁਖੀ ਹੁੰਦਾ ਸੀ, ਦੋਵਾਂ ਨੂੰ ਬਸਤੀਵਾਦੀ ਪ੍ਰਸ਼ਾਸਨਿਕ ਢਾਂਚੇ ਵਿੱਚ ਸਮੇਟ ਲਿਆ ਗਿਆ।

ਉਨ੍ਹਾਂ ਦੀਆਂ ਰਵਾਇਤੀ ਜ਼ਿੰਮੇਵਾਰੀਆਂ ਦਾ ਦਾਇਰਾ ਵਧਾ ਕੇ ਉਨ੍ਹਾਂ ਵਿੱਚ ਮਾਲੀਏ (ਲਗਾਨ) ਦੀ ਵਸੂਲੀ, ਕਾਨੂੰਨ-ਵਿਵਸਥਾ ਬਣਾਈ ਰੱਖਣਾ, ਵਿਵਾਦਾਂ ਦੀ ਰਿਪੋਰਟ ਕਰਨਾ ਅਤੇ ਸਰਕਾਰੀ ਹੁਕਮਾਂ ਨੂੰ ਲਾਗੂ ਕਰਨਾ ਵਰਗੇ ਨਵੇਂ ਕੰਮ ਸ਼ਾਮਲ ਕਰ ਦਿੱਤੇ ਗਏ। ਉਨ੍ਹਾਂ ਦੇ ਅਧਿਕਾਰ ਦਾ ਆਧਾਰ ਹੁਣ ਸਿਰਫ਼ ਭਾਈਚਾਰੇ ਦੀ ਸਹਿਮਤੀ ਨਹੀਂ ਰਿਹਾ ਸੀ; ਇਹ ਵੱਧ ਤੋਂ ਵੱਧ ਸਰਕਾਰੀ ਮਾਨਤਾ, ਲਿਖਤੀ ਨਿਯਮਾਂ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਤੋਂ ਪ੍ਰਾਪਤ ਹੋਣ ਲੱਗਾ। ਰਵਾਇਤ ਕਾਇਮ ਰਹੀ—ਪਰ ਇੱਕ ਬਦਲੇ ਹੋਏ ਰੂਪ ਵਿੱਚ। ਉਨ੍ਹਾਂ ਦੀ ਸਮਾਜਿਕ ਵਾਜਬੀਅਤ ਬਸਤੀਵਾਦੀ ਰਾਜ ਦੀ ਸੱਤਾ ਨਾਲ ਡੂੰਘਾਈ ਨਾਲ ਗੁੰਦੀ ਗਈ, ਜਦਕਿ ਦੂਜੇ ਪਾਸੇ ਬਸਤੀਵਾਦੀ ਰਾਜ ਨੇ ਵੀ ਆਪਣੇ ਆਪ ਨੂੰ ਸਥਾਨਕ ਰਵਾਇਤਾਂ ਦਾ ਰਖਵਾਲਾ ਦੱਸ ਕੇ ਆਪਣੀ ਹਕੂਮਤ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ।

ਅਸਿੱਧੇ ਸ਼ਾਸਨ ਦੇ ਇਤਿਹਾਸ-ਲੇਖਣ ਵਿੱਚ ਆਮ ਤੌਰ 'ਤੇ ਦੋ ਜਾਣੀਆਂ-ਪਛਾਣੀਆਂ ਵਿਆਖਿਆਵਾਂ ਮਿਲਦੀਆਂ ਹਨ। ਪਹਿਲੀ ਇਸ ਨੂੰ ਸਥਾਨਕ ਸੰਸਥਾਵਾਂ ਦੀ ਵਿਹਾਰਕ ਸੰਭਾਲ ਵਜੋਂ ਦੇਖਦੀ ਹੈ, ਜਦਕਿ ਦੂਜੀ ਇਸ ਨੂੰ ਬਸਤੀਵਾਦੀ ਰਾਜ ਦੀ ÷ਫੁੱਟ ਪਾਓ ਅਤੇ ਰਾਜ ਕਰੋ÷ ਨੀਤੀ ਦਾ ਇੱਕ ਚਲਾਕ ਸਾਧਨ ਮੰਨਦੀ ਹੈ। ਉਮਰ ਖ਼ਾਲਿਦ ਇਨ੍ਹਾਂ ਦੋਹਾਂ ਤੋਂ ਕਾਫ਼ੀ ਵੱਧ ਸੂਖ਼ਮ ਅਤੇ ਡੂੰਘੀ ਸਮਝ ਪੇਸ਼ ਕਰਦਾ ਹੈ।

ਉਸ ਦੇ ਅਨੁਸਾਰ ਬਸਤੀਵਾਦੀ ਰਾਜ ਨੇ ਨਾ ਤਾਂ ਰਵਾਇਤ (Custom) ਨੂੰ ਜਿਉਂ ਦਾ ਤਿਉਂ ਸੁਰੱਖਿਅਤ ਰੱਖਿਆ ਅਤੇ ਨਾ ਹੀ ਉਸ ਨੂੰ ਪੂਰੀ ਤਰ੍ਹਾਂ ਤਬਾਹ ਕੀਤਾ। ਉਸ ਨੇ ਰਵਾਇਤ ਨੂੰ ਪ੍ਰਸ਼ਾਸਨ ਵਿੱਚ ਬਦਲਿਆ।

ਰਵਾਇਤ ਅਤੇ ਪ੍ਰਸ਼ਾਸਨ ਦੇ ਇਸ ਆਪਸੀ ਰੂਪਾਂਤਰਨ ਨੂੰ ਉਹ ਠੀਕ ਹੀ 'ਪ੍ਰਸ਼ਾਸਨਿਕ ਵਿਲੱਖਣਵਾਦ' (Administrative Exceptionalism) ਕਹਿੰਦਾ ਹੈ। ਇਹ ਕੋਈ ਬਸਤੀਵਾਦੀ ਦਰਿਆਦਿਲੀ ਦੀ ਮਿਸਾਲ ਨਹੀਂ ਸੀ, ਸਗੋਂ ਉਨ੍ਹਾਂ ਖੇਤਰਾਂ 'ਤੇ ਰਾਜ ਕਰਨ ਦੀ ਰਾਜਨੀਤਕ ਸਮੱਸਿਆ ਦਾ ਹੱਲ ਸੀ, ਜਿੱਥੇ ਸਿੱਧਾ ਨੌਕਰਸ਼ਾਹੀ ਕੰਟਰੋਲ ਨਾਕਾਮ ਸਿੱਧ ਹੋਇਆ ਸੀ। ਸਰਹੱਦੀ ਇਲਾਕੇ ਇਸ ਲਈ 'ਅਪਵਾਦ' ਬਣੇ ਕਿਉਂਕਿ ਉੱਥੇ ਸਾਮਰਾਜ ਨੂੰ ਆਪਣੀਆਂ ਹੀ ਹੱਦਾਂ ਦਾ ਸਾਹਮਣਾ ਕਰਨਾ ਪਿਆ।

ਇਸੇ ਤਰ੍ਹਾਂ ਮਹੱਤਵਪੂਰਨ ਗੱਲ ਇਹ ਹੈ ਕਿ ਲੇਖਕ ਆਦਿਵਾਸੀ ਸਮਾਜ ਦੀ ਅੰਦਰੂਨੀ ਬਣਤਰ ਦਾ ਵੀ ਰੋਮਾਂਚੀਕਰਨ ਨਹੀਂ ਕਰਦਾ। ਰਾਸ਼ਟਰਵਾਦੀ ਅਤੇ ਅੰਦੋਲਨਕਾਰੀ ਲਿਖਤਾਂ ਵਿੱਚ ਅਕਸਰ ਆਦਿਵਾਸੀ ਭਾਈਚਾਰਿਆਂ ਨੂੰ ਪੂਰੀ ਤਰ੍ਹਾਂ ਸਮਾਨਤਾਵਾਦੀ ਸਮਾਜ ਵਜੋਂ ਦਰਸਾਇਆ ਜਾਂਦਾ ਹੈ ਅਤੇ ਇਹ ਮੰਨ ਲਿਆ ਜਾਂਦਾ ਹੈ ਕਿ ਅਸਮਾਨਤਾ ਸਿਰਫ਼ ਬਸਤੀਵਾਦੀ ਦਖ਼ਲ ਤੋਂ ਬਾਅਦ ਹੀ ਪੈਦਾ ਹੋਈ। ਖ਼ਾਲਿਦ ਦਾ ਵਿਸ਼ਲੇਸ਼ਣ ਇਸ ਤੋਂ ਕਾਫ਼ੀ ਜ਼ਿਆਦਾ ਜਟਿਲ ਅਤੇ ਪ੍ਰਪੱਕ ਹੈ। ਉਸ ਦੇ

ਅਨੁਸਾਰ ਬਸਤੀਵਾਦੀ ਰਾਜ ਨੇ ਨਿਸ਼ਚਿਤ ਤੌਰ 'ਤੇ ਅਸਮਾਨਤਾਵਾਂ ਨੂੰ ਹੋਰ ਡੂੰਘਾ ਕੀਤਾ, ਪਰ ਇਹ ਉਸ ਨੇ ਮੌਜੂਦ ਸੰਸਥਾਗਤ ਢਾਂਚੇ ਦੇ ਅੰਦਰ ਕੁਝ ਖ਼ਾਸ ਸਮਾਜਕ ਤੱਤਾਂ ਨੂੰ ਚੋਣਵੇਂ ਢੰਗ ਨਾਲ ਤਾਕਤਵਰ ਬਣਾ ਕੇ ਕੀਤਾ। ਮਾਨਕੀ ਅਤੇ ਮੁੰਡਾ ਨੂੰ ਦਿੱਤੀ ਗਈ ਸਰਕਾਰੀ ਮਾਨਤਾ ਨੇ ਉਨ੍ਹਾਂ ਦੀ ਸੱਤਾ ਨੂੰ ਹੋਰ ਮਜ਼ਬੂਤ ਕੀਤਾ। ਇਸ ਨਾਲ ਉਨ੍ਹਾਂ ਨੂੰ ਜ਼ਮੀਨ, ਸਮਾਜਿਕ ਮਾਣ-ਸਨਮਾਨ ਅਤੇ ਰਸੂਖ਼ ਹੱਥ ਹੇਠ ਕਰਨ ਦੇ ਨਵੇਂ ਮੌਕੇ ਮਿਲੇ ਅਤੇ ਹੋ ਸਮਾਜ ਦੇ ਅੰਦਰ ਸਮਾਜਿਕ ਵਖਰੇਵੇ/ਵੰਡ ਦੇ ਨਵੇਂ ਰੂਪ ਉੱਭਰੇ। ਇਸ ਤਰ੍ਹਾਂ ਬਸਤੀਵਾਦੀ ਗ਼ਲਬਾ ਸਿਰਫ਼ ਹਾਕਮਾਂ ਅਤੇ ਪਰਜਾ ਦੇ ਦਰਮਿਆਨ ਹੀ ਨਹੀਂ ਚੱਲਦਾ ਸੀ; ਉਹ ਜਿਸ ਸਮਾਜ ਉੱਪਰ ਰਾਜ ਕੀਤਾ ਜਾ ਰਿਹਾ ਹੁੰਦਾ ਹੈ, ਉਸ ਦੇ ਅੰਦਰ ਬਦਲ ਰਹੇ ਸੱਤਾ ਰਿਸ਼ਤਿਆਂ ਰਾਹੀਂ ਵੀ ਕੰਮ ਕਰਦਾ ਸੀ।

ਇਹੀ ਇਸ ਕਿਤਾਬ ਦਾ ਸਭ ਤੋਂ ਮਹੱਤਵਪੂਰਨ ਇਤਿਹਾਸ-ਲੇਖਕੀ ਦਖ਼ਲ ਹੈ। ਇਹ ਅਧਿਐਨ ਸਾਡਾ ਧਿਆਨ "ਸਟੇਟ ਬਨਾਮ ਕਬਾਇਲੀ" ਵਰਗੇ ਜਾਣੇ-ਪਛਾਣੇ ਜੁੱਟ ਤੋਂ ਹਟਾ ਕੇ ਉਸ ਵਧੇਰੇ ਜਟਿਲ ਪ੍ਰਕਿਰਿਆ ਵੱਲ ਲੈ ਜਾਂਦਾ ਹੈ, ਜਿਸ ਰਾਹੀਂ ਰਾਜ ਨੇ ਆਦਿਵਾਸੀ ਸਮਾਜ ਦੇ ਅੰਦਰਲੇ ਸਮਾਜਿਕ ਰਿਸ਼ਤਿਆਂ ਦਾ ਪੁਨਰਗਠਨ ਕੀਤਾ। ਇਹੀ ਵਿਸ਼ਲੇਸ਼ਣਾਤਮਕ ਨਜ਼ਰੀਆ ਖ਼ਾਲਿਦ ਦੇ ਜੰਗਲਾਂ ਅਤੇ ਜ਼ਮੀਨ ਸੰਬੰਧੀ ਅਧਿਐਨ ਵਿੱਚ ਵੀ ਨਜ਼ਰ ਆਉਂਦਾ ਹੈ। ਜੰਗਲ ਸਿਰਫ਼ ਕੁਦਰਤੀ ਵਸੀਲੇ ਨਹੀਂ ਸਨ, ਜਿਨ੍ਹਾਂ ਦੇ ਵਪਾਰਕ ਸ਼ੋਸ਼ਣ ਦੀ ਉਡੀਕ ਹੋ ਰਹੀ ਸੀ। ਉਹ ਰਵਾਇਤੀ ਹੱਕਾਂ, ਜ਼ਿੰਮੇਵਾਰੀਆਂ ਅਤੇ ਸਾਂਝੀਆਂ ਸਮਾਜਿਕ ਪ੍ਰਥਾਵਾਂ ਦੇ ਪੇਚੀਦਾ ਤਾਣੇ-ਬਾਣੇ ਦਾ ਹਿੱਸਾ ਸਨ। ਬਸਤੀਵਾਦੀ ਜੰਗਲਾਤ ਨੀਤੀ ਨੇ ਸਰਵੇਖਣਾਂ, ਵਰਗੀਕਰਨਾਂ ਅਤੇ ਕਾਨੂੰਨੀ ਕੋਡਾਂ ਰਾਹੀਂ ਇਨ੍ਹਾਂ ਰਿਸ਼ਤਿਆਂ ਨੂੰ ਪ੍ਰਸ਼ਾਸਨਿਕ ਤੌਰ 'ਤੇ ਸਮਝਣ ਅਤੇ ਕੰਟਰੋਲ ਕਰਨ ਯੋਗ ਬਣਾਉਣ ਦੀ ਕੋਸ਼ਿਸ਼ ਕੀਤੀ।

ਨਤੀਜੇ ਵਜੋਂ ਨਿਜ਼ਾਮ ਨਾ ਤਾਂ ਪੂਰਾ ਨੌਕਰਸ਼ਾਹੀ ਦਬਦਬਾ ਸੀ ਅਤੇ ਨਾ ਹੀ ਅਛੋਹ ਰਵਾਇਤੀ ਖ਼ੁਦਮੁਖ਼ਤਿਆਰੀ। ਇਸ ਦੀ ਬਜਾਏ ਇੱਕ ਅਸਥਿਰ ਸਮਝੌਤਾ ਉਭਰਿਆ, ਜਿਸ ਵਿੱਚ ਪ੍ਰਸ਼ਾਸਨ ਅਤੇ ਰਵਾਇਤ ਇੱਕ-ਦੂਜੇ ਨਾਲ ਲਗਾਤਾਰ ਹੋਰ ਡੂੰਘੇ ਤੌਰ 'ਤੇ ਗੁੰਦੇ ਗਏ।

ਇਸ ਪੂਰੇ ਇਤਿਹਾਸਕ ਪੁਨਰਨਿਰਮਾਣ ਦੇ ਅੰਤ ਤੱਕ ਸਿੰਘਭੂਮ ਨਾ ਤਾਂ ਵੱਖਰਾ ਸਰਹੱਦੀ ਖੇਤਰ ਦਿਸਦਾ ਹੈ ਅਤੇ ਨਾ ਹੀ ਆਦਿਵਾਸੀ ਸਮੂਹਾਂ ਦਾ ਅਛੋਹ ਇਕਹਿਰਾ ਸੰਗਠਨ। ਇਹ ਅਜਿਹੀ ਪ੍ਰਯੋਗਸ਼ਾਲਾ ਵਜੋਂ ਸਾਹਮਣੇ ਆਉਂਦਾ ਹੈ, ਜਿੱਥੇ ਬਸਤੀਵਾਦੀ ਰਾਜ ਨੇ ਹਕੂਮਤ ਦੀ ਵਿਲੱਖਣ ਤਕਨੀਕ ਵਿਕਸਤ ਕੀਤੀ—ਇੱਕ ਅਜਿਹੀ ਤਕਨੀਕ ਜਿਸ ਵਿੱਚ ਫ਼ੌਜੀ ਜਿੱਤ ਨੂੰ ਸੰਸਥਾਗਤ ਢਲਾਈ ਨਾਲ, ਪ੍ਰਸ਼ਾਸਨਿਕ ਕੰਟਰੋਲ ਨੂੰ ਰਵਾਇਤੀ ਅਧਿਕਾਰ ਨਾਲ ਅਤੇ ਕਾਨੂੰਨੀ ਭਿੰਨਤਾ ਨੂੰ ਰਾਜਨੀਤਕ ਰਲੇਵੇਂ ਨਾਲ ਜੋੜਿਆ ਗਿਆ।

**ਪ੍ਰਸ਼ਾਸਨਿਕ ਵਿਲੱਖਣਵਾਦ ਤੋਂ ਰਾਜ ਦੀ ਵਿਚੋਲਗੀ ਵਾਲੇ ਸਮਾਜਿਕ ਪੁਨਰ-ਉਤਪਾਦਨ ਤੱਕ** : 'ਪ੍ਰਸ਼ਾਸਨਿਕ ਵਿਲੱਖਣਵਾਦ' ਦੀ ਧਾਰਨਾ ਬਿਨਾਂ ਸ਼ੱਕ ਇਸ ਕਿਤਾਬ ਦਾ ਸਭ ਤੋਂ ਮਹੱਤਵਪੂਰਨ ਸਿਧਾਂਤਕ ਯੋਗਦਾਨ ਹੈ। ਪਰ ਇਹ ਇੱਕ ਅਜਿਹਾ ਸਵਾਲ ਵੀ ਖੜ੍ਹਾ ਕਰਦੀ ਹੈ, ਜਿਸ ਦਾ ਜਵਾਬ ਲੇਖਕ ਸਿਰਫ਼ ਅੰਸ਼ਿਕ ਤੌਰ 'ਤੇ ਦਿੰਦਾ ਹੈ: ਕੀ ਪ੍ਰਸ਼ਾਸਨਿਕ ਵਿਲੱਖਣਵਾਦ ਸਿਰਫ਼ ਇੱਕ ਪਹੁੰਚ ਤੋਂ ਬਾਹਰ ਸਰਹੱਦੀ ਖੇਤਰ ਲਈ ਅਪਣਾਇਆ ਗਿਆ ਵਿਹਾਰਕ ਉਪਾਅ ਸੀ, ਜਾਂ ਕੀ ਇਹ ਭਾਰਤ ਵਿੱਚ ਰਾਜ-ਨਿਰਮਾਣ ਦੇ ਕਿਸੇ ਹੋਰ ਵਿਆਪਕ ਸਿਧਾਂਤ 'ਤੇ ਵੀ ਚਾਨਣਾ ਪਾਉਂਦਾ ਹੈ?

ਮੇਰੇ ਵਿਚਾਰ ਵਿੱਚ ਦੂਜੀ ਸੰਭਾਵਨਾ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਆਧੁਨਿਕ ਰਾਜਾਂ ਦਾ ਵਾਹ ਸ਼ਾਇਦ ਹੀ ਕਦੇ ਅਜਿਹੇ ਸਮਾਜਾਂ ਨਾਲ ਪੈਂਦਾ ਹੈ ਜੋ ਬਿਲਕੁਲ ਕੋਰੇ ਕਾਗਜ਼ ਵਾਂਗ ਹੋਣ ਅਤੇ ਜਿਨ੍ਹਾਂ 'ਤੇ ਪੂਰੀ ਤਰ੍ਹਾਂ ਨਵੀਆਂ ਸੰਸਥਾਵਾਂ ਖੜ੍ਹੀਆਂ ਕੀਤੀਆਂ ਜਾ ਸਕਣ। ਉਹ ਅਜਿਹੀਆਂ ਪੇਚੀਦਾ ਸਮਾਜਿਕ ਬਣਤਰਾਂ ਨੂੰ ਵਿਰਾਸਤ ਵਿੱਚ ਪ੍ਰਾਪਤ ਕਰਦੇ ਹਨ, ਜੋ ਪਹਿਲਾਂ ਹੀ ਰਿਸ਼ਤੇਦਾਰੀ, ਧਰਮ, ਜਾਤ, ਕਬੀਲੇ, ਰਵਾਇਤੀ ਅਧਿਕਾਰ ਅਤੇ ਸਥਾਨਕ ਦਰਜੇਬੰਦੀ ਵਾਲੇ ਸੱਤਾ-ਸੰਬੰਧਾਂ ਨਾਲ ਗਠਿਤ ਹੁੰਦੀਆਂ ਹਨ। ਇਸ ਲਈ ਉਨ੍ਹਾਂ ਦੇ ਸਾਹਮਣੇ ਸਿਰਫ਼ ਸਮਾਜ 'ਤੇ ਰਾਜ ਕਰਨ ਦਾ ਸਵਾਲ ਹੀ ਨਹੀਂ ਹੁੰਦਾ, ਸਗੋਂ ਇਹ ਵੀ ਹੁੰਦਾ ਹੈ ਕਿ ਇਨ੍ਹਾਂ ਵਿਰਾਸਤੀ ਸਮਾਜਿਕ ਢਾਂਚਿਆਂ ਨੂੰ ਰਾਜਨੀਤਕ ਹਕੂਮਤ ਦੇ ਸਥਿਰ ਸਾਧਨਾਂ ਵਿੱਚ ਕਿਵੇਂ ਬਦਲਿਆ ਜਾਵੇ।

ਭਾਰਤ ਦਾ ਇਤਿਹਾਸ ਉਸ ਰਵਾਇਤੀ ਆਧੁਨਿਕੀਕਰਨ ਸਿਧਾਂਤ ਨਾਲੋਂ ਕਾਫ਼ੀ ਵੱਧ ਪੇਚੀਦਾ ਰਸਤੇ 'ਤੇ ਚੱਲਿਆ ਹੈ, ਜਿਸ ਮੁਤਾਬਕ ਆਧੁਨਿਕ ਰਾਜ ਪੁਰਾਣੀਆਂ ਸਮਾਜਿਕ ਬਣਤਰਾਂ ਨੂੰ ਖ਼ਤਮ ਕਰ ਦਿੰਦਾ ਹੈ। ਨਿਸ਼ਚਿਤ ਤੌਰ 'ਤੇ ਆਧੁਨਿਕ ਰਾਜ ਨੇ ਨੌਕਰਸ਼ਾਹੀ ਸੰਸਥਾਵਾਂ, ਨੁਮਾਇੰਦਗੀ ਵਾਲੇ ਲੋਕਤੰਤਰ ਅਤੇ ਸੰਵਿਧਾਨਕ ਕਾਨੂੰਨ ਦੀ ਸਥਾਪਨਾ ਕੀਤੀ ਹੈ। ਪਰ ਉਸ ਨੇ ਸ਼ਾਇਦ ਹੀ ਕਦੇ ਸ਼ਾਸਨ ਕਰਨ ਲਈ ਪੁਰਾਣੀਆਂ ਸਮਾਜਿਕ ਬਣਤਰਾਂ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਹੋਵੇ। ਇਸ ਦੀ ਬਜਾਏ ਉਸ ਨੇ ਬਹੁਤੇ ਮਾਮਲਿਆਂ ਵਿੱਚ ਉਨ੍ਹਾਂ ਦਾ ਚੋਣਵੇਂ ਢੰਗ ਨਾਲ ਰੂਪ ਬਦਲਿਆ ਅਤੇ ਫੈਲ ਰਹੇ ਪ੍ਰਸ਼ਾਸਨਿਕ ਢਾਂਚੇ ਦੇ ਅੰਦਰ ਉਨ੍ਹਾਂ ਨੂੰ ਨਵੀਆਂ ਸੰਸਥਾਗਤ ਭੂਮਿਕਾਵਾਂ ਬਖ਼ਸ਼ੀਆਂ।

ਇਹ ਪ੍ਰਕਿਰਿਆ ਕੇਵਲ ਆਦਿਵਾਸੀ ਸਰਹੱਦੀ ਖੇਤਰਾਂ ਤੱਕ ਸੀਮਿਤ ਨਹੀਂ ਹੈ।

ਪਹਿਲੀ ਨਜ਼ਰ ਵਿੱਚ ਸੰਵਿਧਾਨ ਦੀ ਪੰਜਵੀਂ ਅਨੁਸੂਚੀ (Fifth Schedule) ਬਸਤੀਵਾਦੀ ਪ੍ਰਸ਼ਾਸਨ ਤੋਂ ਇੱਕ ਨਿਰਣਾਇਕ ਜੁਦਾਈ (Rupture) ਜਾਪਦੀ ਹੈ। ਇਸ ਦਾ ਵਿਚਾਰਧਾਰਕ ਆਧਾਰ ਨਿਸ਼ਚਿਤ ਤੌਰ 'ਤੇ ਵੱਖਰਾ ਹੈ। ਬਸਤੀਵਾਦੀ ਵਿਲੱਖਣਵਾਦ ਸਾਮਰਾਜੀ ਹਕੂਮਤ ਦਾ ਸਾਧਨ ਸੀ, ਜਦਕਿ ਪੰਜਵੀਂ ਅਨੁਸੂਚੀ ਇਤਿਹਾਸਕ ਤੌਰ 'ਤੇ ਵਾਂਝੇ ਭਾਈਚਾਰਿਆਂ ਦੀ ਰੱਖਿਆ ਕਰਨ ਦੀ ਸੰਵਿਧਾਨਕ ਵਚਨਬੱਧਤਾ ਦਾ ਪ੍ਰਤੀਕ ਹੈ। ਇਨ੍ਹਾਂ ਦੋਹਾਂ ਨੂੰ ਇੱਕੋ ਜਿਹਾ ਮੰਨਣਾ ਨਾ ਸਿਰਫ਼ ਇਤਿਹਾਸਕ ਤੌਰ 'ਤੇ ਗ਼ਲਤ ਹੋਵੇਗਾ, ਸਗੋਂ ਰਾਜਨੀਤਕ ਤੌਰ 'ਤੇ ਵੀ ਭਰਮ ਪੈਦਾ ਕਰਨ ਵਾਲਾ ਹੋਵੇਗਾ। ਫਿਰ ਵੀ ਸੰਸਥਾਗਤ ਇਤਿਹਾਸ ਬਹੁਤ ਘੱਟ ਮੌਕਿਆਂ 'ਤੇ ਪੂਰੀ ਤਰ੍ਹਾਂ ਤੋੜ-ਵਿਛੋੜੇ ਰਾਹੀਂ ਅੱਗੇ ਵਧਦਾ ਹੈ।

ਸੰਵਿਧਾਨ ਨੇ ਆਦਿਵਾਸੀ ਖੇਤਰਾਂ ਵਿੱਚ ਵੱਖਰੇ ਸ਼ਾਸਕੀ ਪ੍ਰਬੰਧ ਨੂੰ ਖ਼ਤਮ ਨਹੀਂ ਕੀਤਾ; ਉਸ ਨੇ ਇਸ ਨੂੰ ਸੰਵਿਧਾਨਕ ਰੂਪ ਦੇ ਦਿੱਤਾ। ਰਾਜਪਾਲਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਸੂਚੀਦਰਜ ਖੇਤਰਾਂ ਲਈ ਵੱਖਰੀਆਂ ਪ੍ਰਸ਼ਾਸਨਿਕ ਵਿਵਸਥਾਵਾਂ ਕਾਇਮ ਰਹੀਆਂ। ਜ਼ਮੀਨ ਦੀ ਰੱਖਿਆ ਕਰਨ ਵਾਲੇ ਕਾਨੂੰਨ ਜ਼ਮੀਨੀ ਰਿਸ਼ਤਿਆਂ ਨੂੰ ਕੰਟਰੋਲ ਕਰਦੇ ਰਹੇ। ਪੇਸਾ (PESA) ਨੇ ਨੁਮਾਇੰਦਾ ਲੋਕਤੰਤਰ ਅਤੇ ਰਵਾਇਤੀ ਸਵੈ-ਸ਼ਾਸਨ ਨੂੰ ਸੁਮੇਲਣ ਦੀ ਕੋਸ਼ਿਸ਼ ਕੀਤੀ। ਪ੍ਰਸ਼ਾਸਨ ਦੀ ਭਾਸ਼ਾ ਜ਼ਰੂਰ ਬਦਲ ਗਈ—ਸਾਮਰਾਜੀ ਕੰਟਰੋਲ ਦੀ ਥਾਂ ਸੰਵਿਧਾਨਕ ਸੁਰੱਖਿਆ ਨੇ ਲੈ ਲਈ—ਪਰ ਵੱਖਰੀਆਂ ਸੰਸਥਾਗਤ ਵਿਵਸਥਾਵਾਂ ਆਦਿਵਾਸੀ ਭਾਰਤ ਦੇ ਸ਼ਾਸਨ ਦਾ ਕੇਂਦਰੀ ਅੰਗ ਬਣੀਆਂ ਰਹੀਆਂ।

ਇਸੇ ਤਰ੍ਹਾਂ ਦੀ ਪ੍ਰਕਿਰਿਆ ਰਾਜ ਅਤੇ ਜਾਤ ਦੇ ਰਿਸ਼ਤੇ ਵਿੱਚ ਵੀ ਦਿਖਾਈ ਦਿੰਦੀ ਹੈ। ਸੰਵਿਧਾਨ ਨੇ ਛੂਆਛਾਤ ਨੂੰ ਖ਼ਤਮ ਕੀਤਾ ਅਤੇ ਰਾਖਵੇਂਕਰਨ ਅਤੇ ਸਕਾਰਾਤਮਕ ਭੇਦਭਾਵ (Affirmative Action) ਦੀ ਵਿਸ਼ਾਲ ਵਿਵਸਥਾ ਸਥਾਪਤ ਕੀਤੀ। ਪਰ ਰਾਜ ਨੇ ਜਨਤਕ ਜੀਵਨ ਵਿੱਚੋਂ ਜਾਤ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਚੁਣਾਵੀ ਰਾਜਨੀਤੀ, ਰਾਜਨੀਤਕ ਨੁਮਾਇੰਦਗੀ, ਨੌਕਰਸ਼ਾਹੀ ਵਿੱਚ ਭਰਤੀ ਅਤੇ ਵਿਕਾਸ ਨੀਤੀਆਂ ਅੱਜ ਵੀ ਡੂੰਘੇ ਤੌਰ 'ਤੇ ਜਾਤ ਤੋਂ ਪ੍ਰਭਾਵਿਤ ਹਨ।

ਲੋਕਤੰਤਰੀ ਰਾਜ ਨੇ ਜਾਤ ਨੂੰ ਨਜ਼ਰਅੰਦਾਜ਼ ਕਰਕੇ ਸ਼ਾਸਨ ਨਹੀਂ ਕੀਤਾ; ਉਸ ਨੇ ਨਵੀਆਂ ਸੰਸਥਾਗਤ ਵਿਵਸਥਾਵਾਂ ਰਾਹੀਂ ਲਗਾਤਾਰ ਜਾਤ ਦਾ ਪੁਨਰਗਠਨ ਕੀਤਾ ਹੈ। ਨਾ ਜਾਤ ਅਤੇ ਨਾ ਹੀ ਕਬਾਇਲੀ ਬਣਤਰ ਅੱਜ ਉਹੋ ਜਿਹੀ ਰਹੀ ਹੈ, ਜਿਹੀ ਉਹ ਆਧੁਨਿਕ ਰਾਜ ਦੇ ਆਉਣ ਤੋਂ ਪਹਿਲਾਂ ਸੀ। ਦੋਵੇਂ ਹੀ ਨਵੀਆਂ ਸੰਸਥਾਗਤ ਵਿਵਸਥਾਵਾਂ ਵਿੱਚ ਸ਼ਾਮਲ ਹੋ ਕੇ ਰੂਪਾਂਤਰਿਤ ਹੋਈਆਂ ਹਨ।

ਇਹ ਉਸ ਧਾਰਨਾ ਵੱਲ ਇਸ਼ਾਰਾ ਕਰਦਾ ਹੈ ਜਿਸ ਨੂੰ 'ਰਾਜ ਦੀ ਵਿਚੋਲਗੀ ਵਾਲਾ ਸਮਾਜਿਕ ਪੁਨਰ-ਉਤਪਾਦਨ' (State-Mediated Social Reproduction) ਕਿਹਾ ਜਾ ਸਕਦਾ ਹੈ। ਇਸ ਦਾ ਭਾਵ ਉਸ ਇਤਿਹਾਸਕ ਪ੍ਰਕਿਰਿਆ ਤੋਂ ਹੈ, ਜਿਸ ਰਾਹੀਂ ਆਧੁਨਿਕ ਰਾਜ ਵਿਰਾਸਤ ਵਿੱਚ ਮਿਲੀਆਂ ਸਮਾਜਿਕ ਸੰਸਥਾਵਾਂ ਨੂੰ ਖ਼ਤਮ ਕਰਨ ਦੀ ਬਜਾਏ ਉਨ੍ਹਾਂ ਦਾ ਪੁਨਰਗਠਨ ਕਰਕੇ ਆਪਣੇ ਆਪ ਨੂੰ ਮਜ਼ਬੂਤ ਕਰਦੇ ਹਨ। ਸਮਾਜਿਕ ਦਰਜੇਬੰਦੀਆਂ ਨਾ ਤਾਂ ਸਿਰਫ਼ ਜਿਉਂ ਦੀ ਤਿਉਂ ਕਾਇਮ ਰਹਿੰਦੀਆਂ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਹਨ; ਸਗੋਂ ਉਨ੍ਹਾਂ ਨੂੰ ਨਵੇਂ ਸੰਸਥਾਗਤ ਰੂਪਾਂ ਦੇ ਦਿੱਤੇ ਜਾਂਦੇ ਹਨ। ਇਸ ਧਾਰਨਾ ਦਾ ਇਹ ਭਾਵ ਨਹੀਂ ਹੈ ਕਿ ਰਾਜ ਜਾਣ-ਬੁੱਝ ਕੇ ਸਮਾਜਿਕ ਦਰਜੇਬੰਦੀਆਂ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਨਾ ਹੀ ਇਹ ਸੰਵਿਧਾਨਕ ਲੋਕਤੰਤਰ ਵਿੱਚ ਨਿਹਿਤ ਮੁਕਤੀ, ਬਰਾਬਰੀ ਅਤੇ ਨਿਆਂ ਦੀਆਂ ਆਕਾਂਖਿਆਵਾਂ ਤੋਂ ਇਨਕਾਰ ਕਰਦੀ ਹੈ। ਸਗੋਂ ਇਹ ਸਾਡਾ ਧਿਆਨ ਉਸ ਇਤਿਹਾਸਕ ਪ੍ਰਕਿਰਿਆ ਵੱਲ ਖਿੱਚਦੀ ਹੈ, ਜਿਸ ਰਾਹੀਂ ਰਾਜ ਲਗਾਤਾਰ ਮੌਜੂਦਾ ਸਮਾਜਿਕ ਢਾਂਚਿਆਂ ਨੂੰ ਨਵੇਂ ਰਾਜਨੀਤਕ ਉਦੇਸ਼ਾਂ ਦੇ ਅਨੁਕੂਲ ਢਾਲਦੇ ਅਤੇ ਪੁਨਰਗਠਿਤ ਕਰਦੇ ਰਹਿੰਦੇ ਹਨ।

ਪਰ ਅਸਲ ਵਿਰੋਧਤਾਈ ਕਿਤੇ ਹੋਰ ਮੌਜੂਦ ਹੈ। ਜਿਨ੍ਹਾਂ ਖੇਤਰਾਂ ਨੂੰ ਸਭ ਤੋਂ ਮਜ਼ਬੂਤ ਸੰਵਿਧਾਨਕ ਸੁਰੱਖਿਆ ਪ੍ਰਾਪਤ ਹੈ, ਆਜ਼ਾਦ ਭਾਰਤ ਵਿੱਚ ਵਾਰ-ਵਾਰ ਸਭ ਤੋਂ ਵੱਡੇ ਪੱਧਰ ਦੇ ਉਜਾੜੇ ਵੀ ਉਨ੍ਹਾਂ ਹੀ ਖੇਤਰਾਂ ਵਿੱਚ ਹੋਏ ਹਨ। ਝਾਰਖੰਡ ਇਸ ਦੀ ਸਭ ਤੋਂ ਸਪੱਸ਼ਟ ਮਿਸਾਲ ਹੈ। ਖਣਿਜ ਦੌਲਤ ਨਾਲ ਭਰਪੂਰ ਹੋਣ ਅਤੇ ਆਦਿਵਾਸੀ ਜ਼ਮੀਨ ਨੂੰ ਗੈਰ-ਆਦਿਵਾਸੀਆਂ ਦੇ ਹੱਥਾਂ ਵਿੱਚ ਜਾਣ ਤੋਂ ਰੋਕਣ ਵਾਲੇ ਮੁਲਕ ਦੇ ਸਭ ਤੋਂ ਮਜ਼ਬੂਤ ਕਾਨੂੰਨੀ ਪ੍ਰਬੰਧਾਂ ਨਾਲ ਸੁਰੱਖਿਅਤ ਹੋਣ ਦੇ ਬਾਵਜੂਦ, ਉੱਥੇ ਖਣਨ, ਡੈਮਾਂ, ਸਟੀਲ ਕਾਰਖਾਨਿਆਂ ਅਤੇ ਉਦਯੋਗਿਕ ਗਲਿਆਰਿਆਂ ਲਈ ਵੱਡੇ ਪੱਧਰ 'ਤੇ ਆਦਿਵਾਸੀ ਜ਼ਮੀਨ ਖੋਹੀ ਗਈ ਹੈ। ਇਸ ਤਰ੍ਹਾਂ ਆਦਿਵਾਸੀ ਹੱਕਾਂ ਦਾ ਸੰਵਿਧਾਨਕ ਰਖਵਾਲਾ ਹੀ ਅਕਸਰ ਉਨ੍ਹਾਂ ਦੇ ਉਜਾੜੇ ਦਾ ਮੁੱਖ ਕਾਰਕ ਬਣ ਕੇ ਸਾਹਮਣੇ ਆਉਂਦਾ ਹੈ। ਇਸ ਵਿਰੋਧਤਾਈ ਨੂੰ ਸਿਰਫ਼ ਨੀਤੀਆਂ ਦੇ ਲਾਗੂ ਹੋਣ ਵਿੱਚ ਨਾਕਾਮੀ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ।

ਇਹ ਵਿਕਾਸਮੁਖੀ (Developmental) ਰਾਜ ਦੀ ਬਣਤਰ ਦੇ ਅੰਦਰ ਮੌਜੂਦ ਇੱਕ ਡੂੰਘੇ ਸੰਰਚਨਾਤਮਕ ਤਣਾਅ ਨੂੰ ਬੇਨਕਾਬ ਕਰਦਾ ਹੈ। ਉੱਤਰ-ਬਸਤੀਵਾਦੀ ਰਾਜ ਇੱਕੋ ਸਮੇਂ ਦੋ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਂਦਾ ਹੈ—ਇੱਕ ਪਾਸੇ ਇਤਿਹਾਸਕ ਤੌਰ 'ਤੇ ਵਾਂਝੇ ਅਤੇ ਅਸੁਰੱਖਿਅਤ ਭਾਈਚਾਰਿਆਂ ਦੀ ਰੱਖਿਆ ਕਰਨਾ, ਅਤੇ ਦੂਜੇ ਪਾਸੇ ਉਦਯੋਗੀਕਰਨ ਅਤੇ ਕੁਦਰਤੀ ਵਸੀਲਿਆਂ ਦੀ ਲੁੱਟਮਾਰ ਰਾਹੀਂ ਆਰਥਕ ਵਿਕਾਸ ਨੂੰ ਅੱਗੇ ਵਧਾਉਣਾ। ਜਿੱਥੇ ਸੁਰੱਖਿਅਤ ਆਦਿਵਾਸੀ ਜ਼ਮੀਨ ਦੇ ਹੇਠਾਂ ਖਣਿਜ ਦੌਲਤ ਮੌਜੂਦ ਹੁੰਦੀ ਹੈ, ਉੱਥੇ ਇਹ ਦੋਵੇਂ ਉਦੇਸ਼ ਆਪਸ ਵਿੱਚ ਟਕਰਾ ਜਾਂਦੇ ਹਨ। ਨਤੀਜਾ ਸਿਰਫ਼ ਨੀਤੀਆਂ ਵਿੱਚ ਕੁਜੋੜਤਾ ਨਹੀਂ ਹੁੰਦਾ, ਸਗੋਂ ਸ਼ਾਸਨ-ਵਿਵਸਥਾ ਦੀ ਪੂਰੀ ਸੰਰਚਨਾ ਦੇ ਵਜੂਦ-ਸਮੋਈ ਇੱਕ ਸਥਾਈ ਅਤੇ ਡੂੰਘੀ ਵਿਰੋਧਤਾਈ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

**ਪ੍ਰਸ਼ਾਸਨਿਕ ਵਿਲੱਖਣਵਾਦ ਦੀਆਂ ਹੱਦਾਂ: ਗੈਰਹਾਜ਼ਰ ਰਾਜਨੀਤਕ ਆਰਥਿਕਤਾ** : ਇਤਿਹਾਸ ਦੀ ਹਰ ਮਹੱਤਵਪੂਰਨ ਰਚਨਾ ਆਪਣੀ ਵਿਆਖਿਆਤਮਕ ਰੂਪ-ਰੇਖਾ ਦੀਆਂ ਹੱਦਾਂ ਨੂੰ ਵੀ ਉਜਾਗਰ ਕਰਦੀ ਹੈ। ਉਮਰ ਖ਼ਾਲਿਦ ਦਾ ਅਧਿਐਨ ਵੀ ਇਸ ਤੋਂ ਵੱਖਰਾ ਨਹੀਂ ਹੈ। ਜੇ ਇਸ ਖੋਜ ਦਾ ਸਭ ਤੋਂ ਵੱਡਾ ਯੋਗਦਾਨ ਇਹ ਦਰਸਾਉਣਾ ਹੈ ਕਿ ਬਸਤੀਵਾਦੀ ਪ੍ਰਸ਼ਾਸਨ ਨੇ ਰਾਜ-ਸੱਤਾ ਨੂੰ ਮਜ਼ਬੂਤ ਕਰਨ ਲਈ ਰਵਾਇਤੀ ਸੰਸਥਾਵਾਂ ਦਾ ਕਿਸ ਤਰ੍ਹਾਂ ਪੁਨਰਗਠਨ ਕੀਤਾ, ਤਾਂ ਇਸ ਦੀ ਸਭ ਤੋਂ ਵੱਡੀ ਸੀਮਾ ਇਹ ਹੈ ਕਿ ਇਹ ਰਾਜ ਨੂੰ ਇੱਕ ਮੁਕਾਬਲਤਨ ਖ਼ੁਦਮੁਖ਼ਤਿਆਰ ਤਾਕਤ ਵਜੋਂ ਦੇਖਦਾ ਹੈ। ਇਸ ਪੂਰੇ ਵਿਸ਼ਲੇਸ਼ਣ ਦਾ ਕੇਂਦਰ ਪ੍ਰਸ਼ਾਸਨ ਹੈ, ਜਦਕਿ ਰਾਜਨੀਤਕ ਆਰਥਿਕਤਾ ਨੂੰ ਤੁਲਨਾਤਮਕ ਤੌਰ 'ਤੇ ਘੱਟ ਮਹੱਤਤਾ ਦਿੱਤੀ ਗਈ ਹੈ।

ਪ੍ਰਸ਼ਾਸਨਿਕ ਵਿਲੱਖਣਵਾਦ ਇਹ ਸਮਝਾਉਂਦਾ ਹੈ ਕਿ ਬਸਤੀਵਾਦੀ ਰਾਜ ਨੇ ਸਿੰਘਭੂਮ 'ਤੇ ਰਾਜ ਕਿਵੇਂ ਕੀਤਾ। ਪਰ ਇਹ ਇਸ ਗੱਲ ਦੀ ਵਿਆਖਿਆ ਘੱਟ ਕਰਦਾ ਹੈ ਕਿ ਰਾਜ ਨੇ ਇਸ ਦੂਰ-ਦਰਾਜ਼ ਅਤੇ ਮੁਸ਼ਕਲ ਸਰਹੱਦੀ ਖੇਤਰ 'ਤੇ ਕਬਜ਼ਾ ਬਣਾਈ ਰੱਖਣ ਲਈ ਏਨੀ ਵੱਡੀ ਕੋਸ਼ਿਸ਼ ਕਿਉਂ ਕੀਤੀ। ਇਸ ਸਵਾਲ ਦਾ ਜਵਾਬ ਪ੍ਰਸ਼ਾਸਨਿਕ ਢਾਂਚੇ ਤੋਂ ਬਾਹਰ ਲੁਕਿਆ ਹੋਇਆ ਹੈ। ਸਿੰਘਭੂਮ ਸਿਰਫ਼ ਇੱਕ ਮੁਸ਼ਕਲ ਸਰਹੱਦੀ ਖੇਤਰ ਨਹੀਂ ਸੀ, ਜਿੱਥੇ ਸੁਤੰਤਰ ਆਦਿਵਾਸੀ ਭਾਈਚਾਰੇ ਵੱਸਦੇ ਸਨ।

ਇਹ ਬਹੁਤ ਹੀ ਮਹੱਤਵਪੂਰਨ ਯੁੱਧਨੀਤਕ ਅਤੇ ਆਰਥਕ ਮਹੱਤਤਾ ਵਾਲਾ ਖੇਤਰ ਸੀ। ਇਸ ਦੇ ਜੰਗਲ ਰੇਲਵੇ ਦੇ ਵਿਸਥਾਰ ਅਤੇ ਫ਼ੌਜੀ ਲੋੜਾਂ ਲਈ ਇਮਾਰਤੀ ਲੱਕੜ ਮੁਹੱਈਆ ਕਰਦੇ ਸਨ, ਜਦਕਿ ਜਿਵੇਂ-ਜਿਵੇਂ ਬਸਤੀਵਾਦੀ ਪੂੰਜੀਵਾਦ ਦਾ ਵਿਸ਼ਵ ਆਰਥਿਕਤਾ ਨਾਲ ਏਕੀਕਰਨ ਡੂੰਘਾ ਹੁੰਦਾ ਗਿਆ, ਇਸ ਖੇਤਰ ਦੀ ਖਣਿਜ ਦੌਲਤ ਦੀ ਮਹੱਤਤਾ ਵੀ ਲਗਾਤਾਰ ਵਧਦੀ ਗਈ। ਇਸ ਲਈ ਪ੍ਰਸ਼ਾਸਨਿਕ ਵਿਲੱਖਣਵਾਦ ਸ਼ਾਸਨ ਦਾ ਕੋਈ ਖ਼ੁਦਮੁਖ਼ਤਿਆਰ ਸਿਧਾਂਤ ਨਹੀਂ ਸੀ। ਇਹ ਉਹ ਰਾਜਨੀਤਕ ਰੂਪ ਸੀ ਜਿਸ ਰਾਹੀਂ ਇੱਕ ਖ਼ਾਸ ਆਰਥਕ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾਇਆ ਗਿਆ।

ਰਾਜ ਅਤੇ ਪੂੰਜੀ ਦੇ ਇਸ ਰਿਸ਼ਤੇ ਨੂੰ ਕਿਤਾਬ ਵਿੱਚ ਸਿਧਾਂਤਕ ਪੱਧਰ 'ਤੇ ਹੋਰ ਡੂੰਘਾਈ ਵਿਚ ਵਿਕਸਤ ਕੀਤਾ ਜਾਣਾ ਚਾਹੀਦਾ ਸੀ। ਇਹ ਸਵਾਲ ਉੱਤਰ-ਬਸਤੀਵਾਦੀ ਦੌਰ ਵਿੱਚ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ। ਵਸੀਲੇ ਹਥਿਆਉਣ (Extraction) ਦੀ ਬਸਤੀਵਾਦੀ ਯੋਜਨਾਬੰਦੀ ਤੋਂ ਵਿਕਾਸਵਾਦੀ ਯੋਜਨਾਬੰਦੀ (Developmental Planning) ਅਤੇ ਫਿਰ ਨਵ-ਉਦਾਰਵਾਦੀ ਪੂੰਜੀ-ਸੰਗ੍ਰਹਿ (Neoliberal Accumulation) ਤੱਕ ਦਾ ਸਫ਼ਰ ਅਜਿਹੀਆਂ ਤਬਦੀਲੀਆਂ ਲਿਆਉਂਦਾ ਹੈ, ਜਿਨ੍ਹਾਂ ਨੂੰ ਸਿਰਫ਼ ਪ੍ਰਸ਼ਾਸਨਿਕ ਨਿਰੰਤਰਤਾ ਦੇ ਆਧਾਰ 'ਤੇ ਨਹੀਂ ਸਮਝਿਆ ਜਾ ਸਕਦਾ।

ਬਸਤੀਵਾਦੀ ਦੌਰ ਵਿੱਚ ਖਣਨ ਅਤੇ ਜੰਗਲਾਤ ਨੀਤੀਆਂ ਸਾਮਰਾਜੀ ਪੂੰਜੀ-ਸੰਗ੍ਰਹਿ ਦੀ ਸੇਵਾ ਕਰਦੀਆਂ ਸਨ। ਆਜ਼ਾਦ ਭਾਰਤ ਵਿੱਚ ਉਹ ਰਾਸ਼ਟਰੀ ਵਿਕਾਸ ਦੇ ਸਾਧਨ ਬਣ ਗਈਆਂ। ਉਦਾਰੀਕਰਨ ਤੋਂ ਬਾਅਦ ਉਹ ਹੌਲੀ-ਹੌਲੀ ਵਿਸ਼ਵ ਪੱਧਰੀ ਵਸਤੂ-ਸਿਲਸਿਲੇ (Global Commodity Chains) ਨਾਲ ਜੁੜੇ ਕਾਰਪੋਰੇਟ ਪੂੰਜੀ ਸੰਗ੍ਰਹਿ ਦਾ ਸਾਧਨ ਬਣਦੀਆਂ ਗਈਆਂ। ਆਦਿਵਾਸੀ ਜ਼ਮੀਨ ਦੀ ਰੱਖਿਆ ਕਰਨ ਵਾਲੀਆਂ ਕਾਨੂੰਨੀ ਸੰਸਥਾਵਾਂ ਮੁੱਖ ਤੌਰ 'ਤੇ ਕਾਇਮ ਰਹੀਆਂ, ਪਰ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਵਾਲੇ ਆਰਥਕ ਦਬਾਅ ਬੁਨਿਆਦੀ ਤੌਰ 'ਤੇ ਬਦਲ ਗਏ।

ਇਸ ਲਈ ਪੰਜਵੀਂ ਅਨੁਸੂਚੀ ਅਤੇ ਟੈਨੈਂਸੀ ਕਾਨੂੰਨਾਂ ਨਾਲ ਜੁੜੀਆਂ ਵਿਰੋਧਤਾਈਆਂ ਨੂੰ ਸਿਰਫ਼ ਪ੍ਰਸ਼ਾਸਨਿਕ ਦੁਬਿਧਾਵਾਂ ਵਜੋਂ ਨਹੀਂ ਸਮਝਿਆ ਜਾ ਸਕਦਾ। ਇਹ ਉਨ੍ਹਾਂ ਵੱਖ-ਵੱਖ ਪੂੰਜੀ-ਸੰਗ੍ਰਹਿ ਪ੍ਰਬੰਧਾਂ (Regimes of Capital Accumulation) ਦੁਆਰਾ ਪੈਦਾ ਕੀਤੀਆਂ ਵਿਰੋਧਤਾਈਆਂ ਵੀ ਹਨ। ਇਹ ਕਮੀ ਹੋ ਸਮਾਜ ਦੇ ਅੰਦਰ ਸਮਾਜਿਕ ਵਖਰੇਵਿਆਂ (Social Differentiation) ਬਾਰੇ ਕਿਤਾਬ ਦੇ ਵਿਸ਼ਲੇਸ਼ਣ ਨੂੰ ਵੀ ਪ੍ਰਭਾਵਿਤ ਕਰਦੀ ਹੈ।

ਖ਼ਾਲਿਦ ਦੀ ਸਭ ਤੋਂ ਵਡਮੁੱਲੀ ਅੰਤਰਦ੍ਰਿਸ਼ਟੀ ਇਹ ਹੈ ਕਿ ਬਸਤੀਵਾਦੀ ਦਖ਼ਲਅੰਦਾਜ਼ੀ ਨੇ ਮਾਨਕੀ, ਮੁੰਡਾ ਅਤੇ ਹੋਰ ਵਿਚੋਲਾ ਸਮੂਹਾਂ ਨੂੰ ਚੋਣਵੇਂ ਢੰਗ ਨਾਲ ਤਾਕਤ ਦੇ ਕੇ ਨਵੀਆਂ ਅਸਮਾਨਤਾਵਾਂ ਪੈਦਾ ਕੀਤੀਆਂ। ਪਰ ਉਸ ਦੀ ਵਿਸ਼ਲੇਸ਼ਣਕ ਸ਼ਬਦਾਵਲੀ ਮੁੱਖ ਤੌਰ 'ਤੇ 'ਸਮਾਜਿਕ ਵਖਰੇਵੇਂ' ਤੱਕ ਹੀ ਸੀਮਿਤ ਰਹਿੰਦੀ ਹੈ, 'ਜਮਾਤ-ਨਿਰਮਾਣ (Class Formation)' ਤੱਕ ਨਹੀਂ ਪਹੁੰਚਦੀ।

ਸਵਾਲ ਇਹ ਹੈ ਕਿ ਕੀ ਇਹ ਉਭਰਦੀਆਂ ਅਸਮਾਨਤਾਵਾਂ ਸਿਰਫ਼ ਪ੍ਰਸ਼ਾਸਨਿਕ ਵਿਸ਼ੇਸ਼ ਅਧਿਕਾਰ ਸਨ? ਜਾਂ ਫਿਰ ਇਹ ਜਾਇਦਾਦ, ਲਗਾਨ ਵਸੂਲੀ ਅਤੇ ਜ਼ਮੀਨ ਉੱਪਰ ਕੰਟਰੋਲ ਦੇ ਬਦਲਦੇ ਰਿਸ਼ਤਿਆਂ 'ਤੇ ਆਧਾਰਤ ਨਵੇਂ ਜਮਾਤੀ ਰਿਸ਼ਤਿਆਂ ਦੀ ਸ਼ੁਰੂਆਤ ਸਨ? ਆਜ਼ਾਦੀ ਤੋਂ ਬਾਅਦ ਇਹ ਸਵਾਲ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ। ਠੇਕੇਦਾਰਾਂ, ਖਣਨ ਉਦਯੋਗ ਨਾਲ ਜੁੜੇ ਹਿੱਤਾਂ, ਸਥਾਨਕ ਰਾਜਨੀਤਕ ਕੁਲੀਨ ਵਰਗ, ਪੜ੍ਹੇ-ਲਿਖੇ ਮੱਧਵਰਗ ਅਤੇ ਨੌਕਰਸ਼ਾਹੀ ਵਿਚੋਲਿਆਂ ਦੇ ਉਭਾਰ ਨੇ ਆਦਿਵਾਸੀ ਸਮਾਜ ਦੀ ਅੰਦਰੂਨੀ ਬਣਤਰ ਨੂੰ ਡੂੰਘਾਈ ਨਾਲ ਬਦਲ ਦਿੱਤਾ ਹੈ।

ਪੁਰਾਣਾ ਰਵਾਇਤੀ ਕੁਲੀਨ ਵਰਗ (Customary Elite) ਸਿਰਫ਼ ਕਾਇਮ ਹੀ ਨਹੀਂ ਰਿਹਾ। ਉਸ ਦੇ ਨਾਲ-ਨਾਲ—ਅਤੇ ਕਈ ਮਾਮਲਿਆਂ ਵਿੱਚ ਉਸ ਦੀ ਥਾਂ ਲੈਂਦਿਆਂ—ਨਵੇਂ ਵਰਗ ਉੱਭਰੇ ਹਨ, ਜਿਨ੍ਹਾਂ ਦਾ ਰਾਜ ਨਾਲ ਰਿਸ਼ਤਾ ਹੁਣ ਰਵਾਇਤ ਦੀ ਬਜਾਏ ਬਾਜ਼ਾਰ, ਠੇਕਿਆਂ, ਰਾਜਨੀਤਕ ਅਹੁਦਿਆਂ ਅਤੇ ਵਿਕਾਸ ਯੋਜਨਾਵਾਂ ਰਾਹੀਂ ਬਣਦਾ ਹੈ।

ਇੱਕ ਹੋਰ ਮਹੱਤਵਪੂਰਨ ਸਵਾਲ ਅਜੇ ਵੀ ਬਾਕੀ ਰਹਿੰਦਾ ਹੈ। ਕੀ ਪ੍ਰਸ਼ਾਸਨਿਕ ਵਿਲੱਖਣਵਾਦ ਸੱਚਮੁੱਚ ਏਨਾ ਵਿਲੱਖਣ (Exceptional) ਸੀ? ਅੰਗਰੇਜ਼ਾਂ ਨੇ ਬੰਗਾਲ ਵਿੱਚ ਜ਼ਮੀਂਦਾਰਾਂ ਰਾਹੀਂ ਰਾਜ ਕੀਤਾ। ਅਵਧ ਵਿੱਚ ਤਾਲੁਕਦਾਰਾਂ ਰਾਹੀਂ ਰਾਜ ਕੀਤਾ। ਦੇਸੀ ਰਿਆਸਤਾਂ ਵਿੱਚ ਸਥਾਨਕ ਰਾਜਿਆਂ ਰਾਹੀਂ ਰਾਜ ਕੀਤਾ। ਅਤੇ ਭਾਰਤ ਦੇ ਵੱਡੇ ਹਿੱਸੇ ਵਿੱਚ ਪਿੰਡਾਂ ਦੇ ਮੁਖੀਆਂ ਰਾਹੀਂ ਪ੍ਰਸ਼ਾਸਨ ਚਲਾਇਆ। ਇਨ੍ਹਾਂ ਸਾਰੀਆਂ ਵਿਵਸਥਾਵਾਂ ਦੇ ਰੂਪ ਵੱਖਰੇ ਸਨ, ਪਰ ਉਨ੍ਹਾਂ ਦਾ ਅੰਦਰੂਨੀ ਤਰਕ ਇੱਕੋ ਜਿਹਾ ਜਾਪਦਾ ਹੈ—ਪਹਿਲਾਂ ਤੋਂ ਮੌਜੂਦ ਸੱਤਾ-ਸੰਰਚਨਾਵਾਂ ਨੂੰ ਰਾਜ ਦੀਆਂ ਸੰਸਥਾਵਾਂ ਵਿੱਚ ਸ਼ਾਮਲ ਕਰਨਾ।

ਸੰਭਵ ਹੈ ਕਿ ਪ੍ਰਸ਼ਾਸਨਿਕ ਵਿਲੱਖਣਵਾਦ ਬਸਤੀਵਾਦੀ ਰਾਜ-ਨਿਰਮਾਣ ਦੇ ਕਿਸੇ ਹੋਰ ਵਿਆਪਕ ਸਿਧਾਂਤ ਦੀ ਇੱਕ ਵਿਸ਼ੇਸ਼ ਮਿਸਾਲ ਹੋਵੇ, ਨਾ ਕਿ ਸਰਹੱਦੀ ਖੇਤਰਾਂ ਲਈ ਅਪਣਾਈ ਗਈ ਕੋਈ ਬਿਲਕੁਲ ਵਿਲੱਖਣ ਯੁੱਧਨੀਤੀ। ਇਨ੍ਹਾਂ ਆਲੋਚਨਾਵਾਂ ਨੂੰ ਉਸੇ ਭਾਵਨਾ ਨਾਲ ਸਮਝਣਾ ਚਾਹੀਦਾ ਹੈ ਜਿਸ ਭਾਵਨਾ ਨਾਲ ਇਹ ਪੇਸ਼ ਕੀਤੀਆਂ ਗਈਆਂ ਹਨ। ਇਹ ਇਸ ਕਿਤਾਬ ਦੇ ਹਾਸਲ ਨੂੰ ਘਟਾਉਂਦੀਆਂ ਨਹੀਂ ਹਨ। ਸਗੋਂ ਇਹ ਇਸ ਲਈ ਉੱਭਰਦੀਆਂ ਹਨ ਕਿਉਂਕਿ ਉਮਰ ਖ਼ਾਲਿਦ ਨੇ ਇੱਕ ਅਜਿਹਾ ਸਿਧਾਂਤਕ ਖੇਤਰ ਖੋਲ੍ਹਿਆ ਹੈ, ਜੋ ਅੱਗੇ ਹੋਰ ਡੂੰਘੀ ਖੋਜ ਅਤੇ ਵਿਚਾਰ-ਵਟਾਂਦਰੇ ਦੀ ਮੰਗ ਕਰਦਾ ਹੈ।

**ਸਿੰਘਭੂਮ ਤੋਂ ਅੱਗੇ** : ਇਤਿਹਾਸ ਦੀ ਹਰ ਮਹੱਤਵਪੂਰਨ ਰਚਨਾ ਨਾ ਸਿਰਫ਼ ਆਪਣੇ ਤਤਕਾਲੀ ਵਿਸ਼ੇ ਬਾਰੇ ਸਾਡੀ ਸਮਝ ਨੂੰ ਬਦਲਦੀ ਹੈ, ਸਗੋਂ ਉਹ ਉਨ੍ਹਾਂ ਸਵਾਲਾਂ ਨੂੰ ਵੀ ਬਦਲ ਦਿੰਦੀ ਹੈ ਜੋ ਅਸੀਂ ਇਤਿਹਾਸ ਤੋਂ ਪੁੱਛਦੇ ਹਾਂ। ਫ੍ਰੈਕਚਰਡ ਕਮਿਊਨਿਟੀਜ਼ ਬਿਲਕੁਲ ਇਹੀ ਕੰਮ ਕਰਦੀ ਹੈ। ਸਤੱਹੀ ਪੱਧਰ 'ਤੇ ਇਹ ਬਹੁਤ ਹੀ ਧਿਆਨਪੂਰਵਕ ਖੋਜ 'ਤੇ ਆਧਾਰਤ ਖੇਤਰੀ ਇਤਿਹਾਸ ਹੈ। ਪਰ ਡੂੰਘੇ ਪੱਧਰ 'ਤੇ ਇਹ ਰਾਜ-ਨਿਰਮਾਣ, ਸੰਸਥਾਗਤ ਰੂਪਾਂਤਰਣ ਅਤੇ ਦੋ ਸਦੀਆਂ ਦੌਰਾਨ ਸੱਤਾ ਅਤੇ ਸਮਾਜ ਦੇ ਬਦਲਦੇ ਰਿਸ਼ਤਿਆਂ ਦਾ ਅਧਿਐਨ ਹੈ।

ਇਹ ਅਧਿਐਨ ਉਸ ਸਵਾਲ ਨਾਲ ਵੀ ਡੂੰਘਾਈ ਨਾਲ ਜੁੜਦਾ ਹੈ, ਜਿਸ ਨੇ ਜਾਤ ਅਤੇ ਲੋਕਤੰਤਰ ਬਾਰੇ ਮੇਰੀ ਆਪਣੀ ਬਹੁਤੀ ਲੇਖਣੀ ਨੂੰ ਪ੍ਰਭਾਵਿਤ ਕੀਤਾ ਹੈ—ਆਖ਼ਿਰਕਾਰ ਡੂੰਘੀਆਂ ਦਰਜੇਵਾਰ ਅਸਮਾਨਤਾਵਾਂ ਵਾਲੇ ਸਮਾਜ ਵਾਰ-ਵਾਰ ਹੋਣ ਵਾਲੇ ਰਾਜਨੀਤਕ ਬਦਲਾਵਾਂ ਦੇ ਬਾਵਜੂਦ ਆਪਣੇ ਆਪ ਨੂੰ ਮੁੜ ਕਿਵੇਂ ਪੈਦਾ ਕਰ ਲੈਂਦੇ ਹਨ? ਸਮਾਜਿਕ ਦਰਜੇਬੰਦੀ (hierarchy) ਦੇ ਬਣੇ ਰਹਿਣ ਨੂੰ ਸਿਰਫ਼ ਵਿਚਾਰਧਾਰਾ, ਧਰਮ ਜਾਂ ਆਰਥਕ ਹਿੱਤਾਂ ਦੇ ਆਧਾਰ 'ਤੇ ਨਹੀਂ ਸਮਝਿਆ ਜਾ ਸਕਦਾ। ਇਹ ਉਨ੍ਹਾਂ ਸੰਸਥਾਵਾਂ 'ਤੇ ਵੀ ਨਿਰਭਰ ਕਰਦੀ ਹੈ, ਜੋ ਬਦਲਦੀਆਂ ਰਾਜਨੀਤਕ ਵਿਵਸਥਾਵਾਂ ਅਨੁਸਾਰ ਆਪਣੇ ਆਪ ਨੂੰ ਲਗਾਤਾਰ ਢਾਲਦੀਆਂ ਰਹਿੰਦੀਆਂ ਹਨ, ਜਦਕਿ ਸੱਤਾ ਦੀਆਂ ਬੁਨਿਆਦੀ ਸੰਰਚਨਾਵਾਂ ਨੂੰ ਬਰਕਰਾਰ ਵੀ ਰੱਖਦੀਆਂ ਹਨ। ਖ਼ਾਲਿਦ ਦਾ ਅਧਿਐਨ ਆਦਿਵਾਸੀ ਸਮਾਜ ਦੇ ਇਤਿਹਾਸ ਵਿੱਚ ਵੀ ਇਸੇ ਤਰ੍ਹਾਂ ਦੀ ਤੁਲਨਾਯੋਗ ਪ੍ਰਕਿਰਿਆ ਨੂੰ ਸਾਹਮਣੇ ਲਿਆਉਂਦਾ ਹੈ।

ਬਸਤੀਵਾਦੀ ਰਾਜ ਇਸ ਲਈ ਕਾਇਮ ਨਹੀਂ ਰਿਹਾ ਕਿ ਉਸ ਨੇ ਸਿਰਫ਼ ਨਵੀਆਂ ਸੰਸਥਾਵਾਂ ਥੋਪ ਦਿੱਤੀਆਂ ਸਨ। ਉਹ ਇਸ ਲਈ ਟਿਕਾਊ ਬਣਿਆ ਕਿਉਂਕਿ ਉਸ ਨੇ ਪਹਿਲਾਂ ਤੋਂ ਮੌਜੂਦ ਸੰਸਥਾਵਾਂ ਨੂੰ ਰਾਜ-ਸੱਤਾ ਦੇ ਵਾਹਕਾਂ (Vehicles of State Authority) ਵਿੱਚ ਬਦਲ ਦਿੱਤਾ। ਚਾਹੇ ਉਹ ਜਾਤ ਹੋਵੇ ਜਾਂ ਕਬੀਲਾ, ਸਮਾਜਿਕ ਦਰਜੇਬੰਦੀ ਦੀ ਨਿਰੰਤਰਤਾ ਨੂੰ ਉਦੋਂ ਤੱਕ ਨਹੀਂ ਸਮਝਿਆ ਜਾ ਸਕਦਾ, ਜਦੋਂ ਤੱਕ ਅਸੀਂ ਉਨ੍ਹਾਂ ਸੰਸਥਾਗਤ ਰੂਪਾਂ ਦਾ ਅਧਿਐਨ ਨਾ ਕਰੀਏ, ਜਿਨ੍ਹਾਂ ਰਾਹੀਂ ਸੱਤਾ ਆਪਣਾ ਲਗਾਤਾਰ ਪੁਨਰ-ਉਤਪਾਦਨ ਕਰਦੀ ਰਹਿੰਦੀ ਹੈ। ਅਕਸਰ ਖੇਤਰੀ ਇਤਿਹਾਸ ਉਨ੍ਹਾਂ ਖੇਤਰਾਂ ਤੱਕ ਹੀ ਸੀਮਿਤ ਰਹਿ ਜਾਂਦੇ ਹਨ, ਜਿਨ੍ਹਾਂ ਦਾ ਉਹ ਵਰਣਨ ਕਰਦੇ ਹਨ। ਫ੍ਰੈਕਚਰਡ ਕਮਿਊਨਿਟੀਜ਼ ਇਸ ਸੀਮਾ ਤੋਂ ਪਾਰ ਚਲੀ ਜਾਂਦੀ ਹੈ। ਇਹ ਸਾਨੂੰ ਸਿਰਫ਼ ਸਿੰਘਭੂਮ ਦੇ ਇਤਿਹਾਸ ਬਾਰੇ ਹੀ ਨਹੀਂ, ਸਗੋਂ ਭਾਰਤੀ ਰਾਜ ਦੇ ਇਤਿਹਾਸਕ ਸਮਾਜ-ਵਿਗਿਆਨ (Historical Sociology) ਬਾਰੇ ਵੀ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਦੀ ਹੈ। ਇਹ ਦਰਸਾਉਂਦੀ ਹੈ ਕਿ ਇੱਕ ਲੋਕਤੰਤਰੀ ਰਾਜ ਨੇ ਵਾਰ-ਵਾਰ ਇੱਕ ਡੂੰਘਾਈ ਨਾਲ ਦਰਜੇਬੰਦ ਸਮਾਜ 'ਤੇ ਰਾਜ ਕਰਨ ਦੀ ਕੋਸ਼ਿਸ਼ ਉਨ੍ਹਾਂ ਸੰਸਥਾਵਾਂ ਨੂੰ ਖ਼ਤਮ ਕਰਕੇ ਨਹੀਂ ਕੀਤੀ, ਜਿਨ੍ਹਾਂ ਰਾਹੀਂ ਇਹ ਸਮਾਜਿਕ ਦਰਜੇਬੰਦੀ ਵਾਲੀ ਵੰਡ ਇਤਿਹਾਸਕ ਤੌਰ 'ਤੇ ਸੰਗਠਿਤ ਰਹੀ ਸੀ; ਸਗੋਂ ਅਜਿਹਾ ਉਨ੍ਹਾਂ ਨੂੰ ਰੂਪਾਂਤਰਿਤ ਕਰਕੇ ਕੀਤਾ ਗਿਆ। ਇਹ ਕਿਤਾਬ ਇਹ ਵੀ ਸਪਸ਼ਟ ਕਰਦੀ ਹੈ ਕਿ ਰਾਜ ਅਤੇ ਸਮਾਜ ਦੇ ਰਿਸ਼ਤੇ ਨੂੰ ਸਿਰਫ਼ ਗ਼ਲਬੇ (Domination) ਜਾਂ ਵਿਰੋਧ (Resistance) ਦੇ ਸਧਾਰਨ ਜੁੱਟ ਵਜੋਂ ਨਹੀਂ ਸਮਝਿਆ ਜਾ ਸਕਦਾ। ਇਹ ਬਰਾਬਰ ਹੱਦ ਤੱਕ ਸੰਸਥਾਗਤ ਅਨੁਵਾਦ (Institutional Translation), ਅਨੁਕੂਲਨ (Adaptation) ਅਤੇ ਪੁਨਰਨਿਰਮਾਣ (Reconstruction) ਦਾ ਇਤਿਹਾਸ ਵੀ ਹੈ।

ਇਸ ਨਜ਼ਰੀਏ ਵਿੱਚ ਇਤਿਹਾਸ ਸਿਰਫ਼ ਯਾਦਾਂ ਵਿੱਚ ਹੀ ਜ਼ਿੰਦਾ ਨਹੀਂ ਰਹਿੰਦਾ। ਉਹ ਸੰਸਥਾਵਾਂ ਦੇ ਅੰਦਰ ਵੀ ਜ਼ਿੰਦਾ ਰਹਿੰਦਾ ਹੈ—

ਅਤੇ ਇਸ ਕਿਤਾਬ ਦੇ ਲਿਖੇ ਜਾਣ ਦੇ ਆਪਣੇ ਹੀ ਹਾਲਾਤ ਇਸ ਸੱਚ ਨੂੰ ਹੋਰ ਵੀ ਅਭੁੱਲ ਬਣਾ ਦਿੰਦੇ ਹਨ।

# 'ਵੰਦੇ ਮਾਤ੍ਰਮ' ਦੀ ਭਗਵਾ ਸਿਆਸਤ



ਬੂਟਾ ਸਿੰਘ ਮਹਿਮੂਦਪੁਰ
94634-74342

ਆਰ.ਐੱਸ.ਐੱਸ.-ਭਾਜਪਾ ਬਹੁਤ ਲੰਮੇ ਸਮੇਂ ਤੋਂ 'ਵੰਦੇ ਮਾਤ੍ਰਮ' (ਮਾਂਭੂਮੀ ਦੀ ਪੂਜਾ) ਦੇ ਮੁਕੰਮਲ ਰੂਪ ਨੂੰ ਭਾਰਤ ਉੱਪਰ ਥੋਪਣ ਲਈ ਯਤਨਸ਼ੀਲ ਸੀ ਅਤੇ ਆਖ਼ਿਰਕਾਰ ਇਸਦੇ ਸਾਰੇ ਬੰਦ ਗਾਉਣਾ ਲਾਜ਼ਮੀ ਕਰਾਰ ਦਿੰਦਾ ਬਿੱਲ (ਕੌਮੀ ਗੌਰਵ ਦਾ ਅਪਮਾਨ ਰੋਕੂ (ਸੋਧ) ਬਿੱਲ 2026) 30 ਜੁਲਾਈ ਨੂੰ ਪਾਸ ਕਰਕੇ ਕਾਨੂੰਨ ਬਣਾ ਦਿੱਤਾ ਗਿਆ ਹੈ। ਭਾਜਪਾ ਤੋਂ ਸਿਵਾਏ ਇਹ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੈ। ਕਾਂਗਰਸ ਨੇ ਵੀ ਇਸਦੇ ਸਿਰਫ਼ ਪਹਿਲੇ ਦੋ ਬੰਦ ਗਾਉਣ ਦਾ ਫ਼ੈਸਲਾ ਲਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਦੇ ਫ਼ੈਸਲੇ ਨੂੰ 'ਰਾਸ਼ਟਰ-ਵਿਰੋਧੀ' ਕਰਾਰ ਦਿੰਦਿਆਂ ਹੁਕਮ ਸੁਣਾ ਦਿੱਤਾ ਹੈ ਕਿ ਸਾਰੇ ਸਰਕਾਰੀ ਸਮਾਗਮਾਂ ਵਿਚ ਪੂਰਾ 'ਵੰਦੇ ਮਾਤ੍ਰਮ' ਗਾਇਆ ਜਾਵੇਗਾ ਅਤੇ ਇਸਦੀ ਅਵੱਗਿਆ ਕਰਨਾ ਦੇਸ਼ਧ੍ਰੋਹ ਮੰਨਿਆ ਜਾਵੇਗਾ। ਇਸ ਨਾਲ ਉਸ ਵਿਵਾਦ ਨੂੰ ਮੁੜ ਚੇਤੇ ਕਰਨਾ ਜ਼ਰੂਰੀ ਹੋ ਗਿਆ ਹੈ ਜੋ 'ਵੰਦੇ ਮਾਤ੍ਰਮ' ਨੂੰ ਆਜ਼ਾਦੀ ਸੰਗਰਾਮ ਵਿਚ ਗਾਉਣਾ ਸ਼ੁਰੂ ਕਰਨ ਨਾਲ ਸ਼ੁਰੂ ਹੋਇਆ ਸੀ ਅਤੇ ਆਖ਼ਿਰਕਾਰ ਵੱਡੀਆਂ 'ਮੁੱਖਧਾਰਾ' ਸ਼ਖ਼ਸੀਅਤਾਂ - ਸੁਭਾਸ਼ ਚੰਦਰ ਬੋਸ, ਗਾਂਧੀ, ਰਾਬਿੰਦਰਨਾਥ ਟੈਗੋਰ - ਅਤੇ ਕਾਂਗਰਸ ਦੇ ਪ੍ਰਮੁੱਖ ਆਗੂਆਂ ਦਰਮਿਆਨ ਲੰਮੀ ਸੋਚ-ਵਿਚਾਰ ਤੋਂ ਬਾਅਦ ਸਿਰਫ਼ ਇਸਦੇ ਸ਼ੁਰੂਆਤੀ ਦੋ ਬੰਦ ਹੀ ਗਾਏ ਜਾਣ 'ਤੇ ਸਹਿਮਤੀ ਬਣੀ ਸੀ।

ਪਿਛਲੇ ਸਾਲ 8 ਨਵੰਬਰ ਨੂੰ ਨਵੀਂ ਦਿੱਲੀ ਵਿੱਚ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦਾ ਉਦਘਾਟਨ ਕਰਦਿਆਂ ਮੋਦੀ ਨੇ ਫਰਮਾਇਆ, "ਆਜ਼ਾਦੀ ਦੇ ਸੰਘਰਸ਼ ਦੌਰਾਨ 'ਵੰਦੇ ਮਾਤਰਮ' ਦੀ ਭਾਵਨਾ ਨੇ ਪੂਰੇ ਮੁਲਕ ਨੂੰ ਰੌਸ਼ਨ ਕੀਤਾ ਸੀ। ਪਰ ਬਦਕਿਸਮਤੀ ਨਾਲ, 1937 'ਚ 'ਵੰਦੇ ਮਾਤਰਮ' ਦੇ ਮਹੱਤਵਪੂਰਨ ਬੰਦ—ਜੋ ਇਸ ਦੀ ਆਤਮਾ ਦਾ ਹਿੱਸਾ ਸਨ—ਵੱਖ ਕਰ ਦਿੱਤੇ ਗਏ। 'ਵੰਦੇ ਮਾਤਰਮ' ਨੂੰ ਟੁਕੜਿਆਂ ਵਿੱਚ ਵੰਡ ਦਿੱਤਾ ਗਿਆ। 'ਵੰਦੇ ਮਾਤਰਮ' ਦੀ ਇਸ ਵੰਡ ਨੇ ਮੁਲਕ ਦੀ ਵੰਡ ਦੇ ਬੀਜ ਵੀ ਬੀਜੇ। ਰਾਸ਼ਟਰ-ਨਿਰਮਾਣ ਦੇ ਇਸ ਮਹਾਨ ਮੰਤਰ ਨਾਲ ਅਜਿਹਾ ਅਨਿਆਂ ਕਿਉਂ ਕੀਤਾ ਗਿਆ? ਅੱਜ ਦੀ ਪੀੜ੍ਹੀ ਲਈ ਇਹ ਸਮਝਣਾ ਜ਼ਰੂਰੀ ਹੈ, ਕਿਉਂਕਿ ਉਹ ਵੰਡਪਾਊ ਸੋਚ ਅੱਜ ਵੀ ਦੇਸ਼ ਲਈ ਇੱਕ ਚੁਣੌਤੀ ਬਣੀ ਹੋਈ ਹੈ।" ਲਿਹਾਜ਼ਾ, ਭਗਵਾ ਹਕੂਮਤ ਨੇ ਮੁਲਕ ਉੱਪਰ ਸੰਪੂਰਨ 'ਵੰਦੇ ਮਾਤ੍ਰਮ' ਥੋਪਕੇ ਇਹ ਪ੍ਰਭਾਵ ਦੇਣਾ ਚਾਹਿਆ ਹੈ ਕਿ ਕਾਂਗਰਸ ਨੇ ਧਾਰਮਿਕ ਘੱਟਗਿਣਤੀਆਂ ਨੂੰ ਖ਼ੁਸ਼ ਕਰਨ ਲਈ ਇਸ ਦੇ ਸਿਰਫ਼ ਦੋ ਬੰਦ ਅਪਣਾਕੇ ਦੇਸ਼-ਧ੍ਰੋਹ ਕੀਤਾ ਸੀ ਅਤੇ ਭਾਜਪਾ ਸਰਕਾਰ ਨੇ ਉਸ ਇਤਿਹਾਸਕ ਅਪਰਾਧ ਨੂੰ ਦਰੁਸਤ ਕਰਕੇ ਰਾਸ਼ਟਰੀ ਗੌਰਵ ਨੂੰ ਮੁੜ ਬਹਾਲ ਕਰਨ ਦਾ ਇਤਿਹਾਸਕ ਕਾਰਨਾਮਾ ਕੀਤਾ ਹੈ!

'ਵੰਦੇ ਮਾਤ੍ਰਮ' ਮੂਲ ਰੂਪ 'ਚ ਬੰਗਾਲੀ ਲੇਖਕ ਬੰਕਿਮ ਚੰਦਰ ਚੱਟੋਪਾਧਿਆਏ ਵੱਲੋਂ 1870ਵਿਆਂ 'ਚ ਲਿਖਿਆ ਗੀਤ ਹੈ ਜਿਸਨੂੰ ਉਸਨੇ ਪਿੱਛੋਂ 1882 'ਚ ਆਪਣੇ ਨਾਵਲ 'ਆਨੰਦ ਮਠ' ਵਿਚ ਸ਼ਾਮਲ ਕੀਤਾ। ਇਹ ਨਾਵਲ ਉਸ ਵਕਤ ਲਿਖਿਆ ਗਿਆ ਜਦੋਂ ਭਾਰਤ ਦੇ ਵੱਡੇ ਹਿੱਸੇ ਉੱਪਰ ਅੰਗਰੇਜ਼ ਬਸਤੀਵਾਦੀ ਹਕੂਮਤ ਰਸਮੀਂ ਤੌਰ 'ਤੇ ਸਥਾਪਤ ਹੋ ਚੁੱਕੀ ਸੀ। ਬੰਕਿਮ ਨੇ ਬਤੌਰ ਜ਼ਿਲ੍ਹਾ ਮੈਜਿਸਟ੍ਰੇਟ 33 ਸਾਲ (1858-1891) ਅੰਗਰੇਜ਼ੀ ਰਾਜ ਦੀ ਸੇਵਾ ਕੀਤੀ। ਦਿਲਚਸਪ ਗੱਲ ਇਹ ਹੈ ਕਿ ਅੰਗਰੇਜ਼ੀ ਰਾਜ ਵਿਰੁੱਧ ਸੰਘਰਸ਼ ਦੌਰਾਨ ਕਾਂਗਰਸ ਅਤੇ ਇਨਕਲਾਬੀ ਦੇਸ਼ਭਗਤ ਦੋਵੇਂ ਧਾਰਾਵਾਂ ਉਸ ਦੇ ਲਿਖੇ ਗੀਤ ਨੂੰ ਸ਼ਰਧਾ ਨਾਲ ਗਾਉਂਦੀਆਂ ਰਹੀਆਂ।

'ਆਨੰਦ ਮਠ' ਬੰਗਾਲ ਦੇ ਖ਼ਾਸ ਇਤਿਹਾਸਕ ਕਾਲ-ਖੰਡ ਦੇ ਘਟਨਾਕ੍ਰਮ ਦਾ ਮਨਘੜਤ ਬਿਰਤਾਂਤ ਹੈ ਜਿਸ ਬਾਰੇ ਇਤਿਹਾਸਕਾਰ ਤਾਨਿਕਾ ਸਰਕਾਰ ਲਿਖਦੇ ਹਨ: "ਨਾਵਲ ਦਾ ਕਾਲ-ਖੰਡ ਅਠਾਰ੍ਹਵੀਂ ਸਦੀ ਦੇ ਆਖ਼ਰੀ ਦੌਰ ਨਾਲ ਸਬੰਧਤ ਹੈ, ਜਦੋਂ ਇੱਕ ਭਿਆਨਕ ਅਕਾਲ ਨੇ ਬੰਗਾਲ ਨੂੰ ਤਬਾਹ ਕਰ ਦਿੱਤਾ ਸੀ। ਉਸ ਸਮੇਂ ਬੰਗਾਲ ਉੱਤੇ ਕਠਪੁਤਲੀ ਨਵਾਬ ਦਾ ਰਾਜ ਸੀ, ਜਿਸ ਨੂੰ ਲੁਟੇਰੀ ਈਸਟ ਇੰਡੀਆ ਕੰਪਨੀ ਦਾ ਥਾਪੜਾ ਸੀ। ਖ਼ੁਦ ਕੰਪਨੀ ਦੇ ਅਧਿਕਾਰੀਆਂ ਅਨੁਸਾਰ, ਵਾਰ-ਵਾਰ ਫ਼ਸਲਾਂ ਤਬਾਹ ਹੋਣ ਦੇ ਬਾਵਜੂਦ ਕੰਪਨੀ ਨੇ ਕਿਸਾਨਾਂ ਦੀ ਪੈਦਾਵਾਰ ਨੂੰ ਆਪਣੇ ਲਈ ਏਨੀ ਬੇਰਹਿਮੀ ਅਤੇ ਲਗਾਤਾਰਤਾ ਨਾਲ ਨਿਚੋੜਿਆ ਕਿ




ਅਕਾਲ ਦਾ ਪੈਣਾ ਅਟੱਲ ਹੋ ਗਿਆ। ਪਰ ਬੰਕਿਮ ਨੇ ਇਸ ਲਈ ਪੂਰੀ ਤਰ੍ਹਾਂ ਮੁਸਲਿਮ ਨਵਾਬ ਨੂੰ ਦੋਸ਼ੀ ਠਹਿਰਾਇਆ। ਇਸ ਤੋਂ ਇਲਾਵਾ, ਨਵਾਬ ਦੇ ਕਥਿਤ ਅਪਰਾਧ ਨੂੰ ਤੁਰੰਤ ਮੁਸਲਮਾਨਾਂ ਦੇ ਜਮਾਂਦਰੂ ਬੁਰੇ ਹੋਣ ਦੀ ਭਿਆਨਕ ਤਸਵੀਰ ਵਜੋਂ ਵਿਸਤਾਰ ਦੇ ਦਿੱਤਾ ਗਿਆ। ਇੱਕ ਪਾਸੇ ਨਵਾਬੀ ਤੇ ਕੰਪਨੀ ਦੀਆਂ ਫ਼ੌਜਾਂ ਅਤੇ ਦੂਜੇ ਪਾਸੇ ਹਥਿਆਰਬੰਦ ਹਿੰਦੂ ਸੰਨਿਆਸੀਆਂ ਅਤੇ ਮੁਸਲਿਮ ਫ਼ਕੀਰਾਂ ਵਿਚਕਾਰ ਭਿਆਨਕ ਲੜਾਈਆਂ ਹੋਈਆਂ ਸਨ। ਪਰ ਬੰਕਿਮ ਨੇ ਫ਼ਕੀਰ ਵਿਦਰੋਹਾਂ ਨੂੰ ਆਪਣੇ ਬਿਰਤਾਂਤ ਵਿੱਚੋਂ ਪੂਰੀ ਤਰ੍ਹਾਂ ਮਨਫ਼ੀ ਕਰ ਦਿੱਤਾ।

ਨਾਵਲ ਦੀ ਕਹਾਣੀ 'ਚ 'ਉੱਚ' ਜਾਤੀ ਸੰਨਿਆਸੀਆਂ ਦੀ ਇੱਕ ਕਾਲਪਨਿਕ ਟੋਲੀ (ਮਾਂਭੂਮੀ ਦੀ 'ਸੰਤਾਨ') ਹਿੰਦੂ ਪਿੰਡ ਵਾਸੀਆਂ ਨੂੰ ਮੁਸਲਮਾਨਾਂ ਦਾ ਕਤਲੇਆਮ ਕਰਨ, ਉਨ੍ਹਾਂ ਦੀਆਂ ਝੌਂਪੜੀਆਂ ਲੁੱਟਣ, ਉਨ੍ਹਾਂ ਦੀਆਂ ਮਸਜਿਦਾਂ ਢਾਹੁਣ, ਉਨ੍ਹਾਂ ਦੀਆਂ ਔਰਤਾਂ ਨੂੰ ਬੰਦੀ ਬਣਾਉਣ ਅਤੇ ਉਨ੍ਹਾਂ ਦੇ ਮ੍ਰਿਤਕ ਚਿਹਰਿਆਂ ਨੂੰ ਪੈਰਾਂ ਹੇਠ ਕੁਚਲ ਦੇਣ ਲਈ ਉਕਸਾਉਂਦੀ ਹੈ। ਜਦੋਂ ਤੱਕ ਜੰਗ ਚੱਲਦੀ ਹੈ, ਉਹ ਜਾਤਪਾਤੀ ਊਚ-ਨੀਚ ਨੂੰ ਮੁਅੱਤਲ ਰੱਖਦੇ ਹਨ, ਪਰ ਜਿੱਤ ਤੋਂ ਬਾਅਦ ਉਸ ਨੂੰ ਮੁੜ ਸਥਾਪਤ ਕਰਨ ਦਾ ਵਾਅਦਾ ਕਰਦੇ ਹਨ। ਇਸ ਵਿੱਚ ਅੰਗਰੇਜ਼ਾਂ ਦੀ ਭੂਮਿਕਾ ਮੁਕਾਬਲਤਨ ਗੌਣ ਹੈ ਅਤੇ ਇਸ ਦਾ ਆਖ਼ਰੀ ਭਾਗ ਉਨ੍ਹਾਂ ਦੀ ਜਿੱਤ ਨਾਲ ਸਮਾਪਤ ਹੁੰਦਾ ਹੈ। ਇੱਕ ਦੈਵੀ ਆਵਾਜ਼ ਬਾਗ਼ੀ ਆਗੂ ਨੂੰ ਤਸੱਲੀ ਦਿੰਦੀ ਹੈ ਕਿ ਹਾਲੇ ਅੰਗਰੇਜ਼ਾਂ ਨੂੰ ਖ਼ਤਮ ਕਰਨ ਦਾ ਵਕਤ ਨਹੀਂ ਆਇਆ; ਹਿੰਦੂਆਂ ਨੂੰ ਪਹਿਲਾਂ ਉਨ੍ਹਾਂ ਤੋਂ ਉਨ੍ਹਾਂ ਦੇ ਹੁਨਰ ਸਿੱਖਣੇ ਹੋਣਗੇ। ਕੁਲ-ਮਿਲਾਕੇ ਨਾਵਲ ਮੁਸਲਮਾਨਾਂ ਵਿਰੁੱਧ ਖ਼ੂਨ-ਖ਼ਰਾਬੇ ਨੂੰ ਦੇਵੀ ਦੇ ਆਦੇਸ਼ ਅਨੁਸਾਰ ਹਿੰਦੂਆਂ ਦਾ ਸਰਬੋਤਮ ਪਵਿੱਤਰ ਫ਼ਰਜ਼ ਦੱਸਦਾ ਹੈ, ਅੰਗਰੇਜ਼ੀ ਰਾਜ ਵਿਰੁੱਧ ਲੜਨ ਤੋਂ ਵਰਜਦਾ ਹੈ ਅਤੇ ਅੰਗਰੇਜ਼ ਹਾਕਮਾਂ ਨੂੰ ਮਿੱਤਰ ਦੱਸਦਾ ਹੋਇਆ ਇਹ ਸੰਦੇਸ਼ ਦਿੰਦਾ ਹੈ ਕਿ ਅੰਗਰੇਜ਼ ਹੀ ਸਨਾਤਨ ਧਰਮ ਦੀ ਰੱਖਿਆ ਕਰਨਗੇ ਅਤੇ ਸੰਤਾਨ ਬਗ਼ਾਵਤ ਦਰਅਸਲ ਅੰਗਰੇਜ਼ਾਂ ਨੂੰ 'ਰਾਜਦੰਡ' (ਸੱਤਾ) ਦਿਵਾਉਣ ਲਈ ਸੀ।

ਹੁਣ ਸਵਾਲ ਇਹ ਹੈ ਕਿ 'ਵੰਦੇ ਮਾਤ੍ਰਮ' ਵਿਚ ਅਜਿਹਾ ਕੀ ਹੈ ਜੋ ਗ਼ੈਰਹਿੰਦੂ ਧਾਰਮਿਕ ਅਕੀਦੇ ਵਾਲਿਆਂ ਨੂੰ ਮਨਜ਼ੂਰ ਨਹੀਂ ਹੈ। ਇਤਿਹਾਸ ਖੋਜ ਦੱਸਦੀ ਹੈ ਕਿ ਬੰਗਾਲੀ ਕਵੀ ਰਾਵੀਂਦਰਨਾਥ ਟੈਗੋਰ ਨੇ ਇਸ ਗੀਤ ਨੂੰ ਹਰਮਨਪਿਆਰਾ ਬਣਾਇਆ, ਇਸ ਨੂੰ ਸੁਰਬੱਧ ਕੀਤਾ ਅਤੇ ਪਹਿਲੀ ਵਾਰ ਇਹ ਗੀਤ ਕਾਂਗਰਸ ਦੇ 1896 ਦੇ ਕਲਕੱਤਾ ਸੈਸ਼ਨ ਵਿੱਚ ਗਾਇਆ। 1905 'ਚ ਬੰਗਾਲ ਦੀ ਵੰਡ ਦੇ ਖਿਲਾਫ਼ ਅੰਦੋਲਨ ਸ਼ੁਰੂ ਹੋਇਆ ਤਾਂ 'ਵੰਦੇ ਮਾਤ੍ਰਮ' ਦਾ ਮੁੱਖੜਾ ਅੰਗਰੇਜ਼ੀ ਰਾਜ ਵਿਰੁੱਧ ਮੁੱਖ ਰਾਜਨੀਤਕ ਨਾਅਰੇ ਵਜੋਂ ਸਥਾਪਤ ਹੋ ਗਿਆ। ਬਾਅਦ ਵਿੱਚ, ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਨੇ ਇਹ ਦਲੀਲ ਦਿੰਦਿਆਂ ਇਸ ਨੂੰ ਗਾਏ ਜਾਣ ਦਾ ਵਿਰੋਧ ਕੀਤਾ ਕਿ ਹਿੰਦੂ ਦੇਵੀਆਂ ਦੀ ਪੂਜਾ ਕਰਦਾ ਇਹ ਗੀਤ ਸਮੁੱਚੇ ਹਿੰਦੁਸਤਾਨ ਦਾ ਸਾਂਝਾ ਰਾਸ਼ਟਰੀ ਗਾਇਣ ਨਹੀਂ ਹੋ ਸਕਦਾ। ਇਸ ਤਿੱਖੇ ਵਿਰੋਧ ਦੇ ਮੱਦੇਨਜ਼ਰ ਕਾਂਗਰਸ ਦੀ ਲੀਡਰਸ਼ਿੱਪ ਨੂੰ ਇਸ ਉੱਪਰ ਸੋਚ-ਵਿਚਾਰ ਕਰਨੀ ਪਈ। 1937 'ਚ ਕਾਂਗਰਸ ਦੀ ਵਰਕਿੰਗ ਕਮੇਟੀ ਨੂੰ ਇਸ ਦੇ ਸਿਰਫ਼ ਪਹਿਲੇ ਦੋ ਬੰਦ ਗਾਉਣ ਤੱਕ ਸੀਮਤ ਕਰਨ ਲਈ ਪ੍ਰੇਰਿਤ ਕਰਨ ਵਾਲਾ ਵੀ ਟੈਗੋਰ ਹੀ ਸੀ ਕਿਉਂਕਿ ਹਿੰਦੂ ਦੇਵੀਆਂ ਦੀ ਮਹਿਮਾ ਹੋਣ ਕਾਰਨ ਇਹ ਮੁਸਲਮਾਨ ਦੇਸ਼ਭਗਤਾਂ ਨੂੰ ਮਨਜ਼ੂਰ ਨਹੀਂ ਸੀ ਅਤੇ ਕਾਂਗਰਸ ਦਾ ਬਹੁਲਤਾਵਾਦੀ ਅਕਸ ਉਭਾਰਨ ਲਈ ਇਸਨੂੰ ਸੀਮਤ ਕਰਨਾ ਜ਼ਰੂਰੀ ਸੀ। ਦਰਅਸਲ, 1951 'ਚ ਟੈਗੋਰ ਦੇ ਲਿਖੇ 'ਜਨ-ਗਣ-ਮਨ' ਨੂੰ ਰਾਸ਼ਟਰੀ ਗਾਇਣ ਵਜੋਂ ਅਪਣਾਏ ਜਾਣ ਤੋਂ ਪਹਿਲਾਂ 'ਵੰਦੇ ਮਾਤ੍ਰਮ' ਹੀ ਭਾਰਤੀ ਰਾਸ਼ਟਰਵਾਦੀਆਂ 'ਚ 'ਰਾਸ਼ਟਰੀ ਗਾਇਣ' ਵਜੋਂ ਪ੍ਰਚਲਤ ਸੀ। ਫਿਰਕੂ ਹਿੰਦੂ ਰਾਸ਼ਟਰਵਾਦੀ ਇਸ ਨੂੰ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਗਾਉਂਦੇ ਸਨ।

'ਵੰਦੇ ਮਾਤ੍ਰਮ' ਵਿਚ ਮਾਂਭੂਮੀ ਨੂੰ ਤਿੰਨ ਦੇਵੀਆਂ-ਜਗੱਧਾਤਰੀ, ਕਾਲੀ ਅਤੇ ਦੁਰਗਾ- ਦੇ ਮਿਲੇ-ਜੁਲੇ ਰੂਪ ਵਿੱਚ ਚਿਤਰਿਆ ਗਿਆ ਹੈ, ਜੋ ਉਸ ਦੇ ਗੌਰਵਮਈ ਅਤੀਤ, ਅਪਮਾਨਜਨਕ ਵਰਤਮਾਨ ਅਤੇ ਉਸ ਦੇ ਪੁੱਤਰਾਂ ਵੱਲੋਂ ਦੁਸ਼ਮਣ ਨੂੰ ਹਰਾਉਣ ਤੋਂ ਬਾਅਦ ਦੇ ਸ਼ਾਨਦਾਰ ਭਵਿੱਖ ਦਾ ਪ੍ਰਤੀਕ ਹਨ। ਪਹਿਲੇ ਦੋ ਬੰਦਾਂ ਵਿਚ ਇੱਕ ਖ਼ੁਸ਼ਹਾਲ ਅਤੇ ਸ਼ਾਂਤ ਧਰਤੀ ਦਾ ਕੋਮਲ ਸ਼ਬਦਾਂ 'ਚ ਚਿਤਰਣ ਅਤੇ ਸਿਮਰਨ ਹੈ, ਪਰ ਅਗਲੇ ਬੰਦਾਂ ਵਿਚ ਗੀਤ ਦਾ ਮਾਹੌਲ ਅਤੇ ਸੁਰ ਇਕਦਮ ਭਿਆਨਕ ਯੁੱਧ-ਮਾਹੌਲ ਵਿੱਚ ਬਦਲ ਜਾਂਦੇ ਹਨ। ਫਿਰ ਤਲਵਾਰਾਂ ਦੇ ਭਿੜਨ ਦਾ ਸ਼ੋਰ ਅਤੇ ਦੁਸ਼ਮਣ ਨੂੰ ਤਬਾਹ ਕਰਨ ਦੇ ਜੰਗੀ ਐਲਾਨ ਹਨ ਅਤੇ ਮਾਂ-ਭੂਮੀ ਆਪਣੇ ਦਸਾਂ ਹੱਥਾਂ ਵਿੱਚ ਘਾਤਕ ਹਥਿਆਰ ਫੜੀ ਦੈਂਤਾਂ ਦਾ ਨਾਸ਼ ਕਰਨ ਵਾਲੀ ਦੇਵੀ ਦਾ ਰੂਪ ਧਾਰ ਲੈਂਦੀ ਹੈ।

ਸਨਾਤਨੀ ਆਸਥਾ ਵਾਲਿਆਂ ਨੂੰ ਛੱਡਕੇ ਬਾਕੀ ਧਰਮਾਂ ਵਿਚ ਦੇਵੀ-ਦੇਵਤੇ ਪੂਜਣ ਦੀ ਕੋਈ ਧਾਰਨਾ ਨਹੀਂ ਹੈ। ਕਾਂਗਰਸ ਦੇ ਸੈਸ਼ਨਾਂ ਵਿਚ ਇਸ ਗੀਤ ਨੂੰ ਗਾਏ ਜਾਣ 'ਤੇ ਇਸਲਾਮਿਕ ਅਕੀਦੇ ਵਾਲੇ ਰਾਸ਼ਟਰਵਾਦੀਆਂ ਅਤੇ ਦੇਸ਼ਭਗਤਾਂ ਦਾ ਇਤਰਾਜ਼ ਕਰਨਾ ਸੁਭਾਵਿਕ ਸੀ। ਹੋਰ ਧਰਮਾਂ ਨੂੰ ਮੰਨਣ ਵਾਲੇ ਹਿੰਦੂਆਂ ਦੇਵੀਆਂ ਦੇ ਸਿਮਰਨ ਵਿਚ ਸ਼ਾਮਲ ਕਿਉਂ ਹੋਣਗੇ। 'ਆਨੰਦ ਮੱਠ' ਨੇ ਮੁਸਲਮਾਨਾਂ ਨੂੰ ਦੈਂਤਾਂ ਦੇ ਰੂਪ 'ਚ ਚਿਤਰਿਆ ਹੈ ਅਤੇ ਉਨ੍ਹਾਂ ਵਿਰੁੱਧ ਯੁੱਧ ਦੀ ਕਮਾਂਡ ਹਿੰਦੂ ਦੈਵੀ ਰੂਪੀ ਮਾਂਭੂਮੀ ਕਰਦੀ ਹੈ। ਉਹ ਆਪਣੇ ਅਪਮਾਨ ਦੇ ਗੁਣਗਾਣ ਵਿਚ ਸ਼ਾਮਲ ਕਿਉਂ ਹੋਣਗੇ। ਜਦੋਂ ਕਾਂਗਰਸ ਦੀਆਂ ਕੇਂਦਰੀ ਸੂਬਿਆਂ ਦੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਵਿਚ ਸਾਰੇ ਵਿਦਿਆਰਥੀਆਂ ਲਈ 'ਬੰਦੇ ਮਾਤ੍ਰਮ' ਗਾਉਣਾ ਲਾਜ਼ਮੀ ਕਰ ਦਿੱਤਾ ਤਾਂ ਮੁਸਲਮਾਨਾਂ ਆਗੂਆਂ 'ਚ ਵਧ ਰਹੀ ਬੇਚੈਨੀ ਕਾਰਨ ਕਾਂਗਰਸ ਦੀ ਲੀਡਰਸ਼ਿੱਪ ਨੂੰ ਇਸ ਉੱਪਰ ਮੁੜ ਵਿਚਾਰ ਕਰਨਾ ਪਿਆ ਅਤੇ 1937 'ਚ ਸਿਰਫ਼ ਪਹਿਲੇ ਦੋ ਬੰਦ ਗਾਉਣ ਦਾ ਫ਼ੈਸਲਾ ਕੀਤਾ ਗਿਆ।

'ਵੰਦੇ ਮਾਤ੍ਰਮ' ਵਿਚਲਾ ਹਿੰਦੂ ਦੇਵੀ ਗੁਣਗਾਣ ਸਿਰਫ਼ ਇਸਲਾਮਿਕ ਅਤੇ ਹੋਰ ਧਾਰਮਿਕ ਅਕੀਦਿਆਂ ਨਾਲ ਹੀ ਨਹੀਂ ਟਕਰਾਉਂਦਾ, ਇਹ ਭਾਰਤ ਦੀ ਸਹੀ ਤਸਵੀਰ ਵੀ ਪੇਸ਼ ਨਹੀਂ ਕਰਦਾ। ਭਾਰਤ ਵਿਚ ਸਨਾਤਨ ਧਰਮੀਂ ਅਕੀਦੇ ਵਾਲੇ ਹਿੰਦੂਆਂ ਤੋਂ ਇਲਾਵਾ ਮੁਸਲਮਾਨ, ਈਸਾਈ, ਪਾਰਸੀ, ਸਿੱਖ, ਬੋਧੀ, ਜੈਨੀ ਆਦਿ ਵੱਖ-ਵੱਖ ਧਾਰਮਿਕ ਅਕੀਦਿਆਂ ਵਾਲੇ ਲੋਕ ਵਸਦੇ ਹਨ ਜਿਨ੍ਹਾਂ ਦੀ ਧਾਰਮਿਕ ਅੰਤਰ-ਆਤਮਾ ਉਨ੍ਹਾਂ ਨੂੰ ਹਿੰਦੂ ਦੇਵੀਆਂ ਦੀ ਪੂਜਾ-ਸਿਮਰਨ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਉਨ੍ਹਾਂ ਤੋਂ ਇਲਾਵਾ, ਆਦਿਵਾਸੀ ਲੋਕ ਹਨ ਜਿਨ੍ਹਾਂ ਦੇ ਧਾਰਮਿਕ ਅਕੀਦਿਆਂ ਦਾ ਸਨਾਤਨ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਹਿੰਦੂ ਰਾਸ਼ਟਰ ਜਾਤਪਾਤੀ ਅਤੇ ਪਿਤਰਸੱਤਾ ਦੇ ਦਾਬੇ ਦਾ ਚਿੰਨ੍ਹ ਹੈ, ਦਲਿਤ ਅਤੇ ਹੋਰ ਦੱਬੇ-ਕੁਚਲੇ ਹਿੱਸੇ ਵੀ ਇਸਦੀ ਜੈ-ਜੈਕਾਰ ਕਿਉਂ ਕਰਨਗੇ। ਇਸ ਤੋਂ ਇਲਾਵਾ, ਧਰਮਨਿਰਲੇਪ ਅਤੇ ਨਾਸਤਿਕ ਹਿੱਸੇ ਹਨ। 'ਵੰਦੇ ਮਾਤ੍ਰਮ' ਵਿਚ ਇਨ੍ਹਾਂ ਦੇ ਅਕੀਦਿਆਂ ਲਈ ਕੋਈ ਜਗਾ ?ਹ ਨਹੀਂ ਹੈ।

ਮੁਕੰਮਲ 'ਵੰਦੇ ਮਾਤ੍ਰਮ' ਅਤੇ ਆਨੰਦ ਮੱਠ ਵਿਚ ਹਿੰਦੂ ਦੇਵੀਆਂ ਅਤੇ ਬ੍ਰਾਹਮਣਵਾਦ ਦੀ ਜੈ-ਜੈਕਾਰ ਸੰਘ ਬਰਗੇਡ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਬਹੁਤ ਰਾਸ ਆਉਂਦੇ ਹਨ, ਇਸ ਕਾਰਨ ਵਿਸ਼ੇਸ਼ ਕਾਨੂੰਨੀ ਸੋਧ ਪਾਸ ਕਰਕੇ ਇਸਨੂੰ ਕੌਮੀ ਗੌਰਵ ਦਾ ਮੁੱਦਾ ਬਣਾਇਆ ਗਿਆ ਹੈ। 'ਵੰਦੇ ਮਾਤ੍ਰਮ' ਨੂੰ ਕਾਨੂੰਨ ਦੁਆਰਾ ਲਾਜ਼ਮੀ ਕਰਾਰ ਦੇ ਕੇ ਆਰ.ਐੱਸ.ਐੱਸ. ਆਪਣੇ ਆਪ ਨੂੰ ਆਜ਼ਾਦੀ ਦੀ ਲੜਾਈ ਨਾਲ ਜੋੜਕੇ ਪੇਸ਼ ਕਰਨਾ ਚਾਹੁੰਦਾ ਹੈ, ਜਿਸ ਵਿਚ ਉਸਨੇ ਕਦੇ ਹਿੱਸਾ ਨਹੀਂ ਲਿਆ ਸਗੋਂ ਇਸਦਾ ਵਿਰੋਧ ਕਰਦਾ ਰਿਹਾ ਹੈ ਅਤੇ ਬਾਕੀ ਤਾਕਤਾਂ ਨੂੰ ਉਹ ਇਸ ਬਹਾਨੇ ਰਾਸ਼ਟਰ ਵਿਰੋਧੀ ਦੇ ਤੌਰ 'ਤੇ ਪੇਸ਼ ਕਰਕੇ ਦਬਾਉਣਾ ਚਾਹੁੰਦਾ ਹੈ। ਦਰਅਸਲ, ਇਹ ਹਮਲਾ ਮੁਕੰਮਲ 'ਵੰਦੇ ਮਾਤ੍ਰਮ' ਗਾਉਣ ਤੱਕ ਰੁਕਣ ਵਾਲਾ ਨਹੀਂ ਹੈ। ਆਰ.ਐੱਸ.ਐੱਸ.-ਹਿੰਦੂ ਮਹਾ ਸਭਾ ਦੇ ਆਗੂ ਤਾਂ ਇਹ ਵੀ ਸਰੇਆਮ ਕਹਿੰਦੇ ਰਹੇ ਹਨ ਕਿ 'ਵੰਦੇ ਮਾਤ੍ਰਮ' ਦੀ ਥਾਂ 'ਜਨ-ਗਨ-ਮਨ' ਨੂੰ ਰਾਸ਼ਟਰੀ ਗੀਤ ਕਿਉਂ ਬਣਾਇਆ ਗਿਆ, ਨਵਾਂ ਸੰਵਿਧਾਨ ਕਿਉਂ ਬਣਾਇਆ ਗਿਆ ਜਦੋਂ ਸਾਡੇ ਕੋਲ ਪਹਿਲਾਂ ਹੀ ਮਨੂਸਮਿ ?ਰਤੀ ਹੈ! ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਹੈ। ਹੁਣ ਵੀ ਇਹ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ ਕਿ 'ਜਨ-ਗਣ-ਮਨ' ਦੀ ਬਜਾਏ 'ਵੰਦੇ ਮਾਤ੍ਰਮ' ਨੂੰ ਰਾਸ਼ਟਰੀ ਗੀਤ ਬਣਾਇਆ ਜਾਵੇ। ਆਰ.ਐੱਸ.ਐੱਸ. ਦਾ ਪ੍ਰਚਾਰਤੰਤਰ ਇਹ ਦਲੀਲ ਵੀ ਦਿੰਦਾ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਅਸਲੀ ਜੋਸ਼ 'ਵੰਦੇ ਮਾਤ੍ਰਮ' ਨੇ ਭਰਿਆ ਸੀ, ਇਸ ਲਈ 'ਜਨ-ਗਣ-ਮਨ' ਦੀ ਬਜਾਏ ਇਸ ਨੂੰ ਸਰਵਉੱਚ ਸਥਾਨ ਦਿੱਤਾ ਜਾਣਾ ਚਾਹੀਦਾ ਹੈ।

ਰਾਸ਼ਟਰਵਾਦ ਦੇ ਨਾਂ 'ਤੇ ਬਹੁਲਤਾਵਾਦੀ ਮੁਲਕ ਉੱਪਰ 'ਵੰਦੇ ਮਾਤ੍ਰਮ' ਥੋਪਣਾ ਘੋਰ ਲੋਕ ਵਿਰੋਧੀ ਅਤੇ ਧੱਕੜ, ਫਾਸ਼ੀਵਾਦੀ ਕਾਰਾ ਹੈ। ਜੇਕਰ ਸੰਵਿਧਾਨ ਦੇ ਨਜ਼ਰੀਏ ਤੋਂ ਗੱਲ ਕਰਨੀ ਹੋਵੇ ਤਾਂ 'ਵੰਦੇ ਮਾਤ੍ਰਮ' ਸੰਵਿਧਾਨ ਦੀ ਆਦਿਕਾ ਦੀ ਮੂਲ਼ ਭਾਵਨਾ ਦੇ ਬਿਲਕੁਲ ਉਲਟ ਹੈ ਜਿਸ ਵਿਚ ਧਰਮਨਿਰਪੱਖ, ਜਮਹੂਰੀ ਮੁੱਲਾਂ ਨੂੰ ਬੁਲੰਦ ਕੀਤਾ ਗਿਆ ਹੈ। ਸੰਘ ਬਰਗੇਡ ਨੇ 'ਵੰਦੇ ਮਾਤ੍ਰਮ' ਨਾ ਗਾਉਣ ਨੂੰ ਸਜ਼ਾਯੋਗ ਅਪਰਾਧ ਇਸ ਲਈ ਬਣਾਇਆ ਹੈ ਤਾਂ ਜੋ ਸਜ਼ਾ ਦੇ ਖ਼ੌਫ਼ ਦੇ ਜ਼ੋਰ ਗ਼ੈਰਹਿੰਦੂਆਂ ਤੋਂ ਹਿੰਦੂ ਦੇਵੀ-ਦੇਵਤਿਆਂ ਦਾ ਗੁਣਗਾਣ ਕਰਾਇਆ ਜਾ ਸਕੇ। ਇਹ ਮਨੁੱਖ ਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਆਪਣੀ ਅੰਤਰ-ਆਤਮਾ ਅਨੁਸਾਰ ਧਰਮ ਨੂੰ ਮੰਨਣ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ। ਮਗਰਲੇ ਦੀ ਗਾਰੰਟੀ ਸੰਵਿਧਾਨ ਦੇ ਆਰਟੀਕਲ 25 ਅਤੇ 26 ਵਿਚ ਦਿੱਤੀ ਗਈ ਹੈ। ਜਦੋਂ ਕੇਰਲਾ ਵਿਚ ਇਕ ਈਸਾਈ ਪੰਥ 'ਜੇਹੋਵਾਹ' ਦੇ ਪੈਰੋਕਾਰ ਤਿੰਨ ਬੱਚਿਆਂ ਨੂੰ 'ਜਨ-ਗਣ-ਮਨ' ਗਾਏ ਜਾਣ ਸਮੇਂ ਅਵੱਗਿਆ ਕਾਰਨ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਤਾਂ ਭਾਰਤ ਦੀ ਸੁਪਰੀਮ ਕੋਰਟ ਨੇ ਬਿਜੋਏ ਇਮੈਨੂਅਲ ਅਤੇ ਹੋਰ ਬਨਾਮ ਕੇਰਲਾ ਰਾਜ (1986) ਕੇਸ ਦੇ ਆਪਣੇ ਫ਼ੈਸਲੇ ਵਿਚ ਉਨ੍ਹਾਂ ਦੀ ਅੰਤਰ-ਆਤਮਾ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕੀਤਾ ਸੀ।

ਜਿੱਥੋਂ ਤੱਕ ਆਮ ਲੋਕਾਂ ਦਾ ਸਵਾਲ ਹੈ, ਉਨ੍ਹਾਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸਰਕਾਰੀ ਸਮਾਗਮਾਂ ਵਿਚ 'ਜਨ-ਗਣ-ਮਨ' ਗਾਇਆ ਜਾ ਰਿਹਾ ਹੈ, 'ਜਨ-ਗਣ-ਮਨ' ਅਤੇ 'ਵੰਦੇ ਮਾਤ੍ਰਮ' ਦੋਵੇਂ ਗਾਏ ਜਾ ਰਹੇ ਹਨ ਜਾਂ ਵੰਦੇ ਮਾਤ੍ਰਮ ਦੇ ਕਿੰਨੇ ਬੰਦ ਗਾਏ ਜਾ ਰਹੇ ਹਨ। ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਬੁਨਿਆਦੀ ਮਨੁੱਖੀ ਜ਼ਰੂਰਤਾਂ ਤੋਂ ਵਾਂਝੇ, ਅਤੇ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ ਆਦਿ ਦੇ ਸਤਾਏ ਦੱਬੇ-ਕੁਚਲੇ, ਕਿਰਤੀ ਲੋਕਾਂ ਲਈ ਫੋਕਾ ਰਾਸ਼ਟਰੀ ਗੌਰਵ ਕੋਈ ਮਾਇਨੇ ਨਹੀਂ ਰੱਖਦਾ। ਉਨ੍ਹਾਂ ਦਾ ਮੂਲ਼ ਸਰੋਕਾਰ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਲਈ ਸੰਘਰਸ਼ ਨਾਲ ਅਤੇ ਆਪਣੀ ਜ਼ਿੰਦਗੀ ਨੂੰ ਮਨੁੱਖ ਦੇ ਜਿਊਣਯੋਗ ਬਣਾਉਣ ਨਾਲ ਹੈ। ਫਿਰਕੂ ਰਾਸ਼ਟਰਵਾਦ ਤਾਂ ਦਰਅਸਲ ਉਨ੍ਹਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਭਟਕਾਉਣ ਦਾ ਪਾਟਕ-ਪਾਊ ਹਥਿਆਰ ਹੈ ਜਿਸ ਦੀ ਮੱਦਦ ਨਾਲ ਅਵਾਮ ਵਿਚ ਦੇਸ਼ਭਗਤ ਅਤੇ ਦੇਸ਼ਧ੍ਰੋਹੀ ਦੀ ਝੂਠੀ ਵੰਡ ਖੜ੍ਹੀ ਕੀਤੀ ਜਾ ਰਹੀ ਹੈ ਅਤੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

# ਬਰੈਂਪਟਨ ਵਿਖੇ ਮਾਨਸਿਕ ਸਿਹਤ ਜਾਗਰੂਕਤਾ ਪ੍ਰੋਗਰਾਮ

**• ਦੁਨੀਆ ਭਰ ਵਿੱਚ ਤਕਰੀਬਨ 970 ਮਿਲੀਅਨ ਲੋਕ ਮਾਨਸਿਕ ਸਮੱਸਿਆਵਾਂ ਤੋਂ ਪੀੜ੍ਹਤ : ਡਾ. ਹਰਦੀਪ ਸਿੰਘ**

**• ਅਲੌਕਿਕ ਇਲਾਜ ਦੇ ਨਾਮ ਉੱਤੇ ਕੁਝ ਚਲਾਕ ਲੋਕਾਂ ਵੱਲੋਂ ਫੈਲਾਈਆ ਜਾ ਰਿਹਾ ਝੂਠਾ ਡਰ : ਬਲਵਿੰਦਰ ਬਰਨਾਲਾ**




















ਬਰੈਂਪਟਨ/ਓਂਟਾਰੀਓ, (ਸਰੋਕਾਰਾਂ ਦੀ ਆਵਾਜ਼ ਬਿਊਰੋ) : "ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ, ਓਂਟਾਰੀਓ" ਅਤੇ "ਸਰੋਕਾਰਾਂ ਦੇ ਆਵਾਜ਼" ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਮਾਨਸਿਕ ਸਿਹਤ ਸੰਭਾਲ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੁੱਖ ਬੁਲਾਰਿਆਂ ਡਾ. ਹਰਦੀਪ ਸਿੰਘ ਅਤੇ ਬਲਵਿੰਦਰ ਬਰਨਾਲਾ ਨੇ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਮਾਨਸਿਕ ਸਿਹਤ ਸੰਭਾਲ ਦੀ ਮਹੱਤਤਾ ਬਾਰੇ ਦੱਸਿਆ ।ਦਰਸ਼ਕਾਂ ਅਤੇ ਸਮਾਜ ਸੇਵਾ ਵਿੱਚ ਸਰਗਰਮ ਵੱਖ-ਵੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਇਸ ਪ੍ਰੋਗਰਾਮ ਦੀ ਮੰਚ ਦੀ ਸੰਚਾਲਨਾ ਸ੍ਰੀ ਰਮਨ ਕਪੂਰ ਨੇ ਕੀਤੀ। ਉੱਘੇ ਕਵੀ ਅਕਰਮ ਧੂਰਕੋਟ ਨੇ ਆਪਣੀਆਂ ਅਗਾਂਹਵਧੂ ਕਵਿਤਾਵਾਂ ਸੁਣਾਈਆਂ। ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਦੇ ਸਰਪ੍ਰਸਤ ਸ੍ਰੀ ਨਛੱਤਰ ਸਿੰਘ ਬਦੇਸ਼ਾ ਨੇ ਸਵਾਗਤੀ ਸ਼ਬਦ ਕਹੇ ਅਤੇ ਅਮਨਪ੍ਰੀਤ ਕੌਰ ਸਿੱਧੂ ਨੇ ਹਾਜ਼ਰ ਹੋਣ ਲਈ ਸਰੋਤਿਆਂ ਦਾ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ. ਹਰਦੀਪ ਸਿੰਘ ਅਟਵਾਲ ਸਨ, ਸਾਬਕਾ ਫਿਜ਼ੀਸ਼ੀਅਨ ਸੀ.ਐਮ.ਓ, ਪੰਜਾਬ ਨੇ ਸੰਬੋਧਨ ਵਿੱਚ ਦਸਿਆ ਕਿ ਮਾਨਸਿਕ ਤਣਾਅ ਦੀ ਸਮੱਸਿਆ ਅਨੁਮਾਨ ਨਾਲੋਂ ਕਿਤੇ ਵੱਡੀ ਗਿਣਤੀ ਵਿੱਚ ਹੈ। ਦੁਨੀਆ ਭਰ ਵਿੱਚ ਤਕਰੀਬਨ 970 ਮਿਲਿਅਨ ਲੋਕ ਮਾਨਸਿਕ ਸਮੱਸਿਆਵਾਂ ਤੋਂ ਪੀੜ੍ਹਤ ਹਨ। ਮਾਨਸਿਕ ਤਣਾਅ ਦੇ ਬਹੁਤੇ ਮਰੀਜ਼ ਸਾਡੇ ਆਲੇ ਦੁਆਲੇ ਹੁੰਦੇ ਹਨ ਪਰ ਬਿਨਾਂ ਪਛਾਣੇ ਰਹਿ ਜਾਂਦੇ ਹਨ। ਮੁਢਲੇ ਸਮੇਂ ਹੀ ਉਨ੍ਹਾਂ ਦੀ ਕੌਂਸਲਿੰਗ ਸਲਾਹ ਮਸ਼ਵਰਾ ਕਰਕੇ ਦਵਾਈਆਂ ਬਗੈਰ ਰੋਕਿਆ ਜਾ ਸਕਦਾ ਹੈ। ਸਮਾਜ ਦੀ ਬੇ-ਇਨਸਾਫੀ ਅਤੇ ਵਿਤਕਰੇ ਦੇ ਪੀੜਤ ਲੋਕ ਮਾਨਿਸਕ ਰੋਗ ਦਾ ਸ਼ਿਕਾਰ ਜ਼ਿਆਦਾ ਬਣਦੇ ਹਨ। ਇਨ੍ਹਾਂ ਪੀੜ੍ਹਤ ਦਬੇ-ਕੁਚਲੇ ਵਰਗਾਂ ਲਈ ਖ਼ਾਸ ਸਿਹਤ ਸੰਭਾਲ ਦੀ ਲੋੜ ਹੁੰਦੀ ਹੈ। ਨਿੱਤ ਵਿਹਾਰ ਵਿੱਚ, ਸੰਸਾਰ ਦੇ ਨਾਂਹ-ਪੱਖੀ ਵਿਚਾਰਾਂ ਨੂੰ ਨਜ਼ਰਅੰਦਾਜ਼ ਕਰਕੇ, ਹਾਂ-ਪੱਖੀ ਅਤੇ ਵਿਗਿਆਨਕ ਵਿਚਾਰਾਂ ਨੂੰ ਅਪਨਾਉਣਾ ਚਾਹੀਦਾ ਹੈ। ਪੂੰਜੀਵਾਦੀ ਦੁਨੀਆ ਦੀ ਤੇਜ਼ ਰਫ਼ਤਾਰ ਸਿਸਟਮ ਵਿੱਚ, ਦੂਸਰਿਆਂ ਦੀ ਰੀਸ ਦੀ ਅੰਨ੍ਹੀ ਦੌੜ ਤੋਂ ਬਚਦੇ ਹੋਏ, ਆਪਣੀ ਖੁਦ ਦੀ ਸਰੀਰਕ-ਮਾਨਸਿਕ ਯੋਗਤਾ ਦੇ ਅਨੁਸਾਰੀ ਕੰਮ ਦੀ ਚੋਣ ਕਰਨੀ ਚਾਹੀਦੀ ਹੈ। ਮਾਨਸਿਕ ਬਿਮਾਰੀ ਤੋਂ ਬਚਾਅ ਇਲਾਜ ਕਰਨ ਨਾਲੋਂ ਵਧੇਰੇ ਮਹੱਤਵਪੂਰਨ ਹੈ।

ਤਰਕਸ਼ੀਲ ਲਹਿਰ ਦੇ ਤਜਰਬੇਕਾਰ ਮਨੋਵਿਗਿਆਨੀ ਸ੍ਰੀ ਬਲਵਿੰਦਰ ਬਰਨਾਲਾ ਨੇ ਆਪਣੇ ਭਾਸ਼ਣ ਵਿੱਚ ਮਾਨਸਿਕ ਸਿਹਤ ਦੀ ਮਹੱਤਤਾ ਅਤੇ ਸਾਡੇ ਆਲੇ-ਦੁਆਲੇ ਦੀ ਦੁਨੀਆ ਵੱਲੋਂ ਪੈਦਾ ਕੀਤੇ ਜਾਂਦੇ ਨਾਂਹ-ਪੱਖੀ ਦਬਾਅ ਬਾਰੇ ਗੱਲ ਕੀਤੀ। ਉਨ੍ਹਾਂ ਨੇ ਆਪਣੇ ਤਜਰਬੇ ਦੌਰਾਨ ਪੀੜਤ ਪਰਿਵਾਰਾਂ ਦੀਆਂ ਕੁਝ ਸਮੱਸਿਆਵਾਂ ਸਾਂਝੀਆਂ ਕੀਤੀਆਂ ਜੋ ਕਿ ਵਹਿਮਾਂ ਭਰਮਾਂ ਦਾ ਸ਼ਿਕਾਰ ਸਨ। ਇਨ੍ਹਾਂ ਪਰਿਵਾਰਾਂ ਵਿੱਚ ਕੁਝ ਲੋਕ ਮਾਨਸਿਕ ਪ੍ਰੇਸ਼ਾਨੀ ਵਾਲੇ ਸਨ, ਜਿਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ। ਘਰੇਲੂ ਤਣਾਅ ਅਤੇ ਹਿੰਸਾ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਦਿੰਦੇ ਹਨ। ਘਰ ਦਾ ਮਾਹੌਲ ਸੁਖਾਵਾਂ ਬਣਾਕੇ ਸਾਰੇ ਪਰਿਵਾਰ ਨੂੰ ਮਾਨਸਿਕ ਤਣਾਅ ਤੋਂ ਮੁਕਤ ਕਰਨਾ ਚਾਹੀਦਾ ਹੈ। ਇਨ੍ਹਾਂ ਦਾ ਹੱਲ ਵਿਗਿਆਨਕ ਤਰੀਕੇ ਨੇ ਬਿਨਾਂ ਕਿਸੇ ਦਵਾਈ ਦੇ ਕੀਤਾ ਜਾ ਸਕਦਾ ਹੈ। ਸ੍ਰੀ ਬਲਵਿੰਦਰ ਬਰਨਾਲਾ ਨੇ ਅਲੌਕਿਕ ਇਲਾਜ ਦੇ ਨਾਮ ਉੱਤੇ ਕੁਝ ਚਲਾਕ ਲੋਕਾਂ ਵੱਲੋਂ ਫੇਲਾਇਆ ਜਾਂਦਾ ਝੂਠਾ ਡਰ ਫੈਲਾਇਆ ਜਾ ਰਿਹਾ ਹੈ। ਕਿਸੇ ਵੀ ਡਰ ਤੋਂ ਮੁਕਤ ਰਹਿ ਕੇ, ਆਪਣੇ ਮਨ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ।

ਵਿਸ਼ੇਸ਼ ਮਹਿਮਾਨ ਸ੍ਰੀ ਗੁਰਬਚਨ ਸਿੰਘ, ਸਲਾਹਕਾਰ, ਖੇਤੀਬਾੜੀ ਕਮਿਸ਼ਨਰ, ਭਾਰਤ ਸਰਕਾਰ ਦੇ ਸੇਵਾਮੁਕਤ ਸਕੱਤਰ ਨੇ ਬੁਢਾਪੇ ਵਿੱਚ ਤਣਾਅ ਨਾਲ ਨਜਿੱਠਣ ਬਾਰੇ ਆਪਣਾ ਤਜਰਬਾ ਸਾਂਝਾ ਕੀਤਾ। ਸ੍ਰੀ ਨਛੱਤਰ ਸਿੰਘ ਬਦੇਸ਼ਾ, ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ ਬਾਲ-ਵਿਕਾਸ ਵਿਭਾਗ ਅਤੇ ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ, ਓਂਟਾਰੀਓ ਦੇ ਸਰਪ੍ਰਸਤ ਨੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਕੈਂਸਰ ਨਾਲ ਲੜਦਿਆਂ ਇੱਛਾ-ਸ਼ਕਤੀ ਅਤੇ ਮਨ ਨੂੰ ਮਜ਼ਬੂਤ ਬਣਾਉਣ ਲਈ ਕੀਤੇ ਸੰਘਰਸ਼ ਬਾਰੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਡਾਕਟਰ ਮੇਰੀ ਬਿਮਾਰੀ ਦੀ ਦੇਖਭਾਲ ਕਰ ਰਹੇ ਹਨ ਅਤੇ ਮੈਂ ਆਪਣੀ ਮਾਨਸਿਕ ਸਿਹਤ ਦੀ ਦੇਖਭਾਲ ਕਰ ਰਿਹਾ ਹਾਂ। ਸਮਾਜ ਸੇਵਾ ਅਤੇ ਸਮਾਜਿਕ ਸਰਗਰਮੀ ਵਰਗੇ ਵਿਗਿਆਨਕ ਯਤਨਾਂ ਨਾਲ ਕਿਸੇ ਵੀ ਨਾਂਹ-ਪੱਖੀ ਵਿਚਾਰ ਨੂੰ ਆਪਣੇ ਤੋਂ ਦੂਰ ਰੱਖਦਾ ਹਾਂ।

ਇਸ ਸਮਾਗਮ ਵਿੱਚ ਭਾਈਚਾਰੇ ਦੇ ਸਮਾਜਿਕ ਕਾਰਕੁਨਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਸ੍ਰੀ ਮਲੂਕ ਸਿੰਘ ਕਾਹਲੋਂ, ਤਕਸ਼ੀਲ ਸੋਸਾਇਟੀ, ਓਂਟਾਰੀਓ ਦੇ ਪ੍ਰਧਾਨ ਸ੍ਰੀ ਨਿਰਮਲ ਸੰਧੂ, ਪੰਜਾਬੀ ਕਲਚਰਲ ਸੋਸਾਇਟੀ, ਸਕਾਰਬਰੋ ਦੇ ਸ੍ਰੀ ਸੋਹਣ ਸਿੰਘ ਢੀਂਡਸਾ, ਸਮਾਜਿਕ ਕਾਰਕੁਨ ਅਤੇ ਮੀਡੀਆ ਕਰਮੀ ਨਿਰਲੇਪ ਸਿੰਘ ਗਿੱਲ ਅਤੇ ਨਾਹਰ ਔਜਲਾ ਵੀ ਇਸ ਮੌਕੇ ਹਾਜ਼ਰ ਸਨ। ਹੋਰ ਪ੍ਰਮੁੱਖ ਸੱਜਣਾਂ ਵਿੱਚ ਸ੍ਰੀ ਬਲਵਿੰਦਰ ਰੋਡੇ, ਕੁਲਦੀਪ ਬੋਪਾਰਾਏ, ਸੁਖਦੇਵ ਸਿੰਘ, ਅਮਨ ਸ਼ਰਮਾ, ਇਕਬਾਲ ਸਿੰਘ, ਸੁਖਵਿੰਦਰ ਢੀਂਡਸਾ, ਡਾ ਕੁਲਜੀਤ ਕੌਰ, ਸ੍ਰੀਮਤੀ ਰਵਿੰਦਰ ਕੌਰ, ਬਲਵਿੰਦਰ ਕੌਰ, ਮਨਦੀਪ ਬਦੇਸ਼ਾ, ਪ੍ਰਗਟ ਸਿੰਘ, ਪ੍ਰੋ. ਪੂਰਨ ਸਿੰਘ, ਹਰਭਿੰਦਰ ਸਿੱਧੂ, ਗੁਰਮੇਲ ਸਿੰਘ ਜਵੰਧਾ, ਬਲਜਿੰਦਰ ਭੁੱਲਰ, ਚਰਨਜੀਤ ਪਟਿਆਲਾ, ਐਡਵੋਕੇਟ ਗੁਰਵਿੰਦਰ ਸਿੰਘ ਬਾਹੀਆ ਆਦਿ ਹਾਜ਼ਰ ਸਨ।













# ਕਾਰਪੋਰੇਟ ਸਿਸਟਮ ਅਤੇ ਕਿਸ਼ਤਾਂ ਵਿੱਚ ਮਰ ਰਿਹਾ ਆਦਮੀ



ਹਰੀਪਾਲ
403-714-4816

ਕਦੇ ਇਹੋ ਜਿਹੀ ਜ਼ਿੰਦਗੀ ਬਾਰੇ ਸੋਚਿਆ ਹੈ ਕਿ ਤੁਸੀਂ ਬੇਫਿਕਰੀ ਨਾਲ ਦਿਨ ਕੱਟੋ, ਬੇਫਿਕਰੀ ਨਾਲ ਸਵੋਂ ਅਤੇ ਬੇਫਿਕਰੀ ਨਾਲ ਉੱਠੋ। ਕੀ ਕਦੇ ਸਾਡੇ ਦਿਲ ਵਿੱਚ ਇਹੋ ਜਿਹਾ ਖਿਆਲ ਆਇਆ ਹੈ ਕਿ ਅਸੀਂ ਇਸ ਤਰ੍ਹਾਂ ਦੀ ਜ਼ਿੰਦਗੀ ਬਤੀਤ ਕਰਨ ਬਾਰੇ ਸੋਚੀਏ। ਨਹੀਂ ਅਜਿਹਾ ਕਦੇ ਵੀ ਨਹੀਂ ਹੋਇਆ ਕਿ ਕੋਈ ਰਾਤ ਕੋਈ ਦਿਨ ਬੇਫਿਕਰੀ ਨਾਲ ਲੰਘ ਜਾਵੇ। ਕਿਉਂਕਿ ਸਾਨੂੰ ਜਰੂਰਤਾਂ ਨੇ ਨਹੀਂ ਇੱਛਾਵਾਂ ਨੇ ਦੁਖੀ ਕਰ ਦਿੱਤਾ ਹੈ। ਕਾਰਪੋਰੇਟ ਸਿਸਟਮ ਨੇ ਸਾਨੂੰ ਉਹਨਾਂ ਚੀਜ਼ਾਂ ਦਾ ਗਾਹਕ ਬਣਾ ਦਿੱਤਾ ਹੈ ਜਿਨ੍ਹਾਂ ਵਿੱਚੋਂ ਬਹੁਤੀਆਂ ਚੀਜ਼ਾਂ ਦੀ ਸਾਨੂੰ ਜਰੂਰਤ ਵੀ ਨਹੀਂ ਸੀ। ਕਦੇ ਕਦੇ ਸੋਚੀਦਾ ਹੈ ਕਿ ਕਿੰਨਾ ਵਧੀਆ ਸਮਾਂ ਹੁੰਦਾ ਹੋਵੇਗਾ ਜਦ ਮਨੁੱਖ ਨੇ ਬਹੁਤਾ ਵਿਕਾਸ ਨਹੀਂ ਸੀ ਕੀਤਾ। ਜਦ ਮਨੁੱਖ ਗੁਫਾ ਜਾਂ ਕਬੀਲੇ ਯੁਗ ਵਿੱਚ ਰਹਿੰਦਾ ਹੋਵੇਗਾ, ਕਿੰਨਾ ਸੌਖਾ ਹੋਵੇਗਾ। ਕੋਈ ਸ਼ਿਕਾਰ ਮਾਰ ਲਿਆ ਸਭ ਨੇ ਰਲ ਕੇ ਖਾ ਲਿਆ, ਕੋਈ ਕੱਲ ਦਾ ਫਿਕਰ ਨਹੀਂ, ਕੋਈ ਸਟੋਕ ਕਰਨ ਦੀ ਸਮੱਸਿਆ ਨਹੀਂ। ਰੋਜ ਸ਼ਿਕਾਰ ਮਾਰ ਲਿਆ ਰੋਜ਼ ਖਾ ਲਿਆ ਅਤੇ ਬੇਫਿਕਰੀ ਨਾਲ ਰਾਤ ਕੱਟੀ।

ਕਬੀਲਾ ਯੁਗ ਵਿੱਚ ਵੀ ਮਨੁੱਖ ਇਨਾ ਔਖਾ ਨਹੀਂ ਸੀ, ਉਹ ਵੀ ਸਾਰੇ ਰਲ ਕੇ ਕਮਾਉਂਦੇ ਸੀ, ਰਲ ਕੇ ਖਾਂਦੇ ਸੀ, ਰਲ਼ਕੇ ਰਹਿੰਦੇ ਸੀ। ਹੁਣ ਤੁਸੀਂ ਸੋਚਦੇ ਹੋਵੋਗੇ ਕਿ ਚਲੋ ਸਭ ਕੁਝ ਚੰਗਾ ਸੀ, ਪਰ ਮਨੁੱਖ ਨੂੰ ਜੰਗਲੀ ਜਾਨਵਰਾਂ ਦਾ ਡਰ ਤਾਂ ਬਹੁਤ ਸੀ। ਪਰ ਜਿਸ ਡਰ ਵਿੱਚ ਅਸੀਂ ਹੁਣ ਜਿਉ ਰਹੇ ਹਾਂ ਆਦਿ ਮਨੁੱਖ ਦਾ ਡਰ ਇਸ ਤੋਂ ਕਿਤੇ ਨਗੁਣਾ ਸੀ। ਹੁਣ ਤੁਸੀਂ ਸੋਚਦੇ ਹੋਵੋਗੇ ਹੁਣ ਡਰ ਕਾਹਦਾ? ਪੁਰਾਣੇ ਸਮੇਂ ਜਦ ਔਰਤ ਮਰਦ ਦਾ ਪਿਆਰ ਜਾਗਦਾ ਸੀ, ਜਿਹੜਾ ਕਿਸੇ ਡਰ ਜਾਂ ਵਾਸਨਾ ਜਾਂ ਕਿਸੇ ਦਵਾਈ ਨਾਲ ਨਹੀਂ ਸਗੋਂ ਕੁਦਰਤੀ ਜਾਗਿਆ ਸੀ, ਉਸ ਪਿਆਰ ਵਿੱਚੋਂ ਜਿਹੜਾ ਬੱਚਾ ਪੈਦਾ ਹੁੰਦਾ ਸੀ, ਉਸ ਦੀ ਸਿਹਤ ਉਸ ਦਾ ਸੁਭਾਅ ਕਿੰਨਾ ਵਧੀਆ ਹੁੰਦਾ ਹੋਵੇਗਾ। ਕਿਉਂਕਿ ਜਦ ਉਹ ਬੱਚਾ ਮਾਂ ਦੇ ਗਰਭ ਵਿੱਚ ਸੀ, ਤਾਂ ਉਸ ਨੇ ਮਾਂ ਬਾਪ ਦਾ ਝਗੜਾ ਜਾਂ ਟੈਨਸ਼ਨ ਮਹਿਸੂਸ ਨਹੀਂ ਸੀ ਕੀਤੀ ਕਿਉਂਕਿ ਉਹ ਬੱਚਾ ਦੋ ਸ਼ਾਂਤਮਈ ਆਤਮਾਵਾਂ ਦੇ ਮਿਲਣ ਚੋਂ ਪੈਦਾ ਹੋਇਆ ਸੀ। ਹੁਣ ਹੁਣ ਕੀ ਹੈ? ਪਹਿਲੀ ਗੱਲ ਵਿਆਹ ਚਾਹੇ ਪਿਆਰ ਵਿਆਹ ਹੋਵੇ, ਚਾਹੇ ਘਰਦਿਆਂ ਦੀ ਚੋਣ ਰਲ ਕੀਤਾ ਹੋਵੇ, ਵਿਆਹ ਵੀ ਹਿਸਾਬ ਕਿਤਾਬ ਚੋਂ ਪੈਦਾ ਹੁੰਦਾ ਹੈ। ਕੁੜੀ ਮੁੰਡੇ ਦੀ ਆਮਦਨ ਦੇਖੀ ਜਾਂਦੀ ਹੈ ਕਿ ਮੁੰਡਾ ਕਿੰਨੇ ਕਮਾਉਂਦਾ ਹੈ, ਕੁੜੀ ਕਿੰਨੇ ਕਮਾਉਂਦੀ ਹੈ, ਇਸ ਹਿਸਾਬ ਨਾਲ ਪਰਿਵਾਰ ਆਪਦੇ ਬੱਚਿਆਂ ਦੇ ਵਿਆਹ ਦੀ ਚੋਣ ਕਰਦੇ ਹਨ ਅਤੇ ਦੂਜੇ ਬੰਨੇ ਪਿਆਰ ਵਿਆਹ ਵੀ ਬਹੁਤੀ ਵਾਰ ਇਸੇ ਹਿਸਾਬ ਨਾਲ ਹੀ ਹੁੰਦੇ ਹਨ। ਬਹੁਤ ਘੱਟ ਚਾਂਸ ਹਨ ਕਿ ਕਿਸੇ ਚੰਗੇ ਅਹੁਦੇ ਤੇ ਜਾਂ ਕਿਸੇ ਅਮੀਰ ਘਰ ਦੇ ਬੱਚੇ ਨੇ ਆਪਦੀ ਪਸੰਦ ਦੀ ਕਿ ਅਸੀਂ ਗਰੀਬ ਕੁੜੀ ਨਾਲ ਵਿਆਹ ਕਰਾਇਆ ਜਾਂ ਕਿਸੇ ਕਿਸੇ ਅਮੀਰਜਾਦੀ ਨੇ ਕਿਸੇ ਨੰਗ ਮਲੰਗ ਮੁੰਡੇ ਨਾਲ ਵਿਆਹ ਕਰਾਇਆ। ਸਭ ਕੁਝ ਹਿਸਾਬ ਕਿਤਾਬ ਨਾਲ ਹੁੰਦਾ ਹੈ ਫਿਰ ਵਿਆਹ ਤੋਂ ਬਾਅਦ ਜਦ ਮੀਆਂ ਬੀਵੀ ਵਿੱਚ ਪਿਆਰ ਸਾਹਿਵਾਸ ਹੁੰਦਾ ਹੈ ਤਾਂ ਜਰੂਰੀ ਨਹੀਂ ਕਿ ਉਸ ਚੋਂ ਕੋਈ ਬੱਚਾ ਜਨਮ ਲਵੇ ਕਿਉਂਕਿ ਬੱਚੇ ਦੀ ਪਲੈਨਿੰਗ ਕੀਤੀ ਜਾਂਦੀ ਹੈ ਕਿ ਪੰਜ ਸਾਲ ਆਪਾਂ ਸੈਟ ਹੋ ਜਾਈਏ ਫਿਰ ਬੱਚਾ ਲੈ ਕੇ ਆਵਾਂਗੇ ਜਿਸ ਤਰ੍ਹਾਂ ਬੱਚਾ ਕਿਸੇ ਸਟੋਰ ਤੋਂ ਲੈ ਕੇ ਆਉਣਾ ਹੋਵੇ। ਹੁਣ ਜਦ ਬੱਚਾ ਪਲੈਨਿੰਗ ਨਾਲ ਆਇਆ ਤਾਂ ਉਸ ਵਿੱਚ ਪਿਆਰ, ਸਤਿਕਾਰ, ਸਿਹਤ, ਸੁਭਾ ਤਾਂ ਨਹੀਂ ਆਵੇਗਾ ਸਗੋਂ ਪਲੈਨਿੰਗ ਜਰੂਰ ਬੱਚੇ ਦੇ ਜਨਮ ਦੇ ਨਾਲ ਹੀ ਜਨਮ ਲਵੇਗੀ। ਉਹ ਵੀ ਮਾਂ ਬਾਪ ਦਾ ਉਨਾ ਚਿਰ ਕਰੇਗਾ ਜਿੰਨਾ ਚਿਰ ਮਾਂ ਬਾਪ ਤੋਂ ਉਸਨੂੰ ਕੋਈ ਫਾਇਦਾ ਮਿਲਦਾ ਰਹੇਗਾ ਜਦ ਮਾਂ ਬਾਪ ਦੀ ਲੋੜ ਨਹੀਂ ਰਹੀ ਤਾਂ ਉਹ ਪ੍ਰਾਈਵੇਸੀ ਜਿਹੜੀ ਟੀ. ਵੀ. ਜਾਂ ਸੋਸ਼ਲ ਮੀਡੀਏ ਨੇ ਉਸ ਵਿੱਚ ਭਰ ਦਿੱਤੀ ਹੈ ਉਹ ਪ੍ਰਾਈਵੇਸੀ ਭਾਲੇਗਾ ਅਤੇ ਮਾਂ ਬਾਪ ਤੋਂ ਦੂਰ ਹੋ ਜਾਵੇਗਾ। ਵਿਆਹੇ ਜੋੜੇ ਵੀ ਬਹੁਤ ਵਾਰ ਬੱਚੇ ਪੈਦਾ ਨਹੀਂ ਕਰਦੇ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਇਸ ਯੁਗ ਵਿੱਚ ਬੱਚੇ ਪਾਲਣੇ ਬਹੁਤ ਮਹਿੰਗੇ ਪੈਂਦੇ ਹਨ, ਇਸੇ ਕਰਕੇ ਜਪਾਨ ਵਗੈਰਾ ਦੀ ਜਨਸੰਖਿਆ ਵਧਣ ਦੀ ਜਗ੍ਹਾ ਘੱਟ ਰਹੀ ਹੈ। ਕਿਉਂਕਿ ਨਵੇਂ ਵਿਆਹੇ ਸਿਰਫ ਆਪਦੀ ਜ਼ਿੰਦਗੀ ਹੀ ਜਿਉਣਾ ਚਾਹੁੰਦੇ ਹਨ ਅੱਜਕੱਲ ਜਦ ਨਵੇਂ ਜੋੜੇ ਵਿਆਹ ਕਰਾਉਂਦੇ ਹਨ ਤੇ ਸਭ ਤੋਂ ਪਹਿਲਾਂ ਤਾਂ ਉਹਨਾਂ ਨੂੰ ਸੈਟ ਹੋਣ ਦਾ ਫਿਕਰ ਹੁੰਦਾ ਹੈ। ਘਰ ਕਿਸ਼ਤਾਂ ਤੇ ਲਿਆ ਜਾਂਦਾ ਹੈ ਕਈ ਵਾਰੀ ਇਹ ਕਿਸਤਾਂ 35 ਸਾਲ ਤੱਕ ਚੱਲਦੀਆਂ ਹਨ। ਫਰਜ ਕਰੋ ਕਿਸੇ ਜੋੜੇ ਨੇ 30 ਸਾਲ ਦੀ ਉਮਰ ਵਿੱਚ ਵਿਆਹ ਕਰਾਇਆ, ਘਰ ਦੀਆਂ ਕਿਸ਼ਤਾਂ 35 ਸਾਲ ਚੱਲੀਆਂ ਤਾਂ ਉਹਨਾਂ ਦੀ ਉਮਰ ਘਰ ਦੀਆਂ ਕਿਸ਼ਤਾਂ ਵਿੱਚ ਦਿੰਦਿਆਂ ਹੀ ਬੀਤ ਜਾਵੇਗੀ ਘਰ ਤੋਂ ਬਿਨਾਂ ਕਾਰ ਦੀਆਂ ਕਿਸ਼ਤਾਂ, ਫਰਨੀਚਰ ਦੀਆਂ ਕਿਸ਼ਤਾਂ, ਬੱਚਿਆਂ ਦੀ ਪੜ੍ਹਾਈ ਦੀਆਂ ਕਿਸ਼ਤਾਂ, ਯਾਨੀ ਕਿ ਕਿਸਤਾਂ ਹੀ ਕਿਸਤਾਂ। ਯਾਦ ਰਹੇ ਕਿ ਕਿਸ਼ਤਾਂ ਭਰਨ ਵਾਲਿਆਂ ਕੋਲੋਂ ਬਹਿਸ਼ਤਾਂ ਪਾਸਾ ਵੱਟ ਜਾਂਦੀਆਂ ਹਨ। ਫਿਰ ਟੀਵੀ ਵੀ 10 ਸਾਲ ਬਾਅਦ ਬਦਲਣ ਵਾਲਾ ਹੋ ਜਾਂਦਾ ਹੈ, ਘਰ ਦਾ ਫਰਨੀਚਰ ਵੀ 10 ਸਾਲ ਮਸਾਂ ਕੱਢਦਾ ਹੈ। ਅੱਜ ਕੱਲ ਘਰੇਲੂ ਚੀਜ਼ਾਂ ਬਣਾਈਆਂ ਹੀ ਇਸ ਤਰ੍ਹਾਂ ਜਾਂਦੀਆਂ ਹਨ ਕਿ ਕੁਝ ਚਿਰ ਬਾਅਦ ਬਦਲਨੀਆਂ ਪੈਣ ਤਾਂ ਕਿ ਕੰਪਨੀਆਂ ਆਪਦਾ ਮੈਨੂਫੈਕਚਰ ਦਾ ਕੰਮ ਜਾਰੀ ਰੱਖਣ ਤੇ ਨਵੀਆਂ ਚੀਜ਼ਾਂ ਪੁਰਾਣੀਆਂ ਨੂੰ ਰੀਪਲੇਸ ਕਰਦੀਆਂ ਰਹਿਣ। ਇਸ ਸਿਸਟਮ ਦੀ ਇੱਕ ਹੋਰ ਖੂਬੀ ਵੇਖੋ। ਪੁਰਾਣੇ ਸਮੇਂ ਵਿੱਚ ਕਾਰਾਂ ਟਰੱਕਾਂ ਦੀ ਇੱਕ ਬਹੁਤ ਲੰਮੀ ਉਮਰ ਹੁੰਦੀ ਸੀ। ਕਿਉਂਕਿ ਕਾਰਾਂ ਜਾਂ ਟਰੱਕ ਪੱਕੇ ਲੋਹੇ ਦੇ ਬਣਦੇ ਸਨ, ਜਿਵੇਂ ਕਿਊਬਾ ਵਿੱਚ ਅਜੇ ਵੀ 50, 55 ਸਾਲ ਪੁਰਾਣੇ ਮਾਡਲ ਦੀਆਂ ਕਾਰਾਂ ਅਤੇ ਟਰੱਕ ਬੜੇ ਵਧੀਆ ਚੱਲ ਰਹੇ ਹਨ। ਹੁਣ ਜੇਕਰ ਕਾਰਾਂ ਟਰੱਕਾਂ ਟੀਵੀ ਜਾਂ ਹੋਰ ਘਰੇਲੂ ਚੀਜ਼ਾਂ




ਦੀ ਉਮਰ ਲੰਬੀ ਹੋਵੇਗੀ ਤਾਂ ਕੰਪਨੀਆਂ ਨੂੰ ਤਾਂ ਕੋਈ ਬਹੁਤਾ ਫਾਇਦਾ ਨਹੀਂ ਹੋਵੇਗਾ। ਇਸ ਕਰਕੇ ਲੋਹੇ ਦੀ ਜਗ੍ਹਾ ਤੇ ਲੋਹਾ ਜਮਾ ਪਲਾਸਟਿਕ ਦਾ ਫਾਈਬਰ ਬਣਾਇਆ ਜਾਂਦਾ ਹੈ ਜਿਸਦੇ ਕੇ ਕਾਰਾਂ ਤੇ ਟਰੱਕ ਬਣਾਏ ਜਾਂਦੇ ਹਨ ਤਾਂ ਕਿ ਛੇਤੀ ਟੁੱਟਦੇ ਰਹਿਣ ਤੇ ਕੰਪਨੀਆਂ ਹੋਰ ਕਾਰਾਂ ਅਤੇ ਟਰੱਕ ਬਣਾਉਂਦੇ ਰਹਿਣ ਅਤੇ ਉਹਨਾਂ ਦਾ ਮੁਨਾਫਾ ਹੋਰ ਵੱਧਦਾ ਰਹੇ। ਪੁਰਾਣੀਆਂ ਲੋਹੇ ਵਾਲੀਆਂ ਕਾਰਾਂ ਅਤੇ ਟਰੱਕ ਜਦੋਂ ਕਿਸੇ ਐਕਸੀਡੈਂਟ ਵਗੈਰਾ ਵਿੱਚ ਆ ਜਾਂਦੇ ਸਨ ਤਾਂ ਉਹਨਾਂ ਦਾ ਬਹੁਤਾ ਨੁਕਸਾਨ ਨਹੀਂ ਸੀ ਹੁੰਦਾ ਅਤੇ ਉਹ ਥੋੜੀ ਬਹੁਤੀ ਰਿਪੇਅਰ ਨਾਲ ਸੜਕ ਤੇ ਫਿਰ ਆ ਜਾਂਦੇ ਸਨ। ਸਿਰਫ ਕਾਰਾਂ ਜਾਂ ਟਰੱਕ ਹੀ ਨਹੀਂ ਕੰਪਨੀਆਂ ਜਿਹੜੀਆਂ ਵੀ ਚੀਜ਼ਾਂ ਬਣਾਉਂਦੀਆਂ ਹਨ ਉਹਨਾਂ ਤੇ ਇੱਕ ਐਕਸਪਾਇਰੀ ਡੇਟ ਜਰੂਰ ਲਿਖ ਦਿੰਦੀਆਂ ਹਨ। ਬਹੁਤ ਵਾਰ ਅਸੀਂ ਇਸ ਐਕਸਪਾਇਰੀ ਡੇਟ ਮਗਰ ਲੱਗ ਕੇ ਘਰੇਲੂ ਚੀਜ਼ਾਂ ਵਸਤਾਂ ਬਦਲਣ ਲੱਗ ਜਾਂਦੇ ਹਾਂ। ਬਹੁਤ ਵਾਰ ਕੰਪਨੀਆਂ ਪੁਰਾਣੀਆਂ ਚੀਜ਼ਾਂ ਵਿੱਚ ਥੋੜੀ ਬਹੁਤੀ ਤਕਨੀਕੀ ਬਦਲੀ ਕਰਕੇ ਗਾਹਕਾਂ ਨੂੰ ਫਿਰ ਭਰਮਾ ਲੈਂਦੀਆਂ ਹਨ। ਚਲੋ ਆਪਾਂ ਉਸ ਜੋੜੇ ਦੀ ਗੱਲ ਕਰਦੇ ਹਾਂ ਜਿਹੜੇ ਕਿ ਪਲੈਨਿੰਗ ਨਾਲ ਬੱਚਾ ਲੈ ਕੇ ਆਏ ਸੀ। ਬੱਚੇ ਦੀ ਪੜ੍ਹਾਈ ਸ਼ੁਰੂ ਹੁੰਦੀ ਹੈ ਤਾਂ ਬੱਚਾ ਦੇਖਾ ਦੇਖੀ ਕਿਸੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਨ ਪਾਇਆ ਜਾਂਦਾ ਹੈ ਕਿਉਂਕਿ ਕਾਰਪੋਰੇਟ ਸਿਸਟਮ ਵੀ ਚਾਹੁੰਦਾ ਹੈ ਕਿ ਸਰਕਾਰੀ ਸਕੂਲ ਖਤਮ ਹੋਣ ਤਾਂ ਕਿ ਆਪਦੀ ਮਨ ਮਰਜ਼ੀ ਦੀ ਸਿੱਖਿਆ ਪ੍ਰਾਈਵੇਟ ਸਕੂਲਾਂ ਵਿੱਚ ਦੇਣ ਅਤੇ ਨਾਲ ਦਫਾ ਕਮਾਉਂਦੇ ਰਹਿਣ। ਘਰ ਦੀ ਗਰੋਸਰੀ ਦਾ ਖਰਚ ਵੀ ਦਿਨੋਂ ਦਿਨ ਵਧਦਾ ਜਾਂਦਾ ਹੈ ਕਿਉਂਕਿ ਲੋਕ ਰਵਾਇਤੀ ਖਾਣਾ ਛੱਡ ਕੇ ਟੀਵੀ ਫੂਡ ਵੱਲ ਆ ਜਾਂਦੇ ਹਨ ਜਾਂ ਕੰਮਾਂ ਦੇ ਭੰਨੇ ਹੋਏ ਜਿਸਮਾਂ ਕੋਲ ਬਹੁਤਾ ਵਕਤ ਹੀ ਨਹੀਂ ਹੁੰਦਾ ਕਿ ਉਹ ਆਰਾਮ ਨਾਲ ਖਾਣਾ ਬਣਾ ਸਕਣ, ਉਹਨਾਂ ਨੇ ਵੀ ਫਰੀਜ਼ਰ ਚੋਂ ਖਾਣਾ ਕੱਢਿਆ ਤੇ ਮਾਈਕਰੋਬੇਵ ਵਿੱਚ ਗਰਮ




SWIFTWRENCH AUTO & DIESEL REPAIR

SWIFTWRENCH AUTO & DIESEL REPAIR

Your Car, Our Care

Mobile Mechanic Services - We Come to You!

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

| Personal Tax Returns (TI) | Corporate Tax Returns (T2) |
|---|---|
| Self Employed | GST/Payrolls/ROE |
| Taxi Business | WCB Returns |

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

ਕੀਤਾ। ਹੁਣ ਇਹ ਖਾਣਾ ਪਤਾ ਨਹੀਂ ਕਿੰਨੇ ਚਿਰ ਦਾ ਫਰੀਜ਼ਰਾਂ ਵਿੱਚ ਪਿਆ ਹੈ, ਇਹ ਬਿਮਾਰੀਆਂ ਨੂੰ ਹੀ ਜਨਮ ਦੇਵੇਗਾ। ਫਿਰ ਸ਼ੁਰੂ ਹੁੰਦਾ ਹੈ ਡਾਕਟਰਾਂ ਦੇ ਚੱਕਰ ਦਾ ਕੰਮ ਇਸ ਲਈ ਇਹ ਕਾਰਪੋਰੇਟ ਸਿਸਟਮ ਕਿਸੇ ਬਿਮਾਰੀ ਦਾ ਇਲਾਜ ਨਹੀਂ ਕਰਦਾ ਬਲਕਿ ਮਨੁੱਖ ਨੂੰ ਆਪਦਾ ਗਾਹਕ ਬਣਾਉਂਦਾ ਹੈ। ਫਰੀਜ਼ਰਾਂ ਦੇ ਖਾਣੇ ਚੋਂ ਪੈਦਾ ਹੋਈਆਂ ਬਿਮਾਰੀਆਂ, ਐਸੀਡਿਟੀ, ਕੋਲੈਸਟਰੋਲ, ਹਾਈ ਬਲੱਡ ਪ੍ਰੈਸ਼ਰ, ਸਾਰੀ ਉਮਰ ਲਈ ਮਰੀਜ਼ ਨੂੰ ਡਰੱਗ ਕੰਪਨੀਆਂ ਦਾ ਗਾਹਕ ਬਣਾ ਦਿੰਦੀਆਂ ਹਨ। ਮਾਂ ਬਾਪ ਦਵਾਈਆਂ ਤੇ ਲੱਗ ਜਾਂਦੇ ਹਨ ਅਤੇ ਬੱਚੇ ਮਾਂ ਬਾਪ ਦੀਆਂ ਦਵਾਈਆਂ ਦਾ ਬੋਝ ਨਹੀਂ ਚੱਕਣਾ ਚਾਹੁੰਦੇ ਅਤੇ ਉਹ ਉਹਨਾਂ ਨੂੰ ਸੀਨੀਅਰ ਹੋਮ ਵਗੈਰਾ ਵਿੱਚ ਛੱਡ ਆਉਂਦੇ ਹਨ। ਇਹ ਸਿਸਟਮ ਇਹ ਸਿਸਟਮ ਬੱਚੇ ਦੇ ਦਿਮਾਗ ਵਿੱਚ ਸ਼ੁਰੂ ਤੋਂ ਹੀ ਪ੍ਰਾਈਵੇਸੀ ਭਰ ਦਿੰਦਾ ਹੈ। ਹੁਣ ਜੇਕਰ ਪਰਿਵਾਰ ਇਕੱਠਾ ਰਹਿੰਦਾ ਹੈ ਤਾਂ ਇੱਕ ਟੀਵੀ ਇੱਕ ਕਾਰ ਇੱਕ ਘਰ ਨਾਲ ਸਰ ਸਕਦਾ ਹੈ। ਪਰ ਪ੍ਰਾਈਵੇਸੀ ਦਾ ਭੂਤ ਜਿਹੜਾ ਕਿ ਕਾਰਪੋਰੇਟ ਸਿਸਟਮ ਨੇ ਪੈਦਾ ਕੀਤਾ ਹੈ ਉਹ ਪਰਿਵਾਰ ਨੂੰ ਇਕੱਠਾ ਨਹੀਂ ਰਹਿਣ ਦਿੰਦਾ ਕਿਉਂਕਿ ਪਰਿਵਾਰ ਜਿੰਨਾ ਜਿਆਦਾ ਬਿਖਰੂਗਾ ਉਨਾ ਹੀ ਵੱਧ ਇਸ ਸਿਸਟਮ ਦੇ ਗਾਹਕ ਬਣਨਗੇ। ਕਿਉਂਕਿ ਕਿਉਂਕਿ ਤੁਸੀਂ ਦੇਖਿਆ ਹੋਵੇਗਾ ਕਿ ਇਹ ਸਿਸਟਮ ਆਬਾਦੀ ਤੇ ਕੰਟਰੋਲ ਦੀ ਗੱਲ ਨਹੀਂ ਕਰਦਾ ਕਿਉਂਕਿ ਜਿੰਨੀ ਵੱਧ ਅਬਾਦੀ ਹੋਵੇਗੀ, ਉਨਾ ਹੀ ਇਸ ਸਿਸਟਮ ਦੇ ਗਾਹਕ ਵਧਣਗੇ ਅਤੇ ਉਨਾ ਹੀ ਇਸ ਸਿਸਟਮ ਨੂੰ ਵੱਧ ਮੁਨਾਫਾ ਹੋਊਗਾ। ਫਰਜ਼ ਕਰੋ ਹੁਣ ਉਹ ਪੀੜੀ ਵੀ ਜਿਨਾਂ ਨੇ ਆਪਦੀ ਜ਼ਿੰਦਗੀ ਸ਼ੁਰੂ ਕੀਤੀ ਸੀ ਉਹ ਵੀ ਮਰਨ ਕਿਨਾਰੇ ਪਹੁੰਚ ਗਏ ਅਤੇ ਅਤੇ ਉਹਨਾਂ ਨੇ ਵੀ ਆਪ ਦੇ ਸਸਕਾਰ ਲਈ ਫਿਊਨਰਲ ਹੋਮ ਦੀਆਂ ਕਿਸ਼ਤਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਪਹਿਲੀ ਉਮਰ ਵਿੱਚ ਇਹ ਬੀਮਾ ਇਸ ਕਰਕੇ ਕਰਾਉਂਦੇ ਹਨ ਕਿ ਜੇਕਰ ਇੱਕ ਨੂੰ ਕੁਝ ਹੋ ਗਿਆ ਤਾਂ ਦੂਜਾ ਘਰ ਦਾ ਖਰਚਾ ਚੱਕ ਲਵੇਗਾ। ਹੁਣ ਇਹ ਫਿਊਨਲ ਹੋਮ ਦੀਆਂ ਕਿਸਤਾਂ ਭਰ ਰਹੇ ਹਨ ਇਹਨਾਂ ਨੂੰ ਪਤਾ ਹੈ ਕਿ ਬੱਚਿਆਂ ਕੋਲੇ ਇੰਨੇ ਪੈਸੇ ਨਹੀਂ ਹੋਣੇ ਕਿ ਉਹ ਉਹਨਾਂ ਦੇ ਸਸਕਾਰ ਦਾ ਦਸ ਬਾਰਾਂ ਹਜ਼ਾਰ ਡਾਲਰ ਦਾ ਖਰਚਾ ਚੱਕਣ ਜਾਂ ਬੱਚਿਆਂ ਨੇ ਜੇ ਫਿਊਨਲ ਹੋਮ ਦਾ ਖਰਚਾ ਨਾਂ ਚੱਕਿਆ ਤਾਂ ਕਿਤੇ ਉਹਨਾਂ ਦੇ ਸਰੀਰ ਰੁਲਦੇ ਹੀ ਨਾ ਰਹਿਣ।

ਇਹ ਘਰ ਟੀਵੀ ਕਾਰਾਂ ਕਿਸਤਾਂ ਵਿੱਚ ਬੱਜਿਆ ਮਨੁੱਖ ਕਿਸ਼ਤਾਂ ਭਰਦਾ ਹੀ ਮਰ ਜਾਂਦਾ ਹੈ, ਕੀ ਅਸੀਂ ਉਸ ਆਦਿ ਮਨੁੱਖ ਨਾਲੋਂ ਜਿਹੜਾ ਬੇਫਿਕਰੀ ਵਿੱਚ ਜਿਉਂਦਾ ਸੀ, ਬੇਫਿਕਰੀ ਵਿਚ ਰਹਿੰਦਾ ਸੀ ਅਤੇ ਬੇਫਿਕਰੀ ਚ ਮਰਦਾ ਸੀ ਉਸ ਨਾਲੋਂ ਸੌਖੇ ਹੋ ਗਏ ਆ ਜਾਂ ਔਖੇ ਹੋ ਗਏ ਹਾਂ। ਅੱਜ ਅਸੀਂ ਜਿਸ ਸਿਸਟਮ ਵਿੱਚ ਜਿਉਂ ਰਹੇ ਹਾਂ ਜਿਹੜਾ ਕਿ ਮੁਨਾਫੇ ਤੇ ਅਧਾਰਤ ਹੈ ਇਸਨੇ ਸਾਨੂੰ ਆਰਥਿਕ ਗੁਲਾਮੀ ਵਿੱਚ ਧੱਕ ਦਿੱਤਾ ਹੈ, ਹੁਣ ਇਸ ਆਰਥਿਕ ਗੁਲਾਮੀ ਵਿੱਚੋਂ ਕਿਵੇਂ ਨਿਕਲਣਾ ਹੈ ਇਸ ਬਾਰੇ ਮਨੁੱਖ ਨੂੰ ਸੋਚਣਾ ਪੈਣਾ ਹੈ?

ਆਪਣੇ ਫੋਨ ਵਿਚ 'ਸਰੋਕਾਰਾਂ ਦੀ ਆਵਾਜ਼' ਦੀ ਐਪ ਫਰੀ ਡਾਊਨ ਲੋਡ ਕਰੋ

# ਕਿਸਾਨ ਅਤੇ ਲੋਕ ਮਾਰੂ ਹੱਲੇ ਖ਼ਿਲਾਫ਼ ਲੋਕ ਸੰਗਰਾਮ ਦਾ ਹੋਕਾ

## *ਕਿਸਾਨ ਲਹਿਰ ਨੇ ਜ਼ਿਲ੍ਹਿਆਂ ਅੰਦਰ ਮਜ਼ਬੂਤ ਪਿੱਲਰ ਅਤੇ ਪੁਲ ਉਸਾਰਨ ਤੇ ਦਿੱਤਾ ਜ਼ੋਰ*



ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਭਾਰਤ-ਅਮਰੀਕਾ ਵਪਾਰ ਸਮਝੌਤਾ ਵਾਰਤਾ ਰੱਦ ਕਰਵਾਉਣ, ਸਾਮਰਾਜੀ ਮੁਲਕਾਂ ਨਾਲ ਕੀਤੀਆਂ ਲੋਕ ਵਿਰੋਧੀ ਸੰਧੀਆਂ ਰੱਦ ਕਰਵਾਉਣ, ਲੈਂਡ ਪੂਲਿੰਗ ਨੀਤੀ, ਕਰਜ਼ਾ ਮੁਕਤੀ, ਕਾਰਪੋਰੇਟ ਘਰਾਣਿਆਂ ਵੱਲੋਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਬੰਦ ਕਰਵਾਉਣ, ਜ਼ਮੀਨਾਂ ਦੀ ਮਾਲਕੀ ਬਣਾਉਣ ਅਤੇ ਬਚਾਉਣ ਸਮੇਤ ਕਿਸਾਨਾਂ ਮਜਦੂਰਾਂ ਦੀਆਂ ਭਖਦੀਆਂ ਮੰਗਾਂ ਦੇ ਹੱਲ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੂਬੇ ਵਿੱਚ ਦਰਜਨਾਂ ਜ਼ਿਲਾ ਕੇਂਦਰਾਂ ਤੇ ਅਣਮਿੱਥੇ ਸਮੇਂ ਲਈ ਪੱਕੇ ਮੋਰਚੇ ਸੂਰੂ ਕਰ ਦਿੱਤੇ। ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸਾਡੇ ਦੇਸ਼ ਦੇ ਹਾਕਮ ਸਾਮਰਾਜ ਮੁਲਕਾਂ ਦੇ ਦਬਾਅ ਤਹਿਤ ਉਹਨਾਂ ਦੀਆਂ ਨੀਤੀਆਂ ਲਾਗੂ ਕਰਕੇ ਕਿਸਾਨਾਂ ਦੀਆਂ ਉਪਜਾਊ ਜਮੀਨਾਂ, (ਸਿਹਤ ਸਿੱਖਿਆ, ਰੇਲਵੇ ਤੇ ਹੋਰ ਆਵਾਜਾਈ ਦੇ ਅਦਾਰੇ) ਆਦਿ ਜਨਤਕ ਅਦਾਰਿਆਂ ਸਮੇਤ ਦੇਸ਼ ਦੇ ਮਾਲ ਖਜਾਨੇ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਨਿਤ ਨਵੇਂ ਕਾਨੂੰਨ ਘੜ ਰਹੀਆਂ ਹਨ ਅਤੇ ਇਹਨਾਂ ਦੀ ਰਾਖੀ ਲਈ ਸੰਘਰਸ਼ ਕਰ ਰਹੇ ਦੇਸ਼ ਦੇ ਲੋਕਾਂ ਤੇ ਜਬਰ ਢਾਹਿਆ ਜਾ ਰਿਹਾ ਹੈ। ਦੇਸ਼ ਦੇ ਲੋਕਾਂ ਨੂੰ ਸੁਖ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਦੀਆਂ ਘਰੇਲੂ, ਖੇਤੀ ਤੇ ਹੋਰ ਨਿੱਤ ਵਰਤੋਂ ਦੀਆਂ ਵਸਤਾਂ ਤੇ ਟੈਕਸ ਲਾ ਕੇ ਮਹਿੰਗਾਈ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਜਿਸ ਕਾਰਨ ਲੋਕਾਂ ਸਿਰ ਕਰਜ਼ੇ ਵੱਧ ਰਹੇ ਹਨ ਪਰ ਵੱਡੀਆਂ ਕੰਪਨੀਆਂ ਦੇ ਕਰਜੇ ਵੱਟੇ ਖਾਤੇ ਪਾਏ ਜਾ ਰਹੇ ਹਨ। ਅੱਜ ਮੋਰਚੇ ਦੀ ਸਟੇਜ ਤੋਂ ਬੁਲਾਰਿਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ ਵਾਰਤਾ ਰੱਦ ਕਰੋ। ਸਭਨਾਂ ਸਾਮਰਾਜੀ ਮੁਲਕਾਂ ਨਾਲ ਕੀਤੇ ਹੋਏ ਮੁਕਤ ਵਪਾਰ ਸਮਝੌਤੇ ਰੱਦ ਕਰੋ,ਮੁੜ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ ਦੀ ਵਿਉਂਤ ਰੱਦ ਕਰੋ, ਆਬਾਦਕਾਰਾਂ, ਸਾਬਕਾ ਮੁਜਾਰੇ ਕਿਸਾਨਾਂ ਸਮੇਤ ਦਹਾਕਿਆਂ ਤੋਂ ਕਾਸ਼ਤਕਾਰ ਤੁਰੇ ਆ ਰਹੇ ਕਿਸਾਨਾਂ ਖੇਤ ਮਜ਼ਦੂਰਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਓ, ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰਨਾਂ ਦਿਹਾੜੀਦਾਰ ਕਿਰਤੀਆਂ ਦੇ ਸਾਰੇ ਕਰਜ਼ੇ ਖਤਮ ਕਰੋ।ਖੁਦਕੁਸ਼ੀ ਪੀੜਿਤ ਪਰਿਵਾਰਾਂ ਨੂੰ ਨੌਕਰੀ ਤੇ ਮੁਆਵਜ਼ਾ ਦਿਓ, ਕਿਸਾਨਾਂ, ਖੇਤ ਮਜ਼ਦੂਰ, ਵਾਤਾਵਰਨ ਪੱਖੀ ਅਤੇ ਕਾਰਪੋਰੇਟਾਂ ਤੇ ਜਗੀਰਦਾਰਾਂ ਵਿਰੋਧੀ ਪੰਜਾਬ ਦੀ ਖੇਤੀ ਨੀਤੀ ਬਣਾਓ ਤੇ ਲਾਗੂ ਕਰੋ, ਸੰਘਰਸ਼ਾਂ ਦੌਰਾਨ ਕਿਸਾਨ ਆਗੂਆਂ/ਵਰਕਰਾਂ 'ਤੇ ਪਾਏ ਸਾਰੇ ਝੂਠੇ ਕੇਸ ਅਤੇ ਪਰਾਲੀ ਸਾੜਨ ਦੇ ਦਰਜ ਕੀਤੇ ਕੇਸ ਰੱਦ ਕਰੋ, ਸੂਬੇ ਅੰਦਰ ਸੰਘਰਸ਼ ਕਰਦੇ ਲੋਕਾਂ 'ਤੇ ਜਬਰ ਢਾਹੁਣਾਂ ਬੰਦ ਕਰੋ। ਸੰਘਰਸ਼ ਕਰਨ ਦੇ ਜਮਹੂਰੀ ਹੱਕ ਦੀ ਜਾਮਨੀ ਕਰੋ। ਝੂਠੇ ਪੁਲਿਸ ਮੁਕਾਬਲਿਆਂ ਨਾਲ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦਾ ਦਮਨ ਬੰਦ ਕਰੋ। ਸਾਰੇ ਜਾਬਰ ਕਾਲੇ ਕਾਨੂੰਨ ਰੱਦ ਕਰੋ, ਪਿਛਲੇ ਸਾਲ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਕਾਸ਼ਤਕਾਰਾਂ ਨੂੰ ਦਿਓ, ਹੜ੍ਹਾਂ ਦੀ ਰੋਕਥਾਮ ਲਈ ਡਰੇਨਾਂ-ਨਾਲਿਆਂ ਦੀ ਸਫ਼ਾਈ ਤੋਂ ਲੈ ਕੇ ਬੰਨ੍ਹ ਮਜਬੂਤ ਕਰਨ ਤੇ ਬਜ਼ਟ ਰਕਮਾਂ ਜੁਟਾਉਣ ਵਰਗੇ ਲੋੜੀਂਦੇ ਕਦਮ ਫੌਰੀ ਚੁੱਕੋ, ਬਿਜਲੀ ਬਿੱਲ, ਬੀਜ ਬਿੱਲ, ਕਿਰਤ ਕੋਡ ਤੇ ਜੀ ਰਾਮ ਜੀ ਵਰਗੇ ਨਵੇਂ ਲੋਕ ਦੋਖੀ ਕਾਨੂੰਨ ਰੱਦ ਕਰੋ,ਮਹਿੰਗਾਈ ਵਧਾਉਣ ਦੇ ਸਾਰੇ ਕਦਮ ਰੋਕੋ, ਤੇਲ, ਗੈਸ, ਖੰਡ, ਖਾਦਾਂ ਤੇ ਹੋਰਨਾਂ ਕੀਮਤਾਂ 'ਚ ਕੀਤੇ ਵਾਧੇ ਵਾਪਸ ਲਓ,ਬਹੁ ਕੌਮੀ ਸਾਮਰਾਜੀ ਕੰਪਨੀਆਂ, ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ 'ਤੇ ਭਾਰੀ ਟੈਕਸ ਲਾਓ। ਲੋਕਾਂ ਤੋਂ ਟੈਕਸਾਂ ਦਾ ਭਾਰ ਘਟਾਓ੍ਰ ਸਰਕਾਰੀ ਜਾਇਦਾਦਾਂ ਵੇਚਣਾ ਬੰਦ ਕਰੋ,ਸਾਰੀਆਂ ਫਸਲਾਂ 'ਤੇ ਸੀ 2+50% ਫਾਰਮੂਲੇ ਨਾਲ ਐਮ ਐਸ ਪੀ ਦੀ ਗਰੰਟੀ ਦਾ ਕਾਨੂੰਨ ਬਣਾਉ। ਸਰਬ ਵਿਆਪਕ ਜਨਤਕ ਵੰਡ ਪ੍ਰਣਾਲੀ (PDS) ਨੂੰ ਲਾਗੂ ਕਰੋ, ਦਰਿਆਈ ਪਾਣੀਆਂ ਦੀ ਵੰਡ ਦਾ ਰੱਟਾ ਕੌਮਾਂਤਰੀ ਅਸੂਲਾਂ ਅਨੁਸਾਰ ਤੇ ਲੋਕਾਂ 'ਚ ਸਦਭਾਵਨਾ ਕਾਇਮ ਰੱਖਣ ਦੀ ਪਹੁੰਚ ਨਾਲ ਹੱਲ ਕਰੋ। ਸੌੜੀਆਂ ਵੋਟ ਗਿਣਤੀਆਂ ਤਹਿਤ ਇਸ ਨੂੰ ਇਲਾਕਾਈ ਤੇ ਫਿਰਕੂ ਵੰਡੀਆਂ ਦਾ ਹੱਥਾ ਬਣਾਉਣਾ ਬੰਦ ਕਰੋ। ਦੇਸ਼ ਭਰ ਅੰਦਰ ਪਾਣੀ ਦੇ ਸੋਮਿਆਂ ਨੂੰ ਕੰਪਨੀਆਂ ਹਵਾਲੇ ਕਰਨ ਦੀ ਨੀਤੀ ਰੱਦ ਕਰੋ ਤੇ ਇਸ ਕੁਦਰਤੀ ਦਾਤ ਦੀ ਸੰਭਾਲ ਲਈ ਬਜ਼ਟ ਯਕੀਨੀ ਬਣਾਓ। ਬੁਲਾਰਿਆਂ ਨੇ ਥਾਂ ਥਾਂ ਡਰੋਨਾਂ ਜਾਂ ਹੋਰ ਢੰਗਾਂ ਰਾਹੀਂ ਕੀਤੇ ਜਾ ਰਹੇ ਸਰਵੇ ਸਬੰਧੀ ਪੰਜਾਬ ਸਰਕਾਰ ਨੂੰ ਨੀਤੀ ਬਿਆਨ ਜਾਰੀ ਕਰਨ ਦੀ ਮੰਗ ਕੀਤੀ ਵਰਨਾ ਸਰਵੇ ਕਰਨ ਆਏ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ। ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਪੰਜਾਬ ਸਰਕਾਰ ਵਲੋਂ ਆਪਣਾਏ ਅੜੀਅਲ ਰਵਈਏ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਸਰਕਾਰ ਆਪਣਾ ਅੜੀਅਲ ਰਵੱਈਆ ਛੱਡ ਕੇ ਗੱਲਬਾਤ ਰਾਹੀਂ ਉ ਮੰਗਾਂ ਮਸਲਿਆਂ ਦਾ ਹੱਲ ਕਰੇ।













# ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ.) ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਦਾ ਮਾਣ-ਸਨਮਾਨ




ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਲੰਘੇ ਸ਼ਨੀਵਾਰ ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ.) ਦੀ ਅਗਸਤ ਮਹੀਨੇ ਦੀ ਇਕੱਤਰਤਾ 22 ਅਗਸਤ ਨੂੰ ਕੋਸੋ ਹਾਲ ਵਿੱਚ ਬਾਅਦ ਦੁਪਹਿਰ ਦੋ ਵਜੇ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਜਗਦੀਸ਼ ਕੌਰ ਝੰਡ ਦੀ ਪ੍ਰਧਾਨਗੀ ਵਿੱਚ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ 'ਚ ਹੋਈ। ਇਸ ਇਕੱਤਰਤਾ ਵਿੱਚ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਨੂੰ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਵਿੱਚ ਪਾਏ ਗਏ ਉਨ੍ਹਾਂ ਵੱਲੋਂ ਯੋਗਦਾਨ ਦੇ ਸਨਮਾਨ ਵਿੱਚ ਸ਼ਾਨਦਾਰ ਸਨਮਾਨ-ਚਿੰਨ੍ਹ ਭੇਟਾ ਕੀਤਾ ਗਿਆ ।

ਸਭਾ ਦੇ ਜਨਰਲ ਸਕੱਤਰ ਇੰਜ. ਗੁਰਦਿਆਲ ਸਿੰਘ ਖਹਿਰਾ ਨੇ ਡਾ. ਸੁਖਦੇਵ ਸਿੰਘ ਝੰਡ ਦੀ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਡਾ. ਝੰਡ ਨੇ M.Sc. (Biochemistry) ਤੇ M L I S, Ph.D. (Library and Information Science ) ਵਿੱਚ ਕੀਤੀ ਅਤੇ ਲੰਮਾ ਸਮਾਂ ਪਹਿਲਾਂ ਨਵਾਬ ਜੱਸਾ ਸਿੰਘ ਸਰਕਾਰੀ ਕਾਲਜ ਕਪੂਰਥਲਾ ਵਿੱਚ ਲਾਇਬ੍ਰੇਰੀਅਨ ਅਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਅਸਿਸਟੈਂਟ ਲਾਇਬ੍ਰੇਰੀਅਨ ਤੇ ਡਿਪਟੀ ਲਾਇਬ੍ਰੇਰੀਅਨ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਸੇਵਾ-ਮੁਕਤੀ ਤੋਂ ਬਾਅਦ 2010 ਤੋਂ ਟੋਰਾਂਟੋ ਨੇੜੇ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ 'ਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।

ਸਰੋਤਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਸੁਖਦੇਵ ਸਿੰਘ ਝੰਡ ਹੋਰਾਂ ਨੇ 'ਪੰਜਾਬ ਦੇ ਲੋਕ-ਰੁੱਖ' (2000), 'ਸਾਡੇ ਰੁੱਖ' (2010), 'ਉੱਤਰੀ ਅਮਰੀਕਨ ਰੁੱਖ' (2015), 'ਕਦੋਂ (ਕਾਵਿ ਸੰਗ੍ਰਹਿ, (2015), ਪੱਤੇ ਤੇ ਪਰਛਾਵੇਂ (ਸਵੈ ਜੀਵਨੀ, 2019) ਅਤੇ 'ਪੁਰਖਿਆਂ ਦਾ ਦੇਸ਼ : ਸਫ਼ਰਨਾਮਾ (2025) ਅਤੇ ਆਪਣੀ ਜੀਵਨ-ਗਾਥਾ 'Story of My Life' (2026) ਤੋਂ ਇਲਾਵਾ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਨਾਲ ਸਬੰਧਿਤ ਤਿੰਨ ਪੁਸਤਕਾਂ 'Guide to Reference Books in Punjabi' (2011), 'Dewey Decimal Classification : A Practical Guide' (2012) 'Colon Classification : Origin, Development and Future Prospectus' (2023) ਲਿਖ ਕੇ ਪੰਜਾਬੀ ਸਾਹਿਤ ਅਤੇ ਲਾਇਬ੍ਰੇਰੀ ਸਾਇੰਸ ਦੇ ਖ਼ੇਤਰ ਵਿੱਚ ਭਰਵਾਂ ਯੋਗਦਾਨ ਪਾਇਆ ਹੈ।

ਡ. ਸੁਖਦੇਵ ਸਿੰਘ ਝੰਡ ਹੋਰਾਂ ਹਾਜ਼ਰੀਨ ਦੇ ਰੂਬਰੂ ਹੁੰਦਿਆਂ ਆਪਣੇ ਸਮੁੱਚੇ ਜੀਵਨ, ਜੀਵਨ ਦੇ ਵਿੰਗੇ-ਟੇਢੇ ਰਾਹਾਂ ਤੇ ਉਤਰਾਅ-ਚੜ੍ਹਾਵਾਂ ਦਾ ਖੁੱਲ੍ਹਮ-ਖੁੱਲ੍ਹਾ ਵਰਨਣ ਕੀਤਾ ਜੋ ਹਾਜ਼ਰੀਨ ਲਈ ਜੀਵਨ-ਦਰਸ ਹੋ ਨਿੱਬੜਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ. ਸੁਖਦੇਵ ਸਿੰਘ ਝੰਡ ਕੈਲਗਰੀ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਗੁਰਚਰਨ ਕੌਰ ਥਿੰਦ ਦੇ ਵੱਡੇ ਭਰਾ ਹਨ ।

ਰਚਨਾਵਾਂ ਦੇ ਦੌਰ ਵਿੱਚ ਜਸਵੀਰ ਸਿੰਘ ਸਹੋਤਾ, ਗਿੱਲ ਸੁਖਮੰਦਰ, ਸੁਰਿੰਦਰ ਢਿੱਲੋਂ, ਚਰਨਜੀਤ ਕੌਰ, ਰਵੀ ਜਨਾਗਲ, ਮਨਿੰਦਰ ਕੌਰ, ਰਮਨ ਗਿੱਲ, ਸੁਰਿੰਦਰ ਗੀਤ, ਗੁਰਚਰਨ ਕੌਰ ਥਿੰਦ, ਜਰਨੈਲ ਤੱਗੜ, ਲਖਵਿੰਦਰ ਸਿੱਧੂ, ਮਨਮੋਹਨ ਬਾਠ, ਅਲਬੇਲ ਬਰਾੜ, ਸਰਬਜੀਤ ਉੱਪਲ, ਜੀਰ ਸਿੰਘ ਬਰਾੜ, ਇੰਜ. ਦਰਸ਼ਨ ਸਿੰਘ ਮਹਿਰੋਕ, ਮਾਸਟਰ ਹਰਭਜਨ ਸਿੰਘ, ਗੁਰਦੀਪ ਸਿੰਘ ਧਾਲੀਵਾਲ, ਮਨਮੋਹਨ ਸਿੰਘ ਬਾਠ ਤੇ ਹੋਰਨਾਂ ਨੇ ਭਾਗ ਲਿਆ। ਬਾ-ਕਮਾਲ ਰਚਨਾਵਾਂ ਤੋਂ ਇਲਾਵਾ ਸਰੋਤਿਆਂ ਵੱਲੋਂ ਆਏ ਵਡਮੁੱਲੇ ਵਿਚਾਰਾਂ ਨੇ ਦਿਲ-ਦਿਮਾਗ਼ ਨੂੰ ਰੌਸ਼ਨ ਕੀਤਾ ।

ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਇਕ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ ਅਤੇ ਡਾ. ਝੰਡ ਅਤੇ ਉਨ੍ਹਾਂ ਦੀ ਧਰਮ ਪਤਨੀ ਦਾ ਜਗਦੀਸ਼ ਕੌਰ ਝੰਡ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਉਹ ਅੱਗੇ ਤੋਂ ਵੀ ਏਸੇ ਤਰ੍ਹਾਂ ਪੰਜਾਬੀ ਸਾਹਿਤ ਸਭਾ ਕੈਲਗਰੀ 'ਚ ਆਉਂਦੇ ਰਹਿਣਗੇ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਭਾ ਦੇ ਮੈਂਬਰ ਮਨਮੋਹਨ ਸਿੰਘ ਬਾਠ ਦੇ ਬੱਚਿਆਂ ਦਲਬੀਰ ਸਿੰਘ, ਗੁਰਮੀਤ ਕੌਰ ਗੁਰਿੰਦਰ ਕੌਰ ਦਾ ਵਡਮੁੱਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਜਗਦੇਵ ਸਿੰਘ ਸਿੱਧੂ, ਗੁਰਬਖ਼ਸ਼ ਸਿੰਘ ਗਿੱਲ, ਜਸਵੰਤ ਸਿੰਘ ਕਪੂਰ, ਮਲਿਕ ਆਰਿਫ਼, ਹਰਮਿੰਦਰ ਸਿੰਘ ਨੇ ਹਾਜ਼ਰੀ ਲਗਵਾਈ। ਮੰਚ-ਸੰਚਾਲਨ ਦਾ ਕੰਮ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਅਤੇ ਸੁਲਝੇ ਢੰਗ ਨਾਲ ਨਿਭਾਇਆ। ਇਹ ਪੂਰਾ ਪ੍ਰੋਗਰਾਮ ਬਾਦ ਦੁਪਹਿਰ ਦੋ ਵਜੇ ਤੋਂ ਲੈ ਕੇ ਸਾਢੇ ਪੰਜ ਤੱਕ ਬੜੇ ਖ਼ੁਸ਼ਨੁਮਾ ਮਹੌਲ 'ਚ ਯਾਦਗਾਰੀ ਹੋ ਨਿਬੜਿਆ।

## ਕੈਲਗਰੀ ਵਿਚ ਨਾਟਕ 4 ਅਕਤੂਬਰ ਨੂੰ

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਗਲਰੀ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਡਾ. ਸਾਹਿਬ ਦੇ ਨਾਟਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਨਾਟਕ 4 ਅਕਤੂਬਰ ਦਿਨ ਐਤਵਾਰ ਨੂੰ 'ਬਰਟ ਚਰਚ ਥੀਏਟਰ' Bert Church Theatre Address: ਡੋਰ ਓਪਨ ਬਾ. ਦੁਪਹਿਰ 1.30 ਵਜੇ ਨਾਟਕ 6.00 ਵਜੇ 1000 East Lake Blvd NE, Airdrie, AB T4A 1P6 ਵਿਖੇ ਖੇਡਿਆ ਜਾਵੇਗਾ।

# ਮਾਰਖ਼ਮ ਸ਼ਹਿਰ ਵਿਖੇ ਚੌਥਾ ਸਲਾਨਾ ਪਰਿਵਾਰਕ 'ਪਿਕਨਿਕ ਮੇਲਾ'






ਮਾਰਖ਼ਮ, ਓਨਟਾਰੀਓ, (ਸਰੋਕਾਰਾਂ ਦੀ ਆਵਾਜ਼ ਬਿਊਰੋ) : 23 ਅਗਸਤ 2026 ਨੂੰ ਮਾਰਖ਼ਮ ਵਿਖੇ ਚੌਥਾ ਸਲਾਨਾ ਪਰਿਵਾਰਕ "ਪਿਕਨਿਕ ਮੇਲਾ" ਬੜੇ ਉਤਸ਼ਾਹ, ਖੁਸ਼ੀ ਅਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਇਹ ਪਰਿਵਾਰਕ ਪਿਕਨਿਕ ਸ. ਸੁਰਿੰਦਰ ਭੁੱਲਰ ਜੀ ਦੀ ਦੇਖ-ਰੇਖ ਹੇਠ ਕਰਵਾਈ ਗਈ, ਜਿਸ ਵਿੱਚ 100 ਤੋਂ ਵੱਧ ਲੋਕਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਇਸ ਮੌਕੇ ਪਰਿਵਾਰਾਂ ਅਤੇ ਦੋਸਤਾਂ ਨੇ ਇਕੱਠੇ ਹੋ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਮੇਲੇ ਦੌਰਾਨ ਮਨੋਰੰਜਨ, ਸੱਭਿਆਚਾਰਕ ਗਤੀਵਿਧੀਆਂ, ਖਾਣ-ਪੀਣ ਅਤੇ ਆਪਸੀ ਮਿਲਵਰਤਣ ਦਾ ਸੁੰਦਰ ਮਾਹੌਲ ਬਣਿਆ ਰਿਹਾ।

ਸਮਾਗਮ ਦੀ ਖ਼ਾਸ ਪੇਸ਼ਕਾਰੀ "ਕੱਲ੍ਹ ਦਾ ਭਰੋਸਾ" ਗੀਤ ਰਹੀ, ਜਿਸ ਨੂੰ ਵਾਟਸਨ ਕਮਾਲ ਨੇ ਖ਼ੁਦ ਲਿਖਿਆ ਅਤੇ ਗਾਇਆ ਹੈ। ਇਸ ਗੀਤ ਦੀ ਰਿਲੀਜ਼ ਮੌਕੇ ਹਾਜ਼ਰ ਸੰਗਤ ਨੇ ਇਸ ਨੂੰ ਪਸੰਦ ਕੀਤਾ ਅਤੇ ਕਲਾਕਾਰ ਦੀ ਸਿਰਜਣਾਤਮਕ ਪੇਸ਼ਕਾਰੀ ਦੀ ਸ਼ਲਾਘਾ ਕੀਤੀ।

ਇਹ ਪਰਿਵਾਰਕ ਮਿਲਣੀ ਭਾਈਚਾਰਕ ਸਾਂਝ, ਪਿਆਰ ਅਤੇ ਆਪਸੀ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਵਾਲੀ ਸਾਬਤ ਹੋਈ। ਸਮਾਗਮ ਨੂੰ ਸਫਲ ਬਣਾਉਣ ਲਈ ਸ. ਸੁਰਿੰਦਰ ਭੁੱਲਰ ਜੀ ਅਤੇ ਸਮੂਹ ਪ੍ਰਬੰਧਕਾਂ ਦੇ ਯਤਨਾਂ ਦੀ ਹਾਜ਼ਰ ਸੰਗਤ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

"ਕੱਲ੍ਹ ਦਾ ਭਰੋਸਾ" ਵਰਗੀਆਂ ਸੱਭਿਆਚਾਰਕ ਪੇਸ਼ਕਾਰੀਆਂ ਨਾਲ ਸਜਿਆ ਇਹ ਮੇਲਾ ਖੁਸ਼ੀਆਂ, ਯਾਦਾਂ ਅਤੇ ਭਾਈਚਾਰਕ ਏਕਤਾ ਦਾ ਸੁਨੇਹਾ ਦਿੰਦਾ ਹੋਇਆ ਯਾਦਗਾਰ ਹੋ ਨਿਬੜਿਆ।










## ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਬਰੀ ਹੋਣਾ:

# ਨਿਆਂ ਲਈ ਚਾਰਾਜੋਈ ਨੂੰ ਅਸਫ਼ਲ ਬਣਾ ਰਿਹਾ ਸਿਸਟਮ

**-ਬੂਟਾ ਸਿੰਘ ਮਹਿਮੂਦਪੁਰ**

"ਮੈਨੂੰ ਪੂਰਾ ਭਰੋਸਾ ਸੀ ਕਿ ਨਿਆਂ ਕੀਤਾ ਜਾਵੇਗਾ...ਨਿਆਂ ਕੀਤਾ ਗਿਆ। ਮੈਂ ਕਦੇ ਵੀ ਆਪਣੇ ਆਪ ਨੂੰ ਮੁਜਰਿਮ ਬਿਲਕੁਲ ਨਹੀਂ ਸਮਝਿਆ।" ਇਹ ਗੱਲ ਪਹਿਲਵਾਨ ਕੁੜੀਆਂ ਨੂੰ ਰਾਜਸੀ ਤਾਕਤ ਦੇ ਜ਼ੋਰ ਕਾਨੂੰਨੀ ਦੰਗਲ ਵਿਚ ਹਰਾ ਦੇਣ ਵਾਲੇ ਸਾਬਕਾ ਭਾਜਪਾ ਐੱਮ.ਪੀ. ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਮੁਕੱਦਮੇ ਚੋਂ ਬਰੀ ਹੋਣ ਤੋਂ ਬਾਅਦ ਕਹੀ। ਉਸਦੇ ਹਮਾਇਤੀਆਂ ਨੇ 'ਬਾਇੱਜ਼ਤ ਬਰੀ ਹੋਣ' ਦੀ ਖ਼ੁਸ਼ੀ 'ਚ ਪਟਾਖੇ ਚਲਾਏ ਅਤੇ ਉਸ ਉੱਪਰ ਫੁੱਲਾਂ ਦੀ ਵਰਖਾ ਕੀਤੀ। ਜਿਸ ਮੁਲਕ ਵਿਚ ਅਦਾਲਤਾਂ ਵਿਚ ਕੇਸ ਦਹਾਕਿਆਂ ਤੱਕ ਲਮਕੇ ਰਹਿਣ ਅਤੇ ਔਰਤਾਂ ਵਿਰੁੱਧ ਜਿਨਸੀ ਜੁਰਮਾਂ ਦੇ ਕੇਸਾਂ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਦਰ ਮਹਿਜ਼ 20ਫ਼ੀਸਦ ਹੋਵੇ, ਜਿੱਥੇ ਕੇਂਦਰੀ ਸੱਤਾ ਅਤੇ ਸਮੁੱਚਾ ਰਾਜਤੰਤਰ ਸਿੱਧੇ ਤੌਰ 'ਤੇ ਅਜਿਹੇ ਘਿਣਾਉਣੇ ਮੁਜਰਿਮਾਂ ਦੀ ਪੁਸ਼ਤਪਨਾਹੀ ਕਰਦਿਆਂ ਬਰੀ ਕਰਾਉਣ ਲਈ ਉਨ੍ਹਾਂ ਦੀ ਪਿੱਠ 'ਤੇ ਖੜ੍ਹਾ ਹੋਵੇ, ਉੱਥੇ ਨਿਆਂ ਲਈ ਸੰਘਰਸ਼ ਵਿਚ ਮਜ਼ਲੂਮ ਧਿਰ ਦਾ ਹਾਰ ਜਾਣਾ ਅਤੇ ਮੁਜਰਿਮਾਂ ਵੱਲੋਂ ਬਰੀ ਕੀਤੇ ਜਾਣ ਦੇ ਅਦਾਲਤੀ ਸਰਟੀਫਿਕੇਟ ਲਹਿਰਾ ਕੇ ਆਪਣੀ ਜਿੱਤ ਦੇ ਡੰਕੇ ਵਜਾਉਣਾ ਹੈਰਾਨੀਜਨਕ ਨਹੀਂ ਹੈ। ਸਿੱਖ ਕਤਲੇਆਮ (1984) ਸਮੇਂ ਬੇਕਸੂਰ ਸਿੱਖਾਂ ਨੂੰ ਸੜਕਾਂ 'ਤੇ ਜ਼ਿੰਦਾ ਜਲਾਉਣ ਵਾਲੇ ਕਾਂਗਰਸੀ ਆਗੂਆਂ, ਦਹਿਸ਼ਤੀ ਕਾਡਾਂ ਨੂੰ ਅੰਜਾਮ ਦੇਣ ਵਾਲੇ ਬਾਬੂ ਬਜਰੰਗੀ ਤੇ ਸਾਧਵੀ ਪਰੱਗਿਆ ਸਿੰਘ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਤੋਂ ਲੈ ਕੇ ਸਿਰਸੇ ਵਾਲੇ ਸਾਧ ਗੁਰਮੀਤ ਰਾਮ ਰਹੀਮ ਤੱਕ ਰਾਜਸੀ ਰਸੂਖ਼ ਦੇ ਜ਼ੋਰ ਰਸੂਖ਼ਵਾਨ ਮੁਜਰਿਮ ਬਰੀ ਹੁੰਦੇ, ਸਜ਼ਾਵਾਂ ਦੇ ਬਾਵਜੂਦ ਪੈਰੋਲ ਸਹੂਲਤਾਂ ਅਤੇ ਨਾਇਕਾਂ ਵਾਲਾ ਸਨਮਾਨ ਮਾਣਦੇ ਅਤੇ ਮਜ਼ਲੂਮਾਂ ਦਾ ਮਜ਼ਾਕ ਉਡਾਉਂਦੇ ਦੇਖੇ ਜਾ ਸਕਦੇ ਹਨ। ਲੰਘੀ 3 ਅਗਸਤ ਨੂੰ ਦਿੱਲੀ ਦੀ ਰਾਊਜ਼ ਅਵੈਨਿਊ ਅਦਾਲਤ ਨੇ ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਤੇ ਫੈੱਡਰੇਸ਼ਨ ਦੇ ਸਾਬਕਾ ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਛੇ ਪਹਿਲਵਾਨ ਕੁੜੀਆਂ ਵੱਲੋਂ ਦਾਇਰ ਕਰਵਾਏ ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਕੇਸ 'ਚ ਇਹ ਕਹਿਕੇ ਬਰੀ ਕਰ ਦਿੱਤਾ ਕਿ ਪ੍ਰਾਸੀਕਿਊਸ਼ਨ ਦੋਸ਼ਾਂ ਨੂੰ ਵਾਜਬ ਸ਼ੱਕ ਤੋਂ ਪਰੇ ਸਥਾਪਤ ਕਰਨ 'ਚ ਅਸਫ਼ਲ ਰਿਹਾ। ਇਹ ਨਿਹਾਇਤ ਘਿਣਾਉਣੇ ਮੁਜਰਿਮਾਂ ਨੂੰ ਬਰੀ ਕੀਤੇ ਜਾਣ ਲਈ ਜੱਜਾਂ ਵੱਲੋਂ ਅਕਸਰ ਦਿੱਤੀ ਜਾਂਦੀ ਦਲੀਲ ਹੈ। ਫ਼ੌਜਦਾਰੀ ਮਾਮਲਿਆਂ ਵਿੱਚ ਦੋਸ਼ ਸਿੱਧ ਕਰਨ ਲਈ ਇਹ ਕਾਨੂੰਨੀ ਮਿਆਰ ਹੈ। ਜੱਜ ਭਲੀਭਾਂਤ ਜਾਣਦੇ ਹੋਏ ਵੀ ਇਸ ਪਹਿਲੂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਕਿ ਹਾਕਮ ਧਿਰ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਹੋਣ ਕਾਰਨ ਮੁਜਰਿਮਾਂ ਦੀ ਨਿਆਂ ਪ੍ਰਕਿਰਿਆ ਨੂੰ ਆਪਣੇ ਪੱਖ 'ਚ ਭੁਗਤਾ ਸਕਣ ਦੀ ਰਾਜਨੀਤਕ ਪੁੱਗਤ ਤੇ ਰਸੂਖ਼ ਕਿੰਨਾ ਡਾਹਢਾ ਹੈ ਅਤੇ ਪੀੜਤ ਔਰਤਾਂ ਇਸ ਤੋਂ ਇਲਾਵਾ ਕਿਸ ਕਦਰ ਭਾਰੀ ਦਬਾਵਾਂ ਹੇਠ ਕਾਨੂੰਨੀ ਚਾਰਾਜੋਈ ਕਰ ਰਹੀਆਂ ਹੁੰਦੀਆਂ ਹਨ।

ਇਹ ਮਾਮਲਾ ਜਨਵਰੀ 2023 ਵਿੱਚ ਜਨਤਕ ਤੌਰ 'ਤੇ ਉਭਰਿਆ, ਜਦੋਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਸਮੇਤ ਮੁਲਕ ਦੇ ਪ੍ਰਮੁੱਖ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ ਉੱਤੇ ਪ੍ਰਦਰਸ਼ਨ ਕਰਕੇ ਬ੍ਰਿਜ ਭੂਸ਼ਣ ਸਿੰਘ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ। ਓਲੰਪਿਕ ਮੈਡਲਿਸਟ ਅਤੇ ਕਾਮਨਵੈਲਥ ਗੇਮਾਂ ਦੀਆਂ ਚੈਂਪੀਅਨ ਪਹਿਲਵਾਨ ਕੁੜੀਆਂ ਨੇ ਉਸ ਉੱਪਰ ਸਿਖਲਾਈ ਕੈਂਪਾਂ, ਮੁਕਾਬਲਿਆਂ ਅਤੇ ਅਧਿਕਾਰਕ ਮੁਲਾਕਾਤਾਂ ਦੌਰਾਨ ਜਿਨਸੀ ਸ਼ੋਸ਼ਣ ਅਤੇ ਧਮਕਾਉਣ ਦੇ ਦੋਸ਼ ਲਗਾਏ। ਉਸ ਨੇ ਹੰਕਾਰੀ ਲਹਿਜ਼ੇ 'ਚ ਦੋਸ਼ਾਂ ਤੋਂ ਇਨਕਾਰ ਕਰਦਿਆਂ ਇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ।

ਪਹਿਲਵਾਨ ਕੁੜੀਆਂ ਨੇ ਮੁਲਕ ਨੂੰ ਤਗਮੇ ਅਤੇ ਕੌਮਾਂਤਰੀ ਪਛਾਣ ਦਿਵਾਈ। ਜਦੋਂ ਉਨ੍ਹਾਂ ਨੇ ਆਪਣੀ ਖੇਡ ਦੇ ਸਭ ਤੋਂ ਤਾਕਤਵਰ ਅਧਿਕਾਰੀ ਵਿਰੁੱਧ ਜਿਨਸੀ ਬਦਤਮੀਜ਼ੀ ਦੀ ਸ਼ਿਕਾਇਤ ਕੀਤੀ, ਤਾਂ ਨਿਆਂ ਲੈਣ ਲਈ ਉਨ੍ਹਾਂ ਨੂੰ ਮਹੀਨਿਆਂ ਬੱਧੀ ਸੜਕਾਂ ਉੱਤੇ ਸੰਘਰਸ਼ ਕਰਨਾ ਪਿਆ। ਪਹਿਲਵਾਨਾਂ ਨੇ ਪਹਿਲਾਂ ਖੇਡ ਸੰਸਥਾਵਾਂ ਅਤੇ ਕੇਂਦਰੀ ਖੇਡ ਮੰਤਰਾਲੇ ਤੋਂ ਕਾਰਵਾਈ ਦੀ ਮੰਗ ਕੀਤੀ। ਇੱਕ ਨਿਗਰਾਨ ਕਮੇਟੀ ਬਣਾਈ ਗਈ, ਪਰ ਖਿਡਾਰੀਆਂ ਨੇ ਕਮੇਟੀ ਦੀ ਕਾਰਜਪ੍ਰਣਾਲੀ ਉੱਤੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਦਾ ਢੁੱਕਵਾਂ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਨੂੰ ਮੁੜ ਸੜਕਾਂ ਉੱਤੇ ਉਤਰਨਾ ਪਿਆ। ਹਰ ਤਰ੍ਹਾਂ ਦੇ ਦਬਾਅ ਝੱਲਦਿਆਂ ਪਹਿਲਵਾਨ ਕੁੜੀਆਂ ਨੇ ਐਡੇ ਡਾਹਢੇ ਸ਼ਖ਼ਸ ਵਿਰੁੱਧ ਡੱਟਣ ਅਤੇ ਅਦਾਲਤ ਵਿਚ




ਕੇਸ ਲੜਨ ਦਾ ਕਮਾਲ ਦਾ ਹੌਸਲਾ ਦਿਖਾਇਆ। ਇੱਥੋਂ ਤੱਕ ਕਿ ਐੱਫ.ਆਈ.ਆਰ. ਦਰਜ ਕਰਵਾਉਣ ਲਈ ਵੀ ਪਹਿਲਵਾਨਾਂ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਗੰਭੀਰ ਦੋਸ਼ ਹੋਣ ਦੇ ਬਾਵਜੂਦ ਪੁਲਿਸ ਨੇ ਐੱਫ.ਆਈ.ਆਰ. ਦਰਜ ਕਰਨ ਦੀ ਜ਼ਰੂਰਤ ਨਹੀਂ ਸਮਝੀ। ਬਹੁਤ ਰੌਲ਼ਾ ਪੈਣ ਤੋਂ ਬਾਅਦ ਹੀ ਪੁਲਿਸ ਨੇ ਅਪਰੈਲ 2023 ਵਿੱਚ ਐੱਫ.ਆਈ.ਆਰ. ਦਰਜ ਕੀਤੀਆਂ। ਜੇਕਰ ਜੁਰਮ ਦੀ ਮੁੱਢਲੀ ਸੂਚਨਾ ਦਰਜ ਕਰਾਉਣ ਲਈ ਵੀ ਜਨਤਕ ਅੰਦੋਲਨ ਕਰਨ ਅਤੇ ਮੁਲਕ ਦੀ ਸਰਬਉੱਚ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਲੋੜ ਪੈਂਦੀ ਹੈ ਤਾਂ ਜਾਂਚ ਏਜੰਸੀਆਂ ਤੋਂ ਨਿਰਪੱਖ ਜਾਂਚ ਕੀਤੇ ਜਾਣ ਅਤੇ ਰਸੂਖ਼ਵਾਨ ਮੁਲਜ਼ਮ ਦੇ ਵਿਰੁੱਧ ਦੋਸ਼ ਸਿੱਧ ਕਰਨ ਲਈ ਪੇਸ਼ੇਵਰ ਗੰਭੀਰਤਾ ਨਾਲ ਸਬੂਤ ਜੁਟਾਉਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਪਹਿਲਵਾਨ ਕੁੜੀਆਂ ਨੇ ਇੱਕ ਅਜਿਹੇ ਵਿਅਕਤੀ ਨੂੰ ਚੁਣੌਤੀ ਦਿੱਤੀ ਸੀ ਜੋ ਨਾ ਸਿਰਫ਼ ਉਨ੍ਹਾਂ ਦੀ ਖੇਡ ਨੂੰ ਕੰਟਰੋਲ ਕਰਨ ਵਾਲੀ ਫੈੱਡਰੇਸ਼ਨ ਦਾ ਪ੍ਰਧਾਨ ਸੀ, ਸਗੋਂ ਛੇ ਵਾਰ ਸੰਸਦ ਮੈਂਬਰ ਵੀ ਰਹਿ ਚੁੱਕਾ ਸੀ। ਫੈੱਡਰੇਸ਼ਨ ਦਾ ਖਿਡਾਰੀਆਂ ਦੀ ਚੋਣ, ਮੁਕਾਬਲਿਆਂ, ਸਿਖਲਾਈ ਦੇ ਮੌਕਿਆਂ ਅਤੇ ਉਨ੍ਹਾਂ ਦੇ ਕਰੀਅਰ ਉੱਤੇ ਵਿਆਪਕ ਪ੍ਰਭਾਵ ਹੈ। ਤਾਕਤ ਦਾ ਇਹੀ ਅਸਾਵਾਂਪਣ ਇਸ ਪੂਰੇ ਕੇਸ ਦੇ ਕੇਂਦਰ ਵਿੱਚ ਹੈ: ਜਦੋਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਵਿਅਕਤੀ ਕਿਸੇ ਔਰਤ ਖਿਡਾਰੀ ਦੇ ਪੇਸ਼ੇਵਰ ਭਵਿੱਖ ਨੂੰ ਤੈਅ ਕਰਨ ਦੀ ਸਥਿਤੀ ਵਿੱਚ ਹੋਵੇ ਤਾਂ ਉਹ ਖਿਡਾਰਨ ਕਿੰਨੀ ਕੁ ਸੁਰੱਖਿਅਤ ਢੰਗ ਨਾਲ ਸ਼ਿਕਾਇਤ ਕਰ ਸਕਦੀ ਹੈ? ਅਦਾਲਤ ਤਾਕਤ ਦੇ ਅਸਾਵੇਂਪਣ ਪ੍ਰਤੀ ਅੱਖਾਂ ਮੀਟਕੇ ਮਜ਼ਲੂਮ ਕੁੜੀਆਂ ਨੂੰ ਪੁੱਛਦੀ ਹੈ ਕਿ ਉਨ੍ਹਾਂ ਨੇ 'ਆਪਣੇ ਸਰੀਰ ਦੀ ਬਜਾਏ ਆਪਣੇ ਕਰੀਅਰ ਨੂੰ ਕਿਉਂ ਚੁਣਿਆ?' ਭਾਵ ਉਨ੍ਹਾਂ ਨੇ ਓਦੋਂ ਹੀ ਸ਼ਿਕਾਇਤ ਕਿਉਂ ਨਹੀਂ ਕੀਤੀ! ਬ੍ਰਿਜ ਭੂਸ਼ਣ ਸਿੰਘ ਦੇ ਦਬਾਅ ਨੂੰ ਇਸ ਤੱਥ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਇਕ ਨਾਬਾਲਗ ਨੇ ਸ਼ਿਕਾਇਤ ਵਾਪਸ ਲੈ ਲਈ (ਜੋ ਅਦਾਲਤ ਨੇ ਸਵੀਕਾਰ ਕਰ ਲਈ) ਅਤੇ ਛੇ ਸ਼ਿਕਾਇਤ ਕਰਤਾਵਾਂ ਵਿੱਚੋਂ ਦੋ ਨੇ ਮੁਕੱਦਮੇ ਦੌਰਾਨ ਗਵਾਹੀ ਸਮੇਂ ਬਿਆਨ ਬਦਲ ਲਏ। ਨਾਬਾਲਾਗ ਸ਼ਿਕਾਇਤਕਰਤਾ ਇੰਝ ਸ਼ਿਕਾਇਤ ਵਾਪਸ ਨੂੰ ਦੋਸ਼ੀ ਅਤੇ ਉਸ ਦੇ ਹਮਾਇਤੀਆਂ ਨੇ ਦੋਸ਼ਾਂ ਦੇ ਗ਼ੈਰਭਰੋਸੇਯੋਗ ਹੋਣ ਵਜੋਂ ਪੇਸ਼ ਕੀਤਾ। ਜਦਕਿ ਇਹ ਸਪਸ਼ਟ ਤੌਰ 'ਤੇ ਰਾਜਨੀਤਕ ਅਤੇ ਸਮਾਜਿਕ ਦਬਾਅ ਦਾ ਨਤੀਜਾ ਸੀ।

ਮਈ 2024 ਵਿੱਚ ਹੇਠਲੀ ਅਦਾਲਤ ਦਾ ਮੰਨਣਾ ਸੀ ਕਿ ਉਸ ਵਿਰੁੱਧ ਜਿਨਸੀ ਤੌਰ 'ਤੇ ਪਰੇਸ਼ਾਨ ਕਰਨ, ਔਰਤ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਹਮਲਾ ਜਾਂ ਅਪਰਾਧਿਕ ਤਾਕਤ ਦੀ ਵਰਤੋਂ ਕਰਨ ਅਤੇ ਕੁਝ ਦੋਸ਼ਾਂ ਦੇ ਸਬੰਧ 'ਚ ਅਪਰਾਧਿਕ ਧਮਕੀ ਦੀਆਂ ਧਾਰਾਵਾਂ ਹੇਠ ਦੋਸ਼ ਤੈਅ ਕਰਨ ਲਈ ਪਹਿਲੀ ਨਜ਼ਰੇ ਕਾਫ਼ੀ ਸਮੱਗਰੀ ਹੈ। ਪਰ, ਮੁਕੱਦਮੇ ਦੀ ਪ੍ਰਕਿਰਿਆ ਦੋਸ਼ ਸਿੱਧ ਕਰਨ 'ਚ ਨਾਕਾਮ ਰਹੀ ਕਿਉਂਕਿ ਜਿਵੇਂ ਵਿਨੇਸ਼ ਫੋਗਾਟ ਨੇ ਕਿਹਾ, ਨਿਆਂ ਲੈਣ ਦਾ ਜ਼ਰੀਆ ਬਣਨ ਵਾਲਾ ਸਰਕਾਰੀਤੰਤਰ, "ਸਮੁੱਚੀ ਮਸ਼ੀਨਰੀ, ਸਰਕਾਰ ਅਤੇ ਇਹ ਪ੍ਰਬੰਧ ਤਾਂ ਪਹਿਲੇ ਦਿਨ ਤੋਂ ਹੀ ਬ੍ਰਿਜ ਭੂਸ਼ਣ ਸਿੰਘ ਨੂੰ ਬਚਾਉਣ 'ਚ ਲੱਗਿਆ ਹੋਇਆ ਸੀ।"ਅਦਾਲਤੀ ਫ਼ੈਸਲੇ ਤੋਂ ਬਾਅਦ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਨੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਦੋਸ਼ਮੁਕਤੀ ਦੇ ਫ਼ੈਸਲੇ ਨੂੰ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇਗੀ।

ਉਪਰੋਕਤ ਦੋਵਾਂ ਰਸੂਖ਼ਵਾਨਾਂ ਨੂੰ ਦੋਸ਼ਮੁਕਤ ਕੀਤੇ ਜਾਣ ਨਾਲ ਇੱਕ ਫ਼ੌਜਦਾਰੀ ਮੁਕੱਦਮਾ ਭਾਵੇਂ ਖ਼ਤਮ ਹੋ ਗਿਆ ਹੋਵੇ, ਪਰ ਇਸ ਨਾਲ ਮੁਲਕ ਦੀਆਂ ਨਾਮਵਰ ਪਹਿਲਵਾਨ ਕੁੜੀਆਂ ਵੱਲੋਂ ਉਠਾਏ ਗਏ ਗੰਭੀਰ ਸਵਾਲਾਂ ਦਾ ਹੱਲ ਨਹੀਂ ਹੋਇਆ। ਇਸ ਦੇ ਉਲਟ, ਇਸ ਫ਼ੈਸਲੇ ਨੇ ਉਸ ਬਹੁਤ ਹੀ ਮਹੱਤਵਪੂਰਨ ਸਵਾਲ ਨੂੰ ਮੁੜ ਸਾਹਮਣੇ ਲਿਆਂਦਾ ਹੈ ਕਿ ਜਦੋਂ ਔਰਤਾਂ ਕਿਸੇ ਰਾਜਸੀ ਅਤੇ ਸੰਸਥਾਗਤ ਤੌਰ 'ਤੇ ਡਾਹਢੇ ਵਿਅਕਤੀ ਉੱਪਰ ਦੋਸ਼ ਲਗਾਉਂਦੀਆਂ ਹਨ ਤਾਂ ਉਨ੍ਹਾਂ ਨੂੰ ਸਿਰਫ਼ ਮੁਲਜ਼ਮਾਂ ਨਾਲ ਹੀ ਨਹੀਂ, ਸਗੋਂ ਉਸ ਦੀ ਪਿੱਠ 'ਤੇ ਖੜ੍ਹੇ ਪੂਰੇ ਸਰਕਾਰੀ ਤੰਤਰ ਨਾਲ ਵੀ ਲੜਨਾ ਪੈਂਦਾ ਹੈ। ਅਦਾਲਤਾਂ ਨੇ ਤਾਂ ਬਸ ਇਸ ਆਧਾਰ 'ਤੇ ਤੈਅ ਕਰਨਾ ਹੁੰਦਾ ਹੈ ਕਿ ਸਬੂਤ ਸ਼ੱਕ ਤੋਂ ਪਰੇ ਕਾਨੂੰਨੀ ਮਿਆਰ 'ਤੇ ਪੂਰੇ ਉਤਰਦੇ ਹਨ ਜਾਂ ਨਹੀਂ, ਪੀੜਤਾਂ ਲਈ ਇਹ ਸਮਾਜਿਕ ਦਬਾਅ, ਸੰਸਥਾਈ ਵਿਰੋਧ ਅਤੇ ਨਾਬਰਾਬਰ ਸੱਤਾ ਢਾਂਚਿਆਂ ਦੇ ਤਰ੍ਹਾਂ-ਤਰ੍ਹਾਂ ਦੇ ਅੜਿੱਕਿਆਂ ਅੱਗੇ ਦ੍ਰਿੜਤਾ ਨਾਲ ਡੱਟੇ ਰਹਿਣ ਦੀ ਬਹੁਤ ਔਖੀ ਨਿਆਂ ਪ੍ਰਕਿਰਿਆ ਹੁੰਦੀ ਹੈ। ਗੁਜਰਾਤ ਕਤਲੇਆਮ ਦਾ ਬੇਹੱਦ ਚਰਚਿਤ ਬਿਲਕਿਸ ਬਾਨੋ ਕੇਸ ਮੋਦੀ ਦੀ ਤਤਕਾਲੀ ਰਾਜ ਸਰਕਾਰ ਵੱਲੋਂ ਖੜ੍ਹੇ ਕੀਤੇ ਜਾ ਰਹੇ ਅੜਿੱਕਿਆਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੂੰ ਗੁਜਰਾਤ ਤੋਂ ਮੁੰਬਈ ਬਦਲਣਾ ਪਿਆ ਸੀ।

ਦੋਸ਼-ਮੁਕਤ ਕਰ ਦਿੱਤੇ ਜਾਣ ਜਾਂ ਬਰੀ ਕਰ ਦਿੱਤੇ ਜਾਣ ਦਾ ਆਪਣੇ ਆਪ 'ਚ ਇਹ ਮਤਲਬ ਨਹੀਂ ਹੁੰਦਾ ਕਿ ਸ਼ਿਕਾਇਤਾਂ ਮਨਘੜਤ ਸਨ ਜਾਂ ਔਰਤਾਂ ਨੇ ਮੰਦਭਾਵਨਾ ਨਾਲ ਦੋਸ਼ ਲਗਾਏ ਸਨ। ਇਸ ਦਾ ਮਤਲਬ ਸਿਰਫ਼ ਇਹ ਹੈ ਕਿ ਅਦਾਲਤ ਸਾਹਮਣੇ ਪੇਸ਼ ਕੀਤੇ ਸਬੂਤ ਕਿਸੇ ਵਿਅਕਤੀ ਨੂੰ ਦੋਸ਼ੀ ਠਹਿਰਾਉਣ ਲਈ 'ਲੋੜੀਂਦੀ' ਸਖ਼ਤ ਕਾਨੂੰਨੀ ਕਸੌਟੀ ਉੱਤੇ ਪੂਰੇ ਨਹੀਂ ਉਤਰੇ। ਇਹ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਮੁਕੱਦਮੇ ਦੇ ਨਤੀਜੇ ਦੀ ਆੜ ਹੇਠ ਪਹਿਲਵਾਨਾਂ ਦੇ ਸੰਘਰਸ਼ ਦੇ ਇਤਿਹਾਸ ਅਤੇ ਅਜਿਹੇ ਮਾਮਲਿਆਂ ਕਾਰਨ ਉੱਘੜਕੇ ਸਾਹਮਣੇ ਆਈਆਂ ਸੰਸਥਾਗਤ ਨਾਕਾਮੀਆਂ ਨੂੰ ਵੀ ਭੁੱਲਣਾ ਨਹੀਂ ਚਾਹੀਦਾ। ਮਿਸਾਲ ਵਜੋਂ, 1984 ਦੇ ਕਤਲੇਆਮ ਵਿਚ ਵੱਡੇ-ਵੱਡੇ ਦੋਸ਼ੀ ਬਰੀ ਕਰ ਦਿੱਤੇ ਗਏ ਪਰ ਨਿਆਂ ਪ੍ਰਣਾਲੀ ਨੇ ਚਾਰ ਦਹਾਕੇ ਤੋਂ ਜ਼ਿਆਦਾ ਲੰਮੀ ਥਕਾਊ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਵੀ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਫਿਰ ਰਾਜਧਾਨੀ ਦੀਆਂ ਸੜਕਾਂ ਉੱਪਰ ਉਹ ਕਰੂਰ ਕਤਲੇਆਮ ਕਿਸਨੇ ਕੀਤੇ ਸਨ ਅਤੇ ਐਨੇ ਵੱਡੇ ਕਤਲੇਆਮ 'ਚ ਜਾਂਚ ਦੀ ਨਾਕਾਮੀ ਲਈ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਦੀ ਜਵਾਬਦੇਹੀ ਕਿਉਂ ਨਹੀਂ?

ਫ਼ੌਜਦਾਰੀ ਕਾਰਵਾਈ ਨੇ ਇਹ ਵੀ ਦਰਸਾਇਆ ਕਿ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਦੋਸ਼ ਸਿੱਧ ਕਰਨਾ ਖ਼ਾਸ ਤੌਰ 'ਤੇ ਔਖਾ ਕਿਉਂ ਹੁੰਦਾ ਹੈ। ਸ਼ਿਕਾਇਤ ਕਰਨ ਵਿੱਚ ਦੇਰੀ ਦਾ ਸਪਸ਼ਟ ਕਾਰਨ ਪੀੜਤ ਔਰਤਾਂ ਨੂੰ ਸਮਾਜਿਕ ਬਦਨਾਮੀ, ਬਦਲੇ ਦੀ ਕਾਰਵਾਈ, ਪੇਸ਼ੇਵਰ ਮੌਕਿਆਂ ਦੇ ਨੁਕਸਾਨ ਜਾਂ ਕਰੀਅਰ ਬਰਬਾਦ ਹੋਣ ਦਾ ਡਰ ਹੁੰਦਾ ਹੈ। ਇਹ ਹਾਲਾਤ ਪ੍ਰਾਸੀਕਿਊਸ਼ਨ ਉੱਪਰ ਦੋਸ਼ ਸਿੱਧ ਕਰਨ ਦੀ ਜ਼ਿੰਮੇਵਾਰੀ ਵਧਾਉਂਦੇ ਹਨ, ਅਤੇ ਤੁਰੰਤ ਤੇ ਨਿਰਪੱਖ ਜਾਂਚ, ਗਵਾਹਾਂ ਦੀ ਸੁਰੱਖਿਆ ਅਤੇ ਸਮੇਂ ਸਿਰ ਸਬੂਤ ਇਕੱਠੇ ਕਰਨ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਪਰ ਤਾਕਤ ਦੇ ਬੇਹੱਦ ਅਸਾਵੇਂਪਣ ਕਾਰਨ ਜਾਂਚ ਤੋਂ ਲੈ ਕੇ ਕਾਨੂੰਨੀ ਪ੍ਰਕਿਰਿਆ ਨਿਰਪੱਖ ਨਹੀਂ ਚੱਲਦੀ।

ਪ੍ਰਦਰਸ਼ਨ ਦੌਰਾਨ ਪਹਿਲਵਾਨਾਂ ਨਾਲ ਹੋਇਆ ਵਤੀਰਾ ਰਾਜਸੀ ਰਸੂਖ਼ ਦੇ ਪਹਿਲੂ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ। 28 ਮਈ 2023 ਨੂੰ ਸੰਸਦ ਭਵਨ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕਰ ਰਹੇ ਪਹਿਲਵਾਨਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਕੇ ਪ੍ਰਦਰਸ਼ਨ ਵਾਲੀ ਥਾਂ ਤੋਂ ਜ਼ਬਰਦਸਤੀ ਖਦੇੜ ਦਿੱਤਾ ਸੀ। ਮੁਲਕ ਲਈ ਤਗਮੇ ਜਿੱਤਣ ਲਈ ਸਨਮਾਨਿਤ ਕੀਤੇ ਗਏ ਖਿਡਾਰੀਆਂ ਨੂੰ ਸੜਕਾਂ ਉੱਤੇ ਘੜੀਸੇ ਜਾਣ ਦੀਆਂ ਤਸਵੀਰਾਂ ਉਨ੍ਹਾਂ ਕੌਮੀ ਜਸ਼ਨਾਂ ਦੇ ਬਿਲਕੁਲ ਉਲਟ ਸਨ ਜੋ ਉਨ੍ਹਾਂ ਦੀਆਂ ਕੌਮਾਂਤਰੀ ਸਫਲਤਾਵਾਂ ਤੋਂ ਬਾਅਦ ਮਨਾਏ ਗਏ ਸਨ। ਇਕ ਗਵਾਹ ਦੀ ਸੁਰੱਖਿਆ ਗਵਾਹੀ ਦੇਣ ਤੋਂ ਇਕ ਦਿਨ ਪਹਿਲਾਂ ਵਾਪਸ ਲੈ ਲਈ ਗਈ। ਇਹ ਵਤੀਰਾ ਸੱਤਾ ਵੱਲੋਂ ਖਿਡਾਰਨਾਂ ਨੂੰ ਸਪਸ਼ਟ ਸੁਣਾਉਣੀ ਸੀ: ਖੇਡ ਪ੍ਰਾਪਤੀਆਂ ਜਨਤਕ ਸਨਮਾਨ ਤਾਂ ਦਿਵਾ ਸਕਦੀਆਂ ਹਨ, ਪਰ ਉਹ ਧੱਕਾ ਕਰਨ ਵਾਲੇ ਰਸੂਖ਼ਵਾਨਾਂ/ਸੱਤਾਧਾਰੀਆਂ ਨੂੰ ਚੁਣੌਤੀ ਦੇਣ 'ਤੇ ਸੱਤਾ ਕੋਲੋਂ ਸੁਰੱਖਿਆ, ਸਨਮਾਨ ਅਤੇ ਨਿਆਂ ਦੀ ਆਸ ਨਾ ਰੱਖਣ।

ਨਿਰਭੈ ਕਾਂਡ ਤੋਂ ਬਾਅਦ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਸੰਸਥਾਗਤ ਮਾਹੌਲ ਬਣਾਉਣ ਅਤੇ ਪੀੜਤ ਔਰਤਾਂ ਨੂੰ ਨਿਆਂ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਖ਼ਤ ਕਾਨੂੰਨ ਅਤੇ ਸੰਸਥਾਗਤ ਢਾਂਚੇ ਬਣਾਏ ਜਾਣ ਦਾ ਦਾਅਵਾ ਕੀਤਾ ਗਿਆ ਸੀ। ਪਹਿਲਵਾਨ ਕੁੜੀਆਂ ਦੇ ਕੇਸ ਨੇ ਦਿਖਾਇਆ ਕਿ ਇਸ ਨਾਲ ਵੀ ਔਰਤ ਵਿਰੋਧੀ ਹਾਲਾਤਾਂ 'ਚ ਕੋਈ ਫ਼ਰਕ ਨਹੀਂ ਪਿਆ। ਜਿਨਸੀ ਸ਼ੋਸ਼ਣ ਅਤੇ ਤੰਗ-ਪ੍ਰੇਸ਼ਾਨ ਤੇ ਬਲੈਕਮੇਲ ਕੀਤੇ ਜਾਣ ਦਾ ਵਰਤਾਰਾ ਸੱਤਾ ਦੀ ਸਿਖ਼ਰਲੀ ਦਰਜੇਬੰਦੀ ਤੱਕ ਫੈਲਿਆ ਹੋਇਆ ਹੈ। ਜੇਕਰ ਨਾਮਣਾ ਖੱਟਣ ਵਾਲੀਆਂ ਖਿਡਾਰਨਾਂ ਵੀ ਇਸ ਤੋਂ ਮਹਿਫ਼ੂਜ਼ ਨਹੀਂ ਤਾਂ ਆਮ ਔਰਤਾਂ ਦੀ ਨਿਤਾਣੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਲਈ ਬੁਨਿਆਦੀ ਸਵਾਲ ਇਹ ਨਹੀਂ ਹੈ ਕਿ ਇੱਕ ਫ਼ੌਜਦਾਰੀ ਮੁਕੱਦਮਾ ਸਫ਼ਲ ਹੋਇਆ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਕੋਈ ਖਿਡਾਰਨ ਆਪਣੇ ਕਰੀਅਰ, ਸਾਖ ਅਤੇ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਏ ਬਿਨਾਂ ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਕਰ ਸਕਦੀ ਹੈ? ਜਨਤਕ ਪ੍ਰਦਰਸ਼ਨਾਂ ਅਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਿਨਾਂ ਸ਼ਿਕਾਇਤ ਦਰਜ ਕਰਾਉਣਾ ਅੱਜ ਵੀ ਅਸੰਭਵ ਕਿਉਂ ਬਣਿਆ ਹੋਇਆ ਹੈ? ਇਨ੍ਹਾਂ ਪਹਿਲਵਾਨ ਕੁੜੀਆਂ ਅੱਗੇ ਲੰਮੀ ਲੜਾਈ ਹੈ ਜਿਸ ਦੌਰਾਨ ਉਨ੍ਹਾਂ ਉੱਪਰ ਤਰ੍ਹਾਂ-ਤਰ੍ਹਾਂ ਦੇ ਦਬਾਅ ਪੈਣਗੇ। ਇਨਸਾਫ਼ਪਸੰਦ ਲੋਕਾਈ ਦੀ ਲਗਾਤਾਰ ਨੈਤਿਕ ਹਮਾਇਤ ਇਹ ਲੜਾਈ ਜਾਰੀ ਰੱਖਣ ਲਈ ਬੇਹੱਦ ਜ਼ਰੂਰੀ ਹੈ।

## ਨਿਆਂ ਪ੍ਰਣਾਲੀ 'ਤੇ ਕਰਾਰਾ ਵਿਅੰਗ

**ਹਰਿਸ਼ੰਕਰ ਪਰਸਾਈ**

ਹੁਣ ਤੱਕ ਮੈਂ ਸੋਚਦਾ ਸੀ ਕਿ ਅਰਜੁਨ ਯੁੱਧ ਨਹੀਂ ਕਰਨਾ ਚਾਹੁੰਦਾ ਸੀ, ਪਰ ਕ੍ਰਿਸ਼ਨ ਨੇ ਉਸ ਤੋਂ ਜ਼ਬਰਦਸਤੀ ਲੜਾਈ ਕਰਵਾ ਦਿੱਤੀ। ਪਰ ਜੇਕਰ ਅਰਜੁਨ ਯੁੱਧ ਨਾ ਕਰਦਾ, ਤਾਂ ਕੀ ਕਰਦਾ? ਕਚਹਿਰੀ ਜਾਂਦਾ! ਜ਼ਮੀਨ ਦਾ ਮੁਕੱਦਮਾ ਦਾਇਰ ਕਰਦਾ? ਜੇਕਰ ਜੰਗਲ 'ਚੋਂ ਵਾਪਸ ਮੁੜੇ ਪਾਂਡਵ ਕਿਸੇ ਤਰ੍ਹਾਂ ਕੋਰਟ-ਫ਼ੀਸ ਦੇ ਵੀ ਦਿੰਦੇ, ਤਾਂ ਵਕੀਲਾਂ ਦੀ ਫ਼ੀਸ ਕਿੱਥੋਂ ਦਿੰਦੇ? ਗਵਾਹਾਂ ਨੂੰ ਪੈਸੇ ਕਿੱਥੋਂ ਦਿੰਦੇ? ਅਤੇ ਕਚਹਿਰੀ ਵਿੱਚ ਧਰਮਰਾਜ (ਯੁਧਿਸ਼ਠਰ) ਦਾ ਕੀ ਹਾਲ ਹੁੰਦਾ?

ਉਹ ਕਰੌਸ ਐਗਜ਼ਾਮੀਨੇਸ਼ਨ (ਜਿਰਹਾ) ਦੇ ਪਹਿਲੇ ਹੀ ਝਟਕੇ ਨਾਲ ਉੱਖੜ ਜਾਂਦੇ। ਸੱਚ ਬੋਲਣ ਵਾਲੇ ਵੀ ਭਲਾ ਕਿਤੇ ਮੁਕੱਦਮਾ ਲੜ ਸਕਦੇ ਹਨ। ਕਚਹਿਰੀ ਦੇ ਚੱਕਰਾਂ ਵਿਚ ਭੀਮ ਦੀ ਚਰਬੀ ਵੀ ਘਟ ਜਾਂਦੀ। ਯੁੱਧ ਵਿੱਚ ਤਾਂ ਅਠਾਰਾਂ ਦਿਨਾਂ ਵਿੱਚ ਫੈਸਲਾ ਹੋ ਗਿਆ; ਕਚਹਿਰੀ ਵਿੱਚ ਅਠਾਰਾਂ ਸਾਲ ਵੀ ਲੱਗ ਜਾਂਦੇ, ਅਤੇ ਜਿੱਤਦਾ ਦੁਰਯੋਧਨ ਹੀ, ਕਿਉਂਕਿ ਉਸ ਕੋਲ ਮਾਇਆ ਸੀ। ਸੱਚ ਸੂਖਮ ਹੈ, ਮਾਇਆ ਠੋਸ ਹੈ। ਨਿਆਂ ਦੇ ਦੇਵਤੇ ਨੂੰ ਮਾਇਆ ਦਿਖਾਈ ਦਿੰਦੀ ਹੈ; ਸੱਚ ਨਹੀਂ



ਦਿਸਦਾ। ਸ਼ਾਇਦ ਪਾਂਡਵ ਮੁਕੱਦਮਾ ਲੜਦੇ-ਲੜਦੇ ਹੀ ਮਰ ਜਾਂਦੇ, ਕਿਉਂਕਿ ਦੁਰਯੋਧਨ ਪੇਸ਼ੀ (ਤਾਰੀਕ) ਵਧਾਉਂਦਾ ਜਾਂਦਾ। ਪਾਂਡਵਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਲੜਦੇ, ਫਿਰ ਉਨ੍ਹਾਂ ਦੇ ਪੁੱਤਰ। ਬਹੁਤ ਚੰਗਾ ਕੀਤਾ ਕ੍ਰਿਸ਼ਨ ਨੇ ਜੋ ਅਰਜੁਨ ਨੂੰ ਲੜਵਾ ਕੇ ਅਠਾਰਾਂ ਦਿਨਾਂ ਵਿੱਚ ਫ਼ੈਸਲਾ ਕਰਵਾ ਦਿੱਤਾ। ਨਹੀਂ ਤਾਂ ਅੱਜ ਕੌਰਵਾਂ-ਪਾਂਡਵਾਂ ਦੀਆਂ ਅਜੋਕੀਆਂ ਪੀੜ੍ਹੀਆਂ ਕਿਸੇ ਦੀਵਾਨੀ ਕਚਹਿਰੀ ਵਿੱਚ ਉਹੀ ਮੁਕੱਦਮਾ ਲੜ ਰਹੀਆਂ ਹੁੰਦੀਆਂ।

(ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ)

# ਮੀਡੀਆ ਨਸਲਕੁਸ਼ੀ ਨੂੰ ਕਿਵੇਂ ਵੇਚਦਾ ਹੈ

*ਪੱਛਮੀ ਮੀਡੀਆ ਦੋਹਰੇ ਮਾਪਦੰਡ ਅਪਣਾ ਕੇ, ਸੈਂਸਰਸ਼ਿਪ ਲਗਾ ਕੇ, ਧੋਖੇਬਾਜ਼ ਭਾਸ਼ਾ ਵਰਤ ਕੇ, ਇਜ਼ਰਾਇਲੀ ਝੂਠਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਕੇ ਅਤੇ ਫ਼ਲਸਤੀਨੀਆਂ ਨੂੰ ਅਮਾਨਵੀ ਬਣਾ ਕੇ ਗ਼ਜ਼ਾ ਵਿੱਚ ਹੋ ਰਹੀ ਨਸਲਕੁਸ਼ੀ ਨੂੰ ਸੁਖਾਲਾ ਬਣਾਉਂਦਾ ਹੈ।*




**ਕ੍ਰਿਸ ਹੇਜਿਜ਼,**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਪੱਛਮੀ ਮੀਡੀਆ ਨਸਲਕੁਸ਼ੀ ਲਈ ਸਹਿਮਤੀ ਤਿਆਰ ਕਰਦਾ ਹੈ। ਉਹ ਇਜ਼ਰਾਈਲ ਦੇ ਦਹਾਕਿਆਂ ਪੁਰਾਣੇ ਫ਼ੌਜੀ ਕਬਜ਼ੇ ਅਤੇ ਨਸਲੀ ਵਿਤਕਰੇ ਨੂੰ ਆਮ ਗੱਲ ਬਣਾ ਕੇ ਪੇਸ਼ ਕਰਦਾ ਹੈ। ਉਹ ਕੌਮਾਂਤਰੀ ਕਾਨੂੰਨ ਦੀਆਂ ਇਜ਼ਰਾਈਲ ਵੱਲੋਂ ਕੀਤੀਆਂ ਜਾ ਰਹੀਆਂ ਸ਼ਰੇਆਮ ਉਲੰਘਣਾਵਾਂ ਨੂੰ ਗਾਇਬ ਕਰ ਦਿੰਦਾ ਹੈ। ਉਹ ਇਜ਼ਰਾਈਲ ਦੇ ਪੀੜਤ ਹੋਣ ਦੇ ਭਰਮ ਨੂੰ ਕਾਇਮ ਰੱਖਦਾ ਹੈ। ਉਹ ਗਾਜ਼ਾ ਵਿੱਚ ਫ਼ਲਸਤੀਨੀ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਦੇ ਕੰਮ ਨਾਲ ਵਿਸ਼ਵਾਸਘਾਤ ਕਰਦਾ ਹੈ, ਉਸ ਨੂੰ ਬਦਨਾਮ ਕਰਦਾ ਹੈ ਅਤੇ ਉਨ੍ਹਾਂ ਨੂੰ ਦੈਂਤਾਂ ਵਜੋਂ ਪੇਸ਼ ਕਰਦਾ ਹੈ। 7 ਅਕਤੂਬਰ, 2023 ਤੋਂ ਅਗਸਤ 2025 ਦਰਮਿਆਨ ਇਨ੍ਹਾਂ ਵਿੱਚੋਂ ਘੱਟੋ-ਘੱਟ 220 ਲੋਕਾਂ ਨੂੰ ਇਜ਼ਰਾਈਲ ਨੇ ਮਾਰ ਦਿੱਤਾ। ਉਹ ਇਜ਼ਰਾਈਲ ਦੀ ਸਖ਼ਤ ਸੈਂਸਰਸ਼ਿਪ ਨੂੰ ਦੱਬੂਪੁਣੇ ਨਾਲ ਸਵੀਕਾਰ ਕਰਦਾ ਹੈ। ਬਦੇਸ਼ੀ ਪੱਤਰਕਾਰਾਂ ਨੂੰ ਗਾਜ਼ਾ ਵਿੱਚ ਦਾਖ਼ਲ ਹੋਣ ਦੀ ਆਗਿਆ ਦੇਣ ਤੋਂ ਇਜ਼ਰਾਈਲ ਦੇ ਇਨਕਾਰ-ਜੋ ਉਸ ਦੀ ਆਪਣੇ ਜੰਗੀ ਜੁਰਮਾਂ ਨੂੰ ਲੁਕੋਣ ਦੀ ਕੋਸ਼ਿਸ਼ ਹੈ—ਵਿਰੁੱਧ ਉਹ ਸਿਰਫ਼ ਫਿੱਕੀਆਂ ਵਿਰੋਧ-ਚਿੱਠੀਆਂ ਲਿਖ ਕੇ ਚੁੱਪਚਾਪ ਸਹਿਮਤੀ ਦੇ ਦਿੰਦਾ ਹੈ। ਉਹ ਸੱਚਾਈ ਨੂੰ ਧੁੰਦਲਾ ਕਰਨ ਲਈ ਸਿਰ ਕੱਟੇ ਗਏ ਬੱਚਿਆਂ ਤੋਂ ਲੈ ਕੇ 7 ਅਕਤੂਬਰ ਨੂੰ ਇਜ਼ਰਾਇਲੀ ਔਰਤਾਂ ਦੇ ਵਿਆਪਕ ਜਿਨਸੀ ਸ਼ੋਸ਼ਣ ਤੱਕ ਦੇ ਇਜ਼ਰਾਇਲੀ ਝੂਠਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ।

ਗਾਜ਼ਾ ਬਾਰੇ ਲਿਖਦੇ ਸਮੇਂ ਕਿਰਿਆਵਾਂ ਦੀ ਵਰਤੋਂ ਕਰਮਵਾਚ ਵਿੱਚ ਕੀਤੀ ਜਾਂਦੀ ਹੈ। ਕੋਈ ਕਰਤਾ ਨਹੀਂ ਹੁੰਦਾ। ਕਿਸੇ ਦੀ ਜਵਾਬਦੇਹੀ ਨਹੀਂ ਹੁੰਦੀ। ਇੰਜ ਲੱਗਦਾ ਹੈ ਜਿਵੇਂ ਨਸਲਕੁਸ਼ੀ ਰੱਬ ਦਾ ਕੋਈ ਕੰਮ ਹੋਵੇ—ਭੂਚਾਲ ਜਾਂ ਸੁਨਾਮੀ ਨਾਲੋਂ ਵੱਖਰਾ ਨਹੀਂ। "ਹਿੰਸਾ ਦਾ ਚੱਕਰ" ਜਾਂ "ਝੜਪਾਂ" ਵਰਗੇ ਘਸੇ-ਪਿਟੇ ਵਾਕੰਸ਼ ਅਤੇ ਧੁੰਦਲੇ ਵਿਸ਼ੇਸ਼ਣ ਹਕੀਕਤ ਨੂੰ ਵਿਗਾੜਦੇ ਅਤੇ ਝੂਠਾ ਬਣਾਉਂਦੇ ਹਨ।

ਜਾਰਜ ਔਰਵੈੱਲ ਨੇ ਚਿਤਾਵਨੀ ਦਿੱਤੀ ਸੀ, "ਜੇ ਵਿਚਾਰ ਭਾਸ਼ਾ ਨੂੰ ਭ੍ਰਿਸ਼ਟ ਕਰਦਾ ਹੈ, ਤਾਂ ਭਾਸ਼ਾ ਵੀ ਵਿਚਾਰ ਨੂੰ ਭ੍ਰਿਸ਼ਟ ਕਰ ਸਕਦੀ ਹੈ। "ਨਸਲਕੁਸ਼ੀ, "ਅੱਤਿਆਚਾਰ, "ਨਸਲੀ ਸਫ਼ਾਇਆ" ਅਤੇ "ਕਬਜ਼ੇ ਹੇਠਲੇ ਇਲਾਕੇ" ਵਰਗੇ ਸ਼ਬਦ ਫ਼ਲਸਤੀਨੀਆਂ ਬਾਰੇ ਮੀਡੀਆ ਰਿਪੋਰਟਾਂ ਵਿੱਚੋਂ ਜਾਦੂਈ ਢੰਗ ਨਾਲ ਗਾਇਬ ਹੋ ਜਾਂਦੇ ਹਨ, ਜਦੋਂਕਿ ਉਨ੍ਹਾਂ ਦੇ ਵਿਰੋਧ ਨੂੰ ਬਾਕਾਇਦਾ "ਵਹਿਸ਼ੀ" ਅਤੇ "ਜੰਗਲੀ" ਦੱਸਿਆ ਜਾਂਦਾ ਹੈ। ਦੀ ਨਿਊਯਾਰਕ ਟਾਈਮਜ਼ ਦੇ ਪੱਤਰਕਾਰਾਂ ਨੂੰ ਸੰਪਾਦਕਾਂ ਵੱਲੋਂ ਹਦਾਇਤ ਕੀਤੀ ਜਾਂਦੀ ਹੈ ਕਿ ਫ਼ਲਸਤੀਨੀਆਂ ਦਾ ਜ਼ਿਕਰ ਕਰਦਿਆਂ ਉਹ "ਫ਼ਲਸਤੀਨ, "ਨਸਲਕੁਸ਼ੀ, "ਕਤਲੇਆਮ, "ਸ਼ਰਨਾਰਥੀ ਕੈਂਪ, "ਵੱਢ-ਟੁੱਕ" ਅਤੇ "ਹੱਤਿਆਕਾਂਡ" ਵਰਗੇ ਸ਼ਬਦਾਂ ਤੋਂ ਗੁਰੇਜ਼ ਕਰਨ।

ਮੀਡੀਆ ਇਜ਼ਰਾਈਲ ਵੱਲੋਂ ਪਰੋਸੀ ਗਈ ਹਰ ਗੱਲ ਨੂੰ ਗ਼ੁਲਾਮਾਂ ਵਾਂਗ ਦੁਹਰਾਉਂਦਾ ਹੈ। ਅੰਨ੍ਹੇਵਾਹ ਬੰਬਾਰੀ "ਸਟੀਕ ਹਵਾਈ ਹਮਲੇ" ਬਣ ਜਾਂਦੀ ਹੈ। ਅਕਾਲ ਨੂੰ ਹਥਿਆਰ ਵਜੋਂ ਵਰਤਣਾ "ਭੋਜਨ ਦੀ ਘਾਟ" ਬਣ ਜਾਂਦਾ ਹੈ। ਬੱਚਿਆਂ ਸਮੇਤ ਨਿਹੱਥੇ ਨਾਗਰਿਕਾਂ ਦਾ ਕਤਲ "ਝੜਪਾਂ" ਬਣ ਜਾਂਦੀ ਹੈ। ਪਹਾੜੀਆਂ ਦੀਆਂ ਚੋਟੀਆਂ ਉੱਤੇ ਬਣੇ ਯਹੂਦੀ ਬਸਤੀਕਾਰਾਂ ਦੇ ਕਿਲ੍ਹੇਨੁਮਾ ਅਹਾਤੇ "ਆਂਢ-ਗੁਆਂਢ" ਬਣ ਜਾਂਦੇ ਹਨ। ਕਿਸੇ ਪੱਤਰਕਾਰ ਜਾਂ ਡਾਕਟਰ ਦੀ ਨਿਆਂ ਤੋਂ ਬਾਹਰੀ ਹੱਤਿਆ "ਮੌਤ" ਬਣ ਜਾਂਦੀ ਹੈ। ਨਸਲਕੁਸ਼ੀ ਨੂੰ "ਇਜ਼ਰਾਈਲ-ਹਮਾਸ ਜੰਗ" ਕਹਿ ਕੇ "ਸਵੈ-ਰੱਖਿਆ" ਵਜੋਂ ਜਾਇਜ਼ ਠਹਿਰਾਇਆ ਜਾਂਦਾ ਹੈ ਅਤੇ ਇਸ ਨੂੰ ਇਜ਼ਰਾਈਲ ਦੇ "ਆਪਣੀ ਰੱਖਿਆ ਕਰਨ ਦੇ ਅਧਿਕਾਰ" ਵਾਲੇ ਮੰਤਰ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ। ਜਦੋਂ ਸਕੂਲਾਂ, ਹਸਪਤਾਲਾਂ, ਕਲੀਨਿਕਾਂ, ਐਂਬੂਲੈਂਸਾਂ, ਮਸਜਿਦਾਂ, ਗਿਰਜਾਘਰਾਂ ਅਤੇ ਹੋਰ ਨਾਗਰਿਕ ਟਿਕਾਣਿਆਂ ਨੂੰ ਤਬਾਹ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ "ਹਮਾਸ ਦੇ ਕਮਾਂਡ ਕੇਂਦਰ" ਦੱਸਿਆ ਜਾਂਦਾ ਹੈ ਜਾਂ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਹਮਾਸ "ਨਾਗਰਿਕਾਂ ਨੂੰ ਮਨੁੱਖੀ ਢਾਲ ਵਜੋਂ ਵਰਤ ਰਿਹਾ ਸੀ।" ਜਦੋਂਕਿ ਇਜ਼ਰਾਈਲ ਖ਼ੁਦ ਬਾਕਾਇਦਾ ਇਹ ਕੰਮ ਕਰਦਾ ਹੈ—ਫ਼ੌਜ ਹਿਰਾਸਤ ਵਿੱਚ ਲਏ ਫ਼ਲਸਤੀਨੀਆਂ ਨੂੰ ਨੂੜਦੀ ਹੈ ਅਤੇ ਇਜ਼ਰਾਇਲੀ ਫ਼ੌਜੀਆਂ ਤੋਂ ਅੱਗੇ ਸੰਭਾਵੀ ਬਾਰੂਦੀ ਜਾਲ ਵਾਲੀਆਂ ਇਮਾਰਤਾਂ ਅਤੇ ਸੁਰੰਗਾਂ ਵਿੱਚ ਦਾਖ਼ਲ ਹੋਣ ਲਈ ਮਜਬੂਰ ਕਰਦੀ ਹੈ।

ਹਮਾਸ ਵੱਲੋਂ ਫੜੇ ਗਏ ਇਜ਼ਰਾਇਲੀ "ਬੰਧਕ" ਕਹਾਉਂਦੇ ਹਨ, ਭਾਵੇਂ ਉਹ ਫ਼ੌਜ ਵਿੱਚ ਸੇਵਾ ਕਰਦੇ ਹੋਣ। ਦੂਜੇ ਪਾਸੇ, ਬੱਚਿਆਂ ਸਮੇਤ ਜਿਨ੍ਹਾਂ ਫ਼ਲਸਤੀਨੀਆਂ ਨੂੰ ਬਿਨਾਂ ਦੋਸ਼ ਜਾਂ ਮੁਕੱਦਮੇ ਦੇ ਫੜ ਕੇ ਇਜ਼ਰਾਇਲੀ ਹਿਰਾਸਤੀ ਕੇਂਦਰਾਂ ਵਿੱਚ ਗਾਇਬ ਕਰ ਦਿੱਤਾ ਜਾਂਦਾ ਹੈ—ਜਿੱਥੇ ਤਸ਼ੱਦਦ "ਵਿਆਪਕ" ਅਤੇ "ਯੋਜਨਾਬੱਧ" ਹੈ—ਉਨ੍ਹਾਂ ਨੂੰ "ਕੈਦੀ" ਕਿਹਾ ਜਾਂਦਾ ਹੈ।

ਤੰਬੂਆਂ ਦੀਆਂ ਬਸਤੀਆਂ ਜਾਂ ਹਸਪਤਾਲਾਂ ਉੱਤੇ ਮਿਜ਼ਾਈਲ ਹਮਲਿਆਂ ਦਾ ਦੋਸ਼ ਫ਼ਲਸਤੀਨੀ ਹਥਿਆਰਬੰਦ ਗਰੁੱਪਾਂ ਵੱਲੋਂ ਦਾਗ਼ੇ ਦਿਸ਼ਾ ਤੋਂ ਭਟਕੇ ਰਾਕਟਾਂ ਉੱਤੇ ਮੜ੍ਹ ਦਿੱਤਾ ਜਾਂਦਾ ਹੈ। ਜੇ ਇਜ਼ਰਾਈਲ ਇਨ੍ਹਾਂ ਹਮਲਿਆਂ ਨੂੰ ਮੰਨਦਾ ਵੀ ਹੈ—ਜੋ ਕਿ ਬਹੁਤ ਘੱਟ ਹੁੰਦਾ ਹੈ—ਤਾਂ ਉਨ੍ਹਾਂ ਨੂੰ "ਦੁਖਦਾਈ ਗ਼ਲਤੀ" ਦੱਸਿਆ ਜਾਂਦਾ ਹੈ।

ਗਾਜ਼ਾ ਦੀਆਂ ਨਾਗਰਿਕ ਸੰਸਥਾਵਾਂ ਨੂੰ "ਹਮਾਸ ਵੱਲੋਂ ਚਲਾਈਆਂ ਜਾਂਦੀਆਂ" ਦੱਸ ਕੇ ਉਨ੍ਹਾਂ ਦੀਆਂ ਰਿਪੋਰਟਾਂ ਦੀ ਸੱਚਾਈ ਉੱਤੇ ਸ਼ੱਕ ਪੈਦਾ ਕੀਤਾ ਜਾਂਦਾ ਹੈ। ਦੀ ਨਿਊਯਾਰਕ ਟਾਈਮਜ਼ ਗਾਜ਼ਾ ਸਿਹਤ ਮੰਤਰਾਲੇ ਦੇ ਐਲਾਨਾਂ ਨਾਲ ਬਾਕਾਇਦਾ ਇਹ ਜੋੜਦਾ ਹੈ ਕਿ ਮੰਤਰਾਲਾ "ਨਾਗਰਿਕਾਂ ਅਤੇ ਲੜਾਕਿਆਂ ਵਿਚਕਾਰ ਫ਼ਰਕ ਨਹੀਂ ਕਰਦਾ, ਜਿਸ ਨਾਲ ਹਜ਼ਾਰਾਂ ਨਾਗਰਿਕਾਂ ਦੇ ਕਤਲੇਆਮ ਉੱਤੇ ਪਰਦਾ ਪੈ ਜਾਂਦਾ ਹੈ।

ਇਸ ਦਾ ਨਤੀਜਾ ਪੱਤਰਕਾਰੀ ਦੇ ਇਤਿਹਾਸ ਦੀ ਸਭ ਤੋਂ ਵੱਧ ਉਲਝੀ ਹੋਈ ਲਿਖਤ ਵਜੋਂ ਸਾਹਮਣੇ ਆਉਂਦਾ ਹੈ। ਇਸ ਦੀ ਇੱਕ ਮਿਸਾਲ ਦੀ ਨਿਊਯਾਰਕ ਟਾਈਮਜ਼ ਦੀ 5 ਨਵੰਬਰ, 2023 ਦੀ ਇਹ ਸੁਰਖੀ ਹੈ: "ਗਾਜ਼ਾਵਾਸੀਆਂ ਅਨੁਸਾਰ ਹਵਾਈ ਹਮਲਾ ਦੱਸੇ ਗਏ ਧਮਾਕਿਆਂ ਕਾਰਨ ਸੰਘਣੀ ਆਬਾਦੀ ਵਾਲੇ ਇਲਾਕੇ ਵਿੱਚ ਬਹੁਤ ਸਾਰੇ ਲੋਕ ਜ਼ਖ਼ਮੀ ਜਾਂ ਮਾਰੇ ਗਏ।

ਮੈਂ ਆਪਣੇ ਕਾਲਮ ਫ਼ਲਸਤੀਨੀ ਪੱਤਰਕਾਰਾਂ ਨਾਲ ਵਿਸ਼ਵਾਸਘਾਤ ਵਿੱਚ ਪੁੱਛਿਆ ਸੀ:

"ਜਦੋਂ ਮਿਡਲ ਈਸਟ ਆਈ ਦੇ ਪੱਤਰਕਾਰ ਮੁਹੰਮਦ ਸਲਾਮਾ ਅਤੇ ਅਹਿਮਦ ਅਬੂ ਅਜ਼ੀਜ਼, ਰਾਇਟਰਜ਼ ਦੇ ਫ਼ੋਟੋ-ਪੱਤਰਕਾਰ ਹੁਸਾਮ ਅਲ-ਮਸਰੀ ਅਤੇ ਆਜ਼ਾਦ ਪੱਤਰਕਾਰ ਮੋਅਜ਼ ਅਬੂ ਤਾਹਾ ਤੇ ਮਰੀਅਮ ਦੱਗਾ—ਜਿਨ੍ਹਾਂ ਨੇ ਐਸੋਸੀਏਟਿਡ ਪ੍ਰੈੱਸ ਸਮੇਤ ਕਈ ਮੀਡੀਆ ਸੰਸਥਾਵਾਂ ਨਾਲ ਕੰਮ ਕੀਤਾ ਸੀ—ਨਾਸਿਰ ਮੈਡੀਕਲ ਕੰਪਲੈਕਸ ਉੱਤੇ 'ਡਬਲ ਟੈਪ' ਹਮਲੇ ਵਿੱਚ ਮਾਰੇ ਗਏ, ਤਾਂ ਪੱਛਮੀ ਖ਼ਬਰ ਏਜੰਸੀਆਂ ਨੇ ਕਿਹੋ ਜਿਹੀ ਪ੍ਰਤੀਕਿਰਿਆ ਦਿੱਤੀ?" 'ਡਬਲ ਟੈਪ' ਹਮਲਾ ਸ਼ੁਰੂਆਤੀ ਹਮਲੇ ਦੇ ਪੀੜਤਾਂ ਦਾ ਇਲਾਜ ਕਰਨ ਪਹੁੰਚੇ ਬਚਾਅ ਕਰਮੀਆਂ ਨੂੰ ਮਾਰਨ ਲਈ ਕੀਤਾ ਜਾਂਦਾ ਹੈ।

ਐਸੋਸੀਏਟਿਡ ਪ੍ਰੈੱਸ ਨੇ ਰਿਪੋਰਟ ਕੀਤਾ, "ਇਜ਼ਰਾਇਲੀ ਫ਼ੌਜ ਦਾ ਕਹਿਣਾ ਹੈ ਕਿ ਗਾਜ਼ਾ ਹਸਪਤਾਲ ਉੱਤੇ ਹਮਲਿਆਂ ਵਿੱਚ ਉਸ ਚੀਜ਼ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਨੂੰ ਉਹ ਹਮਾਸ ਦਾ ਕੈਮਰਾ ਦੱਸਦੀ ਹੈ।

ਸੀਐੱਨਐੱਨ ਨੇ ਐਲਾਨ ਕੀਤਾ, ਆਈਡੀਐੱਫ਼ ਦਾ ਦਾਅਵਾ ਹੈ ਕਿ ਹਸਪਤਾਲ ਉੱਤੇ ਹਮਲਾ ਹਮਾਸ ਦੇ ਕੈਮਰੇ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ।

ਉਹ ਕੈਮਰਾ ਰਾਇਟਰਜ਼ ਦਾ ਸੀ। ਰਾਇਟਰਜ਼ ਨੇ ਕਿਹਾ ਕਿ ਇਜ਼ਰਾਈਲ ਨੂੰ "ਪੂਰੀ ਤਰ੍ਹਾਂ ਪਤਾ" ਸੀ ਕਿ ਖ਼ਬਰ ਏਜੰਸੀ ਹਸਪਤਾਲ ਤੋਂ ਫ਼ਿਲਮ ਬਣਾ ਰਹੀ ਸੀ।

ਮੈਂ ਪੁੱਛਿਆ, "ਜਦੋਂ ਅਲ ਜਜ਼ੀਰਾ ਦੇ ਪੱਤਰਕਾਰ ਅਨਸ ਅਲ-ਸ਼ਰੀਫ਼ ਅਤੇ ਤਿੰਨ ਹੋਰ ਪੱਤਰਕਾਰ 10 ਅਗਸਤ ਨੂੰ ਅਲ-ਸ਼ਿਫ਼ਾ ਹਸਪਤਾਲ ਨੇੜੇ ਆਪਣੇ ਮੀਡੀਆ ਤੰਬੂ ਵਿੱਚ ਮਾਰੇ ਗਏ, ਤਾਂ ਪੱਛਮੀ ਪ੍ਰੈੱਸ ਨੇ ਇਸ ਦੀ ਰਿਪੋਰਟਿੰਗ ਕਿਵੇਂ ਕੀਤੀ?

ਰਾਇਟਰਜ਼ ਨੇ ਆਪਣੀ ਖ਼ਬਰ ਦਾ ਸਿਰਲੇਖ ਦਿੱਤਾ, "ਇਜ਼ਰਾਈਲ ਨੇ ਅਲ ਜਜ਼ੀਰਾ ਦੇ ਉਸ ਪੱਤਰਕਾਰ ਨੂੰ ਮਾਰ ਦਿੱਤਾ, ਜਿਸ ਨੂੰ ਉਹ ਹਮਾਸ ਆਗੂ ਦੱਸਦਾ ਹੈ।" ਇਹ ਇਸ ਤੱਥ ਦੇ ਬਾਵਜੂਦ ਕੀਤਾ ਗਿਆ ਕਿ ਅਲ-ਸ਼ਰੀਫ਼ ਰਾਇਟਰਜ਼ ਦੀ ਉਸ ਟੀਮ ਦਾ ਹਿੱਸਾ ਸੀ, ਜਿਸ ਨੇ 2024 ਵਿੱਚ ਪੁਲਿਤਜ਼ਰ ਪੁਰਸਕਾਰ ਜਿੱਤਿਆ ਸੀ।

ਜਰਮਨ ਅਖ਼ਬਾਰ ਬਿਲਡ ਨੇ ਪਹਿਲੇ ਸਫ਼ੇ ਉੱਤੇ ਇਹ ਸੁਰਖੀ ਛਾਪੀ: ਪੱਤਰਕਾਰ ਦਾ ਭੇਸ ਧਾਰਨ ਵਾਲਾ ਅੱਤਵਾਦੀ ਗਾਜ਼ਾ ਵਿੱਚ ਮਾਰਿਆ ਗਿਆ।

ਅਸਾਲ ਰਾਦ ਆਪਣੀ ਕਿਤਾਬ ਡੋਂਟ ਸੇ ਫ਼ਲਸਤੀਨ: ਹਾਉ ਦਿ ਮੀਡੀਆ ਮੈਨੂਫੈਕਚਰਡ ਕਨਸੈਂਟ ਫ਼ਾਰ ਜੇਨੋਸਾਈਡ ਵਿੱਚ ਲਿਖਦੀ ਹੈ:

"ਮੀਡੀਆ ਵੱਲੋਂ ਕੀਤੀਆਂ ਭਾਸ਼ਾਈ ਕਲਾਬਾਜ਼ੀਆਂ ਸ਼ਬਦਾਂ ਨੂੰ ਮੁੜ ਪਰਿਭਾਸ਼ਿਤ ਕਰਕੇ ਉਨ੍ਹਾਂ ਨੂੰ ਅਰਥਹੀਣ ਬਣਾਉਣ ਦੀ ਹੱਦ ਤੱਕ ਪਹੁੰਚ ਗਈਆਂ। ਮੁੱਖਧਾਰਾ ਮੀਡੀਆ ਇਜ਼ਰਾਈਲ ਵੱਲੋਂ ਵਾਰ-ਵਾਰ ਜੰਗਬੰਦੀ ਦੀ ਉਲੰਘਣਾ ਕਰਨ ਨੂੰ ਉਲੰਘਣਾ ਵਾਲੀ ਭਾਸ਼ਾ ਵਿੱਚ ਬਿਆਨ ਕਰਨ ਵਿੱਚ ਨਾਕਾਮ ਰਿਹਾ। ਇਸ ਦੀ ਥਾਂ ਕਵਰੇਜ ਨੇ ਇਜ਼ਰਾਇਲੀ ਹਮਲਿਆਂ ਨੂੰ ਤਰਕਸੰਗਤ ਠਹਿਰਾਉਣ ਅਤੇ ਉਸ ਦੀਆਂ ਕਾਰਵਾਈਆਂ ਨੂੰ ਜਾਇਜ਼ ਸਾਬਤ ਕਰਨ ਲਈ ਇਜ਼ਰਾਇਲੀ ਦਾਅਵਿਆਂ ਨੂੰ ਬਿਨਾਂ ਆਲੋਚਨਾ ਕੀਤੇ ਦੁਹਰਾਉਣ ਦਾ ਉਹੀ ਢੰਗ ਅਪਣਾਇਆ। 'ਜੰਗਬੰਦੀ' ਦੌਰਾਨ ਫ਼ਲਸਤੀਨੀਆਂ ਦੇ ਕਤਲ ਜਾਰੀ ਰਹੇ ਅਤੇ ਸਹਾਇਤਾ ਦੀ ਸਪਲਾਈ ਨਾ ਤਾਂ ਲੋੜੀਂਦੇ ਪੱਧਰ ਤੱਕ ਪਹੁੰਚੀ ਅਤੇ ਨਾ ਹੀ ਸਹਿਮਤ ਮਾਤਰਾ ਤੱਕ ਪਹੁੰਚੀ। ਫਿਰ ਵੀ ਪੱਛਮੀ ਮੀਡੀਆ ਨੇ ਇਨ੍ਹਾਂ ਸ਼ਰੇਆਮ ਉਲੰਘਣਾਵਾਂ ਨੂੰ 'ਡਾਵਾਂਡੋਲ ਜੰਗਬੰਦੀ' ਦੇ 'ਇਮਤਿਹਾਨ' ਜਾਂ 'ਚੁਣੌਤੀਆਂ' ਵਜੋਂ ਪੇਸ਼ ਕੀਤਾ। ਐਮਨੈਸਟੀ ਇੰਟਰਨੈਸ਼ਨਲ ਵਰਗੀਆਂ ਪ੍ਰਮੁੱਖ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਚੇਤਾਵਨੀ ਦੇ ਬਾਵਜੂਦ ਕਿ ਨਸਲਕੁਸ਼ੀ ਅਸਲ ਵਿੱਚ ਖ਼ਤਮ ਨਹੀਂ ਹੋਈ ਸੀ, ਰਵਾਇਤੀ ਮੀਡੀਆ ਇਸ ਨੂੰ 'ਨਾਜ਼ੁਕ ਜੰਗਬੰਦੀ' ਵਾਲੀ ਜੰਗ ਵਜੋਂ ਪੇਸ਼ ਕਰਦਾ ਰਿਹਾ।

ਸ਼ਬਦ ਮਾਇਨੇ ਰੱਖਦੇ ਹਨ। ਸ਼ਬਦ ਕਾਰਵਾਈਆਂ ਨੂੰ ਜਾਇਜ਼ ਠਹਿਰਾਉਂਦੇ ਹਨ। ਜੇ ਕੋਈ ਨਸਲਕੁਸ਼ੀ ਨਹੀਂ ਹੋ ਰਹੀ ਅਤੇ ਇਜ਼ਰਾਈਲ ਜੰਗ ਵਿੱਚ ਆਪਣੀ ਰੱਖਿਆ ਕਰ ਰਿਹਾ ਹੈ, ਤਾਂ ਅਮਰੀਕਾ ਅਤੇ ਇਜ਼ਰਾਈਲ ਦੇ ਯੂਰਪੀ ਸਹਿਯੋਗੀਆਂ ਨੂੰ ਅਰਬਾਂ ਡਾਲਰਾਂ ਦੀ ਫ਼ੌਜੀ ਸਹਾਇਤਾ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ। ਜੇ ਇਹ ਜੰਗ 7 ਅਕਤੂਬਰ ਨੂੰ ਹਮਾਸ ਨੇ ਸ਼ੁਰੂ ਕੀਤੀ ਸੀ, ਤਾਂ ਗਾਜ਼ਾ ਦੀ ਤਬਾਹੀ ਅਤੇ ਇਜ਼ਰਾਈਲ ਵੱਲੋਂ ਕੀਤੇ ਗਏ ਸਮੂਹਿਕ ਕਤਲੇਆਮ ਉੱਤੇ ਹਮਾਸ ਦੇ ਹਮਲੇ ਦੇ ਅਫ਼ਸੋਸਨਾਕ ਨਤੀਜੇ ਵਜੋਂ ਦੁੱਖ ਪ੍ਰਗਟ ਕੀਤਾ ਜਾ ਸਕਦਾ ਹੈ।

ਭਾਸ਼ਾ ਦਾ ਇਹ ਭ੍ਰਿਸ਼ਟਾਚਾਰ, ਜਿਵੇਂ ਔਰਵੈੱਲ ਨੇ ਕਿਹਾ ਸੀ, ਉਸ ਚੀਜ਼ ਦਾ ਬਚਾਅ ਕਰਨ ਲਈ ਰਚਿਆ ਜਾਂਦਾ ਹੈ ਜਿਸ ਦਾ ਬਚਾਅ ਨਹੀਂ ਕੀਤਾ ਜਾ ਸਕਦਾ:

"ਭਾਰਤ ਵਿੱਚ ਬਰਤਾਨਵੀ ਰਾਜ ਜਾਰੀ ਰੱਖਣ, ਰੂਸ ਵਿੱਚ ਸ਼ੁੱਧੀਕਰਨ ਅਤੇ ਦੇਸ਼-ਨਿਕਾਲੇ ਅਤੇ ਜਪਾਨ ਉੱਤੇ ਐਟਮ ਬੰਬ ਸੁੱਟਣ ਵਰਗੀਆਂ ਚੀਜ਼ਾਂ ਦਾ ਅਸਲ ਵਿੱਚ ਬਚਾਅ ਕੀਤਾ ਜਾ ਸਕਦਾ ਹੈ, ਪਰ ਸਿਰਫ਼ ਅਜਿਹੀਆਂ ਦਲੀਲਾਂ ਨਾਲ ਜਿਹੜੀਆਂ ਬਹੁਤੇ ਲੋਕਾਂ ਲਈ ਸਾਹਮਣਾ ਕਰਨ ਵਾਸਤੇ ਬਹੁਤ ਬੇਰਹਿਮ ਹਨ ਅਤੇ ਸਿਆਸੀ ਪਾਰਟੀਆਂ ਦੇ ਐਲਾਨੇ ਉਦੇਸ਼ਾਂ ਨਾਲ ਮੇਲ ਨਹੀਂ ਖਾਂਦੀਆਂ। ਇਸ ਲਈ ਸਿਆਸੀ ਭਾਸ਼ਾ ਵਿੱਚ ਮੁੱਖ ਤੌਰ ਉੱਤੇ ਸੁਹਣੇ ਸ਼ਬਦਾਂ ਵਿੱਚ ਲਪੇਟੀਆਂ ਗੱਲਾਂ, ਪਹਿਲਾਂ ਹੀ ਸਿੱਟਾ ਮੰਨ ਲੈਣ ਵਾਲੀਆਂ ਦਲੀਲਾਂ ਅਤੇ ਬਿਲਕੁਲ ਧੁੰਦਲੀ ਅਸਪਸ਼ਟਤਾ ਸ਼ਾਮਲ ਹੁੰਦੀ ਹੈ। ਬੇਸਹਾਰਾ ਪਿੰਡਾਂ ਉੱਤੇ ਹਵਾਈ ਬੰਬਾਰੀ ਕੀਤੀ ਜਾਂਦੀ ਹੈ, ਵਸਨੀਕਾਂ ਨੂੰ ਪੇਂਡੂ ਇਲਾਕਿਆਂ ਵਿੱਚ ਖਦੇੜ ਦਿੱਤਾ ਜਾਂਦਾ ਹੈ, ਪਸ਼ੂਆਂ ਉੱਤੇ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਝੌਂਪੜੀਆਂ ਨੂੰ ਅੱਗ ਲਾਉਣ ਵਾਲੀਆਂ ਗੋਲੀਆਂ ਨਾਲ ਸਾੜ ਦਿੱਤਾ ਜਾਂਦਾ ਹੈ—ਇਸ ਨੂੰ 'ਸ਼ਾਂਤੀ ਕਾਇਮ ਕਰਨਾ' ਕਿਹਾ ਜਾਂਦਾ ਹੈ। ਲੱਖਾਂ ਕਿਸਾਨਾਂ ਤੋਂ ਉਨ੍ਹਾਂ ਦੇ ਖੇਤ ਖੋਹ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਓਨਾ ਹੀ ਸਾਮਾਨ ਚੁੱਕ ਕੇ ਸੜਕਾਂ ਉੱਤੇ ਤੁਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਿੰਨਾ ਉਹ ਚੁੱਕ ਸਕਦੇ ਹਨ—ਇਸ ਨੂੰ 'ਆਬਾਦੀ ਦਾ ਤਬਾਦਲਾ' ਜਾਂ 'ਸਰਹੱਦਾਂ ਦੀ ਦਰੁਸਤੀ' ਕਿਹਾ ਜਾਂਦਾ ਹੈ। ਲੋਕਾਂ ਨੂੰ ਬਿਨਾਂ ਮੁਕੱਦਮੇ ਦੇ ਸਾਲਾਂ ਤੱਕ ਕੈਦ ਰੱਖਿਆ ਜਾਂਦਾ ਹੈ, ਗਰਦਨ ਦੇ ਪਿਛਲੇ ਪਾਸੇ ਗੋਲੀ ਮਾਰ ਦਿੱਤੀ ਜਾਂਦੀ ਹੈ ਜਾਂ ਆਰਕਟਿਕ ਖੇਤਰ ਦੇ ਲੱਕੜ ਕੈਂਪਾਂ ਵਿੱਚ ਸਕਰਵੀ (ਭੋਜਨ ਵਿਚ ਵਿਟਾਮਿਨ ਸੀ ਦੀ ਘਾਟ ਨਾਲ ਹੋਣ ਵਾਲੀ ਬੀਮਾਰੀ) ਨਾਲ ਮਰਨ ਲਈ ਭੇਜ ਦਿੱਤਾ ਜਾਂਦਾ ਹੈ—ਇਸ ਨੂੰ 'ਗ਼ੈਰ-ਭਰੋਸੇਯੋਗ ਅਨਸਰਾਂ ਦਾ ਖ਼ਾਤਮਾ' ਕਿਹਾ ਜਾਂਦਾ ਹੈ।

**ਐਡਮ ਜੌਨਸਨ ਨੇ ਹਾਉ ਟੂ ਸੈੱਲ ਏ ਜੇਨੋਸਾਈਡ:** ਦਿ ਮੀਡੀਆਜ਼ ਕੰਪਲਿਸਿਟੀ ਇਨ ਦਿ ਡਿਸਟਰਕਸ਼ਨ ਆਫ਼ ਗਾਜ਼ਾ ਵਿੱਚ ਦੀ ਨਿਊਯਾਰਕ ਟਾਈਮਜ਼, ਦੀ ਵਾਸ਼ਿੰਗਟਨ ਪੋਸਟ, ਸੀਐੱਨਐੱਨ.ਕਾਮ, ਪੋਲਿਟਿਕੋ, ਐਕਸੀਓਸ, ਯੂ.ਐੱਸ.ਏ. ਟੁਡੇ ਅਤੇ ਐਸੋਸੀਏਟਿਡ ਪ੍ਰੈੱਸ ਦੇ 12,000 ਤੋਂ ਵੱਧ ਲੇਖਾਂ ਅਤੇ ਸੀ.ਐੱਨ.ਐੱਨ. ਤੇ ਐੱਮ.ਐੱਸ.ਐੱਨ.ਬੀ.ਸੀ. ਉੱਤੇ ਪ੍ਰਸਾਰਿਤ 5,000 ਟੀਵੀ ਹਿੱਸਿਆਂ ਦਾ ਅਧਿਐਨ ਕੀਤਾ। ਧਿਆਨ ਨਾਲ ਕੀਤੀ ਖੋਜ ਉੱਤੇ ਆਧਾਰਤ ਉਸ ਦੀ ਕਿਤਾਬ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਵਾਲੇ "ਉਦਾਰਵਾਦੀ" ਮੀਡੀਆ ਵਿਰੁੱਧ ਗੰਭੀਰ ਦੋਸ਼-ਪੱਤਰ ਹੈ।

ਸੀ.ਐੱਨ.ਐੱਨ. ਅਤੇ ਦੀ ਨਿਊਯਾਰਕ ਟਾਈਮਜ਼ ਨੇ ਆਪਣੇ ਸੰਪਾਦਕਾਂ ਅਤੇ ਪੱਤਰਕਾਰਾਂ ਨੂੰ ਹਦਾਇਤ ਕੀਤੀ ਸੀ ਕਿ ਕਿਸੇ ਹਮਲੇ ਲਈ ਇਜ਼ਰਾਈਲ ਨੂੰ ਉਦੋਂ ਹੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਜਦੋਂ ਆਈ.ਡੀ.ਐੱਫ. ਅਤੇ ਜੀ.ਪੀ.ਐੱਸ. ਦੇ ਤਾਲਮੇਲ ਕਰਤਾਵਾਂ ਤੋਂ ਪੁਸ਼ਟੀ ਹੋ ਜਾਵੇ। ਜੌਨਸਨ ਸੀ.ਐੱਨ.ਐੱਨ. ਦੇ ਇੱਕ ਸੂਤਰ ਦਾ ਹਵਾਲਾ ਦਿੰਦਾ ਹੈ:

"ਚਾਹੇ ਨਿਊਜ਼ ਰੂਮ ਹੋਵੇ ਜਾਂ ਘਟਨਾ ਸਥਾਨ, ਅਸੀਂ ਕਿਸੇ ਵੀ ਚੀਜ਼ ਦਾ ਦੋਸ਼ ਇਜ਼ਰਾਈਲ ਨੂੰ ਉਦੋਂ ਤੱਕ ਨਹੀਂ ਦੇ ਸਕਦੇ ਸੀ, ਜਦੋਂ ਤੱਕ ਅਸੀਂ ਇਸ ਅਸੰਭਵ ਤੌਰ ਉੱਤੇ ਉੱਚੇ ਮਾਪਦੰਡ ਨੂੰ ਪੂਰਾ ਨਾ ਕਰ ਲਈਏ—ਸਾਨੂੰ ਉਸ ਨੂੰ ਉਦੋਂ ਤੱਕ 'ਧਮਾਕਾ' ਕਹਿਣਾ ਪੈਂਦਾ ਸੀ, ਜਦੋਂ ਤੱਕ ਧਮਾਕੇ ਵਾਲੀ ਥਾਂ ਦੀ ਭੂਗੋਲਿਕ ਸਥਿਤੀ ਤੈਅ ਨਾ ਕਰ ਲਈਏ, ਉਸ ਦੇ ਤਾਲਮੇਲ ਕਰਤਾ ਇਜ਼ਰਾਈਲੀਆਂ ਨੂੰ ਨਾ ਭੇਜ ਦੇਈਏ ਅਤੇ ਉਨ੍ਹਾਂ ਤੋਂ ਪ੍ਰਤੀਕਿਰਿਆ ਨਾ ਮੰਗ ਲਈਏ।

ਜੌਨਸਨ ਦੀ ਕਿਤਾਬ ਬਾਰੇ ਉਸ ਦਾ ਇੰਟਰਵਿਊ ਦੀ ਇਲੈਕਟ੍ਰਾਨਿਕ ਇੰਤਿਫ਼ਾਦਾ ਉੱਤੇ ਦੇਖਿਆ ਜਾ ਸਕਦਾ ਹੈ।

ਇਜ਼ਰਾਈਲ ਅਤੇ ਫ਼ਲਸਤੀਨ ਬਾਰੇ ਰਿਪੋਰਟ ਕਰਨ ਵਾਲੇ ਸੀ.ਐੱਨ.ਐੱਨ. ਪੱਤਰਕਾਰਾਂ ਨੂੰ ਪ੍ਰਸਾਰਣ ਤੋਂ ਪਹਿਲਾਂ ਆਪਣਾ ਕੰਮ ਸਮੀਖਿਆ ਲਈ ਨੈੱਟਵਰਕ ਦੇ ਯੇਰੂਸ਼ਲਮ ਬਿਊਰੋ ਕੋਲ ਭੇਜਣਾ ਪੈਂਦਾ ਹੈ। ਇਜ਼ਰਾਈਲ ਦੇ ਸਾਰੇ ਖ਼ਬਰ ਬਿਊਰੋਆਂ ਵਾਂਗ ਸੀ.ਐੱਨ.ਐੱਨ. ਦਾ ਬਿਊਰੋ ਵੀ ਇਜ਼ਰਾਇਲੀ ਫ਼ੌਜੀ ਸੈਂਸਰਾਂ ਵੱਲੋਂ ਲਗਾਈਆਂ ਪਾਬੰਦੀਆਂ ਦੀ ਪਾਲਣਾ ਕਰਨ ਲਈ ਮਜਬੂਰ ਹੈ।

ਸੀ.ਐੱਨ.ਐੱਨ. ਅਤੇ ਹੋਰ ਰਵਾਇਤੀ ਮੀਡੀਆ ਅਦਾਰਿਆਂ ਵਿੱਚ ਆਉਣ ਵਾਲੇ ਗਿਣੇ-ਚੁਣੇ ਫ਼ਲਸਤੀਨੀਆਂ ਤੋਂ ਬਾਕਾਇਦਾ-ਅਕਸਰ ਪ੍ਰਸਾਰਣ ਦੀ ਆਗਿਆ ਮਿਲਣ ਤੋਂ ਪਹਿਲਾਂ ਹੀ-ਪੁੱਛਿਆ ਜਾਂਦਾ ਹੈ ਕਿ ਕੀ ਉਹ ਹਮਾਸ ਦੀ "ਨਿੰਦਾ" ਕਰਦੇ ਹਨ। ਇਜ਼ਰਾਈਲ ਦੀ ਮਾਮੂਲੀ ਆਲੋਚਨਾ ਕਰਨ ਵਾਲੇ ਮਹਿਮਾਨਾਂ ਤੋਂ ਵੀ ਪੁੱਛਿਆ ਜਾਂਦਾ ਹੈ ਕਿ ਕੀ ਇਜ਼ਰਾਈਲ ਨੂੰ "ਹੋਂਦ ਵਿੱਚ ਰਹਿਣ ਦਾ ਅਧਿਕਾਰ ਹੈ।

ਕਿਸੇ ਨੂੰ ਕਦੇ ਨਹੀਂ ਪੁੱਛਿਆ ਜਾਂਦਾ ਕਿ ਕੀ ਉਹ ਜ਼ਾਇਨਵਾਦ, ਨਸਲੀ ਵਿਤਕਰੇ, ਨਸਲੀ ਸਫ਼ਾਏ, ਨਸਲਕੁਸ਼ੀ ਜਾਂ ਫ਼ਲਸਤੀਨ ਵਿਰੁੱਧ ਇਜ਼ਰਾਈਲ ਦੀ ਸੌ ਸਾਲ ਪੁਰਾਣੀ ਜੰਗ ਦੀ ਨਿੰਦਾ ਕਰਦਾ ਹੈ। ਨਾ ਹੀ ਉਨ੍ਹਾਂ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਫ਼ਲਸਤੀਨੀਆਂ ਨੂੰ ਆਪਣੀ ਰੱਖਿਆ ਕਰਨ ਦਾ ਅਧਿਕਾਰ ਹੈ—ਜੋ ਕੌਮਾਂਤਰੀ ਕਾਨੂੰਨ ਅਧੀਨ ਉਨ੍ਹਾਂ ਨੂੰ ਹਥਿਆਰਾਂ ਸਮੇਤ ਪ੍ਰਾਪਤ ਹੈ।

ਜਿਵੇਂ ਰਾਬਰਟ ਫਿਸਕ ਨੇ ਕਿਹਾ ਸੀ, ਸਾਡੇ ਪਾਲਤੂ ਬਣਾਏ ਜਾ ਚੁੱਕੇ ਪੱਤਰਕਾਰ ਅਤੇ ਖ਼ਬਰ ਸੰਸਥਾਵਾਂ "ਸੱਤਾ ਦੀ ਭਾਸ਼ਾ ਦੇ ਕੈਦੀ" ਹਨ। ਉਹ ਫ਼ਰਜ਼ਮੰਦੀ ਨਾਲ ਸਰਕਾਰੀ ਸ਼ਬਦਾਵਲੀ ਨੂੰ ਦੁਹਰਾਉਂਦੇ ਹਨ। ਇਹ ਉਨ੍ਹਾਂ ਨੂੰ ਨਾ ਸਿਰਫ਼ ਪ੍ਰਚਾਰਕ, ਸਗੋਂ ਨਸਲਕੁਸ਼ੀ ਦੇ ਭਾਈਵਾਲ ਵੀ ਬਣਾਉਂਦਾ ਹੈ।

ਯੂਨੀਵਰਸਿਟੀ ਕੈਂਪਸਾਂ ਵਿੱਚ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਸਮੇਤ ਨਸਲਕੁਸ਼ੀ ਦਾ ਵਿਰੋਧ ਕਰਨ ਵਾਲਿਆਂ—ਜਿਨ੍ਹਾਂ ਵਿੱਚ ਬਹੁਤ ਸਾਰੇ ਯਹੂਦੀ ਵੀ ਹਨ—ਨੂੰ "ਹਮਾਸ ਹਮਾਇਤੀ" ਅਤੇ "ਯਹੂਦੀ-ਵਿਰੋਧੀ" ਕਹਿ ਕੇ ਬਦਨਾਮ ਕੀਤਾ ਜਾਂਦਾ ਹੈ। ਪੱਤਰਕਾਰ ਜ਼ਾਇਨਵਾਦੀ ਵਿਦਿਆਰਥੀਆਂ ਨੂੰ ਲੱਭਦੇ ਹਨ, ਜੋ ਆਮ ਤੌਰ ਉੱਤੇ ਕੈਂਪਸ ਦੇ ਹਿਲੇਲ ਕੇਂਦਰਾਂ ਵਿੱਚ ਬੈਠੇ ਮਿਲਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਪ੍ਰਦਰਸ਼ਨਾਂ ਕਾਰਨ ਉਹ "ਆਪਣੀ ਸੁਰੱਖਿਆ ਲਈ ਡਰੇ ਹੋਏ"ਹਨ। ਮੀਡੀਆ ਮੁਸਲਿਮ-ਵਿਰੋਧੀ ਕੱਟੜਤਾ ਵਿੱਚ ਵਾਧੇ ਜਾਂ ਵਿਦਿਆਰਥੀ ਪ੍ਰਦਰਸ਼ਨਕਾਰੀਆਂ ਉੱਤੇ ਕੀਤੇ ਗਏ ਜਬਰ ਵੱਲ ਬਹੁਤ ਘੱਟ ਧਿਆਨ ਦਿੰਦਾ ਹੈ। ਇਸ ਜਬਰ ਵਿੱਚ ਪੁਲਿਸ ਵਹਿਸ਼ਤ ਅਤੇ 3,000 ਹਿਰਾਸਤਾਂ ਤੇ ਗ੍ਰਿਫ਼ਤਾਰੀਆਂ ਤੋਂ ਇਲਾਵਾ ਮੁਅੱਤਲੀਆਂ, ਨਿਗਰਾਨੀ ਅਧੀਨ ਰੱਖਣਾ, ਸੰਸਥਾਵਾਂ ਵਿੱਚੋਂ ਕੱਢਣਾ, ਡਿਗਰੀਆਂ

ਰੋਕਣਾ ਅਤੇ ਹਮਦਰਦ ਅਧਿਆਪਕਾਂ ਨੂੰ ਨੌਕਰੀ ਤੋਂ ਕੱਢਣਾ ਵੀ ਸ਼ਾਮਲ ਹੈ।

ਫ਼ਲਸਤੀਨ ਦੀ ਆਜ਼ਾਦੀ ਦਾ ਸੱਦਾ ਦੇਣ ਵਾਲੇ ਨਾਅਰਿਆਂ-ਜਿਨ੍ਹਾਂ ਵਿੱਚ "ਦਰਿਆ ਤੋਂ ਸਮੁੰਦਰ ਤੱਕ, ਫ਼ਲਸਤੀਨ ਆਜ਼ਾਦ ਹੋਵੇਗਾ" ਸ਼ਾਮਲ ਹੈ-ਅਤੇ ਫ਼ਲਸਤੀਨੀ ਝੰਡੇ ਨੂੰ ਅਪਰਾਧ ਬਣਾ ਦਿੱਤਾ ਗਿਆ ਹੈ।

**ਸੁਨੇਹਾ ਸਪਸ਼ਟ ਹੈ:** ਯਹੂਦੀਆਂ ਦੀਆਂ ਜ਼ਿੰਦਗੀਆਂ ਮਾਇਨੇ ਰੱਖਦੀਆਂ ਹਨ। ਫ਼ਲਸਤੀਨੀਆਂ ਦੀਆਂ ਜ਼ਿੰਦਗੀਆਂ ਮਾਇਨੇ ਨਹੀਂ ਰੱਖਦੀਆਂ।

ਇਤਿਹਾਸਕਾਰ ਰਾਸ਼ਿਦ ਖ਼ਾਲਿਦੀ, ਰੌਬਿਨ ਐਂਡਰਸਨ ਦੀ ਕਿਤਾਬ ਦੀ ਕੰਪਲਿਸਿਟ ਲੈਂਜ਼: ਯੂਐੱਸ ਮੀਡੀਆ ਕਵਰੇਜ ਆਫ਼ ਇਜ਼ਰਾਈਲਜ਼ ਜੈਨੋਸਾਈਡ ਇਨ ਗਾਜ਼ਾ ਦੀ ਭੂਮਿਕਾ ਵਿੱਚ ਲਿਖਦੇ ਹਨ:

"ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ, ਸਤਿਕਾਰਤ ਮਨੁੱਖੀ ਅਧਿਕਾਰ ਨਿਗਰਾਨਾਂ, ਮੈਡੀਕਲ ਰਸਾਲਿਆਂ ਅਤੇ ਪੇਸ਼ੇਵਰ ਸਿਹਤ ਕਰਮੀਆਂ ਦੀਆਂ ਰਿਪੋਰਟਾਂ ਨੂੰ ਆਮ ਤੌਰ ਉੱਤੇ ਮੁੱਖਧਾਰਾ ਮੀਡੀਆ ਵਿੱਚ ਸਤਿਕਾਰ ਦਿੱਤਾ ਜਾਂਦਾ ਅਤੇ ਪ੍ਰਮੁੱਖਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਪਰ ਇਸ ਜੰਗ ਵਿੱਚ ਅਜਿਹਾ ਨਹੀਂ ਹੈ। ਜੇ ਅਜਿਹੇ ਸੂਤਰਾਂ ਦਾ ਹਵਾਲਾ ਦਿੱਤਾ ਵੀ ਜਾਂਦਾ ਹੈ, ਤਾਂ ਇਨ੍ਹਾਂ ਸੰਸਥਾਵਾਂ ਅਤੇ ਵਿਅਕਤੀਆਂ ਵਿਰੁੱਧ ਘਿਣਾਉਣੇ ਝੂਠੇ ਦੋਸ਼ਾਂ ਅਤੇ ਬਦਨਾਮੀ ਨੂੰ ਵੀ ਮੀਡੀਆ ਵਿੱਚ ਬਰਾਬਰ ਥਾਂ ਦਿੱਤੀ ਜਾਂਦੀ ਹੈ। ਇਹ ਦੋਸ਼ ਇਜ਼ਰਾਈਲ ਦੇ ਪੇਸ਼ੇਵਰ ਪ੍ਰਚਾਰਕਾਂ ਦੀ ਫ਼ੌਜ ਅਤੇ ਅਮਰੀਕਾ ਵਿੱਚ ਉਸ ਦੇ ਅਣਗਿਣਤ ਹਮਾਇਤੀਆਂ ਵੱਲੋਂ ਵੱਡੀ ਗਿਣਤੀ ਵਿੱਚ ਘੜੇ ਜਾਂਦੇ ਹਨ। ਇਜ਼ਰਾਈਲ ਦੀ ਨਸਲਕੁਸ਼ੀ ਦੇ ਆਲੋਚਕਾਂ ਨੂੰ ਹਮਾਸ ਹਮਾਇਤੀ ਜਾਂ ਅੱਤਵਾਦੀ ਹਮਦਰਦ ਦੱਸਣ ਤੋਂ ਇਲਾਵਾ, ਉਨ੍ਹਾਂ ਦੇ ਬਦਨਾਮੀ ਵਾਲੇ ਅਸਲ੍ਹਾਖ਼ਾਨੇ ਦਾ ਮੁੱਖ ਹਥਿਆਰ ਯਹੂਦੀ-ਵਿਰੋਧ ਦੇ ਮਾਰੂ ਦੋਸ਼ ਦੀ ਯੋਜਨਾਬੱਧ ਅਤੇ ਘੋਰ ਦੁਰਵਰਤੋਂ ਹੈ।

ਮੁੱਖਧਾਰਾ ਮੀਡੀਆ ਨੂੰ ਛੱਡ ਕੇ ਅਜਿਹੇ ਸੋਸ਼ਲ ਮੀਡੀਆ ਮੰਚਾਂ ਵੱਲ ਜਾਣ ਵਾਲੇ ਪਾਠਕਾਂ ਅਤੇ ਦਰਸ਼ਕਾਂ ਦੀ ਵੱਡੀ ਗਿਣਤੀ—ਜਿੱਥੇ ਖ਼ਬਰਾਂ ਨੂੰ ਇਜ਼ਰਾਈਲ-ਪੱਖੀ ਲਾਬੀ, ਅਮਰੀਕੀ ਸਰਕਾਰ ਜਾਂ ਕਾਰਪੋਰੇਸ਼ਨਾਂ ਦੀ ਛਾਣਨੀ ਵਿੱਚੋਂ ਨਹੀਂ ਲੰਘਾਇਆ ਜਾਂਦਾ—ਮੀਡੀਆ ਦੇ ਦੀਵਾਲੀਏਪਣ ਦਾ ਸਪਸ਼ਟ ਸੰਕੇਤ ਹੈ। ਇਸ ਪਲਾਇਨ ਦਾ ਜਵਾਬ "ਪਲੈਟਫ਼ਾਰਮੀਸਾਈਡ" ਦੇ ਰੂਪ ਵਿੱਚ ਦਿੱਤਾ ਗਿਆ ਹੈ। ਫ਼ੇਸਬੁੱਕ, ਇੰਸਟਾਗ੍ਰਾਮ, ਐਕਸ, ਯੂਟਿਊਬ ਅਤੇ ਟਿਕਟਾਕ ਵਰਗੀਆਂ ਸੋਸ਼ਲ ਮੀਡੀਆ ਕੰਪਨੀਆਂ ਐਲਗੋਰਿਦਮਾਂ, ਸ਼ੈਡੋ ਬੈਨਿੰਗ, ਸਿੱਧਾ ਪ੍ਰਸਾਰਣ ਕਰਨ ਦੀ ਸਮਰੱਥਾ ਉੱਤੇ ਰੋਕ ਅਤੇ ਖਾਤੇ ਬੰਦ ਕਰਨ ਵਰਗੇ ਢੰਗ ਵਰਤ ਕੇ ਫ਼ਲਸਤੀਨ ਬਾਰੇ ਰਿਪੋਰਟਿੰਗ ਦੀ ਪਹੁੰਚ ਨੂੰ ਬਹੁਤ ਜ਼ਿਆਦਾ ਘਟਾ ਦਿੰਦੀਆਂ ਹਨ।

ਇਹ ਸੈਂਸਰਸ਼ਿਪ ਨਸਲਕੁਸ਼ੀ ਦੀ ਭਿਆਨਕਤਾ ਨੂੰ ਜਨਤਾ ਤੋਂ ਲੁਕਾਉਣ ਦੀ ਇੱਕ ਤਾਲਮੇਲਵੀਂ ਕੋਸ਼ਿਸ਼ ਦਾ ਹਿੱਸਾ ਹੈ।

ਪੱਛਮੀ ਮੀਡੀਆ ਲਗਾਤਾਰ 7 ਅਕਤੂਬਰ ਦਾ ਜ਼ਿਕਰ ਕਰਕੇ ਨਸਲਕੁਸ਼ੀ ਨੂੰ ਉਸ ਦੇ ਇਤਿਹਾਸਕ ਪ੍ਰਸੰਗ ਤੋਂ ਵੱਖ ਕਰ ਦਿੰਦਾ ਹੈ। ਉਹ ਗਾਜ਼ਾ ਉੱਤੇ ਇਜ਼ਰਾਈਲ ਦੀ 19 ਸਾਲ ਲੰਮੀ ਘੇਰਾਬੰਦੀ ਨੂੰ ਅਣਡਿੱਠਾ ਕਰਦਾ ਹੈ। ਪੱਛਮੀ ਮੀਡੀਆ ਵਿੱਚ 7 ਅਕਤੂਬਰ ਨੂੰ "ਬਿਨਾਂ ਉਕਸਾਵੇ" ਦੀ ਘਟਨਾ ਦੱਸਿਆ ਜਾਂਦਾ ਹੈ। 2008-09 ਦੀ ਸਰਦੀ ਦੌਰਾਨ ਗਾਜ਼ਾ ਦੇ ਨਿਹੱਥੇ ਫ਼ਲਸਤੀਨੀਆਂ ਦੇ ਇਜ਼ਰਾਇਲ ਵੱਲੋਂ ਕਤਲੇਆਮਾਂ ਦੇ ਨਾਲ-ਨਾਲ 2012, 2014 ਅਤੇ 2018 ਤੇ 2019 ਦੇ "ਵਾਪਸੀ ਦੇ ਮਹਾਨ ਮਾਰਚ"ਦੌਰਾਨ ਗਾਜ਼ਾ ਉੱਤੇ ਕੀਤੇ ਹਮਲਿਆਂ ਨੂੰ ਅਣਡਿੱਠਾ ਕਰ ਦਿੱਤਾ ਜਾਂਦਾ ਹੈ।

1948 ਦੇ ਨਕਬਾ ਦਾ ਜ਼ਿਕਰ ਬਹੁਤ ਘੱਟ ਹੁੰਦਾ ਹੈ। ਉਸ ਸਮੇਂ ਯੂਰਪੀ ਜ਼ਾਇਨਵਾਦੀਆਂ ਨੇ ਇਤਿਹਾਸਕ ਫ਼ਲਸਤੀਨ ਦੇ 78 ਫ਼ੀਸਦੀ ਤੋਂ ਵੱਧ ਹਿੱਸੇ ਉੱਤੇ ਕਬਜ਼ਾ ਕਰ ਲਿਆ, 7,50,000 ਫ਼ਲਸਤੀਨੀਆਂ ਨੂੰ ਹਿੰਸਕ ਢੰਗ ਨਾਲ ਕੱਢ ਦਿੱਤਾ, 530 ਤੋਂ ਵੱਧ ਫ਼ਲਸਤੀਨੀ ਪਿੰਡ ਤਬਾਹ ਕੀਤੇ ਅਤੇ 15,000 ਫ਼ਲਸਤੀਨੀਆਂ ਨੂੰ ਮਾਰ ਦਿੱਤਾ। 1948 ਵਿੱਚ ਆਪਣੇ ਘਰਾਂ ਤੋਂ ਕੱਢੇ ਗਏ ਲੋਕਾਂ ਵਿੱਚੋਂ 70 ਫ਼ੀਸਦੀ ਨੂੰ ਗਾਜ਼ਾ ਵਿੱਚ ਜਾਣ ਲਈ ਮਜਬੂਰ ਕੀਤਾ ਗਿਆ ਸੀ।

ਜ਼ਾਇਨਵਾਦੀ ਪ੍ਰਾਜੈਕਟ ਇਤਿਹਾਸ ਨੂੰ ਭੁੱਲਾ ਦਿੱਤੇ ਜਾਣ ਨੂੰ ਉਤਸ਼ਾਹਿਤ ਕਰਨ 'ਤੇ ਆਧਾਰਤ ਹੈ।

ਐਂਡਰਸਨ ਆਪਣੀ ਕਿਤਾਬ ਵਿੱਚ ਲਿਖਦੀ ਹੈ:

"ਇੱਕ ਵਾਰ ਹਮਾਸ ਨੂੰ ਅਜਿਹੇ ਬੇਰਹਿਮ ਅੱਤਵਾਦੀ ਗਰੁੱਪ ਵਜੋਂ ਸਥਾਪਤ ਕਰ ਦਿੱਤਾ ਗਿਆ, ਜਿਸ ਦੇ ਮੈਂਬਰ ਖ਼ੁਸ਼ੀ-ਖ਼ੁਸ਼ੀ ਲੋਕਾਂ ਉੱਪਰ ਤਸ਼ੱਦਦ ਕਰਦੇ, ਉਨ੍ਹਾਂ ਦੇ ਅੰਗ ਵੱਢਦੇ ਅਤੇ ਜ਼ਮੀਰ ਦੀ ਕਿਸੇ ਚੁਭਣ ਤੋਂ ਬਿਨਾਂ ਬੱਚਿਆਂ ਦੇ ਸਿਰ ਕੱਟਦੇ ਹਨ, ਤਾਂ ਕਿਸੇ ਹੋਰ ਵਿਆਖਿਆ ਦੀ ਲੋੜ ਨਹੀਂ ਰਹੀ। ਮੀਡੀਆ ਨੇ ਇਜ਼ਰਾਈਲ ਦੀ ਹਿੰਸਾ ਦੇ ਇਤਿਹਾਸ ਬਾਰੇ ਰਿਪੋਰਟ ਕਰਨ ਤੋਂ ਸਿਰਫ਼ ਪਰਹੇਜ਼ ਕੀਤਾ। ਨਤੀਜੇ ਵਜੋਂ ਸਥਾਪਤੀ ਮੀਡੀਆ ਫ਼ਲਸਤੀਨੀਆਂ ਦੇ ਰੋਜ਼ਮਰਾ ਜ਼ਿੰਦਗੀ ਦੇ ਹਾਲਾਤਾਂ ਬਾਰੇ ਰਿਪੋਰਟ ਕਰਨ ਤੋਂ ਵੀ ਬਚ ਨਿਕਲਿਆ।

ਇਹ ਕਲਪਨਾ ਕਿ ਗਾਜ਼ਾ ਵਿੱਚ ਇਸ ਸਮੇਂ ਜੰਗਬੰਦੀ ਲਾਗੂ ਹੈ—ਜਦੋਂਕਿ ਕਥਿਤ ਤੌਰ ਉੱਤੇ ਇਸ ਦੇ ਲਾਗੂ ਹੋਣ ਤੋਂ ਬਾਅਦ ਇਜ਼ਰਾਈਲ ਘੱਟੋ-ਘੱਟ 1,286 ਫ਼ਲਸਤੀਨੀਆਂ ਨੂੰ ਮਾਰ ਅਤੇ 4,257 ਨੂੰ ਜ਼ਖ਼ਮੀ ਕਰ ਚੁੱਕਾ ਹੈ—ਪੱਛਮੀ ਮੀਡੀਆ ਲਈ ਗਾਜ਼ਾ ਵੱਲੋਂ ਮੂੰਹ ਮੋੜਨ ਦਾ ਬਹਾਨਾ ਬਣ ਗਈ ਹੈ। ਨਸਲਕੁਸ਼ੀ ਤੋਂ ਇਨਕਾਰ ਸ਼ੁਰੂ ਤੋਂ ਹੀ ਇਸ ਕਵਰੇਜ ਦੀ ਖ਼ਾਸੀਅਤ ਰਿਹਾ ਹੈ। ਇਹ ਨਾ ਸਿਰਫ਼ ਇਜ਼ਰਾਈਲ ਦੇ ਜੁਰਮਾਂ ਉੱਤੇ ਪਰਦਾ ਪਾਉਂਦਾ ਹੈ, ਸਗੋਂ ਗਾਜ਼ਾ ਵਿੱਚੋਂ ਸਾਰੇ ਫ਼ਲਸਤੀਨੀਆਂ ਦਾ ਨਸਲੀ ਸਫ਼ਾਇਆ ਕਰਨ ਦੇ ਉਸ ਦੇ ਐਲਾਨੇ ਇਰਾਦੇ ਨੂੰ ਵੀ ਲੁਕਾਉਂਦਾ ਹੈ। ਇਹ ਕੌਮਾਂਤਰੀ ਕਾਨੂੰਨ ਨੂੰ ਅਸਰਹੀਣ ਬਣਾ ਦਿੰਦਾ ਹੈ ਅਤੇ ਪੱਤਰਕਾਰੀ ਦੇ ਪੇਸ਼ੇ ਦਾ ਮਜ਼ਾਕ ਉਡਾਉਂਦਾ ਹੈ।



ਮੈਨੂੰ ਪੂਰਾ ਯਕੀਨ ਹੈ ਕਿ ਜਦੋਂ ਨਸਲੀ ਸਫ਼ਾਏ ਦੀ ਆਖ਼ਰੀ ਕਾਰਵਾਈ ਹੋਵੇਗੀ, ਉਦੋਂ ਵੀ ਪੱਛਮੀ ਮੀਡੀਆ ਸਾਡੇ ਉੱਤੇ ਇਜ਼ਰਾਇਲੀ ਭੜਕਾਊ ਪ੍ਰਚਾਰ, ਲੁਕਵੇਂ ਸ਼ਬਦਾਂ ਅਤੇ ਘਸੇ-ਪਿਟੇ ਵਾਕੰਸ਼ਾਂ ਦੀ ਬੰਬਾਰੀ ਕਰਦਾ ਰਹੇਗਾ।

ਉਹ ਅੰਤ ਤੱਕ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਂਦਾ ਰਹੇਗਾ।

# ਡਾ. ਸਾਹਿਬ ਸਿੰਘ ਵੱਲੋਂ ਇੱਕ ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਦੀ ਬਾ-ਕਮਾਲ ਪੇਸ਼ਕਾਰੀ

## • ਸਵਾ ਘੰਟਾ ਚੱਲੇ ਨਾਟਕ ਦੌਰਾਨ ਸਰੋਤਿਆਂ ਨੂੰ ਕੀਲੀ ਛੱਡਿਆ, ਕਈ ਅੱਖਾਂ ਪੂੰਝਦੇ ਤੇ ਡੁਸਕਦੇ ਵੀ ਦਿਖਾਈ ਦਿੱਤੇ

## • 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਡਾ. ਸਾਹਿਬ ਸਿੰਘ ਨੂੰ ਕੀਤਾ ਗਿਆ ਸਨਮਾਨਿਤ


ਬਰੈਂਪਟਨ, (ਡਾ. ਝੰਡ) : ਬੀਤੇ ਦਿਨ 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਮਿਲ ਕੇ ਵਿਸ਼ਵ ਪੰਜਾਬੀ ਭਵਨ ਵਿਚ ਡਾ. ਸਾਹਿਬ ਸਿੰਘ ਦੇ ਇਕ-ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਦਾ 200'ਵਾਂ ਸ਼ੋਅ ਸਫ਼ਲਤਾ ਪੂਰਵਕ ਕਰਵਾਇਆ ਗਿਆ। ਮੱਧ-ਵਰਗੀ ਕਿਸਾਨੀ ਅਤੇ ਪੇਂਡੂ ਦਲਿਤ ਵਰਗ ਦੇ ਜੀਵਨ ਦੀਆਂ ਮੁਸ਼ਕਲਾਂ ਨੂੰ ਬਿਆਨ ਕਰਦੇ ਇਸ ਨਾਟਕ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। 200 ਦੇ ਲੱਗਭੱਗ ਸੀਟਾਂ ਵਾਲਾ ਹਾਲ ਪੂਰਾ ਭਰਿਆ ਹੋਇਆ ਸੀ।

ਨਾਟਕ ਵਿਚ ਡਾ. ਸਾਹਿਬ ਸਿੰਘ ਵੱਲੋਂ ਇਸ ਦੇ ਨਾਇਕ ਬਖਤਾਵਰ ਸਿੰਘ ਤੇ ਹੋਰ ਪਾਤਰਾਂ ਦੀਆਂ ਵੱਖ-ਵੱਖ ਨਿਭਾਈਆਂ ਗਈਆਂ ਭੂਮਿਕਾਵਾਂ ਦੇ ਭਾਵਪੂਰਤ ਅੰਦਾਜ਼ ਵੇਖਣੇ ਹੀ ਬਣਦੇ ਸਨ, ਖ਼ਾਸ ਕਰਕੇ ਉਸਦੀ ਬੇਟੀ ਦੀ ਡੋਲ਼ੀ ਤੋਰਨ ਅਤੇ ਬੇਟੇ ਪਾਲੀ ਦੀ ਮੌਤ ਨੂੰ ਦਰਸਾਉਣ ਵਾਲੇ ਦ੍ਰਿਸ਼ਾਂ ਨੇ ਤਾਂ ਸਾਰੇ ਦਰਸ਼ਕਾਂ ਨੂੰ ਹੀ ਭਾਵੁਕ ਕਰ ਦਿੱਤਾ। ਨਾਟਕ ਵਿੱਚ ਬਾਖ਼ੂਬੀ ਦਰਸਾਇਆ ਗਿਆ ਕਿ ਕਿਵੇਂ ਭਾਰੀ ਮੀਂਹ ਤੇ ਝੱਖੜ ਦੌਰਾਨ ਬਿਜਲੀ ਦੀ ਨੰਗੀ ਤਾਰ ਢਿੱਲੀ ਹੋਣ ਕਰਕੇ ਅਚਾਨਕ ਸਿਰ 'ਤੇ ਟਰੰਕ ਚੁੱਕੀ ਆਉਂਦੇ ਪਾਲੀ ਉੱਪਰ ਡਿੱਗਦੀ ਹੈ ਅਤੇ ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਜਾਂਦੀ ਹੈ। ਮੋਢੇ 'ਤੇ ਪਾਏ ਹੋਏ ਡੱਬੀਆਂ ਵਾਲੇ ਪਰਨੇ (ਸਾਫ਼ੇ) ਨੂੰ ਖਿਲਰੇ ਹੋਏ ਦੋਹਾਂ ਹੱਥਾਂ ਵਿਚ ਲਮਕਾਅ ਕੇ ਉਹ ਆਪਣੇ ਬੇਟੇ ਪਾਲੀ ਦੀ ਲਾਸ਼ ਦਾ ਅਤੀ ਕਰੁਣਾਮਈ ਦ੍ਰਿਸ਼ ਪੇਸ਼ ਕਰਦਾ ਹੈ। ਏਸੇ ਤਰ੍ਹਾਂ ਧੀ ਦੀ ਡੋਲ਼ੀ ਤੋਰਨ ਸਮੇਂ ਪਿੱਠ-ਭੂਮੀ 'ਚ ਚੱਲ ਰਹੇ ਗੀਤ "ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ" ਨੇ ਇਸ ਸੀਨ ਨੂੰ ਹੋਰ ਵੀ ਭਾਵੁਕ ਕਰ ਦਿੱਤਾ।

ਏਨਾ ਹੀ ਨਹੀਂ ਨਾਟਕ ਵਿਚ ਬਹੁਤ ਸਾਰੇ ਹਾਸਰਸ, ਵਿਅੰਗਾਤਮਿਕ ਅਤੇ ਰੋਮਾਂਟਿਕ ਸੀਨ ਵੀ ਸਨ। ਸਟੇਜ ਦੇ ਇੱਕ ਪਾਸੇ ਰੱਖੀ ਗਈ ਦੇਸ਼ ਦੇ ਪ੍ਰਧਾਨ ਮੰਤਰੀ ਦੀ ਉੱਚੀ ਕੁਰਸੀ ਨੂੰ ਮੁਖ਼ਾਤਿਬ ਹੋ ਕੇ ਬਖਤਾਵਰ ਸਿੰਘ ਉੱਚੀ ਆਵਾਜ਼ ਵਿਚ ਕਹਿੰਦਾ ਹੈ, "ਪਿਛਲੇ 75-76 ਸਾਲਾਂ ਵਿੱਚ ਇਸ ਕੁਰਸੀ ਉੱਪਰ ਕਈ ਪ੍ਰਧਾਨ ਮੰਤਰੀ ਬੈਠੇ ਹਨ। ਉਨ੍ਹਾਂ ਵਿੱਚੋਂ ਬਹੁਤੇ ਤਾਂ ਬੋਲਦੇ ਹੀ ਨਹੀਂ ਹਨ, ਦੇਸ਼ ਦੇ ਮਸਲਿਆਂ ਨੂੰ ਉਨ੍ਹਾਂ ਹੱਲ ਕੀ ਕਰਨਾ ਸੀ। ਇੱਕ ਤਾਂ ਬਿਲਕੁਲ ਹੀ 'ਘੁੰਨਾ' ਜਿਹਾ ਬਣ ਕੇ ਬੈਠਾ ਰਿਹਾ ਤੇ ਹੁਣ ਇੱਕ ਹੈ ਕਿ ਬੋਲਣੋਂ ਹੱਟਦਾ ਈ ਨਹੀਂ। ਉਸ ਦੇ 'ਮਨ ਕੀ ਬਾਤ' ਹੀ ਨਹੀਂ ਮੁੱਕਦੀ। ਬੱਸ, ਗੱਲਾਂ ਨਾਲ ਹੀ ਸਾਰੀ ਜਾਂਦਾ ਹੈ।"

ਖੁੱਲ੍ਹੇ ਜਿਹੇ ਬੁਣੇ ਹੋਏ 'ਜਾਲ਼ੀਦਾਰ ਪਰਦੇ' ਜੋ ਘਰ ਦੇ ਵਿਹੜੇ ਅਤੇ ਅੰਦਰਲੇ ਕਮਰਿਆਂ ਵਿਚਕਾਰ 'ਦੀਵਾਰ' ਦਾ ਕੰਮ ਕਰਦਾ ਹੈ, ਦੇ ਪਿੱਛਲੇ ਪਾਸੇ ਜਾ ਕੇ ਬਖਤਾਵਰ ਸਿੰਘ ਨੀਲੇ ਅਤੇ ਲਾਲ ਕਪੜਿਆਂ ਦੇ ਸਿਰਿਆਂ ਨੂੰ ਆਪਣੇ ਹੱਥ ਵਿੱਚ ਕਲਾਮਈ ਤਰੀਕੇ ਨਾਲ ਉਲਝਾ ਕੇ ਆਪਣੇ ਵਿਵਾਹਿਤ ਜੀਵਨ ਦੇ ਰੋਮਾਂਟਿਕ ਦਿਨਾਂ ਨੂੰ ਬਾਖ਼ੂਬੀ ਦਰਸਾਉਂਦਾ ਹੈ ਅਤੇ ਇੱਕ ਹੋਰ ਸੀਨ ਵਿੱਚ ਇਕ ਫੁਲਕਾਰੀ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਆਪਣੀ ਬੇਟੀ ਦੇ ਵਿਆਹ ਦੇ ਦਿਨ ਨੂੰ ਯਾਦ ਕਰਦਾ ਹੈ। ਇਸ ਤਰ੍ਹਾਂ ਦੇ ਕਈ ਹੋਰ ਦ੍ਰਿਸ਼ਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੇ ਮੋਢੇ 'ਤੇ ਸੁੱਟੇ ਹੋਏ 'ਸਾਫ਼ੇ' ਦੀਆਂ ਵੱਖ-ਵੱਖ ਹਰਕਤਾਂ ਦੇ ਨਾਲ ਬਹੁਤ ਹੀ ਕਲਾਮਈ ਢੰਗ ਨਾਲ ਪੇਸ਼ ਕੀਤਾ।

ਨਾਟਕ ਵਿਚ ਡਾ. ਸਾਹਿਬ ਸਿੰਘ ਨੇ 2020 ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਤੋਂ ਵੀ ਵਧੇਰੇ ਚੱਲੇ 'ਕਿਸਾਨ ਅੰਦੋਲਨ' ਨੂੰ ਵੀ ਬੜੇ ਵਧੀਆ ਤਰ੍ਹਾਂ ਪੇਸ਼ ਕੀਤਾ ਹੈ। ਨਾਇਕ ਬਖਤਾਵਰ ਸਿੰਘ ਦੱਸਦਾ ਹੈ ਕਿ ਕਿਵੇਂ ਉਸ ਦਾ ਬਾਪ ਭਾਰਤੀ ਫ਼ੌਜ ਵਿੱਚੋਂ ਸੇਵਾ-ਮੁਕਤ ਹੋਣ ਪਿਛੋਂ ਆਪਣੀ ਥੋੜ੍ਹੀ ਜਿਹੀ ਜ਼ਮੀਨ 'ਤੇ ਖੇਤੀ ਕਰਦਿਆਂ ਕਿਵੇਂ ਉਹ ਆਪਣੇ ਸਾਥੀ ਕਿਸਾਨਾਂ ਨਾਲ ਇਸ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਇਆ ਅਤੇ ਇਸ ਦੌਰਾਨ ਕਿਵੇਂ ਉਹ ਅੰਦੋਲਨ ਵਿਚ ਸ਼ਹੀਦ ਹੋ ਗਿਆ। ਇਸ ਤਰ੍ਹਾਂ ਨਾਟਕਕਾਰ ਵੱਲੋਂ ਸਰਕਾਰਾਂ ਦੇ "ਜੈ ਜਵਾਨ" ਤੇ "ਜੈ ਕਿਸਾਨ" ਦੇ ਫੋਕੇ ਨਾਅਰਿਆਂ ਦੀ ਪੋਲ ਬਾਖ਼ੂਬੀ ਖੋਲ੍ਹੀ ਗਈ ਹੈ। ਨਾਟਕ ਵਿਚ ਡਾ. ਸਾਹਿਬ ਨੇ ਇਹ ਵੀ ਦੱਸਿਆ ਹੈ ਕਿ ਪੰਜਾਬੀ ਆਪਣੇ ਕਈ ਮਸਲਿਆਂ ਦੇ ਹੱਲ ਆਪ ਹੀ ਕੱਢ ਲੈਂਦੇ ਹਨ। ਖੇਤਾਂ ਵਿੱਚ ਹਲ ਵਾਹੁੰਦਿਆਂ ਲੱਤ ਉੱਪਰ ਵੱਜੇ ਹੋਏ ਫ਼ਾਲੇ ਦੇ ਡੂੰਘੇ ਫੱਟ 'ਤੇ ਗਿੱਲੀ ਮਿੱਟੀ ਰੱਖ ਕੇ ਵੱਗਦਾ ਹੋਇਆ ਖ਼ੂਨ ਬੰਦ ਕਰ ਲੈਂਦੇ ਹਨ। ਪੱਠੇ ਵੱਢਦਿਆਂ ਦਾਤਰੀ ਹੱਥ 'ਤੇ ਫਿਰ ਜਾਣ 'ਤੇ ਉਸ ਉੱਪਰ ਪਿਸ਼ਾਬ ਕਰਕੇ ਹੀ ਜ਼ਖ਼ਮ ਨੂੰ ਠੀਕ ਕਰ ਲੈਂਦੇ ਹਨ। ਉਹ ਖੇਤਾਂ ਵਿਚ ਅਤੇ ਘਰਾਂ ਦੇ ਵਿਹੜਿਆਂ ਵਿਚ ਆਏ ਸੱਪਾਂ ਨੂੰ ਕੁਝ ਨਹੀਂ ਕਹਿੰਦੇ ਅਤੇ ਸੋਟੀ ਨਾਲ ਮਾੜਾ ਜਿਹਾ ਛੇੜ ਕੇ ਅੱਗੇ ਜਾਣ ਦਿੰਦੇ ਹਨ ਪਰ ਉਹ ਸੱਪ ਜਦੋਂ ਉਨ੍ਹਾਂ ਦੇ ਘਰਾਂ ਦੇ ਅੰਦਰ ਆ ਵੜਦੇ ਹਨ ਤਾਂ ਕਿਵੇਂ ਉਨ੍ਹਾਂ ਦੀਆਂ ਸਿਰੀਆਂ ਨੂੰ ਆਪਣੀਆਂ ਸੰਮਾਂ ਵਾਲੀਆਂ ਡਾਂਗਾਂ ਨਾਲ ਫੇਹ ਸੁੱਟਦੇ ਹਨ।




### ਡਾ. ਸਾਹਿਬ ਦੇ ਨਾਟਕ 4 ਅਕਤੂਬਰ ਨੂੰ ਕੈਲਗਰੀ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਹੋਣਗੇ

ਸਵਾ ਘੰਟੇ ਚੱਲੇ ਇਸ ਨਾਟਕ ਵਿੱਚ ਕਈ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲੇ। ਦੁੱਖ, ਸੁੱਖ, ਗ਼ਮੀ, ਖ਼ੁਸ਼ੀ, ਗੁੱਸੇ ਤੇ ਨਾਰਾਜ਼ਗੀ ਦੇ ਕਈ ਦੌਰ ਆਏ ਜਿਨ੍ਹਾਂ ਨੂੰ ਡਾ. ਸਾਹਿਬ ਸਿੰਘ ਨੇ ਆਪਣੀ ਕਲਾ ਨਾਲ ਮੰਚ ਉੱਪਰ ਬਾਖ਼ੂਬੀ ਉਘੇੜਿਆ। ਇਸ ਦੌਰਾਨ ਕਈ ਦਰਸ਼ਕ (ਸਮੇਤ ਇਨ੍ਹਾਂ ਸਤਰਾਂ ਦੇ ਲੇਖਕ) ਆਪਣੀਆਂ ਅੱਖਾਂ ਪੂੰਝਦੇ ਅਤੇ ਡੁਸਕਦੇ ਹੋਏ ਵਿਖਾਈ ਦਿੱਤੇ। ਨਾਟਕ ਦੀ ਸਮਾਪਤੀ 'ਤੇ ਸਰੋਤਿਆਂ ਵੱਲੋਂ ਖੜੇ ਹੋ ਕੇ ਤਾੜੀਆਂ ਦੀ ਗੂੰਜ ਵਿਚ ਇਸ ਦੀ ਭਰਪੂਰ ਸਰਾਹਨਾ ਕੀਤੀ ਗਈ। ਕਈਆਂ ਨੇ ਬਾਅਦਵਿਚ ਸਟੇਜ ਉੱਪਰ ਜਾ ਕੇ ਡਾ. ਸਾਹਿਬ ਸਿੰਘ ਦੇ ਨਾਲ ਖਲੋ ਕੇ ਤਸਵੀਰਾਂ ਵੀ ਖਿਚਵਾਈਆਂ। ਇਹ ਇਸ ਨਾਟਕ ਦੀ ਵੱਡੀ ਪ੍ਰਾਪਤੀ ਸੀ। 'ਅਸੀਸ ਮੰਚ' ਤੇ 'ਵਿਸ਼ਵ ਪੰਜਾਬੀ ਸਭਾ' ਵੱਲੋਂ ਡਾ. ਸਾਹਿਬ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

# ਡਾਇਰੀ: ਬੱਬਰ ਅਕਾਲੀ ਲਹਿਰ : ਬੱਬਰ ਸ਼ਤਾਬਦੀ ਮੌਕੇ ਕੀਤੀ ਲੋਕ-ਅਰਪਣ


'ਡਾਇਰੀ: ਬੱਬਰ ਅਕਾਲੀ ਲਹਿਰ' ਨਵ ਪ੍ਰਕਾਸ਼ਿਤ ਪੁਸਤਕ ਦੀ ਪਹਿਲੀ ਕਾਪੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੂੰ ਦੇਸ ਭਗਤ ਯਾਦਗਾਰ ਹਾਲ ਜਲੰਧਰ ਭੇਂਟ ਕਰਦੇ ਹੋਏ ਅਮੋਲਕ ਸਿੰਘ ਨੇ ਮੁਢਲੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ 1926-2026 ਦੇ ਇਤਿਹਾਸਕ ਮਹੱਤਵ ਅਤੇ ਪ੍ਰਸੰਗਕਤਾ ਨੂੰ ਸਮਝਦਿਆਂ ਇਹ ਪੁਸਤਕ ਵਿਸ਼ੇਸ਼ ਕਰਕੇ ਉਸ ਪਾਠਕ ਵਰਗ ਨੂੰ ਸਨਮੁਖ ਰੱਖਕੇ ਤਿਆਰ ਕੀਤੀ ਗਈ ਹੈ ਜਿਸਨੂੰ ਬੱਬਰ ਅਕਾਲੀ ਲਹਿਰ ਦੇ ਹਕੀਕੀ ਇਤਿਹਾਸ ਦੀ ਜਾਣ-ਪਹਿਚਾਣ ਨਹੀਂ, ਜਾਂ ਬਹੁਤ ਨਿਗੂਣੀ ਹੈ ਜਾਂ ਹਕੀਕਤਾਂ ਤੋਂ ਕੋਹਾਂ ਦੂਰ ਹੈ। ਉਹ ਵਰਗ ਇਸ ਕਿਤਾਬ ਰਾਹੀਂ ਬਹੁਤ ਹੀ ਗੁੰਦਵੇਂ, ਸਧਾਰਣ ਅਤੇ ਸਪੱਸ਼ਟ ਅੰਦਾਜ਼ ਵਿੱਚ ਜਾਣਕੇ ਤਸੱਲੀ ਪ੍ਰਗਟ ਕਰੇਗਾ ਕਿ ਬੱਬਰ ਅਕਾਲੀ ਲਹਿਰ ਤਾਂ ਇਉਂ ਜਾਪਦੈ ਜਿਵੇਂ ਸਾਡੇ ਸਮਿਆਂ ਦੀ ਹਾਣੀ ਲਹਿਰ ਹੋਵੇ।

ਉਹਨਾਂ ਦੱਸਿਆ ਕਿ ਬੱਬਰ ਅਕਾਲੀ ਲਹਿਰ ਨੇ ਹਿੱਕਾਂ ਤਣਕੇ ਐਲਾਨ ਕੀਤੇ ਸੀ ਕਿ 'ਸਾਡੀ ਧਰਤੀ, ਸਾਡੇ ਲੋਕ, ਇਹ ਅੰਗਰੇਜ਼ ਹਾਕਮ ਕੌਣ ਹੁੰਦੇ ਨੇ ਸਾਡੇ ਖੇਤਾਂ, ਸਾਡੇ ਬਾਗ਼ਾਂ, ਸਾਡੀਆਂ ਨਹਿਰਾਂ ਸੜਕਾਂ ਦੀ ਬੋਲੀ ਦੇਣ ਵਾਲੇ?' ਉਹਨਾਂ ਸਾਫ਼ ਸ਼ਬਦਾਂ 'ਚ ਹੋਕਾ ਦਿੱਤਾ ਸੀ ਕਿ ਸਾਡੀ ਲੜਾਈ ਗੋਰੀ ਚਮੜੀ ਨਾਲ ਨਹੀਂ ਸਗੋਂ ਦੇਸੀ-ਬਦੇਸੀ ਲੁੱਟ-ਖੋਹ, ਦਾਬੇ, ਵਿਤਕਰੇ, ਜ਼ਬਰ ਸਿਤਮ ਨਾਲ਼ ਹੈ।

ਅਮੋਲਕ ਸਿੰਘ ਨੇ ਕਿਹਾ ਕਿ ਅੱਜ ਜਦੋਂ ਅਮਰੀਕੀ ਸਾਮਰਾਜ ਦੇ ਦਬਾਅ ਹੇਠ ਆ ਕੇ ਭਾਰਤੀ ਹਾਕਮ ਡੰਡੌਤ ਬੰਧਨਾ ਕਰਕੇ ਅਮਰੀਕਾ-ਭਾਰਤ ਖੁੱਲ੍ਹੀ ਵਪਾਰਕ ਸੰਧੀ ਦੇ ਨਾਂਅ 'ਤੇ ਭਾਰਤੀ ਲੋਕਾਂ ਸਿਰ ਸੌਦਾ ਮੜ੍ਹ ਰਹੇ ਨੇ, ਜਿਵੇਂ ਚੋਰੀ ਚੋਰੀ ਡਰੋਨ ਰਾਹੀਂ ਜ਼ਮੀਨਾਂ ਦੀ ਪਮਾਇਸ਼ ਕਰਕੇ ਲੈਂਡ ਪੂਲਿੰਗ ਨੀਤੀ ਦੇ ਮੁੜ ਦੰਦੇ ਤਿੱਖੇ ਕੀਤੇ ਜਾ ਰਹੇ ਹਨ, ਜਿਵੇਂ ਜੁਆਨੀ ਪ੍ਰਵਾਸ਼ ਦਾ ਹਨੇਰਾ ਢੋਅ ਰਹੀ ਹੈ, ਇਸ ਦੌਰ ਅੰਦਰ 'ਡਾਇਰੀ: ਬੱਬਰ ਅਕਾਲੀ ਲਹਿਰ' ਦੀ ਬੇਹੱਦ ਸਾਰਥਕਤਾ ਸਾਹਮਣੇ ਲਿਆਏਗੀ ਅਤੇ ਆਪਣੇ ਫਰਜ਼ ਪਹਿਚਾਨਣ ਲਈ ਪ੍ਰੇਰਨਾਦਾਇਕ ਹੋਏਗੀ।

ਡਾਇਰੀ ਲੋਕ ਅਰਪਣ ਮੌਕੇ ਕਮੇਟੀ ਜਨਰਲ ਸਕੱਤਰ ਗੁਰਮੀਤ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਡਾ. ਸੈਲੇਸ਼, ਗੁਰਦੀਪ ਸਿੰਘ, ਭੂਵਨ, ਦਵਿੰਦਰ ਮੰਡ ਅਤੇ ਸ਼ਾਗੁਨ ਹਾਜ਼ਰ ਸਨ।

ਤਰਕ ਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਸਿਖਿਆਰਥੀ ਚੇਤਨਾ ਕੈਂਪ ਅਤੇ ਪੰਜਾਬ ਦੇ ਸਮਾਗਮਾਂ ਤੋਂ ਇਲਾਵਾ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



# ਜੈਨ ਜ਼ੀ ਸਿਆਸਤ ਤੋਂ ਬੇਮੁੱਖ ਨਹੀਂ ਇਸ ਦਾ ਪੂੰਜੀਵਾਦ ਤੋਂ ਵਿਸ਼ਵਾਸ ਉੱਠ ਗਿਆ

*(ਪਿਛਲੇ ਕੁੱਝ ਸਾਲਾਂ ਦੌਰਾਨ ਕਈ ਦੇਸ਼ਾਂ ਵਿੱਚ ਜੈਨ ਜ਼ੀ (ਜਨਰੇਸ਼ਨ ਜ਼ੈੱਡ) ਵਲੋਂ ਅੰਦੋਲਨ ਹੋਏ ਹਨ । ਨਤੀਜੇ ਵਜੋਂ ਬਹੁਤ ਸਾਰੇ ਵਿਦਵਾਨ ਇਸ ਪੀੜ੍ਹੀ ਦੇ ਅੰਦੋਲਨਾਂ ਨੂੰ ਸਮਝਣ ਦਾ ਯਤਨ ਕਰ ਰਹੇ ਹਨ । 13 ਅਗਸਤ 2026 ਨੂੰ ਅਮਰੀਕਾ ਤੋਂ ਛਪਦੇ ਜੈਕੋਬਿਨ ਮੈਗਜ਼ੀਨ ਦੇ ਸਾਈਟ ’ਤੇ ਪੱਤਰਕਾਰ ਡੋਰਾ ਮੈਂਗਕ ਦਾ ਇਕ ਆਰਟੀਕਲ ਛਪਿਆ ਹੈ । ਇਹ ਆਰਟੀਕਲ ਲਿਖਣ ਲਈ ਉਸ ਨੇ ਬਰਤਾਨਵੀ ਅਰਥਸ਼ਾਸਤਰੀ ਗਾਈ ਸਟੈਂਡਿੰਗ, ਤੁਰਕੀ ਦੇ ਰਾਜਨੀਤਕ ਵਿਗਿਆਨੀ ਐਮਰੇ ਏਰਦੋਗਾਨ, ਡਿਜੀਟਲ ਲੇਬਰ ਅਤੇ ਪੂੰਜੀਵਾਦ ਦੇ ਵਿਸ਼ੇ ’ਤੇ ਕੰਮ ਕਰਨ ਵਾਲੇ ਅਸਟਰੀਅਨ ਮੀਡੀਆ ਸਿਧਾਂਤਕਾਰ ਕ੍ਰਿਸਚੀਅਨ ਫੁਕਸ ਅਤੇ ਬੰਗਲਾਦੇਸ਼ੀ ਅਰਥਸ਼ਾਸਤਰੀ ਅਨੂ ਮੁਹੰਮਦ ਨਾਲ ਇੰਟਰਵਿਊਆਂ ਕੀਤੀਆਂ ਹਨ । ਇਹਨਾਂ ਇੰਟਰਵਿਊਆਂ ਦੇ ਆਧਾਰ ’ਤੇ ਲਿਖੇ ਇਸ ਆਰਟੀਕਲ ਵਿੱਚ ਪੇਸ਼ ਮਹੱਤਵਪੂਰਨ ਧਾਰਨਾਵਾਂ ਇਸ ਪੀੜ੍ਹੀ ਦੇ ਅੰਦੋਲਨਾਂ ਨੂੰ ਸਮਝਣ ਲਈ ਸਹਾਈ ਹੋ ਸਕਦੀਆਂ ਹਨ । ਇਸ ਲਈ ਇਸ ਲੇਖ ਦਾ ਅਨੁਵਾਦ ਪੰਜਾਬੀ ਪਾਠਕਾਂ ਲਈ ਪੇਸ਼ ਹੈ ।-ਅਨੁਵਾਦਕ ।)*

**ਲੇਖਕ: ਡੋਰਾ ਮੈਂਗਕ**
**ਅਨੁਵਾਦ: ਸੁਖਵੰਤ ਹੁੰਦਲ**

ਜੈਨ ਜ਼ੀ (ਜਨਰੇਸ਼ਨ ਜ਼ੈੱਡ) ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਹ ਇਕ ਭਟਕੀ ਹੋਈ, ਸਨਕੀ, ਸਿਆਸੀ ਤੌਰ ’ਤੇ ਅਸਥਿਰ ਜਾਂ ਸੰਸਥਾਵਾਂ ਤੋਂ ਦੂਰ ਰਹਿਣ ਵਾਲੀ ਪੀੜ੍ਹੀ ਹੈ। ਪਰ ਅਜਿਹਾ ਕਹਿ ਕੇ ਅਸੀਂ ਇਕ ਡੂੰਘੀ ਤਬਦੀਲੀ ਨੂੰ ਸਮਝਣ ਵਿੱਚ ਅਸਫਲ ਰਹਿੰਦੇ ਹਾਂ। ਇਸ ਪੀੜ੍ਹੀ ਦੀ ਅਸਲ ਵਿਸ਼ੇਸ਼ਤਾ ਉਹਨਾਂ ਦੀ ਸਿਆਸਤ ਵਿੱਚ ਦਿਲਚਸਪੀ ਦੀ ਘਾਟ ਨਹੀਂ, ਸਗੋਂ ਉਹਨਾਂ ਦਾ ਉਨ੍ਹਾਂ ਸੰਸਥਾਵਾਂ ਅਤੇ ਨਿਯਮਾਂ ਤੋਂ ਵਿਸ਼ਵਾਸ ਦਾ ਉੱਠ ਜਾਣਾ ਹੈ ਜਿਨ੍ਹਾਂ ਨੇ ਕਦੇ ਸਿਆਸਤ, ਕੰਮ ਅਤੇ ਬਾਲਗਪੁਣੇ ਨੂੰ ਇੱਕ ਪਛਾਣਨਯੋਗ ਢਾਂਚਾ ਦਿੱਤਾ ਸੀ।

**ਦਹਾਕਿਆਂ ਤੋਂ ਪੂੰਜੀਵਾਦ ਨੌਜਵਾਨਾਂ ਨਾਲ ਇਕ ਤਰਤੀਬਮਈ ਜ਼ਿੰਦਗੀ ਦਾ ਵਾਅਦਾ ਕਰਦਾ ਆ ਰਿਹਾ ਹੈ:** ਪੜ੍ਹਾਈ ਨਾਲ ਰੁਜ਼ਗਾਰ ਮਿਲੇਗਾ, ਰੁਜ਼ਗਾਰ ਨਾਲ ਜ਼ਿੰਦਗੀ ਵਿੱਚ ਟਿਕਾਅ ਆਵੇਗਾ, ਟਿਕਾਅ ਨਾਲ ਘਰ, ਪਰਿਵਾਰ ਅਤੇ ਕੁੱਝ ਹੱਦ ਤੱਕ ਇੱਜ਼ਤ ਵਾਲਾ ਜੀਵਨ ਮਿਲੇਗਾ। ਇਹ ਵਾਅਦਾ ਕਦੇ ਵੀ ਸਭ ਲਈ ਬਰਾਬਰ ਦਾ ਵਾਅਦਾ ਨਹੀਂ ਸੀ ਅਤੇ ਬਹੁਤਿਆਂ ਲਈ ਇਹ ਹਮੇਸ਼ਾ ਕਮਜ਼ੋਰ ਹੀ ਰਿਹਾ। ਪਰ ਜਨਰੇਸ਼ਨ ਜ਼ੀ (ਜ਼ੈੱਡ) ਲਈ ਹੁਣ ਇਸ ਉੱਤੇ ਵਿਸ਼ਵਾਸ ਕਰਨਾ ਲਗਭਗ ਅਸੰਭਵ ਹੋ ਗਿਆ ਹੈ।

ਵੱਖ-ਵੱਖ ਸਮਾਜਾਂ ਵਿੱਚ ਨੌਜਵਾਨ ਇੱਕੋ ਜਿਹੇ ਤੰਗ ਰਸਤੇ ਰਾਹੀਂ ਬਾਲਗਪੁਣੇ ਵਿੱਚ ਕਦਮ ਰੱਖ ਰਹੇ ਹਨ। ਇਸ ਰਸਤੇ ਪਿੱਛੇ ਅਨਿਸ਼ਚਿਤ ਰੁਜ਼ਗਾਰ, ਅਸਥਿਰ ਰਿਹਾਇਸ਼, ਵਿਦਿਆਰਥੀਆਂ ਅਤੇ ਖਪਤਕਾਰਾਂ ਵਜੋਂ ਸਿਰ ਚੜ੍ਹਿਆ ਕਰਜ਼ਾ, ਐਲਗੋਰਿਦਮ ਦੁਆਰਾ ਸੰਚਾਲਿਤ ਲੇਬਰ ਮਾਰਕੀਟ, ਜਲਵਾਯੂ ਵਿੱਚ ਤਬਦੀਲੀ ਦੀ ਚਿੰਤਾ ਅਤੇ ਅਜਿਹੀਆਂ ਸਿਆਸੀ ਸੰਸਥਾਵਾਂ ਦੀ ਹੋਂਦ ਹੈ ਜੋ ਕੋਈ ਸਾਰਥਕ ਬਦਲਾਅ ਲਿਆਉਣ ਵਿੱਚ ਜਾਂ ਤਾਂ ਬਹੁਤ ਕਮਜ਼ੋਰ ਜਾਪਦੀਆਂ ਹਨ ਜਾਂ ਕਿਸੇ ਦੇ ਕੰਟਰੋਲ ਹੇਠ ਆਈਆਂ ਹੋਈਆਂ ਹਨ।

ਇਹ ਪੀੜ੍ਹੀ ਪਾਰਟੀਆਂ, ਨੇਤਾਵਾਂ ਜਾਂ ਸੰਸਥਾਵਾਂ ’ਤੇ ਭਰੋਸਾ ਨਹੀਂ ਕਰਦੀ। ਫਿਰ ਵੀ ਇਹ ਵੋਟ ਪਾਉਂਦੀ ਹੈ, ਬਾਈਕਾਟ ਕਰਦੀ ਹੈ, ਰੋਸ ਪ੍ਰਦਰਸ਼ਨ ਕਰਦੀ ਹੈ, ਆਨਲਾਈਨ ਲਾਮਬੰਦੀ ਕਰਦੀ ਹੈ, ਨੌਕਰੀਆਂ ਛੱਡਦੀ ਹੈ, ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਰੋਜ਼ਾਨਾ ਜੀਵਨ ਨੂੰ ਇੱਕ ਸਿਆਸੀ ਲੜਾਈ ਦੇ ਮੈਦਾਨ ਵਿੱਚ ਬਦਲ ਸਕਦੀ ਹੈ। ਇਸ ਦੀ ਸਿਆਸਤ ਖਿੰਡੀ ਹੋਈ, ਤੇਜ਼ੀ ਨਾਲ ਬਦਲਣ ਵਾਲੀ, ਆਗੂ ਰਹਿਤ ਅਤੇ ਅਕਸਰ ਇਹ ਉਨ੍ਹਾਂ ਹੀ ਬਜ਼ਾਰਾਂ ਰਾਹੀਂ ਆਪਣੇ ਵਿੱਚ ਸਮੋਅ ਲਈ ਜਾਂਦੀ ਹੈ ਜਿਨ੍ਹਾਂ ਨੂੰ ਇਹ ਰੱਦ ਕਰਦੀ ਹੈ। ਪਰ ਫਿਰ ਵੀ, ਇਹ ਸਿਆਸਤ ਹੈ।

ਇਸ ਲੇਖ ਲਈ ਲਈਆਂ ਗਈਆਂ ਇੰਟਰਵਿਊਆਂ ਵਿੱਚ, ਗਾਈ ਸਟੈਂਡਿੰਗ, ਐਮਰੇ ਏਰਦੋਗਾਨ, ਕ੍ਰਿਸਚੀਅਨ ਫੁਕਸ, ਅਤੇ ਅਨੂ ਮੁਹੰਮਦ ਨੇ ਇੱਕੋ ਹੀ ਸੰਕਟ ਦੇ ਵੱਖ-ਵੱਖ ਪਹਿਲੂਆਂ ਬਾਰੇ ਗੱਲ ਕੀਤੀ ਹੈ: ਇੱਕ ਅਜਿਹੀ ਪੀੜ੍ਹੀ ਦਾ ਹੋਂਦ ਵਿੱਚ ਆਉਣਾ ਜਿਸ ਦਾ ਰੁਜ਼ਗਾਰ ਦੇ ਸੰਬੰਧ ਵਿੱਚ ਕੋਈ ਸੁਰੱਖਿਅਤ ਭਵਿੱਖ ਨਹੀਂ ਹੈ, ਜਿਸ ਕੋਲ ਕੋਈ ਟਿਕਾਊ ਸਮਾਜਕ ਸਮਝੌਤਾ (ਸਟੇਬਲ ਸੋਸ਼ਲ ਕਾਂਟ੍ਰੈਕਟ) ਨਹੀਂ ਹੈ, ਅਤੇ ਜਿਹਨਾਂ ਕੋਲ ਇਹ ਵਿਸ਼ਵਾਸ ਕਰਨ ਦਾ ਕੋਈ ਠੋਸ ਕਾਰਨ ਨਹੀਂ ਹੈ ਕਿ ਪੂੰਜੀਵਾਦ ਅਜੇ ਵੀ ਆਪਣੇ ਵਾਅਦੇ ਪੂਰੇ ਕਰ ਸਕਦਾ ਹੈ।

ਇਸਤੰਬੋਲ ਵਿੱਚ ਰਹਿੰਦੇ ਯੂਨੀਵਰਸਿਟੀ ਦੇ ਇੱਕ 19 ਸਾਲਾ ਵਿਦਿਆਰਥੀ ਨੇ ਇਸ ਨੂੰ ਬਹੁਤ ਸਾਫ਼ ਸ਼ਬਦਾਂ ਵਿੱਚ ਬਿਆਨ ਕੀਤਾ: “ਮੇਰੀ ਕੋਈ ਵਿਚਾਰਧਾਰਾ ਨਹੀਂ ਹੈ। ਮੇਰੇ ਸਾਹਮਣੇ ਬੱਸ ਇੱਕ ਅਜਿਹਾ ਸੰਸਾਰ ਪ੍ਰਬੰਧ ਹੈ ਜਿਸ ਨੂੰ ਮੈਂ ਨਫ਼ਰਤ ਕਰਦਾ ਹਾਂ।”




ਇਹ ਵਾਕ ਨੌਜਵਾਨਾਂ ਦੇ ਗੁੱਸੇ ਤੋਂ ਵੀ ਵੱਡੀ ਕਿਸੇ ਗੱਲ ਨੂੰ ਦਰਸਾਉਂਦਾ ਹੈ। ਅਸੀਂ ਜੋ ਦੇਖ ਰਹੇ ਹਾਂ, ਉਹ ਇੱਕ ਪੀੜ੍ਹੀ ਦਾ ਤੋੜ-ਵਿਛੋੜਾ ਹੈ। ਜਨਰੇਸ਼ਨ ਜ਼ੀ (ਜ਼ੈੱਡ) ਸਿਆਸਤ ਤੋਂ ਪਿੱਛੇ ਨਹੀਂ ਹਟੀ। ਇਹ ਬੱਸ ਸਿਆਸਤ ਦੀ ਪੁਰਾਣੀ ਭਾਸ਼ਾ ਅਤੇ ਮਾਡਲ ਤੋਂ ਨਿਰਾਸ਼ ਹੋ ਚੁੱਕੀ ਹੈ ਅਤੇ ਇਹ ਇੱਕ ਅਜਿਹੇ ਸੰਸਾਰ ਵਿੱਚ ਵੱਡੀ ਹੋਈ ਹੈ ਜਿੱਥੇ ਪੁਰਾਣੀ ਸਿਆਸੀ ਸ਼ਬਦਾਵਲੀ ਹੁਣ ਉਸ ਅਸੁਰੱਖਿਆ ਨੂੰ ਬਿਆਨ ਨਹੀਂ ਕਰ ਸਕਦੀ ਜਿਸ ਦਾ ਇਹ ਸਾਹਮਣਾ ਕਰ ਰਹੀ ਹੈ।

ਜਨਰੇਸ਼ਨ ਜ਼ੀ (ਜ਼ੈੱਡ) ਜਮਾਤੀ ਸੰਬੰਧਾਂ ਤੋਂ ਬਾਹਰ ਨਹੀਂ ਹੈ। ਪੂੰਜੀਵਾਦ ਵਿੱਚ ਆਈਆਂ ਤਬਦੀਲੀਆਂ ਨੇ ਜਮਾਤੀ ਢਾਂਚੇ ਅਤੇ ਕੰਮ ਦੀਆਂ ਸਥਿਤੀਆਂ ਨੂੰ ਇੱਕ ਨਵਾਂ ਰੂਪ ਦਿੱਤਾ ਹੈ ਅਤੇ ਜਨਰੇਸ਼ਨ ਜ਼ੀ (ਜ਼ੈੱਡ) ਇਨ੍ਹਾਂ ਨਵੇਂ ਸੰਬੰਧਾਂ ਵਿੱਚ ਹੀ ਵੱਡੀ ਹੋਈ ਹੈ। ਜਿਸ ਨੂੰ ਅਸੀਂ “ਜਨਰੇਸ਼ਨ ਜ਼ੀ ਦੀ ਸਿਆਸਤ” ਵਜੋਂ ਬਿਆਨ ਕਰਦੇ ਹਾਂ, ਉਸ ਨੂੰ ਇਕ ਸਮਰੂਪ (ਇਕੋ-ਜਿਹੀ) ਪੀੜ੍ਹੀ ਦੀ ਸਿਆਸਤ ਵਜੋਂ ਨਹੀਂ, ਸਗੋਂ ਜਮਾਤੀ ਸੰਬੰਧਾਂ ਵਿੱਚ ਆਈ ਇਕ ਵਿਆਪਕ ਤਬਦੀਲੀ ਦੇ ਪੀੜ੍ਹੀਗਤ ਪ੍ਰਗਟਾਵੇ (ਜਨਰੇਸ਼ਨਲ ਐਕਸਪ੍ਰੈਸ਼ਨ) ਵਜੋਂ ਸਮਝਿਆ ਜਾਣਾ ਚਾਹੀਦਾ ਹੈ।

**ਰੁਜ਼ਗਾਰ ਵਿੱਚ ਕਿਸੇ ਭਵਿੱਖ ਤੋਂ ਵਿਹੂਣੀ ਪੀੜ੍ਹੀ :** ਬ੍ਰਿਟਿਸ਼ ਅਰਥਸ਼ਾਸਤਰੀ ਅਤੇ ਲੇਬਰ ਸਿਧਾਂਤਕਾਰ ਗਾਈ ਸਟੈਂਡਿੰਗ ਨੇ ਇੱਕ ਨਵੀਂ ਜਮਾਤ - “ਪ੍ਰੀਕੇਰੀਅਟ ਭਾਵ ਨਿਤਾਣੀ ਜਮਾਤ” ਦੇ ਉਭਾਰ ਦਾ ਚਿਤਰਨ ਕਰਨ ਵਿੱਚ ਸਾਲ ਬਤਾਏ ਹਨ। ਇਹ ਸਿਰਫ਼ ਭੈੜੀਆਂ ਨੌਕਰੀਆਂ ਵਾਲੇ ਲੋਕਾਂ ਦਾ ਸਮੂਹ ਨਹੀਂ ਹੈ। ਇਹ ਇਕ ਅਜਿਹੀ ਜਮਾਤ ਹੈ ਜਿਸ ਦਾ ਵਜੂਦ ਖੁਦ ਅਸੁਰੱਖਿਆ - ਅਨਿਸ਼ਚਿਤ ਰੁਜ਼ਗਾਰ, ਅਨਿਯਮਿਤ ਆਮਦਨ, ਕਰਜ਼ੇ, ਪੇਸ਼ਾਵਰ ਪਛਾਣ ਦੀ ਘਾਟ, ਅਤੇ ਲਗਾਤਾਰ ਮੁੜ-ਸਿਖਲਾਈ ਲੈਣ, ਆਪਣੀ ਬ੍ਰੈਂਡਿੰਗ ਬਦਲਣ ਅਤੇ ਅਜਿਹੇ ਕੰਮ ਲਈ ਹਮੇਸ਼ਾਂ ਤਿਆਰ ਰਹਿਣ ਦੀ ਮਜ਼ਬੂਰੀ ਜੋ ਸ਼ਾਇਦ ਕਦੇ ਵੀ ਸੁਰੱਖਿਅਤ ਨਹੀਂ ਬਣੇਗਾ- ਨਾਲ ਘੜਿਆ ਗਿਆ ਹੈ।

ਸਟੈਂਡਿੰਗ ਸਮਕਾਲੀ ਅਰਥਚਾਰੇ ਨੂੰ “ਇੱਕ ਗਲੋਬਲਾਈਜ਼ਡ ਰੈਂਟੀਅਰ ਯੁੱਗ” ਸਮਝਦਾ ਹੈ। ਉਸ ਦਾ ਕਹਿਣਾ ਹੈ “ਅਸੀਂ ਪੂੰਜੀਵਾਦ ਦੇ ਗਲੋਬਲਾਈਜ਼ਡ ਰੈਂਟੀਅਰ ਯੁੱਗ ਵਿੱਚ ਜੀ ਰਹੇ ਹਾਂ; ਆਮਦਨ, ਦੌਲਤ ਅਤੇ ਤਾਕਤ ਤੇਜ਼ੀ ਨਾਲ ਦੌਲਤਮੰਦਾਂ ਅਤੇ ਜਾਇਦਾਦਾਂ ਦੇ ਮੁੱਖ ਰੂਪਾਂ ਦੇ ਮਾਲਕ ਕੁਲੀਨ ਵਰਗਾਂ ਕੋਲ ਜਾ ਰਹੀ ਹੈ। ਬਹੁਗਿਣਤੀ ਨੌਜਵਾਨਾਂ ਨੂੰ ਅਸਥਿਰ ਅਤੇ ਅਸੁਰੱਖਿਅਤ ਨੌਕਰੀਆਂ ਮਿਲਣਗੀਆਂ। ਉਹ ਘੱਟ ਅਤੇ ਅਨਿਸ਼ਚਿਤ ਮਜ਼ਦੂਰੀ ’ਤੇ ਗੁਜ਼ਾਰਾ ਕਰਨਗੇ ਅਤੇ ਲਗਭਗ ਹਮੇਸ਼ਾਂ ਹੀ ਕਰਜ਼ੇ ਹੇਠ ਰਹਿਣਗੇ।”

ਸਟੈਂਡਿੰਗ ਅਨੁਸਾਰ, ਮੁੱਦਾ ਸਿਰਫ਼ ਇਹ ਨਹੀਂ ਹੈ ਕਿ ਨੌਜਵਾਨਾਂ ਲਈ ਕੰਮ ਦੀਆਂ ਸਥਿਤੀਆਂ ਪਿਛਲੀਆਂ ਪੀੜ੍ਹੀਆਂ ਨਾਲੋਂ ਮਾੜੀਆਂ ਹਨ। ਮੁੱਦਾ ਇਹ ਹੈ ਕਿ ਹਰ ਨਵੀਂ ਪੀੜ੍ਹੀ ਪਹਿਲਾਂ ਨਾਲੋਂ ਵੀ ਵੱਧ ਡੂੰਘਾਈ ਨਾਲ ‘ਪ੍ਰੀਕੇਰੀਅਟ ਭਾਵ ਨਿਤਾਣੀ ਜਮਾਤ’ ਵਿੱਚ ਧੱਕੀ ਜਾ ਰਹੀ ਹੈ।

ਉਸ ਦੇ ਸ਼ਬਦਾਂ ਵਿੱਚ “ਹਰ ਨਵੀਂ ਪੀੜ੍ਹੀ ਪਿਛਲੀ ਪੀੜ੍ਹੀ ਦੇ ਮੁਕਾਬਲੇ ਇਸ ਜਮਾਤ ਵਿੱਚ ਜ਼ਿਆਦਾ ਸ਼ਾਮਲ ਹੁੰਦੀ ਜਾ ਰਹੀ ਹੈ।” ਸਟੈਂਡਿੰਗ ਮੁਤਾਬਕ, ਨੌਜਵਾਨਾਂ ਲਈ ਕੰਮ ਦੀਆਂ ਸੰਭਾਵਨਾਵਾਂ ਇੰਨੀਆਂ ਧੁੰਦਲੀਆਂ ਅਤੇ ਨਿਰਾਸ਼ਾਜਨਕ ਹਨ ਕਿ ਉਨ੍ਹਾਂ ਦਾ “ਕੋਈ ਪੇਸ਼ਾਵਰ ਭਵਿੱਖ ਹੀ ਨਹੀਂ ਹੈ। ਨਿਤਾਣੀ ਜਮਾਤ (ਪ੍ਰੀਕੇਰੀਅਟ) ਵਿੱਚ ਫਸੇ ਵਿਅਕਤੀ ਲਗਾਤਾਰ ਨੌਕਰੀਆਂ ਦੀ ਭਾਲ ਕਰਨ, ਆਪਣੇ ਆਪ ਨੂੰ ਮੁੜ-ਸਿਖਲਾਈ ਦੇਣ ਅਤੇ ਆਮਦਨ ਦੇ ਨਵੇਂ ਸਰੋਤ ਲੱਭਣ ਲਈ ਮਜ਼ਬੂਰ ਹੁੰਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਕਾਰਜ ਬਿਨਾਂ ਕਿਸੇ ਮਿਹਨਤਾਨੇ (ਅਣ-ਪੇਡ) ਦੇ ਹੁੰਦੇ ਹਨ ਅਤੇ ਅਣਦੇਖੇ ਰਹਿ ਜਾਂਦੇ ਹਨ। ਇਸ ਲਈ ਲੋਕ ਆਪਣੀ ਪੇਸ਼ਾਵਰ ਪਛਾਣ ਵਿਕਸਿਤ ਨਹੀਂ ਕਰ ਸਕਦੇ ਅਤੇ ਆਪਣੇ ਆਪ ਨੂੰ ਇੱਕ ਟਿਕਾਊ ਕੈਰੀਅਰ ਦੇ ਰਸਤੇ ‘ਤੇ ਨਹੀਂ ਪਾ ਸਕਦੇ।”

ਇਹ ਪੂੰਜੀਵਾਦ ਦੇ ਕਲਾਸਿਕ ਵਾਅਦਿਆਂ ਵਿੱਚੋਂ ਇੱਕ ਦੇ ਢਹਿ-ਢੇਰੀ ਹੋਣ ਦਾ ਪ੍ਰਤੀਕ ਹੈ। ਲਿਬਰਲ ਡੈਮੋਕ੍ਰੇਸੀਆਂ (ਉਦਾਰਵਾਦੀ ਲੋਕਤੰਤਰਾਂ) ਵਿੱਚ ਕੰਮ ਬਾਰੇ ਪੁਰਾਣੀ ਧਾਰਨਾ ਇਹ ਸੀ ਕਿ ਕੰਮ ਨੌਜਵਾਨਾਂ ਨੂੰ ਸਿਰਫ਼ ਤਨਖਾਹਾਂ ਹੀ ਨਹੀਂ, ਸਗੋਂ ਉਹਨਾਂ ਦੇ ਜੀਵਨ ਨੂੰ ਇੱਕ ਦਿਸ਼ਾ, ਸਮਾਜ ਦਾ ਹਿੱਸਾ ਹੋਣ ਦੀ ਭਾਵਨਾ ਅਤੇ ਇੱਕ ਭਵਿੱਖ ਵੀ ਦੇਵੇਗਾ। ਨਵੀਂ ਲੇਬਰ ਮਾਰਕੀਟ ਵਿੱਚ, ਕੰਮ ਅਕਸਰ ਉਨ੍ਹਾਂ ਨੂੰ ਸਿਰਫ਼ ਥਕਾਵਟ, ਅਨਿਸ਼ਚਿਤਤਾ ਅਤੇ ਕਰਜ਼ਾ ਹੀ ਦਿੰਦਾ ਹੈ।

ਸਟੈਂਡਿੰਗ ਇਸ ਗੱਲ ’ਤੇ ਵੀ ਜ਼ੋਰ ਦਿੰਦਾ ਹੈ ਕਿ ਇਸ ਸਥਿਤੀ ਦੇ ਸਰੀਰਕ ਅਤੇ ਮਾਨਸਿਕ ਅਸਰ ਪੈਂਦੇ ਹਨ। ਲਗਾਤਾਰ ਰਹਿਣ ਵਾਲੀ ਅਨਿਸ਼ਚਿਤਤਾ ਸਰੀਰ ਤੋਂ ਬਾਹਰ ਨਹੀਂ ਰਹਿੰਦੀ। ਇਹ ਤਣਾਅ, ਬੀਮਾਰੀ ਅਤੇ ਡਰ ਵਿੱਚ ਬਦਲ ਜਾਂਦੀ ਹੈ। ਉਸ ਅਨੁਸਾਰ, “ਖਾਸ ਕਰਕੇ ਨੌਜਵਾਨਾਂ ਨੂੰ, ਅਤੇ ਆਮ ਤੌਰ ’ਤੇ ਨਿਤਾਣੀ ਜਮਾਤ (ਪ੍ਰੀਕੇਰੀਅਟ) ਵਿੱਚ ਫਸੇ ਹਰ ਵਿਅਕਤੀ ਨੂੰ ਲਗਾਤਾਰ ਅਨਿਸ਼ਚਿਤਤਾ ਨਾਲ ਨਿਪਟਣਾ ਪੈਂਦਾ ਹੈ। ਇਸ ਦਾ ਮਤਲਬ ਹੈ ‘ਅਣਜਾਣ ਚੁਣੌਤੀਆਂ’ ਦਾ ਸਾਹਮਣਾ ਕਰਨਾ; ਜਿਸ ਦਾ ਮਤਲਬ ਹੈ ਕਿ ਉਹਨਾਂ ਵਿੱਚ ਨਾ ਤਾਂ ਝਟਕਿਆਂ ਨੂੰ ਸਹਿਣ ਦੀ ਸਮਰੱਥਾ ਹੁੰਦੀ ਹੈ, ਅਤੇ ਨਾ ਹੀ ਉਨ੍ਹਾਂ ਤੋਂ ਮੁੜ ਉਭਰਨ ਦੀ ਮਜ਼ਬੂਤੀ। ਇਸ ਦੇ ਵਿਅਕਤੀਗਤ ਪੱਧਰ ’ਤੇ ਪੈਣ ਵਾਲੇ ਅਸਰ ਕਰਜ਼ੇ, ਤਣਾਅ ਅਤੇ ਵਧਦੀਆਂ ਬੀਮਾਰੀਆਂ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ।”

ਇਹ ਲੇਬਰ ਮਾਰਕੀਟ ਦੀ ਇੱਕ ਆਰਜ਼ੀ ਸਮੱਸਿਆ ਨਹੀਂ ਹੈ। ਇਹ ਇੱਕ ਸਿਆਸੀ ਸਥਿਤੀ ਹੈ। ਜਦੋਂ ਨੌਜਵਾਨ ਰੁਜ਼ਗਾਰ ਰਾਹੀਂ ਆਪਣੇ ਟਿਕਾਊ ਭਵਿੱਖ ਦੀ ਕਲਪਨਾ ਨਹੀਂ ਕਰ ਸਕਦੇ, ਤਾਂ ਉਹ ਉਨ੍ਹਾਂ ਸੰਸਥਾਵਾਂ ’ਤੇ ਵਿਸ਼ਵਾਸ ਕਰਨੋ ਹੱਟ ਜਾਂਦੇ ਹਨ ਜੋ ਅਜੇ ਵੀ ਇਹ ਦਾਅਵਾ ਕਰਦੀਆਂ ਹਨ ਕਿ ਅਜੇ ਵੀ ਅਜਿਹਾ ਭਵਿੱਖ ਸੰਭਵ ਹੈ।

**ਹੁਣ ਨਿਯਮ ਕੰਮ ਨਹੀਂ ਕਰਦੇ :** ਇਕੱਲੀ ਆਰਥਿਕ ਅਸੁਰੱਖਿਆ ਜਨਰੇਸ਼ਨ ਜ਼ੀ (ਜ਼ੈੱਡ) ਦੀ ਸਿਆਸਤ ਦੀ ਪੂਰੀ ਵਿਆਖਿਆ ਨਹੀਂ ਕਰਦੀ। ਮੌਜੂਦਾ ਤੋੜ-ਵਿਛੋੜੇ ਨੂੰ ਹੋਰ ਡੂੰਘਾ ਕਰਨ ਵਾਲੀ ਗੱਲ ਇਸ ਵਿਸ਼ਵਾਸ ਦਾ ਟੁੱਟਣਾ ਹੈ ਕਿ ਸਮਾਜ ਵਿੱਚ ਸਪਸ਼ਟ ਅਤੇ ਉਚਿਤ ਨਿਯਮ ਹਨ।

ਸਮਾਜਕ ਭਰੋਸੇ, ਨੌਜਵਾਨਾਂ ਅਤੇ ਸਿਆਸੀ ਵਤੀਰੇ ਬਾਰੇ ਖੋਜ ਕਰਨ ਵਾਲਾ ਰਾਜਨੀਤਕ ਵਿਗਿਆਨੀ ਐਮਰੇ ਏਰਦੋਗਾਨ ਕਹਿੰਦਾ ਹੈ ਕਿ ਇਹ ਗੱਲ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਸਮਾਜਕ ਵਿਵਸਥਾ ਦਾ ਇੱਕ ਵਿਆਪਕ ਸੰਕਟ ਹੈ। ਏਰਦੋਗਾਨ ਦਾ ਤਰਕ ਹੈ ਕਿ ਨੌਜਵਾਨਾਂ ਦੀ ਅਸੁਰੱਖਿਆ ਉਨ੍ਹਾਂ ਸੰਸਥਾਵਾਂ ਦੇ ਢਹਿ ਜਾਣ ਦਾ ਅਕਸ ਦਿਖਾਉਂਦੀ ਹੈ, ਜਿਹੜੀਆਂ ਸੰਸਥਾਵਾਂ ਕਦੇ ਪੂੰਜੀਵਾਦ ਨੂੰ ਮਾਨਤਾ ਪ੍ਰਦਾਨ ਕਰਦੀਆਂ ਸਨ। ਏਰਦੋਗਾਨ ਕਹਿੰਦਾ ਹੈ “1945 ਤੋਂ ਬਾਅਦ ਦੀ ਆਪਸੀ ਸਹਿਮਤੀ (ਕਨਸੈਂਸਸ) ਹੁਣ ਖਤਮ ਹੋ ਚੁੱਕੀ ਹੈ। ਯੂਨਾਈਟਿਡ ਨੇਸ਼ਨਜ਼ (ਸੰਯੁਕਤ ਰਾਸ਼ਟਰ) ਦਾ ਨਿਜ਼ਾਮ ਖਤਮ ਹੋ ਗਿਆ ਹੈ। ਵਿਸ਼ਵ ਬੈਂਕ, ਆਈ ਐਮ ਐਫ ਅਤੇ ਵਿਸ਼ਵ ਵਪਾਰ ਸੰਗਠਨ ਵਲੋਂ ਸਥਾਪਤ ਸਿਸਟਮ ਢਹਿ-ਢੇਰੀ ਹੋ ਚੁੱਕਾ ਹੈ। ਕਲਿਆਣਕਾਰੀ ਰਾਜ (ਵੈਲਫੈਅਰ ਸਟੇਟ) ਦਾ ਪਤਨ ਹੋ ਗਿਆ ਹੈ। ਸੇਫਟੀ ਨੈੱਟ (ਸੁਰੱਖਿਆ ਜਾਲ) ਹੁਣ ਮੌਜੂਦ ਨਹੀਂ ਹੈ। ਜਦੋਂ ਤੁਸੀਂ ਡਿੱਗੋਗੇ, ਤਾਂ ਤੁਹਾਨੂੰ ਕੌਣ ਸੰਭਾਲੇਗਾ? ਇਸ ਦਾ ਜਵਾਬ ਹੈ: ਪਰਿਵਾਰ, ਰਿਸ਼ਤੇਦਾਰ, ਭਾਈਚਾਰਾ। ਰਾਜ (ਸਰਕਾਰ) ਨਹੀਂ।”

ਸਟੈਂਡਿੰਗ ਦੇ ਵਿਸ਼ਲੇਸ਼ਣ ਆਰਥਿਕ ਸਥਿਤੀ ਦੀ ਵਿਆਖਿਆ ਕਰਦੇ ਹਨ ਅਤੇ ਏਰਦੋਗਾਨ ਇਹ ਸਮਝਾਉਂਦਾ ਹੈ ਕਿ ਇਹ ਸਥਿਤੀ ਸਿਆਸੀ ਕਿਉਂ ਬਣ ਜਾਂਦੀ ਹੈ। ਨੌਜਵਾਨ ਸਿਰਫ਼ ਕੰਮ ਲੱਭਣ ਲਈ ਹੀ ਜੱਦੋਜਹਿਦ ਨਹੀਂ ਕਰ ਰਹੇ। ਉਹ ਇਹ ਸਮਝਣ ਲਈ ਵੀ ਜੱਦੋਜਹਿਦ ਕਰ ਰਹੇ ਹਨ ਕਿ ਉਨ੍ਹਾਂ ਨੂੰ ਕਿਹੜੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਏਰਦੋਗਾਨ ਦਾ ਕਹਿਣਾ ਹੈ, “ਤੁਸੀਂ ਹੁਣ ਨੌਜਵਾਨਾਂ ਨੂੰ ਇਹ ਨਹੀਂ ਕਹਿ ਸਕਦੇ, ‘ਜੇ ਤੁਸੀਂ ਸਖ਼ਤ ਮਿਹਨਤ ਕਰੋਗੇ, ਤਾਂ ਤੁਸੀਂ ਸਫਲ ਹੋਵੋਗੇ।’ ਅਸੀਂ ਨਹੀਂ ਜਾਣਦੇ ਕਿ ਸਫਲ ਕਿਵੇਂ ਹੋਣਾ ਹੈ। ਲੋਕਾਂ ਦਾ ਦਿਨ-ਬ-ਦਿਨ ਨਿਯਮਾਂ ਤੋਂ ਵਿਸ਼ਵਾਸ ਉੱਠ ਰਿਹਾ ਹੈ। ਇਸ ਸਮਾਜ ਵਿੱਚ ਸਫਲ ਹੋਣ ਲਈ ਕੀ ਚਾਹੀਦਾ ਹੈ, ਇਸ ਬਾਰੇ ਕੋਈ ਸਾਂਝੀ ਸਹਿਮਤੀ ਨਹੀਂ ਹੈ। ਨੌਜਵਾਨ ਸਿਰਫ਼ ਕੰਮ ਲੱਭਣ ਲਈ ਹੀ ਜੱਦੋਜਹਿਦ ਨਹੀਂ ਕਰ ਰਹੇ। ਉਹ ਇਹ ਸਮਝਣ ਲਈ ਵੀ ਜੱਦੋਜਹਿਦ ਕਰ ਰਹੇ ਹਨ ਕਿ ਉਨ੍ਹਾਂ ਨੂੰ ਕਿਹੜੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਅਨਿਸ਼ਚਿਤਤਾ, ਸਮੇਂ ਦੇ ਨਾਲ, ਇੱਕ ਵਿਅਕਤੀਗਤ ਅਸਫਲਤਾ ਦੀ ਭਾਵਨਾ ਦੀ ਬਜਾਏ ਢਾਂਚਾਗਤ ਬੇਇਨਸਾਫ਼ੀ ਦੇ ਅਹਿਸਾਸ ਵਿੱਚ ਬਦਲ ਜਾਂਦੀ ਹੈ। ਅਤੇ ਇਹ ਅਹਿਸਾਸ ਗੁੱਸੇ ਨੂੰ ਜਨਮ ਦਿੰਦਾ ਹੈ।”

ਇਹ ਫਰਕ ਬਹੁਤ ਮਹੱਤਵਪੂਰਨ ਹੈ। ਜੇਕਰ ਨੌਜਵਾਨ ਇਹ ਮੰਨਦੇ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਸਿਰਫ਼ ਉਨ੍ਹਾਂ ਦੀਆਂ ਆਪਣੀਆਂ ਵਿਅਕਤੀਗਤ ਅਸਫਲਤਾਵਾਂ ਹਨ, ਤਾਂ ਇਸ ਦਾ ਨਤੀਜਾ ਸ਼ਰਮ, ਦੂਜਿਆਂ ਤੋਂ ਅਲਹਿਦਗੀ, ਜਾਂ ਖਾਮੋਸ਼ ਨਿਰਾਸ਼ਾ ਦੇ ਰੂਪ ਵਿੱਚ ਨਿਕਲ ਸਕਦਾ ਸੀ। ਪਰ ਜਦੋਂ ਅਸੁਰੱਖਿਆ ਨੂੰ ਢਾਂਚਾਗਤ ਬੇਇਨਸਾਫ਼ੀ ਵਜੋਂ ਸਮਝਿਆ ਜਾਂਦਾ ਹੈ, ਤਾਂ ਗੁੱਸਾ ਸਿਆਸੀ ਰੂਪ ਧਾਰਨ ਕਰ ਲੈਂਦਾ ਹੈ।

ਇਸਤੰਬੋਲ ਵਿੱਚ ਰਹਿ ਰਹੇ ਇੱਕ ਯੂਨਾਨੀ ਇਰਾਸਮਸ ਵਿਦਿਆਰਥੀ (ਵਿਦਿਆਰਥੀ ਐਕਸਚੇਂਜ ’ਤੇ ਆਇਆ ਵਿਦਿਆਰਥੀ-ਅਨੁਵਾਦਕ) ਨੇ ਇਸ ਅਵਿਸ਼ਵਾਸ ਨੂੰ ਬਹੁਤ ਸਪਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਹੈ: “ਜੇਕਰ ਮੈਂ ਕਦੇ ਵੋਟ ਪਾਈ, ਤਾਂ ਇਹ ਸ਼ਾਇਦ ਕਿਸੇ ਵਿਰੋਧ ਵਜੋਂ

ਜਾਂ ਕਿਸੇ ਚੀਜ਼ ਨੂੰ ਤਬਾਹ ਕਰਨ ਲਈ ਹੋਵੇਗੀ ਨਾ ਕਿ ਇਸ ਲਈ ਕਿ ਮੈਨੂੰ ਕਿਸੇ ਨੇਤਾ 'ਤੇ ਭਰੋਸਾ ਹੈ।"

ਇਹ ਸਿਰਫ਼ ਸਨਕੀਪਨ ਨਹੀਂ ਹੈ। ਇਹ 'ਐਨੋਮੀ' - ਇੱਕ ਅਜਿਹੀ ਸਥਿਤੀ ਜਿਸ ਵਿੱਚ ਸਮਾਜਕ ਜੀਵਨ ਦੇ ਨਿਯਮ ਆਪਣੀ ਮਾਨਤਾ ਗੁਆ ਦਿੰਦੇ ਹਨ-ਦਾ ਇੱਕ ਪ੍ਰਗਟਾਵਾ ਹੈ। ਨੌਜਵਾਨ ਸ਼ਾਇਦ ਅਜੇ ਵੀ ਵੋਟ ਪਾਉਣ। ਉਹ ਸ਼ਾਇਦ ਅਜੇ ਵੀ ਸ਼ਮੂਲੀਅਤ ਕਰਨ। ਪਰ ਹੁਣ ਇਹ ਅਮਲ ਭਰੋਸੇ 'ਤੇ ਅਧਾਰਤ ਨਹੀਂ ਰਿਹਾ। ਇਹ ਇਕ ਇਨਕਾਰ ਕਰਨ ਦਾ ਅਮਲ ਹੈ।

ਏਰਦੋਗਾਨ ਇਸ ਸਥਿਤੀ ਨੂੰ ਇੱਕ ਸ਼ਬਦ ਵਿੱਚ ਬਿਆਨਦਾ ਹੈ: 'ਰੋਸ'।

ਤੁਰਕੀ ਵਿੱਚ, ਇਹ ਰੋਸ 2013 ਵਿੱਚ ਗੇਜ਼ੀ ਪਾਰਕ ਦੇ ਪ੍ਰਦਰਸ਼ਨਾਂ ਦੌਰਾਨ ਸ਼ਕਤੀਸ਼ਾਲੀ ਰੂਪ ਵਿੱਚ ਸਾਹਮਣੇ ਆਇਆ ਸੀ, ਜਦੋਂ ਇੱਕ ਵਾਤਾਵਰਣ ਸੰਬੰਧੀ ਰੋਸ ਪ੍ਰਦਰਸ਼ਨ ਇੱਕ ਸਰਕਾਰ-ਵਿਰੋਧੀ ਵਿਆਪਕ ਅੰਦੋਲਨ ਵਿੱਚ ਬਦਲ ਗਿਆ ਸੀ। ਭਾਵੇਂ ਕਿ ਗੇਜ਼ੀ ਅੰਦੋਲਨ ਜਨਰੇਸ਼ਨ ਜ਼ੀ (ਜ਼ੈੱਡ) ਦੇ ਸਿਆਸੀ ਦੌਰ ਤੋਂ ਪਹਿਲਾਂ ਦਾ ਹੈ, ਪਰ ਏਰਦੋਗਾਨ ਜਿਸ ਰੋਸ ਦੀ ਪਛਾਣ ਕਰਦਾ ਹੈ, ਉਹ ਰੋਸ ਦੇ ਮੌਜੂਦਾ ਸਮੇਂ ਦੇ ਹੋਰ ਰੂਪਾਂ-ਵਿਦਿਆਰਥੀ ਲਹਿਰਾਂ, ਸ਼ਹਿਰੀ ਪ੍ਰਦਰਸ਼ਨਾਂ, ਆਨਲਾਈਨ ਮੁਹਿੰਮਾਂ, ਖਪਤਕਾਰਾਂ ਵਲੋਂ ਕੀਤੇ ਬਾਈਕਾਟਾਂ, ਅਤੇ ਇਨਕਾਰ ਕਰਨ ਦੇ ਆਗੂ-ਰਹਿਤ ਅਮਲਾਂ- ਵਿੱਚ ਦੁਬਾਰਾ ਸਾਹਮਣੇ ਆਇਆ ਹੈ।

ਦੁਨੀਆ ਭਰ ਵਿੱਚ, ਜਨਰੇਸ਼ਨ ਜ਼ੀ (ਜ਼ੈੱਡ) ਵਾਰ-ਵਾਰ ਸਿਆਸੀ ਉਥਲ-ਪੁਥਲ ਦੇ ਮੋਹਰੀ ਰੋਲ ਵਿੱਚ ਰਹੀ ਹੈ। ਇਹ ਕਿਸੇ ਸਾਂਝੀ ਪੀੜ੍ਹੀਗਤ ਵਿਚਾਰਧਾਰਾ ਕਰਕੇ ਨਹੀਂ ਹੈ; ਸਗੋਂ ਇਹ ਨਿਤਾਣੇਪਣ (ਪ੍ਰੀਕੇਰੀਅਟੀ) ਅਤੇ ਸੰਸਥਾਵਾਂ ਵਿੱਚ ਅਵਿਸ਼ਵਾਸ ਦੇ ਸਾਂਝੇ ਤਜਰਬੇ ਦਾ ਨਤੀਜਾ ਹੈ। ਜਲਵਾਯੂ ਨਾਲ ਸੰਬੰਧਿਤ ਹੜਤਾਲਾਂ ਤੋਂ ਲੈ ਕੇ ਈਰਾਨ ਵਿੱਚ ਔਰਤਾਂ ਦੀ ਅਗਵਾਈ ਵਾਲੀ ਬਗਾਵਤ ਤੱਕ, ਬੰਗਲਾਦੇਸ਼ ਅਤੇ ਨੇਪਾਲ ਵਿੱਚ ਨੌਜਵਾਨਾਂ ਦੀ ਲਾਮਬੰਦੀ ਤੋਂ ਲੈ ਕੇ ਭਾਰਤ ਦੇ ਹਾਲੀਆ "ਕਾਕਰੋਚ" ਪ੍ਰਦਰਸ਼ਨਾਂ ਤੱਕ, ਜਨਰੇਸ਼ਨ ਜ਼ੀ (ਜ਼ੈੱਡ) ਸਿਆਸੀ ਸੰਕਟ ਦੇ ਪਲਾਂ ਵਿੱਚ ਵਾਰ-ਵਾਰ ਇੱਕ ਗੜਬੜ ਪੈਦਾ ਕਰਨ ਵਾਲੀ ਤਾਕਤ ਵਜੋਂ ਉੱਭਰੀ ਹੈ।

ਗੁੱਸਾ ਕੋਈ ਨਵੀਂ ਚੀਜ਼ ਨਹੀਂ ਹੈ। ਜੋ ਨਵਾਂ ਹੈ, ਉਹ ਹੈ ਇਸ ਦੀ ਰਫ਼ਤਾਰ, ਇਸ ਦੀ ਗਤੀਸ਼ੀਲਤਾ, ਅਤੇ ਜਿਸ ਤਰੀਕੇ ਨਾਲ ਇਹ ਸੜਕਾਂ, ਸਕਰੀਨਾਂ, ਕੰਮ ਵਾਲੀਆਂ ਥਾਵਾਂ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਂਪਸਾਂ ਅਤੇ ਬਾਜ਼ਾਰਾਂ ਤੱਕ ਫੈਲਦਾ ਹੈ।

**ਡਿਜੀਟਲ ਪੂੰਜੀਵਾਦ ਅਤੇ ਸੰਘਰਸ਼ ਦਾ ਨਵਾਂ ਮੈਦਾਨ** : ਇਹ ਕਹਿਣ ਨੂੰ ਜੀਅ ਕਰ ਸਕਦਾ ਹੈ ਕਿ ਸੋਸ਼ਲ ਮੀਡੀਆ ਜੈਨ ਜ਼ੀ ਦੀ ਸਿਆਸਤ ਦਾ ਮੁੱਖ ਚਾਲਕ ਹੈ। ਪਰ ਇਹ ਬਹੁਤ ਸਰਲ ਵਿਆਖਿਆ ਹੋਵੇਗੀ। ਡਿਜੀਟਲ ਪਲੇਟਫਾਰਮਾਂ ਨੇ ਸ਼ੋਸ਼ਣ, ਕਰਜ਼ੇ, ਅਸੁਰੱਖਿਆ, ਜਾਂ ਪੁਲਿਸ ਦੀ ਹਿੰਸਾ ਨੂੰ ਜਨਮ ਨਹੀਂ ਦਿੱਤਾ। ਪਰ ਉਨ੍ਹਾਂ ਨੇ ਉਸ ਮੈਦਾਨ ਨੂੰ ਜ਼ਰੂਰ ਬਦਲ ਦਿੱਤਾ ਹੈ ਜਿੱਥੇ ਇਹ ਸੰਘਰਸ਼ ਦੇਖੇ ਜਾਂਦੇ ਹਨ, ਜਥੇਬੰਦ ਕੀਤੇ ਜਾਂਦੇ ਹਨ, ਤੇਜ਼ ਕੀਤੇ ਜਾਂਦੇ ਹਨ, ਅਤੇ ਜਿਨ੍ਹਾਂ ਤੋਂ ਕਮਾਈ ਕੀਤੀ ਜਾਂਦੀ ਹੈ।

ਡਿਜੀਟਲ ਲੇਬਰ ਅਤੇ ਪੂੰਜੀਵਾਦ ਦੇ ਵਿਸ਼ੇ 'ਤੇ ਕੰਮ ਕਰਨ ਵਾਲੇ ਮੀਡੀਆ ਸਿਧਾਂਤਕਾਰ ਕ੍ਰਿਸਚੀਅਨ ਫੁਕਸ ਦਾ ਤਰਕ ਹੈ ਕਿ ਪਲੇਟਫਾਰਮਾਂ ਨੂੰ ਸਮਕਾਲੀ ਬਗਾਵਤਾਂ ਦੇ ਕਾਰਨ ਵਜੋਂ ਨਹੀਂ, ਸਗੋਂ ਡਿਜੀਟਲ ਪੂੰਜੀਵਾਦ ਅਧੀਨ ਸਮਾਜਕ ਸੰਘਰਸ਼ਾਂ ਦੇ ਮਾਧਿਅਮ (ਮੀਡੀਏਟਰਜ਼) ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਉਹ ਕਹਿੰਦਾ ਹੈ "ਸੋਸ਼ਲ ਮੀਡੀਆ ਸਮਕਾਲੀ ਵਿਰੋਧ ਪ੍ਰਦਰਸ਼ਨਾਂ, ਬਗਾਵਤਾਂ ਅਤੇ ਕ੍ਰਾਂਤੀਆਂ ਦਾ ਕਾਰਨ ਨਹੀਂ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਨੌਜਵਾਨ ਤਕਨਾਲੋਜੀ ਵਿੱਚ ਬਹੁਤ ਮਾਹਰ ਹਨ, ਇਹ ਸੁਭਾਵਿਕ ਹੈ ਕਿ ਉਹ ਵਿਰੋਧ ਪ੍ਰਦਰਸ਼ਨਾਂ ਦੇ ਸੰਚਾਰ, ਤਾਲਮੇਲ ਅਤੇ ਸੰਗਠਨ ਵਿੱਚ ਹਰ ਤਰ੍ਹਾਂ ਦੇ ਡਿਜੀਟਲ ਮੀਡੀਆ ਦੀ ਵਰਤੋਂ ਕਰਦੇ ਹਨ। ਭੈੜੀਆਂ ਹਾਲਤਾਂ ਵਾਲਾ ਅਤੇ ਅਨਿਸ਼ਚਿਤ ਰੁਜ਼ਗਾਰ (ਪ੍ਰੀਕੇਰੀਅਸ ਲੇਬਰ) ਨਿਸ਼ਚਿਤ ਤੌਰ 'ਤੇ ਜਨਰੇਸ਼ਨ ਜ਼ੀ ਦੇ ਕੁਝ ਵਿਰੋਧ ਪ੍ਰਦਰਸ਼ਨਾਂ ਦਾ ਇਕ ਮਹੱਤਵਪੂਰਨ ਕਾਰਕ ਹੈ। ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਵਿਰੋਧ ਪ੍ਰਦਰਸ਼ਨ ਸੋਸ਼ਲ ਮੀਡੀਆ ਪਲੇਟਫਾਰਮਾਂ ਦੁਆਰਾ 'ਪੈਦਾ' ਕੀਤੇ ਗਏ ਹਨ। ਡਿਜੀਟਲ ਪੂੰਜੀਵਾਦ ਵਿੱਚ ਇਹ ਪਲੇਟਫਾਰਮ ਸ਼ੋਸ਼ਣ ਅਤੇ ਸਮਾਜਿਕ ਸੰਘਰਸ਼ਾਂ ਨੂੰ ਪੈਦਾ ਨਹੀਂ ਕਰਦੇ, ਸਗੋਂ ਉਨ੍ਹਾਂ ਦੇ ਇੱਕ ਮਾਧਿਅਮ ਵਜੋਂ ਕੰਮ ਕਰਦੇ ਹਨ।

ਜਨਰੇਸ਼ਨ ਜ਼ੀ (ਜ਼ੈੱਡ) ਦੇ ਬਹੁਤ ਸਾਰੇ ਮੈਂਬਰਾਂ ਵਿੱਚ ਉੱਭਰੀ ਸਿਆਸਤ ਨੂੰ ਸਿਰਫ਼ ਟਿਕਟੌਕ, ਇੰਸਟਾਗ੍ਰਾਮ, ਐਕਸ, ਜਾਂ ਕਿਸੇ ਹੋਰ ਪਲੇਟਫਾਰਮ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਪਰ ਉਨ੍ਹਾਂ ਨੂੰ ਇਨ੍ਹਾਂ ਪਲੇਟਫਾਰਮਾਂ ਤੋਂ ਬਾਹਰ ਰੱਖ ਕੇ ਵੀ ਨਹੀਂ ਸਮਝਿਆ ਜਾ ਸਕਦਾ। ਪੀੜ੍ਹੀਗਤ ਸਮੂਹ ਜਮਾਤ ਨੂੰ ਖਤਮ ਨਹੀਂ ਕਰਦੇ। ਸਗੋਂ ਪੀੜ੍ਹੀਗਤ ਤਜਰਬਾ ਉਨ੍ਹਾਂ ਸਥਿਤੀਆਂ ਨੂੰ ਰੂਪ ਦਿੰਦਾ ਹੈ ਜਿਨ੍ਹਾਂ ਅਧੀਨ ਜਮਾਤੀ ਸੰਬੰਧਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ। ਡਿਜੀਟਲ ਮੀਡੀਆ ਉਨ੍ਹਾਂ ਮੁੱਖ ਥਾਂਵਾਂ ਵਿੱਚੋਂ ਇੱਕ ਥਾਂ ਬਣ ਗਿਆ ਹੈ ਜਿੱਥੇ ਜਨਰੇਸ਼ਨ ਜ਼ੀ (ਜ਼ੈੱਡ) ਦਾ ਗੁੱਸਾ ਫੈਲਦਾ ਹੈ, ਜਿੱਥੇ ਰੋਸ ਨੂੰ ਜਥੇਬੰਦ ਕੀਤਾ ਜਾਂਦਾ ਹੈ, ਜਿੱਥੇ ਪਛਾਣਾਂ ਬਣਦੀਆਂ ਹਨ ਅਤੇ ਜਿੱਥੇ ਵਿਰੋਧ ਨੂੰ ਵੀ ਸਮੱਗਰੀ (ਕੰਟੈਂਟ), ਡਾਟੇ ਅਤੇ ਮੁਨਾਫ਼ੇ ਵਿੱਚ ਬਦਲਿਆ ਜਾ ਸਕਦਾ ਹੈ।

ਵਿਰੋਧਾਭਾਸ (ਕੰਟਰਾਡਿਕਸ਼ਨ) ਉਨ੍ਹਾਂ ਸਥਿਤੀਆਂ ਵਿੱਚ ਹੈ ਜਿਨ੍ਹਾਂ ਦੇ ਅਧੀਨ ਅੱਜ ਬਹੁਤ ਸਾਰੇ ਨੌਜਵਾਨ ਕੰਮ ਕਰਦੇ ਹਨ। ਇੱਥੋਂ ਤੱਕ ਕਿ ਜੋ ਲੋਕ ਅਜੋਕੇ ਪ੍ਰਬੰਧ ਨੂੰ ਰੱਦ ਕਰਦੇ ਹਨ, ਉਹ ਵੀ ਸੱਟੇਬਾਜ਼ੀ ਵਾਲੇ ਡਿਜੀਟਲ ਬਾਜ਼ਾਰਾਂ, ਇਨਫਲੂਐਂਸਰ ਅਰਥਚਾਰਿਆਂ, ਪਲੇਟਫਾਰਮ ਲੇਬਰ (ਪਲੇਟਫਾਰਮਾਂ 'ਤੇ ਮਜ਼ਦੂਰੀ ਜਾਂ ਗਿੱਗ ਵਰਕ) ਅਤੇ ਐਲਗੋਰਿਦਮਿਕ ਮੁਕਾਬਲੇ ਵਿੱਚ ਫਸ ਸਕਦੇ ਹਨ। ਉਹ ਸਵੇਰੇ ਪੂੰਜੀਵਾਦ ਦਾ ਵਿਰੋਧ ਕਰ ਸਕਦੇ ਹਨ ਅਤੇ ਰਾਤ ਨੂੰ ਇਸ ਦੇ ਹੀ ਪਲੇਟਫਾਰਮਾਂ ਲਈ ਕੰਮ ਕਰਨ ਲਈ ਮਜ਼ਬੂਰ ਹੋ ਸਕਦੇ ਹਨ।

ਡਿਜੀਟਲ ਪੂੰਜੀਵਾਦ ਨੌਜਵਾਨਾਂ ਦੀ ਜ਼ਿੰਦਗੀ ਤੋਂ ਬਾਹਰ ਨਹੀਂ ਹੈ। ਇਹ ਉਨ੍ਹਾਂ ਦੇ ਕੰਮ, ਉਨ੍ਹਾਂ ਦੀ ਸੰਚਾਰ ਵਿਧੀ, ਉਨ੍ਹਾਂ ਦੇ ਧਿਆਨ, ਅਤੇ ਦਿਨ-ਬ-ਦਿਨ ਉਨ੍ਹਾਂ ਦੀ ਆਪਣੇ ਬਾਰੇ ਸਮਝ (ਸੈਂਸ ਆਫ ਸੈਲਫ) ਦੇ ਢਾਂਚੇ ਨੂੰ ਨਿਰਧਾਰਿਤ ਕਰਦਾ ਹੈ। ਫੁਕਸ ਅਨੁਸਾਰ ਡਿਜੀਟਲ ਪੂੰਜੀ ਵਿਸ਼ਵਵਿਆਪੀ (ਗਲੋਬਲ) ਹੈ, ਜਦੋਂ ਕਿ ਡਿਜੀਟਲ ਵਰਕਰ ਸਥਾਨਕ, ਇਕੱਲੇ ਅਤੇ ਖਿੰਡੇ ਹੋਏ ਹਨ।

ਸਮੱਸਿਆ ਸਿਰਫ਼ ਇਹ ਨਹੀਂ ਹੈ ਕਿ ਪਲੇਟਫਾਰਮ ਲੇਬਰ ਵਿੱਚ ਘੱਟ ਮਿਹਨਤਾਨਾ ਮਿਲਦਾ ਹੈ। ਸਮੱਸਿਆ ਇਹ ਵੀ ਹੈ ਕਿ ਇਸ ਨੂੰ ਅਜਿਹੇ ਤਰੀਕਿਆਂ ਨਾਲ ਸੰਗਠਿਤ ਕੀਤਾ ਗਿਆ ਹੈ ਜੋ ਸਮੂਹਿਕ ਤਾਕਤ (ਕੁਲੈਕਟਿਵ ਪਾਵਰ) ਨੂੰ ਉਸਾਰਨਾ ਹੋਰ ਵੀ ਔਖਾ ਬਣਾਉਂਦੇ ਹਨ। ਫੁਕਸ ਅਨੁਸਾਰ, "ਡਿਜੀਟਲ ਲੇਬਰ ਅਕਸਰ ਵਿਅਕਤੀਗਤ ਅਤੇ ਖਿੰਡੀ ਹੋਈ ਹੁੰਦੀ ਹੈ। ਮਜ਼ਦੂਰ ਇੱਕ-ਦੂਜੇ ਤੋਂ ਟੁੱਟੇ ਹੋਏ ਕੰਮ ਕਰਦੇ ਹਨ ਅਤੇ ਸਮੂਹਿਕ ਤੌਰ 'ਤੇ ਸੰਗਠਿਤ ਹੋਣ ਦੀਆਂ ਸੰਭਾਵਨਾਵਾਂ ਕਮਜ਼ੋਰ ਹੁੰਦੀਆਂ ਹਨ। ਇਹ ਚੀਜ਼ ਉਨ੍ਹਾਂ ਨੂੰ ਹੋਰ ਨਿਤਾਣੇ ਬਣਾਉਂਦੀ ਹੈ ਅਤੇ ਉਹਨਾਂ ਦਾ ਸ਼ੋਸ਼ਣ ਕਰਨਾ ਅਸਾਨ ਹੋ ਜਾਂਦਾ ਹੈ।"

ਦੂਜੇ ਸ਼ਬਦਾਂ ਵਿੱਚ, ਡਿਜੀਟਲ ਅਰਥਚਾਰਾ ਇੱਕ ਅਜਿਹੀ ਵਰਕਫੋਰਸ (ਮਜ਼ਦੂਰ ਸ਼ਕਤੀ) ਪੈਦਾ ਕਰਦਾ ਹੈ ਜੋ ਲਗਾਤਾਰ ਆਪਸ ਵਿੱਚ ਜੁੜੀ ਹੋਈ ਤਾਂ ਹੈ, ਪਰ ਸਿਆਸੀ ਤੌਰ 'ਤੇ ਵੱਖ-ਵੱਖ ਹੈ। ਲੱਖਾਂ ਲੋਕ ਆਨਲਾਈਨ ਹਨ; ਹਰ ਕੋਈ ਦਿਖਾਈ ਦੇ ਰਿਹਾ ਹੈ; ਹਰ ਕੋਈ ਕੁਝ ਨਾ ਕੁਝ ਪੈਦਾ ਕਰ ਰਿਹਾ ਹੈ। ਫਿਰ ਵੀ ਮਜ਼ਦੂਰ ਅਕਸਰ ਇਕੱਲੇ ਹੀ ਮਾਰਕੀਟ ਦਾ ਸਾਹਮਣਾ ਕਰਦੇ ਹਨ।

ਫੁਕਸ ਦਾ ਤਰਕ ਹੈ ਕਿ ਜੇਕਰ ਪੂੰਜੀ ਦਾ ਵਿਸ਼ਵੀਕਰਨ ਹੋਇਆ ਹੈ, ਤਾਂ ਲੇਬਰ ਨੂੰ ਵੀ ਵਿਸ਼ਵ ਪੱਧਰ 'ਤੇ ਸੰਗਠਿਤ ਹੋਣਾ ਚਾਹੀਦਾ ਹੈ। "ਸਾਨੂੰ ਇੱਕ ਅੰਤਰ-ਰਾਸ਼ਟਰੀ ਅਤੇ ਵਿਸ਼ਵ ਪੱਧਰ ਦੀ ਡਿਜੀਟਲ ਲੇਬਰ ਯੂਨੀਅਨ ਦੀ ਲੋੜ ਹੈ ਜਿੱਥੇ ਦੁਨੀਆ ਭਰ ਦੇ ਡਿਜੀਟਲ ਵਰਕਰ ਡਿਜੀਟਲ ਪੂੰਜੀ ਦੇ ਖਿਲਾਫ ਇੱਕਜੁੱਟ ਹੋਣ।"

ਇੱਥੇ ਆ ਕੇ ਬਹਿਸ ਨੌਜਵਾਨ ਸਭਿਆਚਾਰ (ਯੂਥ ਕਲਚਰ) ਤੋਂ ਅੱਗੇ ਨਿਕਲ ਜਾਂਦੀ ਹੈ। ਸਵਾਲ ਇਹ ਨਹੀਂ ਹੈ ਕਿ ਨੌਜਵਾਨ ਪਿਛਲੀਆਂ ਪੀੜ੍ਹੀਆਂ ਨਾਲੋਂ ਜ਼ਿਆਦਾ ਤਨਜ਼ੀਆ (ਆਇਰੌਨਿਕ), ਚਿੰਤਾਤੁਰ, ਆਨਲਾਈਨ, ਜਾਂ ਬੇਸਬਰੇ ਹਨ। ਸਵਾਲ ਇਹ ਹੈ: ਕੀ ਲੇਬਰ ਅਤੇ ਸੰਚਾਰ ਦੇ ਨਵੇਂ ਰੂਪ ਜਮਾਤੀ ਬਣਤਰਾਂ ਨੂੰ ਨਵਾਂ ਰੂਪ ਦੇ ਰਹੇ ਹਨ? ਅਤੇ ਜੇਕਰ ਅਜਿਹਾ ਹੈ, ਤਾਂ ਕੀ ਜਮਾਤੀ ਸਿਆਸਤ ਦੇ ਇਹ ਨਵੇਂ ਰੂਪ ਉਨ੍ਹਾਂ ਹੀ ਪਲੇਟਫਾਰਮਾਂ ਦੁਆਰਾ ਖਪਾ ਲਏ ਜਾਣ ਤੋਂ ਬਚ ਸਕਦੇ ਹਨ ਜਿਨ੍ਹਾਂ ਰਾਹੀਂ ਇਹ ਫੈਲਦੇ ਹਨ?

**ਨੌਜਵਾਨ ਪੀੜਤ ਵੀ ਅਤੇ ਸਿਆਸੀ ਤਾਕਤ ਵੀ** : ਅਨੂ ਮੁਹੰਮਦ, ਇੱਕ ਬੰਗਲਾਦੇਸ਼ੀ ਅਰਥਸ਼ਾਸਤਰੀ ਅਤੇ ਪੂੰਜੀਵਾਦ ਦਾ ਆਲੋਚਕ ਹੈ। ਉਸ ਦਾ ਮੰਨਣਾ ਹੈ ਕਿ ਬੇਰੁਜ਼ਗਾਰੀ ਅਤੇ ਅਨਿਸ਼ਚਿਤ ਕੰਮ (ਪ੍ਰੀਕੇਰੀਅਸ ਵਰਕ) ਨੂੰ ਪੂੰਜੀਵਾਦੀ ਮਾਰਕੀਟ ਅਰਥਚਾਰੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਉਹ ਇਸ ਗੱਲ 'ਤੇ ਵੀ ਜ਼ੋਰ ਦਿੰਦਾ ਹੈ ਕਿ ਇਹਨਾਂ ਸਥਿਤੀਆਂ ਕਾਰਨ ਸਿਰਫ ਇਕ ਹੀ ਸਿਆਸੀ ਨਤੀਜਾ ਨਹੀਂ ਨਿਕਲਦਾ। ਅਨੂ ਮੁਹੰਮਦ ਅਨੁਸਾਰ "ਹਾਕਮ ਜਮਾਤਾਂ ਇਸ ਸਥਿਤੀ ਨੂੰ ਨੌਜਵਾਨਾਂ ਦੀ ਵਰਤੋਂ ਕਰਨ ਦੇ ਇੱਕ ਮੌਕੇ ਵਜੋਂ ਦੇਖਦੀਆਂ ਹਨ। ਨੌਜਵਾਨ ਛੋਟੀ ਉਮਰ ਤੋਂ ਹੀ ਅਨਿਸ਼ਚਿਤਤਾ, ਅਸਥਿਰਤਾ, ਅਤੇ ਨਾਉਮੀਦੀ ਦਾ ਸਾਹਮਣਾ ਕਰਦੇ ਹਨ। ਜਿੱਥੇ ਇਹ ਸਥਿਤੀਆਂ ਕੁਝ ਨੌਜਵਾਨਾਂ ਨੂੰ ਇਸ ਸਿਸਟਮ ਦਾ ਹਿੱਸਾ ਬਣਾ ਦਿੰਦੀਆਂ ਹਨ, ਉੱਥੇ ਹੀ ਇਹ ਦੂਜਿਆਂ ਨੂੰ ਇਸ ਵਿਵਸਥਾ 'ਤੇ ਸਵਾਲ ਉਠਾਉਣ ਅਤੇ ਇਸ ਦਾ ਵਿਰੋਧ ਕਰਨ ਲਈ ਮਜ਼ਬੂਰ ਕਰਦੀਆਂ ਹਨ।"

ਇਹ ਜਨਰੇਸ਼ਨ ਜ਼ੀ (ਜ਼ੈੱਡ) ਦੀ ਸਿਆਸਤ ਦੇ ਕੇਂਦਰੀ ਵਿਰੋਧਾਭਾਸਾਂ (ਕੰਟਰਾਡਿਕਸ਼ਨਜ਼) ਵਿੱਚੋਂ ਇੱਕ ਹੈ, ਜੋ ਖੁਦ ਪੂੰਜੀਵਾਦ ਦੇ ਇੱਕ ਵਿਆਪਕ ਸੰਕਟ ਦਾ ਅਕਸ ਦਿਖਾਉਂਦਾ ਹੈ। ਅਸੁਰੱਖਿਆ ਦੀਆਂ ਹਾਲਤਾਂ ਸਿਰਫ਼ ਇੱਕ ਕਿਸਮ ਦੀ ਸਿਆਸਤ ਪੈਦਾ ਨਹੀਂ ਕਰਦੀਆਂ। ਇਹ ਹਥਿਆਰ ਸੁੱਟਣ, ਸਭ ਚੀਜ਼ਾਂ ਦਾ ਨਿਖੇਧ ਕਰਨ (ਨਿਹਲਿਜ਼ਮ), ਜਾਂ ਸਥਿਤੀ ਅਨੁਸਾਰ ਢਲ ਜਾਣ—ਜਾਂ ਫਿਰ ਵਿਰੋਧ ਅਤੇ ਬਗਾਵਤ ਨੂੰ ਜਨਮ ਦੇ ਸਕਦੀਆਂ ਹਨ। ਨੌਜਵਾਨਾਂ ਦਾ ਇੱਕ ਹਿੱਸਾ ਇਸ ਸਿਸਟਮ ਦਾ ਇੱਕ ਸੰਦ ਬਣ ਸਕਦਾ ਹੈ, ਜਦੋਂ ਕਿ ਦੂਜਾ ਹਿੱਸਾ ਇਸ ਦੇ ਖਿਲਾਫ ਵਿਰੋਧ ਦਾ ਹਿੱਸਾ ਬਣ ਜਾਂਦਾ ਹੈ।

ਬੰਗਲਾਦੇਸ਼ ਵਿੱਚ 2024 ਦੇ ਅੰਦੋਲਨ ਨੇ ਇਹ ਦਿਖਾਇਆ ਕਿ ਨੌਜਵਾਨਾਂ ਦੀ ਬੇਚੈਨੀ ਕਿੰਨੀ ਛੇਤੀ ਭੜਕ ਸਕਦੀ ਹੈ। ਅਜਿਹੇ ਹੀ ਪੈਟਰਨ ਹੋਰ ਥਾਵਾਂ 'ਤੇ ਵੀ ਦੇਖੇ ਜਾ ਸਕਦੇ ਹਨ। ਨੌਜਵਾਨ ਹਮੇਸ਼ਾਂ ਪਾਰਟੀਆਂ ਰਾਹੀਂ ਸੰਗਠਿਤ ਨਹੀਂ ਹੁੰਦੇ। ਉਹ ਹਮੇਸ਼ਾਂ ਸੁਲਝੀਆਂ ਹੋਈਆਂ ਵਿਚਾਰਧਾਰਾਵਾਂ ਤੋਂ ਸੇਧ ਨਹੀਂ ਲੈਂਦੇ। ਉਨ੍ਹਾਂ ਦੇ ਅੰਦੋਲਨ ਅਕਸਰ ਅਸਥਿਰ ਅਤੇ ਅੰਦਰੂਨੀ ਤੌਰ 'ਤੇ ਵਿਰੋਧਾਭਾਸੀ ਹੁੰਦੇ ਹਨ। ਫਿਰ ਵੀ ਉਹ ਵਾਰ ਵਾਰ ਸਿਆਸੀ ਤਬਦੀਲੀਆਂ ਦੇ ਕੇਂਦਰ ਵਿੱਚ ਨਜ਼ਰ ਆਉਂਦੇ ਹਨ।

ਇਹ ਸਥਿਤੀਆਂ ਪੁਰਾਣੀਆਂ ਸਿਆਸੀ ਸੰਸਥਾਵਾਂ ਨੂੰ ਚਿੰਤਾ ਵਿੱਚ ਪਾਉਂਦੀਆਂ ਹਨ। ਪਾਰਟੀਆਂ ਅਕਸਰ ਉਮੀਦ ਕਰਦੀਆਂ ਹਨ ਕਿ ਨੌਜਵਾਨ ਜਾਣੇ-ਪਛਾਣੇ ਰਸਤਿਆਂ - ਮੈਂਬਰਸ਼ਿਪ, ਮੁਹਿੰਮਾਂ, ਚੋਣਾਂ, ਵਿਚਾਰਧਾਰਕ ਵਫ਼ਾਦਾਰੀ-ਰਾਹੀਂ ਸਿਆਸਤ ਵਿੱਚ ਆਉਣਗੇ। ਪਰ ਜਨਰੇਸ਼ਨ ਜ਼ੀ (ਜ਼ੈੱਡ) ਅਕਸਰ ਸੰਕਟਾਂ ਦੇ ਪ੍ਰਤੀਕਰਮ ਰਾਹੀਂ ਸਿਆਸਤ ਵਿੱਚ ਪ੍ਰਵੇਸ਼ ਕਰਦੀ ਹੈ: ਰਿਹਾਇਸ਼ ਬਾਰੇ ਜਦਜਹਿਦ, ਜਲਵਾਯੂ ਨਾਲ ਸੰਬੰਧਿਤ ਆਫ਼ਤ, ਭ੍ਰਿਸ਼ਟਾਚਾਰ ਦੇ ਸਕੈਂਡਲ, ਕੈਂਪਸਾਂ ਵਿਚਲੇ ਵਿਰੋਧ ਪ੍ਰਦਰਸ਼ਨ, ਜਾਂ ਕਿਸੇ ਵਿਆਪਕ ਬੇਇਨਸਾਫੀ ਨੂੰ ਸਪਸ਼ਟ ਰੂਪ ਵਿੱਚ ਸਾਹਮਣੇ ਲਿਆਉਣ ਵਾਲੀ ਵਾਇਰਲ ਵੀਡੀਓ ਦੇ ਪ੍ਰਤੀਕਰਮ ਵਿੱਚ। ਨਤੀਜਾ ਇਕ ਅਜਿਹੀ ਸਿਆਸਤ ਵਜੋਂ ਸਾਹਮਣੇ ਆਉਂਦਾ ਹੈ ਜਿਸ ਨੂੰ ਕਾਬੂ ਕਰਨਾ ਔਖਾ ਹੁੰਦਾ ਹੈ। ਇਹ ਤੇਜ਼ੀ ਨਾਲ ਆਉਣ ਵਾਲੀ ਅਤੇ ਨੈਤਿਕ ਤੌਰ 'ਤੇ ਤੀਬਰ ਹੋ ਸਕਦੀ ਹੈ। ਇਹ ਅਸਪਸ਼ਟ ਜਾਂ ਅਮੂਰਤ ਹੋ ਸਕਦੀ ਹੈ। ਇਹ ਅਲੋਪ ਹੋ ਸਕਦੀ ਹੈ ਅਤੇ ਦੁਬਾਰਾ ਪ੍ਰਗਟ ਹੋ ਸਕਦੀ ਹੈ। ਇਹ ਲੀਡਰਾਂ ਨੂੰ ਮੰਨਣ ਤੋਂ ਇਨਕਾਰ ਕਰ ਸਕਦੀ ਹੈ। ਇਹ ਗੱਲਬਾਤ ਜਾਂ ਸਮਝੌਤਿਆਂ 'ਤੇ ਭਰੋਸਾ ਨਾ ਕਰਨ ਵਾਲੀ ਹੋ ਸਕਦੀ ਹੈ। ਪਰ ਇਸ ਨੂੰ ਸਿਆਸਤ ਤੋਂ ਬੇਮੁਖਤਾ ਕਹਿ ਕੇ ਖਾਰਜ ਨਹੀਂ ਕੀਤਾ ਜਾ ਸਕਦਾ।

**ਨਾ ਭਰੋਸਾ, ਨਾ ਪਿੱਛੇ ਹੱਟਣਾ : ਜਨਰੇਸ਼ਨ ਜ਼ੀ (ਜ਼ੈੱਡ) ਦੇ ਵਿਰੋਧਾਭਾਸਾਂ ਵਿੱਚੋਂ ਇੱਕ ਵਿਰੋਧਭਾਸ ਇਹ ਹੈ:** ਬੇਭਰੋਸਗੀ ਹਮੇਸ਼ਾਂ ਪਿੱਛੇ ਹਟਣ ਵੱਲ ਨਹੀਂ ਲੈ ਜਾਂਦੀ। ਨੌਜਵਾਨ ਸੰਸਥਾਵਾਂ 'ਤੇ ਅਵਿਸ਼ਵਾਸ ਕਰ ਸਕਦੇ ਹਨ ਅਤੇ ਫਿਰ ਵੀ ਵੋਟ ਪਾ ਸਕਦੇ ਹਨ। ਉਹ ਸਿਆਸੀ ਪ੍ਰਬੰਧ ਨੂੰ ਨਫ਼ਰਤ ਕਰ ਸਕਦੇ ਹਨ ਅਤੇ ਫਿਰ ਵੀ ਸੜਕਾਂ 'ਤੇ ਉਤਰ ਸਕਦੇ ਹਨ। ਉਹ ਰਵਾਇਤੀ ਸਿਆਸਤ ਦਾ ਮਜ਼ਾਕ ਉਡਾ ਸਕਦੇ ਹਨ ਅਤੇ ਫਿਰ ਵੀ ਕੰਮ, ਖਪਤ, ਪਛਾਣ, ਜਲਵਾਯੂ, ਯੁੱਧ, ਅਤੇ ਨਾਬਰਾਬਰੀ ਬਾਰੇ ਮਜ਼ਬੂਤ ਨੈਤਿਕ ਧਾਰਨਾਵਾਂ ਵਿਕਸਿਤ ਕਰ ਸਕਦੇ ਹਨ।

ਮੇਰੇ ਨਾਲ ਗੱਲ ਕਰਨ ਵਾਲੇ ਇਕ ਨੌਜਵਾਨ ਨੇ ਕੈਰੀਅਰ (ਰੁਜ਼ਗਾਰ) ਨਾਲ ਸੰਬੰਧਿਤ ਪੁਰਾਣੇ ਵਾਅਦੇ ਦੇ ਖਤਮ ਹੋਣ ਨੂੰ ਬਹੁਤ ਹੀ ਸਪਸ਼ਟਤਾ ਨਾਲ ਬਿਆਨ ਕੀਤਾ: "ਕੈਰੀਅਰ (ਰੁਜ਼ਗਾਰ) ਦੀ ਪੌੜੀ ਚੜ੍ਹਨਾ? ਮੈਂ ਤਾਂ ਬੱਸ ਪੌੜੀ ਦੇ ਹੇਠਾਂ ਕੁਚਲੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਪਿਛਲੀਆਂ ਪੀੜ੍ਹੀਆਂ ਕੋਲ ਪੱਚੀ ਸਾਲ ਦੀ ਉਮਰ ਵਿੱਚ ਜੋ ਘਰ ਅਤੇ ਗੱਡੀ ਹੁੰਦੀ ਸੀ, ਮੇਰੇ ਲਈ ਉਸ ਦਾ ਸੁਪਨਾ ਲੈਣਾ ਵੀ ਦੂਰ ਦੀ ਗੱਲ ਹੈ।

ਇਹ ਸਿਰਫ਼ ਪੈਸੇ ਬਾਰੇ ਸ਼ਿਕਾਇਤ ਨਹੀਂ ਹੈ। ਇਹ ਇੱਕ ਪੂਰੇ ਨੈਤਿਕ ਅਰਥਚਾਰੇ ਦੇ ਢਹਿ-ਢੇਰੀ ਹੋਣ ਨੂੰ ਦਰਸਾਉਂਦਾ ਹੈ। ਪੁਰਾਣਾ ਵਾਅਦਾ ਕਹਿੰਦਾ ਸੀ ਕਿ ਮਿਹਨਤ ਦਾ ਫਲ ਮਿਲੇਗਾ, ਸਮਾਂ ਪਾ ਕੇ ਬਾਲਗ ਉਮਰ ਦੀ ਜ਼ਿੰਦਗੀ ਹੋਰ ਟਿਕਾਊ ਹੋ ਜਾਵੇਗੀ, ਅਤੇ ਭਵਿੱਖ ਇੱਕ ਅਜਿਹੀ ਚੀਜ਼ ਹੋਵੇਗਾ ਜਿਸ ਬਾਰੇ ਇਕ ਵਿਅਕਤੀ ਸਹੀ ਯੋਜਨਾ ਬਣਾ ਸਕਣ ਦੇ ਯੋਗ ਹੋਵੇਗਾ। ਬਹੁਤ ਸਾਰੇ ਨੌਜਵਾਨਾਂ ਨੂੰ ਹੁਣ ਇਹ ਵਾਅਦਾ ਇਤਿਹਾਸ ਦੀ ਇਕ ਪੁਰਾਣੀ ਨਿਸ਼ਾਨੀ ਵਾਂਗ ਜਾਪਦਾ ਹੈ।

ਫਿਰ ਵੀ ਇਸ ਬੇਭਰੋਸਗੀ ਦਾ ਮਤਲਬ ਇਹ ਨਹੀਂ ਹੈ ਕਿ ਨੌਜਵਾਨਾਂ ਨੇ ਕੁੱਝ ਕਰਨਾ ਬੰਦ ਕਰ ਦਿੱਤਾ ਹੈ। ਇਸ ਦੇ ਉਲਟ, ਉਨ੍ਹਾਂ ਦੀ ਸਿਆਸਤ ਅਕਸਰ ਅਜਿਹੀਆਂ ਥਾਵਾਂ 'ਤੇ ਪ੍ਰਗਟ ਹੁੰਦੀ ਹੈ ਜਿਨ੍ਹਾਂ ਨੂੰ ਪੁਰਾਣੀਆਂ ਪੀੜ੍ਹੀਆਂ ਸਿਆਸੀ ਥਾਂਵਾਂ ਨਹੀਂ ਸਮਝਦੀਆਂ।

ਜਨਰੇਸ਼ਨ ਜ਼ੀ (ਜ਼ੈੱਡ) ਦੇ ਸਿਆਸੀ ਤੌਰ 'ਤੇ ਸਰਗਰਮ ਮੈਂਬਰ ਬ੍ਰੈਂਡਾਂ ਦਾ ਬਾਈਕਾਟ ਕਰਦੇ ਹਨ। ਉਹ ਨੌਕਰੀਆਂ ਛੱਡਦੇ ਹਨ। ਉਹ ਆਪਸੀ ਸਹਾਇਤਾ ਦੇ ਨੈੱਟਵਰਕ ਬਣਾਉਂਦੇ ਹਨ। ਉਹ ਹੈਸ਼ਟੈਗਾਂ ਨੂੰ ਹੁਲਾਰਾ ਦਿੰਦੇ ਹਨ। ਉਹ ਕੰਮ-ਮਾਲਕਾਂ ਦਾ ਪਰਦਾਫਾਸ਼ ਕਰਦੇ ਹਨ। ਉਹ ਪਾਰਟੀਆਂ ਵਿੱਚ ਸ਼ਾਮਲ ਹੋਏ ਬਿਨਾਂ ਸੜਕੀ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੁੰਦੇ ਹਨ। ਉਹ ਤਨਜ਼ ਨੂੰ ਇੱਕ ਹਥਿਆਰ ਵਜੋਂ ਵਰਤਦੇ ਹਨ। ਉਹ ਖਪਤ ਨੂੰ ਨੈਤਿਕ ਫੈਸਲੇ ਵਿੱਚ ਅਤੇ ਡਿਜੀਟਲ ਦਿੱਖ (ਵਿਜ਼ੀਬਿਲਟੀ) ਨੂੰ ਦਬਾਅ ਵਿੱਚ ਬਦਲ ਦਿੰਦੇ ਹਨ।

ਇਸ ਵਿੱਚੋਂ ਕੁਝ ਦਾ ਆਸਾਨੀ ਨਾਲ ਵਪਾਰੀਕਰਨ ਹੋ ਜਾਂਦਾ ਹੈ। ਕੁਝ ਸਤਹੀ ਹੁੰਦਾ ਹੈ। ਕੁਝ ਉੱਨੀ ਹੀ ਤੇਜ਼ੀ ਨਾਲ ਅਲੋਪ ਹੋ ਜਾਂਦਾ ਹੈ ਜਿੰਨੀ ਤੇਜ਼ੀ ਨਾਲ ਇਹ ਪ੍ਰਗਟ ਹੁੰਦਾ ਹੈ। ਪਰ ਇਸ ਦੇ ਵਿਰੋਧਭਾਸੀ (ਕੰਟਰਾਡਿਕਟਰੀ) ਹੋਣ ਦਾ ਮਤਲਬ ਇਹ ਨਹੀਂ ਕਿ ਇਹ ਅਰਥਹੀਣ ਹੈ।

ਸਟੈਂਡਿੰਗ ਇਸ ਅਮਲ ਵਿੱਚ ਇਸ ਸੰਭਾਵਨਾ ਨੂੰ ਦੇਖਦਾ ਹੈ ਕਿ ਨਿਤਾਣੇ (ਪ੍ਰੀਕੇਰੀਅਟ) — ਜਿਸ ਵਿੱਚ ਜਨਰੇਸ਼ਨ ਜ਼ੀ (ਜ਼ੈੱਡ) ਦਾ ਇੱਕ ਵੱਡਾ ਹਿੱਸਾ ਸ਼ਾਮਲ ਹੈ — ਹੌਲੀ-ਹੌਲੀ ਆਪਣੇ ਆਪ ਨੂੰ ਇੱਕ ਜਮਾਤ ਵਜੋਂ ਪਛਾਣਨਾ ਸ਼ੁਰੂ ਕਰ ਰਹੇ ਹਨ।

ਉਹ ਕਹਿੰਦਾ ਹੈ, "ਅਸੀਂ ਦੇਖ ਰਹੇ ਹਾਂ ਕਿ ਨਿਤਾਣੇ (ਪ੍ਰੀਕੇਰੀਅਟ) ਦੁਨੀਆ ਭਰ ਵਿੱਚ ਹੌਲੀ-ਹੌਲੀ 'ਆਪਣੇ ਆਪ ਵਿੱਚ ਇੱਕ ਜਮਾਤ' ਬਣ ਰਹੇ ਹਨ। ਦੂਜੇ ਸ਼ਬਦਾਂ ਵਿੱਚ ਨਿਤਾਣੇ (ਪ੍ਰੀਕੇਰੀਅਟ) ਹੋਣਾ ਹੁਣ ਸ਼ਰਮ ਜਾਂ ਅਸਫਲਤਾ ਦੀ ਨਿਸ਼ਾਨੀ ਵਜੋਂ ਨਹੀਂ ਦੇਖਿਆ ਜਾ ਰਿਹਾ, ਸਗੋਂ ਇਸ ਨੂੰ ਅੱਜ ਦੇ ਵਿਸ਼ਵ ਵਿਆਪੀ ਪੂੰਜੀਵਾਦ (ਗਲੋਬਲ ਕੈਪਟਲਿਜ਼ਮ) ਦੇ ਨਤੀਜੇ ਵਜੋਂ ਦੇਖਿਆ ਜਾ ਰਿਹਾ ਹੈ।"

ਇਹ ਸਮਝ ਸਿਆਸੀ ਤੌਰ 'ਤੇ ਅਤਿ ਵਿਸਫੋਟਕ ਹੈ। ਇੱਕ ਵਾਰ ਜਦੋਂ ਅਸੁਰੱਖਿਆ ਨੂੰ ਨਿੱਜੀ ਅਸਫਲਤਾ ਵਜੋਂ ਮਹਿਸੂਸ ਕਰਨਾ ਬੰਦ ਹੋ ਜਾਂਦਾ ਹੈ, ਤਾਂ ਇਹ ਸਮੂਹਿਕ ਐਕਸ਼ਨ ਨੂੰ ਉਤਸ਼ਾਹਿਤ ਕਰ ਸਕਦੀ ਹੈ।

**ਇੱਕ ਨਵੀਂ ਸਿਆਸੀ ਸੋਚ** : ਜਨਰੇਸ਼ਨ ਜ਼ੀ (ਜ਼ੈੱਡ) ਸਿਰਫ਼ ਇੱਕ ਜਨਸੰਖਿਆ ਸਮੂਹ (ਡੈਮੋਗ੍ਰਾਫਿਕ ਕੋਹੋਰਟ) ਤੋਂ ਕਿਤੇ ਵੱਧ ਹੈ। ਉਹ ਦਹਾਕਿਆਂ ਤੋਂ ਚੱਲੇ ਆ ਰਹੇ ਨਵ-ਉਦਾਰਵਾਦੀ ਪੁਨਰਗਠਨ (ਨਿਓ ਲਿਬਰਲ ਰੀਸਟ ?ਰਕਚਰਿੰਗ), ਕੰਮਾਂ 'ਤੇ ਘੱਟ ਰਹੇ ਅਧਿਕਾਰਾਂ, ਵੱਧ ਰਹੇ ਕਰਜ਼ਿਆਂ, ਪਹੁੰਚ ਤੋਂ ਬਾਹਰ ਰਿਹਾਇਸ਼, ਕਮਜ਼ੋਰ ਹੋਏ ਕਲਿਆਣਕਾਰੀ ਰਾਜਾਂ (ਵੈਲਫੇਅਰ ਸਟੇਟਸ), ਡਿਜੀਟਲ ਸ਼ੋਸ਼ਣ ਅਤੇ ਸਮਾਜਕ ਅਸਲੀਅਤ ਦੀ ਨੁਮਾਇੰਦਗੀ ਕਰਨ ਤੋਂ ਅਯੋਗ ਹੋ ਰਹੇ ਸਿਆਸੀ ਸਿਸਟਮਾਂ ਦਾ ਨਤੀਜਾ ਵੀ ਹੈ।

ਇਸ ਦਾ ਗੁੱਸਾ ਵਿਰੋਧਾਭਾਸੀ (ਕੰਟਰਾਡਿਕਟਰੀ), ਖਿੰਡਿਆ ਹੋਇਆ, ਅਤੇ ਅਕਸਰ ਉਸੇ ਮਾਰਕੀਟ ਦੁਆਰਾ ਹੜੱਪ (ਅਪਣਾ) ਲਿਆ ਜਾਂਦਾ ਹੈ ਜਿਸ ਨੂੰ ਇਹ ਰੱਦ ਕਰਦਾ ਹੈ। ਇਹ ਰੋਸ-ਪ੍ਰਦਰਸ਼ਨ ਬਣ ਸਕਦਾ ਹੈ, ਪਰ ਇਹ ਸਮੱਗਰੀ (ਕੰਟੈਂਟ) ਵੀ ਬਣ ਸਕਦਾ ਹੈ। ਫਿਰ ਵੀ ਸਿਸਟਮ ਨੂੰ ਰੱਦ ਕਰਨਾ ਚਾਹੁਣ ਵਾਲੇ ਨੌਜਵਾਨ, ਅਕਸਰ ਪਲੇਟਫਾਰਮ ਅਰਥਚਾਰੇ ਨਾਲ ਜੁੜੇ ਹੋਏ ਹੁੰਦੇ ਹਨ।

ਪਰ ਇਹ ਗੱਲ ਜਨਰੇਸ਼ਨ ਜ਼ੀ (ਜ਼ੈੱਡ) ਨੂੰ ਸਿਆਸਤ ਤੋਂ ਬੇਮੁੱਖ ਪੀੜ੍ਹੀ ਨਹੀਂ ਬਣਾਉਂਦੀ। ਇਹ ਦਰਸਾਉਂਦੀ ਹੈ ਕਿ ਸਿਆਸੀ ਪ੍ਰਗਟਾਵਾ ਅਜਿਹੇ ਰੂਪਾਂ ਵਿੱਚ ਸਾਹਮਣੇ ਆ ਰਿਹਾ ਹੈ ਜਿਨ੍ਹਾਂ ਨੂੰ ਸਮਝਣ ਵਿੱਚ ਪੁਰਾਣੀਆਂ ਸੰਸਥਾਵਾਂ ਸੰਘਰਸ਼ ਕਰ ਰਹੀਆਂ ਹਨ।

ਇਹ ਪੀੜ੍ਹੀ ਸਿਆਸਤ ਤੋਂ ਬਾਹਰ ਨਹੀਂ ਹੈ। ਪਰ ਇਹ ਹਮੇਸ਼ਾਂ ਮਹਿਸੂਸ ਕਰਦੀ ਹੈ ਕਿ ਇਹ ਪੁਰਾਣੀਆਂ ਸਿਆਸੀ ਸੰਸਥਾਵਾਂ ਤੋਂ ਬਾਹਰ ਹੈ। ਜ਼ਰੂਰੀ ਨਹੀਂ ਕਿ ਇਸ ਦੀ ਸਿਆਸਤ ਪਾਰਟੀਆਂ, ਪ੍ਰੋਗਰਾਮਾਂ ਜਾਂ ਵਿਚਾਰਧਾਰਕ ਰਵਾਇਤਾਂ ਨਾਲ ਸ਼ੁਰੂ ਹੋਵੇ। ਇਹ ਅਸੁਰੱਖਿਆ, ਜ਼ਲਾਲਤ, ਭਵਿੱਖ ਦੇ ਬੰਦ ਰਾਹਾਂ ਅਤੇ ਇਸ ਅਹਿਸਾਸ ਨਾਲ ਸ਼ੁਰੂ ਹੁੰਦੀ ਹੈ ਕਿ ਨਿਯਮਾਂ ਵਿੱਚ ਹੇਰਾਫੇਰੀ ਕੀਤੀ ਗਈ ਹੈ।

ਸਿਆਸਤ ਦੀ ਪੁਰਾਣੀ ਭਾਸ਼ਾ ਪੁੱਛਦੀ ਹੈ ਕਿ ਕੀ ਇਹ ਨੌਜਵਾਨ ਖੱਬੇਪੱਖੀ, ਉਦਾਰਵਾਦੀ, ਰੂੜ੍ਹੀਵਾਦੀ, ਪਾਪੂਲਿਸਟ (ਲੋਕਵਾਦੀ), ਰੈਡੀਕਲ ਜਾਂ ਉਦਾਸੀਨ ਹਨ। ਪਰ ਇਸ ਤੋਂ ਡੂੰਘਾ ਸਵਾਲ ਵੱਖਰਾ ਹੋ ਸਕਦਾ ਹੈ: ਉਦੋਂ ਕੀ ਹੁੰਦਾ ਹੈ ਜਦੋਂ ਇਕ ਪੀੜ੍ਹੀ ਨੂੰ ਵਿਸ਼ਵਾਸ ਨਹੀਂ ਰਹਿੰਦਾ ਕਿ ਸਿਸਟਮ ਉਹਨਾਂ ਨੂੰ ਇਕ ਭਵਿੱਖ ਦੇ ਸਕਦਾ?

ਅੱਜ ਪੂੰਜੀਵਾਦ ਦਾ ਸੰਕਟ ਸਿਰਫ਼ ਇਹ ਨਹੀਂ ਹੈ ਕਿ ਇਹ ਨਾਬਰਾਬਰੀ ਪੈਦਾ ਕਰਦਾ ਹੈ। ਇਸ ਦਾ ਸੰਕਟ ਇਹ ਵੀ ਹੈ ਕਿ ਇਸ ਦੇ ਕੇਂਦਰੀ ਵਾਅਦੇ ਨੇ ਆਪਣੀ ਭਰੋਸੇਯੋਗਤਾ ਗੁਆ ਦਿੱਤੀ ਹੈ। ਪੁਰਾਣੀ ਕਹਾਣੀ — 'ਸਖ਼ਤ ਮਿਹਨਤ ਕਰ ਕੇ ਤੁਸੀਂ ਸਫਲ ਹੋ ਸਕਦੇ ਹੋ' — ਹੁਣ ਉਸ ਪੀੜ੍ਹੀ ਨੂੰ ਕਾਇਲ ਨਹੀਂ ਕਰਦੀ ਜਿਸ ਤੋਂ ਦੁਨੀਆ ਦੀ ਵਾਗਡੋਰ ਸੰਭਾਲਣ ਦੀ ਉਮੀਦ ਕੀਤੀ ਜਾਂਦੀ ਹੈ।

ਇਹ ਦੇਖਣਾ ਬਾਕੀ ਹੈ ਕਿ ਕੀ ਜਨਰੇਸ਼ਨ ਜ਼ੀ (ਜ਼ੈੱਡ) ਦਾ ਗੁੱਸਾ ਅਤੇ ਮੋਹਭੰਗ ਉਹਨਾਂ ਵਿੱਚ ਨਿਰਾਸ਼ਾ, ਪ੍ਰਤੀਕਿਰਿਆ ਜਾਂ ਇੱਕਜੁੱਟਤਾ ਪੈਦਾ ਕਰੇਗਾ। ਜੋ ਗੱਲ ਸਪੱਸ਼ਟ ਹੈ ਉਹ ਇਹ ਹੈ ਕਿ ਵੱਧ ਤੋਂ ਵੱਧ ਨੌਜਵਾਨ ਹੁਣ ਅਸੁਰੱਖਿਆ ਨੂੰ ਨਿੱਜੀ ਅਸਫਲਤਾ ਵਜੋਂ ਨਹੀਂ ਸਗੋਂ ਇੱਕ ਸਾਂਝੀ ਸਥਿਤੀ ਵਜੋਂ ਦੇਖਦੇ ਹਨ। ਜੋ ਚੀਜ਼ ਨਿੱਜੀ ਬਦਕਿਸਮਤੀ ਦਿਖਾਈ ਦਿੰਦੀ ਹੈ ਉਸ ਨੂੰ ਇੱਕ ਸਾਂਝੀ ਜਨਤਕ ਸਥਿਤੀ ਵਜੋਂ ਪਛਾਣਨਾ ਹੀ ਉਹ ਥਾਂ ਹੈ ਜਿੱਥੋਂ ਸਿਆਸਤ ਸ਼ੁਰੂ ਹੁੰਦੀ ਹੈ। ਇਹ ਉਹ ਚੀਜ਼ ਹੈ ਜੋ ਸਮੂਹਿਕ ਐਕਸ਼ਨ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਢਾਂਚਾਗਤ ਤਬਦੀਲੀ ਦੀ ਮੰਗ ਕਰਦੀ ਹੈ।

# ਅਰੁੰਧਤੀ ਰਾਏ ਦੀ 'ਦ ਸਕ੍ਰੋਲ' ਦੀ ਸੰਪਾਦਕ ਸੁਪ੍ਰਿਆ ਸ਼ਰਮਾ ਨਾਲ ਜੰਤਰ-ਮੰਤਰ ਵਿਖੇ ਚਰਚਾ

ਪੇਸ਼ਕਸ਼: ਸੁਪ੍ਰਿਆ ਸ਼ਰਮਾ,
ਅਨੁ. : ਬੂਟਾ ਸਿੰਘ ਮਹਿਮੂਦਪੁਰ

*ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਅਸਤੀਫ਼ਾ ਦੇਣ ਤੋਂ ਅਗਲੇ ਦਿਨ ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਸਾਡੇ ਨਾਲ ਜੰਤਰ-ਮੰਤਰ ਵਿਖੇ ਆ ਕੇ ਸੰਵਾਦ ਰਚਾਉਣ ਦਾ ਸੱਦਾ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਿਆ।*

36 ਦਿਨਾਂ ਤੱਕ ਸੈਂਕੜੇ ਨੌਜਵਾਨ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਉੱਥੇ ਡੇਰਾ ਲਾਈ ਬੈਠੇ ਰਹੇ। ਪਿਛਲੇ ਹਫ਼ਤੇ ਪੁਲਿਸ ਦੀ ਕਾਰਵਾਈ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹੋਰ ਵੀ ਤਿੱਖਾ ਹੋ ਗਿਆ, ਜਿਸ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਖੁੱਲ੍ਹੇਆਮ ਮਜ਼ਾਕ ਉਡਾਇਆ ਅਤੇ ਉਸ ਦੀ ਆਲੋਚਨਾ ਕੀਤੀ।

ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਨ ਲਈ ਇੱਕ ਵਾਰ ਜਨਤਕ ਤੌਰ 'ਤੇ ਸਾਹਮਣੇ ਆਉਣ ਤੋਂ ਇਲਾਵਾ, ਰਾਏ ਨੇ ਸਾਨੂੰ ਦੱਸਿਆ ਕਿ ਉਹ ਭੇਸ ਬਦਲ ਕੇ ਕਈ ਵਾਰ ਜੰਤਰ-ਮੰਤਰ ਗਈ ਸੀ। ਉਸ ਨੇ ਕਿਹਾ ਕਿ ਮੋਦੀ ਨੂੰ ਨਿਸ਼ਾਨਾ ਬਣਾਉਣ ਵਾਲੇ ਚੁਟਕਲਿਆਂ, ਮੀਮਾਂ ਅਤੇ ਨਾਅਰਿਆਂ ਕਾਰਨ ਉਸ ਦੀਆਂ ਗੱਲ੍ਹਾਂ "ਇਨਾ ਹੱਸਣ ਕਾਰਨ ਦੁਖਣ" ਲੱਗ ਪਈਆਂ ਸਨ।

ਉਸ ਨੇ ਕਿਹਾ ਕਿ ਨੌਜਵਾਨ ਪ੍ਰਦਰਸ਼ਨਕਾਰੀਆਂ ਨੇ "ਦੱਬੀ ਹੋਈ ਗੱਲ ਖੁੱਲ੍ਹ ਕੇ ਕਹਿ ਦਿੱਤੀ। "ਸਾਡੇ ਸਾਰਿਆਂ ਦੇ ਮਨਾਂ ਵਿੱਚ ਇਹ ਗੱਲਾਂ ਸਨ, ਪਰ ਅਸੀਂ ਉਨ੍ਹਾਂ ਨੂੰ ਕਹਿ ਨਹੀਂ ਸਕਦੇ ਸੀ। ਤੁਸੀਂ ਇਕੱਲੇ ਤਾਂ ਇਹ ਨਹੀਂ ਕਹਿ ਸਕਦੇ, ਪਰ ਭੀੜ ਵਿੱਚ ਉਨ੍ਹਾਂ ਨੂੰ ਕੌਣ ਰੋਕ ਸਕਦਾ ਹੈ?

ਉਸ ਨੇ ਕਿਹਾ, "ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲਗਭਗ 24 ਸਾਲ ਤੱਕ ਆਪਣਾ ਅਕਸ ਇਨੀ ਸਾਵਧਾਨੀ ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿੱਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ—ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿੱਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।

ਸਪਸ਼ਟਤਾ ਲਈ ਥੋੜ੍ਹਾ ਸੰਪਾਦਿਤ ਕੀਤਾ ਇਸ ਗੱਲਬਾਤ ਦਾ ਸੰਖੇਪ ਵੇਰਵਾ ਪੇਸ਼ ਹੈ:

**ਤੁਸੀਂ ਪਿਛਲੀ ਵਾਰ ਇੱਥੇ ਕਦੋਂ ਆਏ ਸੀ?**

ਮੈਂ ਇੱਥੇ ਸਮਾਪਤੀ ਤੋਂ ਇੱਕ ਦਿਨ ਪਹਿਲਾਂ ਆਈ ਸੀ। ਮੇਰਾ ਮਤਲਬ ਹੈ, ਉਸ ਵਿਅਕਤੀ ਦੇ ਅਸਤੀਫ਼ੇ ਤੋਂ ਇੱਕ ਦਿਨ ਪਹਿਲਾਂ।

**ਉਸ ਵੇਲੇ ਦਾ ਮਾਹੌਲ ਕਿਹੋ ਜਿਹਾ ਸੀ?**

ਖ਼ੈਰ, ਅੰਦਰ ਜਾਣ ਵਾਲੀ ਕਤਾਰ ਇਨੀ ਲੰਮੀ ਸੀ ਕਿ ਮੈਂ ਅੰਦਰ ਨਹੀਂ ਜਾ ਸਕੀ। ਇਸ ਲਈ ਮੈਂ ਬਾਹਰ ਹੀ ਘੁੰਮਦੀ ਰਹੀ ਅਤੇ ਜ਼ਾਹਿਰ ਹੈ ਕਿ ਮੈਂ ਮਾਸਕ ਵੀ ਪਾਇਆ ਹੋਇਆ ਸੀ। ਇਹ ਬੜੇ ਮਜ਼ੇਦਾਰ ਢੰਗ ਨਾਲ ਬੇਬਾਕ ਸੀ, ਤੁਸੀਂ ਜਾਣਦੇ ਹੋ। ਮੈਂ ਹਮੇਸ਼ਾ ਸੋਚਦੀ ਹਾਂ ਕਿ ਹਾਸਾ ਰਾਜਨੀਤੀ ਦਾ ਸਾਰ ਹੈ।

ਪਿਛਲੇ 24 ਸਾਲ ਤੋਂ ਪ੍ਰਧਾਨ ਮੰਤਰੀ ਮੇਰੇ ਨਿਸ਼ਾਨੇ 'ਤੇ ਸੀ, ਇਸ ਲਈ ਇਹ ਸਭ ਸੁਣ ਕੇ ਮੈਨੂੰ ਬਹੁਤ ਰਾਹਤ ਮਿਲੀ। ਮੈਨੂੰ ਲੱਗਦਾ ਸੀ ਕਿ ਅਜਿਹਾ ਕੁਝ ਵਾਪਰਨ ਤੋਂ ਪਹਿਲਾਂ ਹੀ ਮੈਂ ਮਰ ਜਾਵਾਂਗੀ ਅਤੇ ਇਹ ਬਹੁਤ ਹੀ ਅਦਭੁੱਤ ਸੀ। ਪਰ ਹੁਣ ਥੋੜ੍ਹਾ ਡਰ ਵੀ ਲੱਗ ਰਿਹਾ ਹੈ। ਚੁੱਪ ਛਾਈ ਹੋਈ ਹੈ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

ਇਹ ਸਭ ਕੁਝ ਅਵਿਸ਼ਵਾਸਯੋਗ ਜਿਹਾ ਲੱਗਦਾ ਹੈ। ਇਹ ਸਾਰਾ ਕੁਝ ਇੱਕ ਹਫ਼ਤੇ ਦੇ ਅੰਦਰ ਹੋ ਗਿਆ। ਇਸ ਦੀ ਸ਼ੁਰੂਆਤ ਪਹਿਲਾਂ ਹੀ ਹੋ ਰਹੀ ਸੀ, ਪਰ ਆਖ਼ਰੀ ਹਫ਼ਤੇ ਦੌਰਾਨ ਇਹ ਆਪਣੇ ਸਿਖ਼ਰ 'ਤੇ ਪਹੁੰਚ ਗਿਆ। ਕੀ ਤੁਸੀਂ ਸ਼ੁਰੂਆਤੀ ਦਿਨਾਂ ਵਿੱਚ ਇੱਥੇ ਮੌਜੂਦ ਸੀ?



ਮੈਂ ਸ਼ੁਰੂਆਤੀ ਦਿਨਾਂ ਵਿੱਚ ਆਈ ਸੀ। ਫਿਰ ਕੁਝ ਸਮੇਂ ਲਈ ਨਹੀਂ ਆਈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਮੇਰੇ ਲਈ ਗੁੰਝਲਦਾਰ ਮਾਮਲਾ ਹੈ। ਮੈਂ ਨਹੀਂ ਚਾਹੁੰਦੀ ਸੀ ਕਿ ਮੇਰੀ ਵਧੇਰੇ ਇਨਕਲਾਬੀ ਮੰਨੀ ਜਾਣ ਵਾਲੀ ਲਿਖਤ ਨੂੰ ਇੱਕ ਅਜਿਹੇ ਅੰਦੋਲਨ ਨਾਲ ਜੋੜਿਆ ਜਾਵੇ, ਜਿਸ ਦੀ ਮੰਗ—ਘੱਟੋ-ਘੱਟ ਉੱਪਰੋਂ ਵੇਖਣ 'ਤੇ—ਬਹੁਤ ਸੀਮਤ ਸੀ। ਇਹੀ ਕਾਰਨ ਸੀ ਕਿ ਇਹ ਅੰਦੋਲਨ ਏਨਾ ਵਿਆਪਕ ਸੀ, ਵਗੈਰਾ-ਵਗੈਰਾ। ਇਸ ਲਈ ਮੈਂ ਸਾਵਧਾਨ ਸੀ ਕਿ ਆਪਣੇ ਆਪ ਨੂੰ ਇਸ ਨਾਲ ਜੁੜਨ ਨਾ ਦੇਵਾਂ।

**ਤੁਸੀਂ ਪਿਛਲੇ ਹਫ਼ਤੇ ਇੱਕ ਲੇਖ ਲਿਖਿਆ ਸੀ, ਜਿਸ ਵਿੱਚ ਤੁਸੀਂ ਕਿਹਾ ਸੀ ਕਿ ਸ਼ੁਰੂ ਵਿੱਚ ਜੋ ਕੁਝ ਹੋ ਰਿਹਾ ਸੀ, ਉਸ ਕਾਕਰੋਚ ਜਨਤਾ ਪਾਰਟੀ ਨੂੰ ਲੈ ਕੇ ਤੁਹਾਡੇ ਮਨ ਵਿੱਚ ਖ਼ਦਸ਼ੇ ਸਨ, ਪਰ ਫਿਰ ਕੁਝ ਬਦਲ ਗਿਆ।**

ਹਾਂ, ਅੰਨਾ ਹਜ਼ਾਰੇ ਅੰਦੋਲਨ ਅਤੇ ਉਸ ਵਿੱਚ ਸੱਜੇ-ਪੱਖੀ ਵਿਚਾਰਧਾਰਾ ਦੀ ਘੁਸਪੈਠ ਕਾਰਨ ਮੈਂ ਥੋੜ੍ਹੀ ਚਿੰਤਤ ਸੀ। ਮੈਨੂੰ ਪਤਾ ਸੀ ਕਿ ਇਸ ਵਿੱਚ ਸ਼ਾਮਲ ਕੁਝ ਬੱਚਿਆਂ ਨੂੰ ਉਸੇ ਕਿਸਮ ਦੀ ਵਿਚਾਰਧਾਰਾ ਅਨੁਸਾਰ ਸਿਖਲਾਈ ਦਿੱਤੀ ਗਈ ਸੀ। ਇਸ ਲਈ ਮੈਂ ਸਿਰਫ਼ ਇਹ ਦੇਖਣਾ ਚਾਹੁੰਦੀ ਸੀ ਕਿ ਅੱਗੇ ਕੀ ਹੁੰਦਾ ਹੈ, ਨਾਅਰੇ ਕੀ ਹੋਣਗੇ ਅਤੇ ਪ੍ਰਤੀਕ ਕੀ ਹੋਣਗੇ।


ਫਿਰ ਮੈਨੂੰ ਉਸ ਵੇਲੇ ਬਹੁਤ ਤਸੱਲੀ ਹੋਈ, ਜਦੋਂ ਮੈਂ ਅਭਿਜੀਤ ਦਿਪਕੇ ਨੂੰ ਇਹ ਕਹਿੰਦੇ ਸੁਣਿਆ, "ਜੇ ਮੇਰਾ ਨਾਂ ਖ਼ਾਲਿਦ ਹੁੰਦਾ ਤਾਂ ਇਹ ਲੋਕ ਮੈਨੂੰ ਇਹ ਸਭ ਕੁਝ ਕਰਨ ਨਾ ਦਿੰਦੇ।" ਮੈਨੂੰ ਲੱਗਿਆ ਕਿ ਇਹ ਸਿੱਧੇ-ਸਾਦੇ ਸ਼ਬਦਾਂ ਵਿੱਚ ਕਹੀ ਗਈ ਬਹੁਤ ਡੂੰਘੀ ਗੱਲ ਸੀ। ਤੁਸੀਂ ਦੇਖਿਆ ਕਿ ਕਿਵੇਂ ਇਸ ਭਿਆਨਕ ਰਾਸ਼ਟਰਵਾਦੀ, ਹਿਦੂ ਰਾਸ਼ਟਰਵਾਦੀ ਬਿਆਨਬਾਜ਼ੀ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕੀਤਾ ਗਿਆ ਹੈ, ਜਿਸ ਵਿੱਚ ਅਸੀਂ ਸਾਰੇ ਡੁੱਬੇ ਹੋਏ ਹਾਂ। ਇਹ ਬਹੁਤ ਹੀ ਹੌਸਲਾ ਦੇਣ ਵਾਲਾ ਸੀ ਅਤੇ ਉਸੇ ਵੇਲੇ ਮੈਂ ਇੱਥੇ ਆਉਣ ਦਾ ਫ਼ੈਸਲਾ ਕੀਤਾ।

ਇਹ ਸਭ ਇੱਕ ਮਜ਼ਾਕ ਨਾਲ ਸ਼ੁਰੂ ਹੋਇਆ ਸੀ, ਜੋ ਇਸ ਨੂੰ ਹੋਰ ਵੀ ਅਵਿਸ਼ਵਾਸਯੋਗ ਬਣਾ ਦਿੰਦਾ ਹੈ। ਮੇਰਾ ਮਤਲਬ ਹੈ, ਇਹ ਸੋਸ਼ਲ ਮੀਡੀਆ 'ਤੇ ਇੱਕ ਪੈਰੋਡੀ ਵਜੋਂ ਸ਼ੁਰੂ ਹੋਇਆ ਸੀ, ਜਿਸ ਵਿੱਚ ਐਨਕ ਪਹਿਨੇ ਹੋਏ ਕਾਕਰੋਚ ਦੀ ਏਆਈ ਨਾਲ ਬਣਾਈ ਗਈ ਤਸਵੀਰ ਸੀ।

ਮੇਰਾ ਖ਼ਿਆਲ ਹੈ ਕਿ ਅਸੀਂ ਸਾਰੇ, ਜੋ ਇਸ ਵਿਆਪਕ ਬਹਿਸ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਹਾਸ਼ੀਏ 'ਤੇ ਰਹੇ ਹਾਂ ਜਾਂ ਘੱਟੋ-ਘੱਟ ਮੁੱਖਧਾਰਾ ਮੀਡੀਆ ਵੱਲੋਂ ਹਾਸ਼ੀਏ 'ਤੇ ਧੱਕੇ ਅਤੇ ਬਦਨਾਮ ਕੀਤੇ ਗਏ ਹਾਂ, ਸਾਡੇ ਲਈ ਇਹ ਨਵਾਂ ਤਜਰਬਾ ਸੀ। ਇਸ ਨੂੰ ਜਥੇਬੰਦ ਕਰਨ ਦਾ ਢੰਗ ਵੀ ਨਵਾਂ ਸੀ। ਮੇਰਾ ਖ਼ਿਆਲ ਹੈ ਕਿ ਲੋਕ ਇਸ ਤੋਂ ਅਤੇ ਇਨ੍ਹਾਂ ਲੋਕਾਂ ਤੋਂ ਬਹੁਤ ਕੁਝ ਸਿੱਖਣਗੇ।

ਉਨ੍ਹਾਂ ਨੇ ਸਾਨੂੰ ਇੱਕ ਤੋਹਫ਼ਾ ਦਿੱਤਾ ਹੈ। ਮੈਨੂੰ ਨਹੀਂ ਪਤਾ ਕਿ ਇਸ ਦਾ ਅੱਗੇ ਕੀ ਹੋਵੇਗਾ। ਮੇਰਾ ਮੰਨਣਾ ਹੈ ਕਿ ਇਸ ਨੇ ਆਪਣੇ ਟੀਚੇ ਤੋਂ ਕਿਤੇ ਵੱਧ ਹਾਸਲ ਕਰ ਲਿਆ ਹੈ, ਕਿਉਂਕਿ ਸਿੱਖਿਆ ਮੰਤਰੀ ਦਾ ਅਸਤੀਫ਼ਾ ਇੱਕ ਤਰ੍ਹਾਂ ਦੀ ਰਸਮੀ ਮੰਗ ਸੀ ਅਤੇ ਉਹ ਇਸ ਵਿੱਚ ਕਾਮਯਾਬ ਰਹੇ।

ਪਰ ਜਿਵੇਂ ਕਿ ਅਸੀਂ ਜਾਣਦੇ ਹਾਂ—ਮੇਰਾ ਮਤਲਬ ਹੈ, ਮੈਂ ਹੁਣੇ ਨਵੇਂ ਸਿੱਖਿਆ ਮੰਤਰੀ ਦੀ ਇੱਕ ਵੀਡੀਓ ਦੇਖ ਰਹੀ ਸੀ, ਜਿਸ ਨੂੰ ਹੁਣੇ-ਹੁਣੇ ਦੱਸਿਆ ਗਿਆ ਹੈ, ਜਿਵੇਂ, "ਓ ਬੌਸ, ਤੁਸੀਂ ਸਿੱਖਿਆ ਮੰਤਰੀ ਹੋ।" ਉਨ੍ਹਾਂ ਦੇ ਕੰਮ ਕਰਨ ਦਾ ਢੰਗ ਇਹੀ ਹੈ। ਇੰਝ ਲੱਗਦਾ ਹੈ ਜਿਵੇਂ ਗੰਦਗੀ ਦੇ ਢੇਰ ਉੱਤੇ ਬੈਠਾ ਇੱਕ ਨਿੱਕਾ ਜਿਹਾ ਪ੍ਰਤੀਕ ਹਟਾ ਕੇ ਉਸ ਦੀ ਥਾਂ ਦੂਜਾ ਰੱਖ ਦਿੱਤਾ ਗਿਆ ਹੋਵੇ, ਪਰ ਗੰਦਗੀ ਦਾ ਢੇਰ ਅਜੇ ਵੀ ਉੱਥੇ ਹੀ ਹੈ।



ਜੇ ਤੁਸੀਂ ਸਿਰਫ਼ ਸਿੱਖਿਆ ਦੀ ਗੱਲ ਕਰੋ ਤਾਂ ਨਿੱਜੀਕਰਨ, ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣਾ—ਤੁਸੀਂ ਜਾਣਦੇ ਹੋ ਕਿ ਨੀਟ ਇੱਕ ਉੱਚ ਪੱਧਰੀ ਪ੍ਰੀਖਿਆ ਹੈ—ਪਰ ਇਸ ਤੱਥ ਵੱਲ ਧਿਆਨ ਦਿਓ ਕਿ ਉਹ ਸਿੱਖਿਆ ਦਾ ਨਿੱਜੀਕਰਨ ਕਰ ਰਹੇ ਹਨ।

ਦਲਿਤਾਂ ਅਤੇ ਹੋਰ ਪੱਛੜੇ ਵਰਗਾਂ (ਓਬੀਸੀ) ਵਰਗੇ ਵਾਂਝੇ ਵਿਦਿਆਰਥੀਆਂ ਦੇ ਸਾਰੇ ਵਰਗਾਂ ਨੂੰ ਹੌਲੀ-ਹੌਲੀ ਇਸ ਤੋਂ ਬਾਹਰ ਕੀਤਾ ਜਾ ਰਿਹਾ ਹੈ। ਪੂਰੇ ਸਿਲੇਬਸ ਨੂੰ ਇੱਕ ਤਰ੍ਹਾਂ ਨਾਲ ਮੂਰਖਤਾਪੂਰਨ ਬਣਾ ਦਿੱਤਾ ਗਿਆ ਹੈ। ਉਹ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਪਸ਼ਟ ਤੌਰ 'ਤੇ ਕਾਮਯਾਬ ਨਹੀਂ ਹੋ ਰਹੇ, ਕਿਉਂਕਿ ਇਹ ਨੌਜਵਾਨ ਪੀੜ੍ਹੀ ਬੇਹੱਦ ਮਜ਼ਾਹੀਆ ਅਤੇ ਅਦਭੁੱਤ ਸਾਬਤ ਹੋਈ ਹੈ।

ਪਰ ਸਿੱਖਿਆ ਮੰਤਰਾਲੇ ਅਤੇ ਸਿੱਖਿਆ ਪ੍ਰਣਾਲੀ ਦੇ ਅੰਦਰ ਹੀ ਬਹੁਤ ਕੁਝ ਅਜਿਹਾ ਹੈ, ਜਿਸ ਵੱਲ ਧਿਆਨ ਨਹੀਂ ਦਿੱਤਾ ਗਿਆ। ਭਾਜਪਾ ਦੇ ਉਨ੍ਹਾਂ ਹਮਾਇਤੀਆਂ ਨੂੰ ਹੀ ਦੇਖ ਲਓ, ਜੋ ਅਸਤੀਫ਼ਾ ਦੇ ਚੁੱਕੇ ਇਸ ਮੰਤਰੀ ਦੀ ਪ੍ਰਸ਼ੰਸਾ ਇਸ ਤਰ੍ਹਾਂ ਕਰ ਰਹੇ ਹਨ, ਜਿਵੇਂ ਉਸ ਨੇ ਵਿਦਿਆਰਥੀਆਂ ਦੇ ਹਿੱਤ ਵਿੱਚ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਹੋਵੇ ਅਤੇ ਉਸ ਨੂੰ ਸ਼ਰਮਿੰਦਾ ਹੋ ਕੇ ਅਹੁਦਾ ਛੱਡਣ ਲਈ ਮਜਬੂਰ ਨਾ ਹੋਣਾ ਪਿਆ ਹੋਵੇ। ਮੇਰਾ ਖ਼ਿਆਲ ਹੈ ਕਿ ਦੋਵਾਂ ਧਿਰਾਂ ਲਈ ਖੇਡ ਅਜੇ ਸ਼ੁਰੂ ਹੀ ਹੋਈ ਹੈ। ਘੱਟੋ-ਘੱਟ ਮੈਨੂੰ ਤਾਂ ਇਹੀ ਆਸ ਹੈ।

ਤੁਸੀਂ ਇਸ ਪੀੜ੍ਹੀ ਦੀ ਹਾਸੇ-ਵਿਅੰਗ ਦੀ ਸਮਰੱਥਾ ਬਾਰੇ ਗੱਲ ਕੀਤੀ। ਇਹ ਅਜਿਹੀ ਪੀੜ੍ਹੀ ਹੈ, ਜਿਸ ਨੂੰ ਮੀਡੀਆ, ਫ਼ਿਲਮਾਂ ਅਤੇ ਇੱਥੋਂ ਤੱਕ ਕਿ ਪਾਠ-ਪੁਸਤਕਾਂ ਰਾਹੀਂ ਵੀ ਏਨਾ ਕੂੜ ਪ੍ਰਚਾਰ ਪਰੋਸਿਆ ਗਿਆ ਹੈ। ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਕਿਵੇਂ ਸਮਝ ਲੈਂਦੇ ਹਨ?

ਅੱਛਾ, ਮੇਰਾ ਖ਼ਿਆਲ ਹੈ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਕੂੜ ਪ੍ਰਚਾਰ ਬਹੁਤਾ ਸੂਖਮ ਜਾਂ ਸੰਜੀਦਾ ਨਹੀਂ ਹੈ। ਇਹ ਏਨਾ ਘਟੀਆ ਹੈ ਕਿ ਔਸਤ ਬੁੱਧੀ ਵਾਲਾ ਵਿਅਕਤੀ ਵੀ ਇਸ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਬਹੁਤ ਸਾਰੇ ਲੋਕਾਂ ਨੇ ਸੋਚਿਆ ਸੀ ਕਿ ਬੱਚੇ ਇਸ ਨੂੰ ਸਮਝ ਨਹੀਂ ਸਕਣਗੇ, ਪਰ ਸਪਸ਼ਟ ਤੌਰ 'ਤੇ ਉਹ ਸਮਝ ਗਏ।

ਦੂਜੀ ਗੱਲ ਇਹ ਹੈ ਕਿ ਕੂੜ ਪ੍ਰਚਾਰ ਦੀ ਵੀ ਇੱਕ ਸੀਮਤ ਮਿਆਦ ਹੁੰਦੀ ਹੈ। ਦਿੱਲੀ ਵਿੱਚ ਜਿਨ੍ਹਾਂ ਲੋਕਾਂ ਦੇ ਘਰਾਂ ਅਤੇ ਝੁੱਗੀਆਂ ਨੂੰ ਬੁਲਡੋਜ਼ਰਾਂ ਨਾਲ ਢਾਹਿਆ ਜਾ ਰਿਹਾ ਹੈ, ਉਹ ਕਹਿ ਰਹੇ ਹਨ, "ਫਿਰ ਵੀ ਮੋਦੀ ਜੀ ਨੂੰ ਵੋਟ ਦਿਆਂਗੇ।" ਪਰ ਦੂਜੇ ਪਾਸੇ ਹਕੀਕਤ ਵੀ ਮੌਜੂਦ ਹੈ—ਜਿਵੇਂ ਕਿਹਾ ਜਾਂਦਾ ਹੈ, ਜਦੋਂ ਅਸਲੀ ਪ੍ਰੀਖਿਆ ਦੀ ਘੜੀ ਆਉਂਦੀ ਹੈ। ਇੱਥੋਂ ਤੱਕ ਕਿ ਮੋਦੀ-ਭਗਤ ਮਾਪੇ ਵੀ ਆਪਣੇ ਬੱਚਿਆਂ ਦਾ ਭਵਿੱਖ ਹਨੇਰੇ ਵਿੱਚ ਡੁੱਬਦਾ ਦੇਖ ਰਹੇ ਹਨ।

ਮੇਰਾ ਮਤਲਬ ਹੈ, ਤੁਸੀਂ ਇੱਥੇ ਨੀਟ ਦੇ ਪ੍ਰਸ਼ਨ-ਪੱਤਰ ਲੀਕ ਹੋਣ ਜਾਂ ਹੋਰ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰ ਰਹੇ ਹੋ, ਪਰ ਮੈਡੀਕਲ, ਇੰਜੀਨੀਅਰਿੰਗ ਜਾਂ ਕਿਸੇ ਵੀ ਹੋਰ ਵਿਸ਼ੇ ਦੀ ਪੰਜ ਸਾਲ ਤੱਕ ਪੜ੍ਹਾਈ ਕਰਨ ਤੋਂ ਬਾਅਦ ਵੀ ਨੌਕਰੀਆਂ ਨਹੀਂ ਮਿਲਦੀਆਂ।

**ਤਾਂ ਫਿਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਲਈ ਕੀ ਸੰਭਾਵਨਾਵਾਂ ਹਨ?**

ਜੀ ਹਾਂ, ਤੁਹਾਡੀਆਂ ਕੀ ਸੰਭਾਵਨਾਵਾਂ ਹਨ? ਸਾਡੇ ਵਿੱਚੋਂ ਕੁਝ ਲੋਕ ਆਦਿਵਾਸੀਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤੇ ਜਾਣ ਅਤੇ ਲੋਕਾਂ ਦੇ ਉਜਾੜੇ ਬਾਰੇ ਲਿਖਦੇ ਰਹੇ ਹਨ। ਹੁਣ ਪਾਣੀ—ਨਰਮਦਾ ਦਾ ਡੁੱਬਦਾ-ਚੜ੍ਹਦਾ ਪਾਣੀ, ਨਰਮਦਾ ਦਾ ਵਧਦਾ ਜਲ-ਪੱਧਰ—ਮੱਧ ਵਰਗ ਤੱਕ ਪਹੁੰਚ ਗਿਆ ਹੈ। ਤੁਸੀਂ ਜਾਣਦੇ ਹੋ, ਇਹ ਉੱਥੋਂ ਤੱਕ ਪਹੁੰਚ ਗਿਆ ਹੈ।

ਇੱਥੋਂ ਤੱਕ ਕਿ ਕਾਰੋਬਾਰੀ ਵੀ ਨਿੱਜੀਕਰਨ ਅਤੇ ਕੇਂਦਰੀਕਰਨ ਤੋਂ ਪ੍ਰਭਾਵਿਤ ਹਨ—ਕਿ ਸਿਰਫ਼ ਅਡਾਨੀ ਅਤੇ ਅੰਬਾਨੀ ਹੀ ਮਾਇਨੇ ਰੱਖਦੇ ਹਨ ਅਤੇ ਬਾਕੀ ਸਾਰੇ ਹਾਸ਼ੀਏ 'ਤੇ ਚਲੇ ਗਏ ਹਨ। ਇਸ ਲਈ ਵੱਖ-ਵੱਖ ਪੱਧਰਾਂ 'ਤੇ ਹਰ ਕੋਈ ਇਹ ਸਭ ਵਾਪਰਦਾ ਦੇਖ ਰਿਹਾ ਹੈ।

ਤੁਸੀਂ ਉਹ ਕਹਾਵਤ ਤਾਂ ਜਾਣਦੇ ਹੀ ਹੋਵੋਗੇ, ਮੇਰਾ ਖ਼ਿਆਲ ਹੈ ਕਿ ਕਿਸਾਨ ਅੰਦੋਲਨ ਨਾਲ ਸੰਬੰਧਤ ਕਿਸੇ ਵਿਅਕਤੀ ਨੇ ਕਹੀ ਸੀ: "ਮੁਲਕ ਨੂੰ ਚਾਰ ਲੋਕ ਚਲਾਉਂਦੇ ਹਨ—ਦੋ ਖ਼ਰੀਦਦੇ ਹਨ, ਦੋ ਵੇਚਦੇ ਹਨ ਅਤੇ ਚਾਰੇ ਗੁਜਰਾਤੀ ਹਨ—(ਨਰਿੰਦਰ) ਮੋਦੀ, (ਅਮਿਤ) ਸ਼ਾਹ, (ਗੌਤਮ) ਅਡਾਨੀ ਅਤੇ (ਮੁਕੇਸ਼) ਅੰਬਾਨੀ।" ਇਹ ਕੋਈ ਅਲੰਕਾਰ ਜਾਂ ਉਪਮਾ ਨਹੀਂ ਹੈ, ਇਹ ਹਕੀਕਤ ਹੈ।

ਸੋ ਭ੍ਰਿਸ਼ਟਾਚਾਰ ਹਰ ਪਾਸੇ ਫੈਲਿਆ ਹੋਇਆ ਹੈ, ਅੰਕੜੇ ਵੀ ਝੂਠੇ ਹਨ ਅਤੇ ਉਹ ਖ਼ੁਦ ਆਪਣੇ ਝੂਠਾਂ ਅਤੇ ਕੂੜ ਪ੍ਰਚਾਰ ਉੱਤੇ ਵਿਸ਼ਵਾਸ ਕਰਨ ਲੱਗ ਪਏ ਹਨ। ਮੇਰਾ ਮਤਲਬ ਹੈ, ਮੇਰੇ ਮਨ ਵਿੱਚ ਸਵਾਲ ਇਹ ਹੈ: ਕੀ ਮੋਦੀ ਨੂੰ ਪਤਾ ਹੈ ਕਿ ਉਸ ਬਾਰੇ ਕੀ ਕਿਹਾ ਜਾ ਰਿਹਾ ਹੈ ਜਾਂ ਉਸ ਨੂੰ ਇਸ ਸਭ ਕਾਸੇ ਤੋਂ ਬਚਾਅ ਕੇ ਰੱਖਿਆ ਜਾ ਰਿਹਾ ਹੈ? ਇਨ੍ਹਾਂ ਵਿੱਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ? ਇਹ ਗੱਲ ਕਿ ਤੁਸੀਂ ਪ੍ਰਧਾਨ ਮੰਤਰੀ ਹੋ ਅਤੇ ਤੁਹਾਡੇ ਆਲੇ-ਦੁਆਲੇ ਦੇ ਸਾਰੇ ਲੋਕ ਜਾਣਦੇ ਹਨ ਕਿ ਤੁਹਾਡਾ ਮਜ਼ਾਕ ਉਡਾਇਆ ਜਾ ਰਿਹਾ ਹੈ, ਪਰ ਤੁਹਾਨੂੰ ਇਸ ਦਾ ਪਤਾ ਨਹੀਂ; ਜਾਂ ਫਿਰ ਤੁਹਾਨੂੰ ਸਭ ਕੁਝ ਪਤਾ ਹੈ? ਇਨ੍ਹਾਂ ਵਿੱਚੋਂ ਕਿਹੜੀ ਗੱਲ ਵਧੇਰੇ ਮਾੜੀ ਹੈ।

ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਇਸ ਅੰਦੋਲਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇੱਕ ਅਜਿਹਾ ਸ਼ਖ਼ਸ, ਜਿਸ ਨੇ 2002 ਤੋਂ ਸ਼ੁਰੂ ਕਰਕੇ ਲਗਭਗ 24 ਸਾਲ ਤੱਕ ਆਪਣਾ ਅਕਸ ਏਨੀ ਸਾਵਧਾਨੀ ਨਾਲ ਘੜਿਆ; ਇੱਕ ਅਜਿਹਾ ਸ਼ਖ਼ਸ, ਜਿਸ ਨੇ ਕਦੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਮੁਨਾਸਿਬ ਨਹੀਂ ਸਮਝਿਆ; ਇੱਕ ਅਜਿਹਾ ਸ਼ਖ਼ਸ, ਜੋ ਟੈਲੀਪ੍ਰੌਂਪਟਰ ਜਾਂ ਹੱਥ ਵਿੱਚ ਛੋਟੀ ਜਿਹੀ ਪਰਚੀ ਲੈ ਕੇ ਬੋਲਦਾ ਫਿਰਦਾ ਹੈ ਅਤੇ ਜਿਸ ਨੂੰ ਅਜੇ ਵੀ ਵਿਸ਼ਵ ਗੁਰੂ ਅਤੇ ਵਿਸ਼ਨੂੰ ਦਾ ਅਵਤਾਰ ਆਦਿ ਕਿਹਾ ਜਾਂਦਾ ਹੈ—ਉਸ ਨੂੰ ਅਚਾਨਕ ਇਨ੍ਹਾਂ ਬੱਚਿਆਂ ਨੇ ਦੋ ਹਫ਼ਤਿਆਂ ਵਿੱਚ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।

ਮੈਂ ਸੋਚਣ ਦੀ ਕੋਸ਼ਿਸ਼ ਕਰ ਰਹੀ ਹਾਂ। ਮੇਰਾ ਮਤਲਬ ਹੈ, ਇਸਟਾਗ੍ਰਾਮ ਤਾਂ ਬਹੁਤ ਪਹਿਲਾਂ ਹੁੰਦਾ ਨਹੀਂ ਸੀ, ਪਰ ਮੈਨੂੰ ਨਹੀਂ ਲੱਗਦਾ ਕਿ ਇਤਿਹਾਸ ਵਿੱਚ ਕਦੇ ਕਿਸੇ ਮਨੁੱਖ ਦਾ-ਖ਼ਾਸ ਕਰਕੇ ਕਿਸੇ ਰਾਸ਼ਟਰ ਦੇ ਮੁਖੀ ਦਾ-ਏਨਾ ਜ਼ਿਆਦਾ ਅਪਮਾਨ ਅਤੇ ਮਜ਼ਾਕ ਉਡਾਇਆ ਗਿਆ ਹੋਵੇਗਾ।

ਤਾਂ ਹੁਣ ਉਹ ਬਾਹਰ ਆ ਕੇ ਲੋਕਾਂ ਦਾ ਸਾਹਮਣਾ ਕਿਵੇਂ ਕਰੇਗਾ ਅਤੇ ਮੁੜ ਉਹੀ ਮੂਰਖਤਾਪੂਰਨ ਗੱਲਾਂ ਕਿਵੇਂ ਦੁਹਰਾਏਗਾ? ਕਿਉਂਕਿ ਉਸ ਦੇ ਪੁਰਾਣੇ ਭਾਸ਼ਣਾਂ ਨੂੰ ਵੀ ਕੱਢ-ਕੱਢ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਸੀ, ਉਨ੍ਹਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ ਅਤੇ ਬੱਚੇ ਹੱਸ-ਹੱਸ ਕੇ ਲੋਟਪੋਟ ਹੋ ਰਹੇ ਸਨ। ਇਸ ਨਾਲ ਪਿਛਲੀ ਪੀੜ੍ਹੀ ਵੀ ਕੁਝ ਮੂਰਖ ਜਿਹੀ ਦਿਖਾਈ ਦਿੰਦੀ ਹੈ, ਕਿਉਂਕਿ ਤੁਸੀਂ ਤਾਂ ਇਹ ਸਾਰੀਆਂ ਬਕਵਾਸ ਗੱਲਾਂ ਬੜੀ ਆਸਾਨੀ ਨਾਲ ਮੰਨ ਲਈਆਂ ਸਨ, ਹੈ ਨਾ? ਕੀ ਤੁਹਾਨੂੰ ਯਕੀਨ ਹੈ ਕਿ ਤੁਹਾਡਾ ਆਈਕਿਊ ਠੀਕ ਹੈ? ਜਾਂ ਅਸੀਂ ਸਾਰੇ ਬੁਰੀ ਤਰ੍ਹਾਂ ਟੁੱਟ ਚੁੱਕੇ ਹਾਂ?

ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਕੁਝ ਪੱਖਾਂ ਤੋਂ ਇਹ ਚੋਣ ਜਿੱਤਣ ਨਾਲੋਂ ਵੀ ਵੱਡੀ ਗੱਲ ਹੈ-ਉਸ ਵਿਅਕਤੀ ਦੇ ਆਲੇ-ਦੁਆਲੇ ਖੜ੍ਹੀ ਕੀਤੀ ਗਈ ਬਕਵਾਸ ਦੀ ਕੰਧ ਨੂੰ ਢਾਹ ਦੇਣਾ, ਜੋ ਸਪਸ਼ਟ ਤੌਰ 'ਤੇ ਔਸਤ ਦਰਜੇ ਦੀ ਬੁੱਧੀ ਵਾਲਾ ਵੀ ਨਹੀਂ ਹੈ ਅਤੇ ਜੋ ਸਾਡਾ ਪ੍ਰਧਾਨ ਮੰਤਰੀ ਹੈ।

**ਖ਼ੈਰ, ਹੁਣ ਉਹ ਨੌਜਵਾਨਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੁਸੀਂ ਉਸ ਦੀਆਂ ਇੰਸਟਾਗ੍ਰਾਮ ਵੀਡੀਓਜ਼ ਤਾਂ ਦੇਖੀਆਂ ਹੀ ਹੋਣਗੀਆਂ।**

ਇਹ ਨਾ ਸਿਰਫ਼ ਹਾਸੋਹੀਣਾ ਸੀ, ਸਗੋਂ ਫਿਰ ਉਹ (ਭਾਜਪਾ ਵਾਲੇ) ਇਸ ਨੂੰ ਲੈ ਕੇ ਸ਼ੇਖ਼ੀਆਂ ਮਾਰਨ ਲੱਗ ਪਏ ਕਿ ਇਸ ਨੂੰ ਕਿੰਨੇ ਲੋਕਾਂ ਨੇ ਦੇਖਿਆ ਹੈ।

**ਕਹਿੰਦੇ ਵਿਸ਼ਵ ਰਿਕਾਰਡ ਬਣਾ ਦਿੱਤਾ।**

ਕੀ ਤੁਸੀਂ 'ਨਫ਼ਰਤ ਨਾਲ ਦੇਖਣ' ਬਾਰੇ ਸੁਣਿਆ ਹੈ? ਇੱਥੋਂ ਤੱਕ ਕਿ ਨਿੱਕੇ-ਨਿੱਕੇ ਬੱਚੇ ਵੀ (ਵੀਡੀਓ ਬਣਾ ਕੇ) ਦੱਸ ਰਹੇ ਸਨ ਕਿ ਇਹ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ, ਸਗੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ।

ਤੁਸੀਂ ਜਾਣਦੇ ਹੋ, ਵਸੀਲੀ ਗ੍ਰੌਸਮੈਨ ਨਾਂ ਦਾ ਇੱਕ ਰੂਸੀ ਲੇਖਕ ਹੋਇਆ ਹੈ, ਜੋ ਮੈਨੂੰ ਬਹੁਤ ਪਸੰਦ ਹੈ। ਉਸ ਨੇ ਸਟਾਲਿਨਗ੍ਰਾਦ ਨਾਂ ਦਾ ਇੱਕ ਸ਼ਾਨਦਾਰ ਨਾਵਲ ਲਿਖਿਆ ਹੈ। ਕਹਾਣੀ ਇੱਕ ਜਰਮਨ ਜਨਰੈਲ ਤੋਂ ਸ਼ੁਰੂ ਹੁੰਦੀ ਹੈ, ਜਿਸ ਨੂੰ ਰੂਸੀ ਮੋਰਚੇ 'ਤੇ ਤਾਇਨਾਤ ਕੀਤਾ ਗਿਆ ਹੈ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਰੂਸ ਉੱਤੇ ਹਮਲਾ ਕਰਨਾ ਜਰਮਨੀ ਦੇ ਅੰਤ ਦਾ ਕਾਰਨ ਬਣੇਗਾ। ਇਸ ਲਈ ਉਹ ਹਿਟਲਰ ਨੂੰ ਇਹ ਦੱਸਣ ਲਈ ਬਰਲਿਨ ਵਾਪਸ ਜਾਂਦਾ ਹੈ ਕਿ ਇਹ ਬੁਰਾ ਵਿਚਾਰ ਹੈ। ਪਰ ਜਦੋਂ ਉਹ ਹਿਟਲਰ ਨੂੰ ਮਿਲਦਾ ਹੈ ਤਾਂ ਉਹ ਉਸਦੀ ਆਭਾ ਦੇਖਕੇ ਐਨਾ ਭੈਭੀਤ ਹੋ ਜਾਂਦਾ ਹੈ ਕਿ ਉਸ ਨੂੰ ਬੁਰੀ ਖ਼ਬਰ ਨਹੀਂ ਸੁਣਾ ਸਕਦਾ। ਉਹ ਅਜਿਹਾ ਨਹੀਂ ਕਰਦਾ ਅਤੇ ਫਿਰ ਅਸੀਂ ਜਾਣਦੇ ਹਾਂ ਕਿ ਅੱਗੇ ਕੀ ਹੋਇਆ।

ਤਾਂ ਤੁਹਾਨੂੰ ਇੰਝ ਲੱਗਦਾ ਹੈ ਕਿ ਕੀ ਕੋਈ ਇਸ ਆਦਮੀ ਨੂੰ ਇਹ ਨਹੀਂ ਦੱਸ ਰਿਹਾ ਕਿ ਕੁਝ ਬਦਲ ਗਿਆ ਹੈ—ਸਿਰਫ਼ ਮੁਲਕ ਦੇ ਅੰਦਰ ਹੀ ਨਹੀਂ, ਸਗੋਂ ਕੌਮਾਂਤਰੀ ਪੱਧਰ 'ਤੇ ਵੀ? ਸਾਰਿਆਂ ਨੂੰ ਪਤਾ ਲੱਗ ਗਿਆ ਹੈ। ਆਸਟ੍ਰੇਲੀਆ ਵਿੱਚ ਲੋਕ ਹੱਸ ਰਹੇ ਸਨ, ਇੰਡੋਨੇਸ਼ੀਆ ਵਿੱਚ ਲੋਕ ਹੱਸ ਰਹੇ ਸਨ। ਡੋਨਾਲਡ ਟਰੰਪ, ਤੁਹਾਡਾ ਸਭ ਤੋਂ ਚੰਗਾ ਦੋਸਤ, ਤੁਹਾਨੂੰ ਟੋਏ ਵਿੱਚ ਧੱਕਾ ਦੇ ਦਿੱਤਾ ਹੈ। ਇਸ ਤਰ੍ਹਾਂ ਤੁਸੀਂ ਭਾਰਤ ਨੂੰ ਬੇਇੱਜ਼ਤ ਕਰ ਰਹੇ ਹੋ। ਸਿਰਫ਼ ਬੇਇੱਜ਼ਤ ਹੀ ਨਹੀਂ ਕਰ ਰਹੇ, ਇਹ ਸਾਰੇ ਸਮਝੌਤੇ ਅਤੇ ਸੰਧੀਆਂ ਕਿਸਾਨਾਂ ਨਾਲ ਧੋਖਾ ਕਰ ਰਹੀਆਂ ਹਨ। ਇਹ ਬਹੁਤ ਵੱਡੀ ਗੱਲ ਹੈ। ਜ਼ਾਹਿਰ ਹੈ ਕਿ ਨੌਜਵਾਨਾਂ ਦਾ ਇਹ ਵਿਰੋਧ ਪ੍ਰਦਰਸ਼ਨ ਉਨ੍ਹਾਂ ਸਾਰੇ ਮੁੱਦਿਆਂ ਦਾ ਵਿਸ਼ਲੇਸ਼ਣ ਨਹੀਂ ਕਰ ਰਿਹਾ ਸੀ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਪਰ ਮੇਰਾ ਖ਼ਿਆਲ ਹੈ ਕਿ ਇਸ ਸਾਰੇ ਕੁਝ ਦੇ ਮੁਖੀ ਨੂੰ ਬੇਨਕਾਬ ਕਰਨਾ ਮੁਲਕ ਦੀ ਬਹੁਤ ਵੱਡੀ ਸੇਵਾ ਸੀ।

**ਅਸੀਂ ਸਾਰੇ ਜਿਹੜੇ ਜੰਤਰ-ਮੰਤਰ ਗਏ ਹਾਂ, ਸਾਡੇ ਲਈ ਇੱਕ ਹੋਰ ਅਵਿਸ਼ਵਾਸਯੋਗ ਗੱਲ ਇਹ ਸੀ ਕਿ ਇਹ ਇੱਕ ਅਜਿਹਾ ਵਿਰੋਧ ਅੰਦੋਲਨ ਸੀ, ਜਿਸ ਵਿੱਚ ਮੁੱਖ ਭਾਵਨਾ ਗੁੱਸਾ ਨਹੀਂ, ਸਗੋਂ ਹਾਸਾ ਸੀ।**

ਮੈਨੂੰ ਨਹੀਂ ਲੱਗਦਾ ਕਿ ਗੁੱਸੇ ਅਤੇ ਹਾਸੇ ਦਰਮਿਆਨ ਕੋਈ ਸਪਸ਼ਟ ਕੰਧ ਹੈ। ਜਿਵੇਂ ਮੈਂ ਕਿਹਾ, ਮੇਰਾ ਮੰਨਣਾ ਹੈ ਕਿ ਹਾਸਾ ਕਸ਼ੀਦ ਕੀਤੀ ਰਾਜਨੀਤੀ ਹੈ—ਰਾਜਨੀਤੀ ਦਾ ਸਭ ਤੋਂ ਵੱਧ ਸੂਖਮ ਅਤੇ ਸੁਘੜ ਨਿਚੋੜ। ਇਸ ਲਈ ਬੇਸ਼ੱਕ ਇਹ ਗੁੱਸਾ ਹੀ ਸੀ, ਪਰ ਇਸ ਨੂੰ ਹਾਸੇ ਅਤੇ ਗਾਲ੍ਹਾਂ ਦੇ ਰੂਪ ਵਿੱਚ ਪ੍ਰਗਟਾਇਆ ਗਿਆ।

ਹਾਂ, ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਛਾਪਿਆ ਨਹੀਂ ਜਾ ਸਕਦਾ।

ਅਸੀਂ ਸਾਰੇ ਬਸ ਮੁਸਕਰਾ ਰਹੇ ਸੀ। ਮੇਰਾ

ਮਤਲਬ ਹੈ, ਏਨਾ ਮੁਸਕਰਾਉਣ ਨਾਲ ਮੇਰੀਆਂ ਤਾਂ ਗੱਲ੍ਹਾਂ ਦੁਖਣ ਲੱਗ ਪਈਆਂ ਸਨ। ਕਈ ਵਾਰ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਾਡੇ ਸਾਰਿਆਂ ਦੇ ਮਨ ਦੀ ਗੱਲ ਕਹਿ ਦਿੱਤੀ। ਅਸੀਂ ਸਾਰੇ ਇਹ ਕੁਝ ਸੋਚਦੇ ਰਹੇ ਸੀ, ਪਰ ਕਹਿ ਨਹੀਂ ਸਕਦੇ ਸੀ। ਇਕੱਲੇ ਤਾਂ ਤੁਸੀਂ ਇਹ ਗੱਲ ਨਹੀਂ ਕਹਿ ਸਕਦੇ, ਪਰ ਭੀੜ ਵਿੱਚ—ਤੁਸੀਂ ਜਾਣਦੇ ਹੋ—ਉਨ੍ਹਾਂ ਨੂੰ ਕਿਹੜੀ ਚੀਜ਼ ਰੋਕ ਸਕਦੀ ਹੈ?

ਪਰ ਮੈਂ ਸੱਚਮੁੱਚ ਚਿੰਤਤ ਹਾਂ, ਕਿਉਂਕਿ ਮੈਨੂੰ ਅਜਿਹੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਪੁਲਿਸ ਹੁਣ ਇੱਥੇ ਮੌਜੂਦ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਮਿਸਾਲ ਵਜੋਂ, ਮੁਹੰਮਦ ਜੁਨੈਦ-ਵਾਲੰਟੀਅਰ ਜੋ ਲੋਕਾਂ ਨੂੰ ਖਾਣਾ ਖਵਾ ਰਿਹਾ ਸੀ-ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਪਰਿਵਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਮੈਂ ਉਸ ਨੂੰ ਇਹ ਕਹਿੰਦੇ ਸੁਣਿਆ ਕਿ ਪੁਲਿਸ ਨੇ ਉਸ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਉਸ ਦੀ ਕੁੱਟਮਾਰ ਕੀਤੀ। ਮੇਰਾ ਮਤਲਬ ਹੈ, ਉਹ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਇਸ ਤਰ੍ਹਾਂ ਨਿਸ਼ਾਨਾ ਕਿਵੇਂ ਬਣਾ ਸਕਦੇ ਹਨ? ਅਤੇ ਮੈਂ ਤੁਹਾਡੇ ਕੋਲੋਂ ਸੁਣਿਆ ਹੈ ਕਿ ਬਿਹਾਰ ਵਿੱਚ ਵੱਡੇ ਪੱਧਰ 'ਤੇ ਲੋਕਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ।

ਜੀ ਹਾਂ, ਨਜ਼ਰਬੰਦ ਕਰਨਾ ਅਤੇ ਗ੍ਰਿਫ਼ਤਾਰੀਆਂ ਦੋਵੇਂ ਹੋ ਰਹੀਆਂ ਹਨ।

ਇਹ ਬਦਲੇ ਦੀ ਭਾਵਨਾ ਤੋਂ ਪ੍ਰੇਰਿਤ ਬਹੁਤ ਹੀ ਘਿਣਾਉਣੀ ਕਾਰਵਾਈ ਹੈ। ਮੇਰਾ ਮਤਲਬ ਹੈ, ਜਦੋਂ ਪ੍ਰਧਾਨ (ਸਿੱਖਿਆ ਮੰਤਰੀ) ਨੇ ਅਸਤੀਫ਼ਾ ਦਿੱਤਾ, ਉਸ ਵੇਲੇ ਹਿੰਦੂ ਸੈਨਾ ਰਾਹ ਵਿਚ ਆ ਹੀ ਰਹੀ ਸੀ। ਸਰਕਾਰ ਨੇ ਉਸ ਦਾ ਜ਼ੋਰਦਾਰ ਸਵਾਗਤ ਕੀਤਾ। ਕਿਸੇ ਨੇ ਉਸ ਵੱਲ ਉਂਗਲ ਨਹੀਂ ਉਠਾਈ। ਇਮਤਿਹਾਨਾਂ ਦੇ ਪ੍ਰਸ਼ਨ-ਪੱਤਰ ਲੀਕ ਹੋਣ ਲਈ ਕਿਸੇ ਨੇ ਮੁਆਫ਼ੀ ਨਹੀਂ ਮੰਗੀ ਅਤੇ ਨਾ ਹੀ ਕਿਸੇ ਨੇ ਕੋਈ ਜ਼ਿੰਮੇਵਾਰੀ ਲਈ ਹੈ। ਤੁਸੀਂ ਜਾਣਦੇ ਹੋ, ਇਝ ਲੱਗਦਾ ਹੈ ਕਿ ਖੇਡ ਅਜੇ ਖ਼ਤਮ ਨਹੀਂ ਹੋਈ। ਦੁੱਖ ਦੀ ਗੱਲ ਇਹ ਹੈ ਕਿ ਸਾਡੀਆਂ ਵਿਰੋਧੀ ਪਾਰਟੀਆਂ ਇਸ ਦੀ ਖੁੱਲ੍ਹੇ ਦਿਲ ਨਾਲ ਹਮਾਇਤ ਨਹੀਂ ਕਰ ਸਕੀਆਂ। ਇਨ੍ਹਾਂ ਬੱਚਿਆਂ ਨੇ ਉਹ ਕਰ ਦਿਖਾਇਆ, ਜੋ ਵਿਰੋਧੀ ਧਿਰ ਨਹੀਂ ਕਰ ਸਕੀ। ਪਰ ਉਨ੍ਹਾਂ ਨੇ ਗੋਲਮੋਲ ਢੰਗ ਨਾਲ ਇਸ ਨੂੰ ਸਵੀਕਾਰ ਕੀਤਾ ਹੈ, ਜੋ ਅਸਲ ਵਿੱਚ ਸਵੀਕਾਰ ਕਰਨਾ ਨਹੀਂ ਹੈ। ਮੈਨੂੰ ਨਹੀਂ ਪਤਾ। ਮਿਸਾਲ ਵਜੋਂ, ਅੱਜ ਸੰਸਦ ਦਾ ਸੈਸ਼ਨ ਸ਼ੁਰੂ ਹੋ ਰਿਹਾ ਹੈ। ਉੱਥੇ ਕੀ ਹੋਵੇਗਾ? ਕਿਉਂਕਿ ਜਦੋਂ ਇਹ ਸਭ ਕੁਝ ਵਾਪਰ ਰਿਹਾ ਹੈ, ਜਿਵੇਂ ਮੈਂ ਆਪਣੇ ਲੇਖ ਵਿੱਚ ਕਿਹਾ ਸੀ, ਭਾਜਪਾ ਦਾ ਹੰਕਾਰ ਇਸ ਗੱਲ ਤੋਂ ਪੈਦਾ ਹੋਇਆ ਹੈ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੇ ਚੋਣਾਂ ਵਿੱਚ ਧਾਂਦਲੀ ਕੀਤੀ ਹੈ। ਕਿਸੇ ਲਈ ਵੀ ਚੋਣ ਜਿੱਤਣਾ ਔਖਾ ਹੁੰਦਾ ਹੈ। ਉਨ੍ਹਾਂ ਕੋਲ ਅਜਿਹਾ ਮੀਡੀਆ ਹੈ, ਜੋ ਮੀਡੀਆ ਹੈ ਹੀ ਨਹੀਂ। ਇਹ ਤਾਂ ਸੈਂਸਰਸ਼ਿਪ ਬਾਰੇ ਚਿੰਤਾ ਕਰਨ ਵਾਲੇ ਲੋਕਾਂ ਦਾ ਸਮੂਹ ਵੀ ਨਹੀਂ ਹੈ। ਇਹ ਅਜਿਹੇ ਲੋਕਾਂ ਦਾ ਸਮੂਹ ਹੈ, ਜੋ ਬੜੇ ਉਤਸ਼ਾਹ ਨਾਲ ਇਸ ਫਾਸ਼ੀਵਾਦੀ ਰਾਸ਼ਟਰਵਾਦੀ ਸੰਦੇਸ਼ ਦਾ ਪ੍ਰਚਾਰ ਕਰ ਰਿਹਾ ਹੈ।

(ਇੱਕ ਪੁਲਿਸ ਮੁਲਾਜ਼ਮ ਸਾਡੇ ਵੱਲ ਆਉਂਦਾ ਹੈ।)

ਮੈਨੂੰ ਲੱਗਦਾ ਹੈ ਕਿ ਉਹ ਸਾਨੂੰ ਇੱਥੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ।

(ਪੁਲਿਸ ਮੁਲਾਜ਼ਮ ਸਾਨੂੰ ਉੱਥੋਂ ਚਲੇ ਜਾਣ ਲਈ ਕਹਿੰਦਾ ਹੈ। ਅਸੀਂ ਉਸ ਨੂੰ ਉਹ ਹੁਕਮ ਦਿਖਾਉਣ ਲਈ ਕਹਿੰਦੇ ਹਾਂ, ਜਿਸ ਵਿੱਚ ਲਿਖਿਆ ਹੋਵੇ ਕਿ ਜੰਤਰ-ਮੰਤਰ ਆਮ ਲੋਕਾਂ ਲਈ ਖੁੱਲ੍ਹਾ ਨਹੀਂ ਹੈ। ਉਹ ਕਹਿੰਦਾ ਹੈ ਕਿ ਕੋਈ ਲਿਖਤੀ ਹੁਕਮ ਨਹੀਂ ਹੈ, ਪਰ ਉਹ ਆਪਣੇ ਸੀਨੀਅਰ ਅਧਿਕਾਰੀਆਂ ਦੇ ਜ਼ੁਬਾਨੀ ਨਿਰਦੇਸ਼ਾਂ ਦੀ ਪਾਲਣਾ ਕਰ ਰਿਹਾ ਹੈ। ਅਰੁੰਧਤੀ ਉਸ ਦੀ ਕਮੀਜ਼ ਉੱਤੇ ਲੱਗੀ ਨੇਮਪਲੇਟ ਵੱਲ ਇਸ਼ਾਰਾ ਕਰਦਿਆਂ ਕਹਿੰਦੀ ਹੈ ਕਿ ਰਾਹਤ ਦੀ ਗੱਲ ਹੈ ਕਿ ਇਹ ਅਜੇ ਵੀ ਉਸ ਕੋਲ ਹੈ—ਉਨ੍ਹਾਂ ਪੁਲਿਸ ਮੁਲਾਜ਼ਮਾਂ ਦੇ ਉਲਟ, ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਕੁੱਟਿਆ ਸੀ। ਉਹ ਕਹਿੰਦਾ ਹੈ ਕਿ ਨੇਮਪਲੇਟ ਨਾਜ਼ੁਕ ਹੈ ਅਤੇ ਡਿੱਗ ਸਕਦੀ ਹੈ। ਉਹ ਅੱਗੇ ਕਹਿੰਦਾ ਹੈ ਕਿ ਉਹ ਸਾਨੂੰ ਸਿਰਫ਼ ਚਲੇ ਜਾਣ ਦੀ ਬੇਨਤੀ ਕਰ ਰਿਹਾ ਹੈ, ਕੋਈ ਹੁਕਮ ਨਹੀਂ ਦੇ ਰਿਹਾ। ਅਸੀਂ ਉਸ ਨੂੰ ਦੱਸਦੇ ਹਾਂ ਕਿ ਅਸੀਂ ਛੇਤੀ ਹੀ ਚਲੇ ਜਾਵਾਂਗੇ। ਉਹ ਸਾਡਾ ਧੰਨਵਾਦ ਕਰਦਾ ਹੈ ਅਤੇ ਚਲਾ ਜਾਂਦਾ ਹੈ।)

**ਮੈਨੂੰ ਲੱਗਦਾ ਹੈ ਕਿ ਉਨ੍ਹਾਂ ਕੋਲ (ਪੁਲਿਸ) ਵੀ ਇਹ ਬੱਚੇ ਹਨ।**

ਵੈਸੇ ਤਾਂ ਉਹ (ਪੁਲਿਸ ਮੁਲਾਜ਼ਮ) ਨਿੱਜੀ ਤੌਰ 'ਤੇ ਵਿਰੋਧ ਪ੍ਰਦਰਸ਼ਨ ਪ੍ਰਤੀ ਕਾਫ਼ੀ ਹਮਦਰਦੀ ਰੱਖਦੇ ਸਨ।

ਸੱਚ ਦੱਸਾਂ ਤਾਂ ਮੇਰਾ ਖ਼ਿਆਲ ਹੈ ਕਿ ਕਈ ਸਾਲ ਪਹਿਲਾਂ ਮੈਂ ਇੱਕ ਲੇਖ ਲਿਖਿਆ ਸੀ, ਜਿਸ ਵਿੱਚ ਮੈਂ ਕਿਹਾ ਸੀ ਕਿ ਭਾਰਤ ਇਨ੍ਹਾਂ ਤਰੀਕਿਆਂ ਰਾਹੀਂ ਕਸ਼ਮੀਰ ਦਾ ਅਨਿੱਖੜ ਅੰਗ ਬਣਨ ਜਾ ਰਿਹਾ ਹੈ। ਤੁਸੀਂ ਜਾਣਦੇ ਹੋ, ਪੈਲੇਟ ਗੰਨਾਂ ਸ੍ਰੀਨਗਰ ਤੋਂ ਇੱਥੇ ਤੱਕ ਪਹੁੰਚ ਗਈਆਂ ਹਨ ਅਤੇ ਇਸੇ ਤਰ੍ਹਾਂ ਇਹ ਸਿਲਸਿਲਾ ਅੱਗੇ ਵੀ ਚੱਲਦਾ ਰਹੇਗਾ। ਤੁਸੀਂ ਕਾਰ ਵਿੱਚ ਕੀ ਕਹਿ ਰਹੇ ਸੀ। ਕਿ ਉਹ ਚਾਹੁੰਦੇ ਹਨ... ਤੁਸੀਂ ਕੀ ਕਿਹਾ ਸੀ?

**ਉਹ ਆਮ ਹਾਲਾਤ ਬਹਾਲ ਕਰਨਾ ਚਾਹੁੰਦੇ ਹਨ।**

**ਆਮ ਹਾਲਾਤ ਬਹਾਲ ਕਰਨਾ। ਯਾਦ ਰੱਖਣਾ, ਮੈਂ ਕਸ਼ਮੀਰ ਦੀ ਗੱਲ ਕਰ ਰਹੀ ਹਾਂ— ਉਹ ਆਮ ਹਾਲਾਤ ਦਾ ਐਲਾਨ ਕਰਦੇ ਹਨ। ਇਹ ਹਮੇਸ਼ਾ ਐਲਾਨ ਹੀ ਹੁੰਦਾ ਹੈ। ਇਸ ਲਈ ਹੁਣ ਆਮ ਹਾਲਾਤ ਬਹਾਲ ਹੋਣੇ ਹੀ ਚਾਹੀਦੇ ਹਨ।**

ਜੀ ਹਾਂ, ਉਸੇ ਦੇ ਤਹਿਤ ਉਨ੍ਹਾਂ ਨੇ ਪੂਰੀ ਥਾਂ ਨੂੰ ਮੁੜ ਰੰਗ ਦਿੱਤਾ ਹੈ। ਸਾਰੀ ਗ੍ਰੈਫ਼ਿਟੀ ਮਿਟਾ ਦਿੱਤੀ ਗਈ ਹੈ।

ਹਾਂ, ਇਹ ਕੰਮ ਤਾਂ ਉਹ ਪਲ ਭਰ 'ਚ ਕਰ ਦਿੰਦੇ ਹਨ। ਲਹੂ ਦੇ ਦਾਗ਼ ਮਿਟਾ ਦਿੱਤੇ ਜਾਂਦੇ ਹਨ। ਕੰਧਾਂ ਉੱਤੇ ਮੁੜ ਰੰਗ ਕਰ ਦਿੱਤਾ ਜਾਂਦਾ ਹੈ। ਪਰ ਫਿਰ ਵੀ ਤੁਸੀਂ ਨਾਅਰੇ ਲਗਭਗ ਸੁਣ ਸਕਦੇ ਹਨ, ਹੈ ਨਾ? ਉਹ ਪਿਆਰੇ ਚਿਹਰੇ ਲਗਭਗ ਦਿਸਦੇ ਪਏ ਹਨ।

ਹੁਣ ਮੁੱਦੇ ਵੱਲ ਆਉਂਦੇ ਹਾਂ—ਤੁਸੀਂ ਆਪਣੇ ਲੇਖ ਵਿੱਚ ਕਿਹਾ ਸੀ ਕਿ ਜੇ ਗੰਭੀਰ ਸਿਆਸੀ ਕੰਮ ਨਾ ਹੋਇਆ ਤਾਂ ਇਹ ਊਰਜਾ ਕਮਜ਼ੋਰ ਪੈ ਸਕਦੀ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਇਸ ਦੇ ਕੋਈ ਸੰਕੇਤ ਮਿਲੇ ਸਨ? ਮੇਰਾ ਮਤਲਬ ਹੈ, ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰ ਪਹੁੰਚੇ ਅਤੇ ਪੁਲਿਸ ਉਸ ਨੂੰ ਘੜੀਸ ਕੇ ਲੈ ਗਈ। ਕੀ ਤੁਹਾਨੂੰ ਲੱਗਦਾ ਹੈ ਕਿ ਵਿਰੋਧੀ ਧਿਰ ਇਸ ਦਾ ਲਾਭ ਉਠਾ ਕੇ ਸਰਕਾਰ ਸਾਹਮਣੇ ਕੋਈ ਗੰਭੀਰ ਚੁਣੌਤੀ ਪੇਸ਼ ਕਰ ਸਕਦੀ ਹੈ?

ਮੈਨੂੰ ਸੱਚਮੁੱਚ ਨਹੀਂ ਪਤਾ। ਮੈਨੂੰ ਵਾਕਈ ਨਹੀਂ ਪਤਾ, ਕਿਉਂਕਿ ਅਲੱਗ-ਥਲੱਗ ਰਹਿਣ ਦੀ ਬਜਾਏ ਵਧੇਰੇ ਏਕਤਾ ਦਿਖਾਈ ਜਾਣੀ ਚਾਹੀਦੀ ਸੀ। ਪਰ ਇਸ ਦੇ ਨਾਲ ਹੀ ਅਸੀਂ ਇਸ ਵੇਲੇ ਇੱਕ ਭਿਆਨਕ ਸਥਿਤੀ ਵਿੱਚ ਹਾਂ। ਵਿਰੋਧੀ ਧਿਰ ਨੇ ਵੀ ਆਪਸੀ ਖਿੱਚੋਤਾਣ ਅਤੇ ਸੱਤਾ ਹਥਿਆਉਣ ਦੀ ਦੌੜ ਵਿੱਚ ਆਪਣੀ ਤਰਸਯੋਗ ਹਾਲਤ ਦਾ ਪ੍ਰਦਰਸ਼ਨ ਕੀਤਾ ਹੈ। ਉਹ ਇਹ ਸਮਝਣ ਵਿੱਚ ਨਾਕਾਮ ਰਹੀ ਹੈ ਕਿ ਜੇ ਹਲਕਾਬੰਦੀ ਬਿੱਲ ਪਾਸ ਹੋ ਗਿਆ ਤਾਂ ਕੱਲ੍ਹ ਉਸ ਦੀ ਆਪਣੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ... ਜਦੋਂ ਵੀ ਭਾਜਪਾ ਨੂੰ ਕੁਝ ਪਛਾੜਾਂ ਲੱਗਦੀਆਂ ਹਨ—ਅਤੇ ਹਰ ਵਾਰ ਜਦੋਂ ਉਸ ਨੂੰ ਪਛਾੜਾਂ ਲੱਗਦੀਆਂ ਹਨ—ਉਹ ਹੋਰ ਸਖ਼ਤ ਮਿਹਨਤ ਕਰਨ ਲੱਗ ਪੈਂਦੀ ਹੈ, ਜਦਕਿ ਵਿਰੋਧੀ ਧਿਰ ਆਰਾਮ ਫਰਮਾਉਣ ਚਲੀ ਜਾਂਦੀ ਹੈ।

ਇਸ ਲਈ ਮੈਨੂੰ ਨਹੀਂ ਪਤਾ, ਪਰ ਮੇਰਾ ਖ਼ਿਆਲ ਹੈ ਕਿ ਪਿਛਲੇ ਕੁਝ ਦਿਨਾਂ 'ਚ ਇੱਥੇ ਕੁਝ ਅਦਭੁੱਤ ਵਾਪਰਿਆ ਹੈ। ਜਿਵੇਂ ਮੈਂ ਕਿਹਾ, ਕੋਈ ਵੀ ਚੋਣ ਇਸ ਮੁਲਕ ਦੇ ਮੁਖੀ ਨੂੰ ਉਨ੍ਹਾਂ ਸਾਰੀਆਂ ਚੀਜ਼ਾਂ ਤੋਂ ਵਾਂਝਾ ਨਹੀਂ ਕਰ ਸਕਦੀ ਸੀ, ਜਿਨ੍ਹਾਂ ਦੇ ਸਹਾਰੇ ਉਸ ਨੇ ਆਪਣੇ ਆਪ ਨੂੰ ਬਚਾਈ ਰੱਖਿਆ ਸੀ। ਇਹ ਚਮਤਕਾਰ ਸੀ ਕਿ ਏਨੀ ਘੱਟ ਬੁੱਧੀ, ਢੇਰ ਸਾਰੀਆਂ ਸਾਜ਼ਿਸ਼ਾਂ, ਪਰ ਸੋਚਣ ਦੀ ਬਹੁਤ ਘੱਟ ਸਮਰੱਥਾ ਵਾਲਾ ਵਿਅਕਤੀ ਏਨੇ ਲੰਮੇ ਸਮੇਂ ਤੱਕ ਏਨੇ ਸਾਰੇ ਲੋਕਾਂ ਨੂੰ ਮੂਰਖ ਬਣਾਉਣ ਵਿੱਚ ਕਾਮਯਾਬ ਰਿਹਾ। ਅਤੇ ਗੱਲ ਇਹ ਹੈ ਕਿ ਭਾਵੇਂ ਭਿਆਨਕ ਬੇਰਹਿਮੀ ਹੋਈ, ਪਰ ਅਸੀਂ ਜਾਣਦੇ ਹਾਂ ਕਿ ਜੇ ਇਹ ਕਿਸਾਨ ਹੁੰਦੇ—ਜਿਨ੍ਹਾਂ ਨੂੰ ਸਿੱਖ ਅਤਿਵਾਦੀ ਕਿਹਾ ਗਿਆ—ਭਾਵੇਂ ਇਨ੍ਹਾਂ ਬੱਚਿਆਂ ਨੂੰ ਵੀ ਪਾਕਿਸਤਾਨੀ ਵਗੈਰਾ ਕਿਹਾ ਗਿਆ; ਪਰ ਕਿਸਾਨਾਂ, ਨਾਗਰਿਕਤਾ ਕਾਨੂੰਨ ਵਿਰੋਧੀ ਪ੍ਰਦਰਸ਼ਨਕਾਰੀਆਂ ਅਤੇ ਜਿਵੇਂ ਅਸੀਂ ਵਾਰ-ਵਾਰ ਕਹਿੰਦੇ ਹਾਂ, ਮਨੀਪੁਰ, ਕਸ਼ਮੀਰ ਅਤੇ ਇਨ੍ਹਾਂ ਸਾਰੀਆਂ ਥਾਵਾਂ ਉੱਤੇ, ਉਨ੍ਹਾਂ ਨੂੰ ਗੋਲੀਆਂ ਚਲਾਉਣ ਵਿੱਚ ਕੋਈ ਝਿਜਕ ਨਹੀਂ ਹੁੰਦੀ। ਅਜਿਹਾ (ਦਿੱਲੀ ਵਿੱਚ ਨੌਜਵਾਨਾਂ ਦੇ ਪ੍ਰਦਰਸ਼ਨਾਂ ਵਿਰੁੱਧ) ਨਹੀਂ ਹੋਇਆ, ਕਿਉਂਕਿ ਇਹ ਉਸ ਦੇ ਆਪਣੇ ਵੋਟਰ ਆਧਾਰ ਦੇ ਬੱਚੇ ਹਨ।

**ਬਿਲਕੁਲ। ਉਹ ਉਨ੍ਹਾਂ ਨੂੰ ਖਲਨਾਇਕ ਬਣਾ ਕੇ ਪੇਸ਼ ਨਹੀਂ ਕਰ ਸਕੇ।**

ਮੇਰੇ ਕਹਿਣ ਦਾ ਭਾਵ ਹੈ, ਉਨ੍ਹਾਂ ਨੇ ਭਿਆਨਕ ਕੰਮ ਕੀਤੇ, ਪਰ ਓਨੇ ਭਿਆਨਕ ਨਹੀਂ ਜਿੰਨੇ ਉਹ ਉਦੋਂ ਕਰਦੇ, ਜੇ ਉੱਥੇ ਮੁੱਖ ਤੌਰ 'ਤੇ ਮੁਸਲਮਾਨ, ਸਿੱਖ, ਈਸਾਈ, ਗ਼ਰੀਬ, ਆਦਿਵਾਸੀ ਜਾਂ ਦਲਿਤ ਹੁੰਦੇ। ਮੇਰਾ ਭਾਵ ਹੈ, ਏਨੇ ਸਾਰੇ ਨੌਜਵਾਨਾਂ ਦੇ ਇਸ ਅੰਦੋਲਨ ਦੌਰਾਨ ਹਮੇਸ਼ਾ ਇੱਕ ਦੁੱਖ ਦਾ ਅਹਿਸਾਸ ਬਣਿਆ ਰਹਿੰਦਾ ਹੈ ਕਿ ਸਭ ਤੋਂ ਹੋਣਹਾਰ ਲੋਕਾਂ ਵਿੱਚੋਂ ਇੱਕ ਨੂੰ ਪੰਜ ਸਾਲ ਤੋਂ ਬਿਨਾਂ ਕਿਸੇ ਮੁਕੱਦਮੇ ਦੇ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਹੈ। ਉਮਰ ਖ਼ਾਲਿਦ, ਸ਼ਰਜੀਲ ਇਮਾਮ ਅਤੇ ਤੁਸੀਂ ਜਾਣਦੇ ਹੋ ਕਿ ਵਿਰੋਧੀ ਧਿਰ 'ਮੁਸਲਮਾਨ' ਸ਼ਬਦ ਦੀ ਵਰਤੋਂ ਕਰਨ ਤੋਂ ਵੀ ਝਿਜਕਦੀ ਹੈ; ਉਨ੍ਹਾਂ ਨੂੰ 'ਘੱਟਗਿਣਤੀ' ਕਹਿਣਾ ਪੈਂਦਾ ਹੈ। ਜੇ ਵੱਡੇ ਸਿਆਸਤਦਾਨਾਂ 'ਚ ਥੋੜ੍ਹੀ ਜਿਹੀ ਇਮਾਨਦਾਰੀ ਵੀ ਹੁੰਦੀ ਤਾਂ ਚੰਗਾ ਹੁੰਦਾ। ਉਹ ਉਸ ਦਾ ਨਾਂ ਲੈਣ ਤੋਂ ਏਨਾ ਡਰਦੇ ਹਨ, ਜਦਕਿ ਉਸ ਵਿਅਕਤੀ ਨੂੰ ਮੀਡੀਆ ਨੇ ਬਦਨਾਮ ਕੀਤਾ ਅਤੇ ਜੇਲ੍ਹ ਵਿੱਚ ਸੁੱਟ ਜਾਣ ਤੋਂ ਪਹਿਲਾਂ ਉਸ ਉੱਤੇ ਜਾਨਲੇਵਾ ਹਮਲਾ ਵੀ ਕੀਤਾ ਗਿਆ। ਜਦੋਂ ਉਹ ਜੇਲ੍ਹ ਗਿਆ, ਉਦੋਂ ਉਹ ਲੜਕਾ ਸੀ। ਹੁਣ ਉਹ ਆਦਮੀ ਹੈ। ਸੋ, ਅਸੀਂ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਨੂੰ ਨਹੀਂ ਭੁੱਲ ਸਕਦੇ। ਅਸੀਂ ਇਸ ਤੱਥ ਨੂੰ ਵੀ ਨਹੀਂ ਭੁੱਲ ਸਕਦੇ ਕਿ ਸੀ.ਏ.ਏ. ਵਿਰੋਧੀ ਅੰਦੋਲਨਾਂ ਦੌਰਾਨ ਮੁਸਲਮਾਨਾਂ ਨੂੰ ਮਾਰਿਆ ਗਿਆ ਅਤੇ ਫਿਰ ਉਨ੍ਹਾਂ ਉੱਤੇ ਹੀ ਕਤਲ ਦੇ ਦੋਸ਼ ਮੜ੍ਹ ਦਿੱਤੇ ਗਏ।

ਮੈਂ ਉਨ੍ਹਾਂ ਚਾਰ ਮੁਸਲਮਾਨ ਮੁੰਡਿਆਂ ਦੀ ਤਸਵੀਰ ਕਦੇ ਨਹੀਂ ਭੁੱਲ ਸਕਦੀ, ਜਿਨ੍ਹਾਂ ਨੂੰ ਪੁਲਿਸ ਸੜਕ 'ਤੇ ਲੱਤਾਂ-ਮੁੱਕਿਆਂ ਨਾਲ ਕੁੱਟ ਰਹੀ ਸੀ ਅਤੇ ਜ਼ਬਰਦਸਤੀ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕਰ ਰਹੀ ਸੀ। ਉਨ੍ਹਾਂ ਵਿੱਚੋਂ ਇੱਕ, ਫ਼ੈਜ਼ਾਨ, ਦੀ ਬਾਅਦ ਵਿੱਚ ਮੌਤ ਹੋ ਗਈ। ਮੈਂ ਉਹ ਕਦੇ ਨਹੀਂ ਭੁੱਲ ਸਕਦੀ। ਤੁਸੀਂ ਜਾਣਦੇ ਹੋ ਕਿ ਇਹ ਸਾਰੀਆਂ ਗੱਲਾਂ ਮੇਰੇ ਦਿਮਾਗ਼ ਵਿੱਚ ਵੱਸੀਆਂ ਹੋਈਆਂ ਹਨ—ਅਹਿਸਾਨ ਜਾਫ਼ਰੀ ਅਤੇ ਗੁਲਬਰਗ ਸੁਸਾਇਟੀ ਦੇ ਬਾਕੀ ਸਾਰੇ ਲੋਕਾਂ ਦੇ ਕਤਲ ਅਤੇ ਗੁਜਰਾਤ ਵਿੱਚ ਜੋ ਕੁਝ ਵਾਪਰਿਆ। ਲੋਕ ਮੈਨੂੰ ਕਹਿੰਦੇ ਹਨ ਕਿ ਤੂੰ ਗੁੱਸੇ ਵਿੱਚ ਹੈਂ। ਹਾਂ, ਮੈਂ ਬਹੁਤ ਗੁੱਸੇ ਵਿੱਚ ਹਾਂ। ਤੁਸੀਂ ਜਾਣਦੇ ਹੋ, ਮੈਂ ਬਹੁਤ ਲੰਮੇ ਸਮੇਂ ਤੋਂ ਗੁੱਸੇ ਵਿੱਚ ਹਾਂ, ਪਰ ਮੈਂ ਗੁੱਸੇ ਵਿੱਚ ਵੀ ਹੱਸਦੀ ਹਾਂ—ਜਿਵੇਂ ਉਹ ਵਿਦਿਆਰਥੀ ਹੱਸੇ।

(ਇੱਕ ਆਦਮੀ ਸੜਕ 'ਤੇ ਆਉਂਦਾ ਹੈ ਅਤੇ ਅਰੁੰਧਤੀ ਨੂੰ ਦੇਖਣ ਲਈ ਗੋਡਿਆਂ ਭਾਰ ਬੈਠ ਜਾਂਦਾ ਹੈ। ਉਹ ਉਸ ਨੂੰ ਕਹਿੰਦਾ ਹੈ ਕਿ ਉਹ ਬਹੁਤ ਚੰਗੀ ਇਨਸਾਨ ਲੱਗਦੀ ਹੈ। ਅਰੁੰਧਤੀ ਉਸ ਨੂੰ ਪੁੱਛਦੀ ਹੈ ਕਿ ਉਸ ਨੂੰ ਇਹ ਕਿਵੇਂ ਪਤਾ ਲੱਗਿਆ। ਉਹ ਕਹਿੰਦਾ ਹੈ ਕਿ ਉਸ ਦੀ ਸਰੀਰਕ ਭਾਸ਼ਾ ਤੋਂ। ਅਰੁੰਧਤੀ ਉਸ ਨਾਲ ਗੱਲ ਕਰਨ ਲਈ ਬੈਠ ਜਾਂਦੀ ਹੈ। ਉਹ ਕਹਿੰਦਾ ਹੈ ਕਿ ਜੇ ਇਸ ਸਾਲ ਦੀਵਾਲੀ ਮੋਦੀ ਤੋਂ ਬਿਨਾਂ ਮਨਾਈ ਜਾ ਸਕੇ ਤਾਂ ਬਹੁਤ ਵਧੀਆ ਹੋਵੇਗਾ। ਅਰੁੰਧਤੀ ਹੱਸਦੀ ਹੈ ਅਤੇ ਕਹਿੰਦੀ ਹੈ ਕਿ ਉਸ ਨੂੰ ਸੱਚਮੁੱਚ ਇਹ ਬਹੁਤ ਚੰਗਾ ਲੱਗੇਗਾ। ਦੋਵੇਂ ਦੀਵਾਲੀ ਮੌਕੇ ਜੰਤਰ-ਮੰਤਰ 'ਤੇ ਮਿਲਣ ਅਤੇ ਮਠਿਆਈ ਵੰਡਣ ਲਈ ਸਹਿਮਤ ਹੋ ਜਾਂਦੇ ਹਨ। ਜਾਣ ਤੋਂ ਪਹਿਲਾਂ ਉਹ ਕਹਿੰਦਾ ਹੈ ਕਿ ਲੋਕ ਮੋਦੀ ਤੋਂ ਅੱਕ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਬਹੁਤ ਹੀ ਉਕਤਾਊ ਹੈ।)

**ਪਿਛਲੇ ਇੱਕ ਦਹਾਕੇ ਦੌਰਾਨ ਮੋਦੀ ਬਾਰੇ ਸਿਰਫ਼ ਇੱਕ ਚੁਟਕਲਾ ਸਾਂਝਾ ਕਰਨ ਕਰਕੇ ਦਰਜਨਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।**

ਬਿਲਕੁਲ, ਇੱਕ ਬੇਢੰਗੇ ਜਿਹੇ ਚੁਟਕਲੇ ਵਾਂਗ, ਅਤੇ ਅਚਾਨਕ ਚਾਰੇ ਪਾਸੇ ਸਿਰਫ਼ ਚੁਟਕਲੇ ਹੀ ਚੁਟਕਲੇ ਹੋ ਰਹੇ ਹਨ। ਇਹੀ ਗੱਲ ਮੈਨੂੰ ਸਭ ਤੋਂ ਵੱਧ ਪਸੰਦ ਆਈ। ਸੱਚ ਦੱਸਾਂ ਤਾਂ, ਜਿਵੇਂ ਮੈਂ ਦ ਵਾਇਰ ਲਈ ਲਿਖੇ ਆਪਣੇ ਲੇਖ ਵਿੱਚ ਕਿਹਾ ਸੀ, ਮੈਨੂੰ ਸਾਲਾਂ ਬਾਅਦ ਪਹਿਲੀ ਵਾਰ ਭਾਰਤੀ ਹੋਣ ਦਾ ਅਦਭੁੱਤ ਅਹਿਸਾਸ ਹੋਇਆ, ਕਿਉਂਕਿ ਜ਼ਿਆਦਾਤਰ ਸਮਾਂ ਮੈਂ ਉਨ੍ਹਾਂ ਗੱਲਾਂ ਕਾਰਨ ਸ਼ਰਮਿੰਦਗੀ ਮਹਿਸੂਸ ਕਰਦੀ ਹਾਂ, ਜਿਨ੍ਹਾਂ ਨੂੰ ਲੋਕ ਪ੍ਰਵਾਨ ਕਰ ਲੈਂਦੇ ਹਨ।

ਤੁਹਾਨੂੰ ਸੀ.ਏ.ਏ. ਵਿਰੋਧੀ ਪ੍ਰਦਰਸ਼ਨ ਯਾਦ ਹਨ? ਯਾਦ ਹੈ ਕਿ ਮੁਸਲਮਾਨਾਂ ਨੂੰ ਕਿਵੇਂ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰਿਆ ਜਾ ਰਿਹਾ ਸੀ ਅਤੇ ਲੋਕ ਤਾੜੀਆਂ ਮਾਰ ਰਹੇ ਸਨ ਤੇ ਵੀਡੀਓਜ਼ ਅਪਲੋਡ ਕਰ ਰਹੇ ਸਨ? ਫਿਰ ਅਚਾਨਕ ਇਸ ਤਰ੍ਹਾਂ ਦਾ ਮਾਹੌਲ ਸਾਡੇ ਸਾਹਮਣੇ ਆ ਗਿਆ। ਰੱਬ ਦੀ ਸਹੁੰ, ਹੁਣ ਮੈਂ ਚੈਨ ਨਾਲ ਮਰ ਸਕਦੀ ਹਾਂ। ਮੈਂ ਮੁਸਕਰਾਉਂਦੀ ਹੋਈ ਮਰਾਂਗੀ। ਤੁਸੀਂ ਜਾਣਦੇ ਹੋ, ਜੋ ਕੁਝ ਵਾਪਰਿਆ, ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਪਣੇ ਜੀਵਨਕਾਲ ਵਿੱਚ ਅਜਿਹਾ ਕੁਝ ਦੇਖ ਸਕਾਂਗੀ। ਮੈਂ ਇਨ੍ਹਾਂ ਨੌਜਵਾਨਾਂ ਦੀ ਪ੍ਰਸ਼ੰਸਾ ਕਰਦੀ ਹਾਂ। ਇਹ ਬਹੁਤ ਹੀ ਸ਼ਾਨਦਾਰ ਹੈ।

ਸ਼ਾਇਦ ਸਭ ਤੋਂ ਵੱਧ ਕਲਪਨਾਸ਼ੀਲ ਲੇਖਕ ਵੀ ਇਸ ਤਰ੍ਹਾਂ ਦੀ ਕਹਾਣੀ ਨਹੀਂ ਲਿਖ ਸਕਦਾ ਸੀ, ਹੈ ਨਾ?

ਜਿਵੇਂ ਮੈਂ ਕਿਹਾ ਸੀ—ਇੱਕ ਜੱਜ ਅਤੇ ਇੱਕ ਚੁਟਕਲੇ ਦੇ ਅਪਵਿੱਤਰ ਮੇਲ ਦੀ ਸੰਤਾਨ। ਤੁਸੀਂ ਜਾਣਦੇ ਹੋ, ਅਤੇ ਇਹ ਵਾਪਰ ਗਿਆ।

ਮੇਰਾ ਖ਼ਿਆਲ ਹੈ ਕਿ ਜਿਹੜੇ ਲੋਕ ਇਸ ਦਾ ਜਸ਼ਨ ਨਹੀਂ ਮਨਾ ਸਕਦੇ ਅਤੇ ਤੁਰੰਤ ਅੱਗੇ ਬਾਰੇ ਸੋਚਣ ਲੱਗ ਜਾਂਦੇ ਹਨ ਕਿ ਅਰੇ, ਇਹ ਹੋਵੇਗਾ, ਉਹ ਹੋਵੇਗਾ—ਮੈਨੂੰ ਅਫ਼ਸੋਸ ਹੁੰਦਾ ਹੈ



ਕਿ ਅਸੀਂ ਇੱਕ ਪਲ ਦਾ ਜਸ਼ਨ ਮਨਾਉਣ ਦੀ ਸਮਰੱਥਾ ਵੀ ਗੁਆ ਲਈ ਹੈ। ਕਿਉਂਕਿ ਖ਼ੁਸ਼ੀ ਹਮੇਸ਼ਾ ਕਾਇਮ ਨਹੀਂ ਰਹਿੰਦੀ ਅਤੇ ਰਾਜਨੀਤੀ ਤੇਜ਼ੀ ਨਾਲ ਬਦਲਦੀ ਹੈ। ਪਰ ਇਹ ਸਾਡੇ ਵੱਲੋਂ ਦਿੱਤਾ ਗਿਆ ਵੱਡਾ ਝਟਕਾ ਸੀ ਅਤੇ ਇਹ ਕੰਮ ਸਭ ਤੋਂ ਪਿਆਰੇ ਬੱਚਿਆਂ ਨੇ ਕੀਤਾ।

ਮੇਰੇ ਵਰਗਾ ਵਿਅਕਤੀ 24 ਸਾਲਾਂ ਤੋਂ ਇਸ ਤੋਂ ਕਿਤੇ ਵੱਧ ਗੱਲਾਂ ਬਾਰੇ—ਉਨ੍ਹਾਂ ਸਾਰੀਆਂ ਚੀਜ਼ਾਂ ਬਾਰੇ, ਜੋ ਮੈਨੂੰ ਚਿੰਤਤ ਕਰਦੀਆਂ ਹਨ—ਲਿਖਦਾ ਆ ਰਿਹਾ ਹੈ। ਪਰ ਤੁਸੀਂ ਜਾਣਦੇ ਹੋ, ਮੇਰਾ ਖ਼ਿਆਲ ਹੈ ਕਿ ਇਹ ਅਦਭੁੱਤ ਸੀ। ਹੁਣ ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ। ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ।

ਕਿਉਂਕਿ ਅਸੀਂ ਚੁਟਕਲਿਆਂ ਦੀ ਗੱਲ ਕਰ ਰਹੇ ਹਾਂ, ਉੱਥੇ ਚਾਰੇ ਪਾਸੇ ਬਹੁਤ ਹਾਸਾ-ਮਜ਼ਾਕ ਹੋ ਰਿਹਾ ਸੀ। ਪਰ ਕੀ ਤੁਹਾਨੂੰ ਕੋਈ ਅਜਿਹੀ ਘਟਨਾ ਯਾਦ ਹੈ, ਜਿਸ ਨੇ ਤੁਹਾਨੂੰ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰ ਦਿੱਤਾ ਹੋਵੇ?

**ਮੇਰੇ ਕੋਲ ਇੱਕ ਨਵਾਂ ਰਾਸ਼ਟਰੀ ਗੀਤ ਹੈ, ਪਰ ਮੈਂ ਉਹ ਤੁਹਾਡੇ ਲਈ ਗਾ ਨਹੀਂ ਸਕਦੀ, ਕਿਉਂਕਿ ਉਹ ਬਹੁਤ ਹੀ ਅਸ਼ਲੀਲ ਹੈ। ਇਹ ਬੜੀ ਮਜ਼ੇਦਾਰ ਗੱਲ ਸੀ ਕਿ ਸਭ ਤੋਂ ਵੱਧ ਬਦਤਮੀਜ਼ ਗੱਲਾਂ ਕਰਨ ਵਾਲੀਆਂ ਕੁੜੀਆਂ ਸਨ—ਅਤੇ ਉਹ ਜਿੰਨੀਆਂ ਛੋਟੀਆਂ ਸਨ, ਓਨੀਆਂ ਹੀ ਵੱਧ ਬਦਤਮੀਜ਼ ਗੱਲਾਂ ਕਰਦੀਆਂ ਸਨ।**

ਤੁਸੀਂ ਜਾਣਦੇ ਹੋ, ਮੈਂ ਤਾਂ ਬਸ ਹੈਰਾਨ ਰਹਿ ਗਈ, ਕਿਉਂਕਿ ਆਪਣੀ ਕਿਤਾਬ ਮਦਰ ਮੈਰੀ ਕਮਜ਼ ਟੂ ਮੀ ਵਿੱਚ ਮੈਂ ਦੱਸਿਆ ਹੈ ਕਿ ਮੈਂ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ ਸੀ। ਮਿਸਾਲ ਵਜੋਂ, ਜਦੋਂ ਮੈਂ ਦਿੱਲੀ ਆਈ ਸੀ ਤਾਂ ਮੈਨੂੰ ਹਿੰਦੀ ਬਿਲਕੁਲ ਨਹੀਂ ਆਉਂਦੀ ਸੀ। ਮੈਂ ਅਤੇ ਉੜੀਸਾ ਦੀ ਮੇਰੀ ਇੱਕ ਸਹੇਲੀ ਨੇ ਗਾਲ੍ਹਾਂ ਰਾਹੀਂ ਭਾਸ਼ਾ ਸਿੱਖੀ।

ਇੱਥੇ ਤੱਕ ਕਿ ਪਹਿਲੀ ਵਾਰ... ਮੈਂ ਆਪਣੇ ਪਿਤਾ ਨੂੰ ਨਹੀਂ ਜਾਣਦੀ ਸੀ, ਕਿਉਂਕਿ ਮੇਰੇ ਮਾਪੇ ਉਸ ਵੇਲੇ ਹੀ ਵੱਖ ਹੋ ਗਏ ਸਨ, ਜਦੋਂ ਮੈਂ ਬਹੁਤ ਛੋਟੀ ਸੀ। ਪਹਿਲੀ ਵਾਰ ਜਦੋਂ ਮੈਂ ਆਪਣੇ ਪਿਤਾ ਨੂੰ ਮਿਲੀ, ਉਸ ਵੇਲੇ ਮੈਂ 25 ਸਾਲ ਦੀ ਸੀ। ਉਨ੍ਹਾਂ ਨੇ ਮੈਨੂੰ ਸਭ ਤੋਂ ਪਹਿਲਾਂ ਪੁੱਛਿਆ, "ਤਾਂ ਕੀ ਤੂੰ ਅਜੇ ਵੀ, ਇਹ ਤੈਨੂੰ ਪਤਾ ਹੈ, ਬਦਤਮੀਜ਼ ਹੈਂ?

ਮੈਂ ਕਿਹਾ, "ਪਰ ਜਦੋਂ ਤੁਸੀਂ ਮੈਨੂੰ ਪਿਛਲੀ ਵਾਰ ਮਿਲੇ ਸੀ, ਉਦੋਂ ਮੈਂ ਸਿਰਫ਼ ਦੋ ਸਾਲ ਦੀ ਸੀ।

**ਉਨ੍ਹਾਂ ਨੇ ਕਿਹਾ, "ਹਾਂ, ਤੂੰ ਸਭ ਤੋਂ ਬੁਰੀ ਸੀ। ਮੇਰੀ ਸਿਗਰਟ ਗ਼ਲਤੀ ਨਾਲ ਤੈਨੂੰ ਛੂਹ ਗਈ ਸੀ ਅਤੇ ਤੂੰ ਬਸ ਮੇਰੇ ਵੱਲ ਦੇਖ ਕੇ ਕਿਹਾ ਸੀ, 'ਚੂਤੀਆ।'**

ਇਸ ਲਈ ਮੈਂ ਸਮਝ ਸਕਦੀ ਹਾਂ, ਤੁਸੀਂ ਜਾਣਦੇ ਹੋ, ਉਨ੍ਹਾਂ ਛੋਟੇ ਬੱਚਿਆਂ ਨੂੰ, ਜਿਹੜੇ ਗਾਲ੍ਹਾਂ ਕੱਢਣ ਦੇ ਉਸ ਪਲ ਦਾ ਆਨੰਦ ਮਾਣ ਰਹੇ ਸਨ।

ਅਤੇ ਉਨ੍ਹਾਂ ਨੇ ਮਾਸਕ ਪਾਉਣ ਦੀ ਖੇਚਲ ਵੀ ਨਹੀਂ ਕੀਤੀ। ਕੁੜੀਆਂ ਦੀ ਟੋਲੀ ਸਮੂਹ ਪ੍ਰਧਾਨ ਮੰਤਰੀ ਦੇ ਘਰ ਤੋਂ ਇੱਕ ਕਿਲੋਮੀਟਰ ਦੂਰ ਉਸ ਵੱਲ ਉਂਗਲ ਕਰਕੇ ਆਪਣਾ ਗੁੱਸਾ ਤੇ ਨਫ਼ਰਤ ਪ੍ਰਗਟਾ ਰਹੀ ਸੀ। ਇੱਕ ਹੱਦ ਤੋਂ ਬਾਅਦ ਅਸੀਂ ਇਸ ਗੱਲ ਦਾ ਵਿਸ਼ਲੇਸ਼ਣ ਕਿਵੇਂ ਕਰੀਏ ਕਿ ਇਹ ਸਭ ਕਿਉਂ ਅਤੇ ਕਿਵੇਂ ਵਾਪਰਿਆ?

ਮੈਂ ਇਸ ਦਾ ਵਿਸ਼ਲੇਸ਼ਣ ਨਹੀਂ ਕਰਨਾ ਚਾਹੁੰਦੀ। ਮੈਂ ਬਸ ਇਸ ਦਾ ਆਨੰਦ ਮਾਣਨਾ ਚਾਹੁੰਦੀ ਹਾਂ।

**ਤੁਸੀਂ ਜਸ਼ਨ ਮਨਾਉਣ ਲਈ ਕੀ ਕੀਤਾ?**

ਮੈਂ ਇੱਥੇ ਆਈ ਅਤੇ ਬਸ ਮੁਸਕਰਾਉਂਦੀ ਰਹੀ। ਮੁਸਕਰਾਉਂਦੀ ਰਹੀ।

ਸਾਡੇ ਨਾਲ ਇੱਥੇ ਮੁੜ ਆਉਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

ਇਹ ਅਸਾਧਾਰਨ ਪਲ ਹੈ ਅਤੇ ਸਾਡੇ ਵਿੱਚੋਂ ਕੋਈ ਨਹੀਂ ਜਾਣਦਾ ਕਿ ਇਹ ਕਿੱਥੇ ਤੱਕ ਜਾਵੇਗਾ। ਪਰ ਜਿਵੇਂ ਤੁਸੀਂ ਕਿਹਾ...

ਇਸ ਪਲ ਦਾ ਜਸ਼ਨ ਮਨਾਓ। ਅਸੀਂ ਹੱਸਦੇ-ਹੱਸਦੇ ਅਗਲੇ ਦਿਨ ਲਈ ਤਿਆਰ ਹੋ ਜਾਂਦੇ ਹਾਂ।

ਮੌਜੂਦਾ ਹਾਲਾਤ ਨੂੰ ਦੇਖਦਿਆਂ ਸ਼ਾਇਦ ਅਸੀਂ ਤੁਹਾਨੂੰ ਇੱਕ ਰੀਲ ਰਿਕਾਰਡ ਕਰਨ ਲਈ ਕਹਿ ਸਕਦੇ ਹਾਂ।

(ਹੱਸਦਿਆਂ) ਤੁਹਾਡਾ ਕੀ ਮਤਲਬ ਹੈ?

ਇੱਕ ਵਰਟੀਕਲ ਵੀਡੀਓ। ਪ੍ਰਧਾਨ ਮੰਤਰੀ ਅੱਜਕੱਲ੍ਹ ਇਹੀ ਕਰ ਰਹੇ ਹਨ।

ਰੱਬ ਦਾ ਸ਼ੁਕਰ ਹੈ ਕਿ ਮੈਂ ਪ੍ਰਧਾਨ ਮੰਤਰੀ ਨਹੀਂ ਹਾਂ। ਹਰ ਕੋਈ ਉਸ ਦੇ ਦੰਦਾਂ ਦੀ ਹਾਲਤ ਨੂੰ ਲੈ ਕੇ ਪਰੇਸ਼ਾਨ ਹੈ। ਬੱਚੇ ਆਪਣੇ ਦੰਦ ਸਾਫ਼ ਕਰ ਰਹੇ ਸਨ ਅਤੇ ਕਹਿ ਰਹੇ ਸਨ, "ਆਪਣੇ ਦੰਦਾਂ ਦਾ ਖ਼ਿਆਲ ਰੱਖੋ।

ਮੇਰਾ ਖ਼ਿਆਲ ਹੈ ਕਿ ਸਾਨੂੰ ਰੀਲਾਂ ਨੌਜਵਾਨਾਂ ਲਈ ਹੀ ਛੱਡ ਦੇਣੀਆਂ ਚਾਹੀਦੀਆਂ ਹਨ। ਸਾਨੂੰ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਸਗੋਂ ਜਿਹੋ ਜਿਹੇ ਅਸੀਂ ਹਾਂ, ਉਹੋ ਜਿਹੇ ਰਹਿੰਦਿਆਂ ਉਨ੍ਹਾਂ ਨੂੰ ਗਲੇ ਲਗਾਉਣਾ ਚਾਹੀਦਾ ਹੈ।

**75 ਸਾਲਾ ਪ੍ਰਧਾਨ ਮੰਤਰੀ ਅਤੇ ਨੌਜਵਾਨਾਂ ਵਿਚਕਾਰ ਇਸ ਦੂਰੀ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ, ਪਰ ਇਹ ਜੀਵ-ਵਿਗਿਆਨਕ ਉਮਰ ਦਾ ਮਾਮਲਾ ਤਾਂ ਨਹੀਂ ਹੈ, ਹੈ ਨਾ?**

ਨਹੀਂ।

ਇਹ ਨੌਜਵਾਨਾਂ ਦੇ ਆਜ਼ਾਦੀ ਅਤੇ ਖੁੱਲ੍ਹੇਪਣ ਲਈ ਸੰਘਰਸ਼ ਅਤੇ ਇੱਕ ਤਾਨਾਸ਼ਾਹੀ ਹਕੂਮਤ ਵਿਚਕਾਰ ਟਕਰਾਅ ਦੀ ਕਹਾਣੀ ਹੈ—ਇੱਕ ਅਜਿਹੀ ਹਕੂਮਤ, ਜਿਸ ਨੇ ਨਾ ਸਿਰਫ਼ ਆਜ਼ਾਦੀ ਦਾ ਗਲਾ ਘੁੱਟਿਆ ਹੈ, ਸਗੋਂ ਆਰਥਕ ਖ਼ੁਸ਼ਹਾਲੀ ਵੀ ਨਹੀਂ ਦਿੱਤੀ। ਇੱਥੇ ਦੀਆਂ ਕੰਧਾਂ ਉੱਤੇ ਲਿਖੇ ਨਾਅਰਿਆਂ ਵਿੱਚੋਂ ਇੱਕ ਸੀ, "ਮੋਦੀ ਜੀ, ਬੁਰੇ ਦਿਨ ਵਾਪਸ ਕਰੋ।" ਸਾਨੂੰ ਉਹ ਬੁਰੇ ਦਿਨ ਵਾਪਸ ਮੋੜ ਦਿਓ।

ਅਤੇ (ਇੱਕ ਹੋਰ ਨਾਅਰਾ ਸੀ) "ਸਾਈਮਨ, ਵਾਪਸ ਆਓ," ਵਗੈਰਾ। ਸਾਡੇ ਵਿੱਚੋਂ ਜਿਹੜੇ ਲੋਕ—ਖ਼ਾਸ ਕਰਕੇ ਮੇਰੇ ਵਰਗੇ—ਗੋਧਰਾ ਕਾਂਡ ਤੋਂ ਤੁਰੰਤ ਬਾਅਦ ਸਮਝ ਗਏ ਸਨ ਕਿ ਅੱਗੇ ਕੀ ਹੋਣ ਵਾਲਾ ਹੈ... ਬਹੁਤ ਸਾਰੇ ਲੋਕ ਜਿਹੜੇ ਹੁਣ ਇਸ ਹਕੂਮਤ ਦੇ ਖ਼ਿਲਾਫ਼ ਹਨ, ਉਹ ਪਹਿਲਾਂ ਮੈਨੂੰ ਬਦਨਾਮ ਕਰਦੇ ਸਨ, ਮੇਰਾ ਮਜ਼ਾਕ ਉਡਾਉਂਦੇ ਸਨ ਅਤੇ ਮੇਰੇ ਕਹੇ ਸ਼ਬਦਾਂ ਕਾਰਨ ਮੈਨੂੰ ਤਰ੍ਹਾਂ-ਤਰ੍ਹਾਂ ਦੇ ਨਾਵਾਂ ਨਾਲ ਪੁਕਾਰਦੇ ਸਨ। ਇਸ ਵਿੱਚ ਇਹ ਕਹਿਣਾ ਵੀ ਸ਼ਾਮਲ ਸੀ ਕਿ ਇਸ ਨੂੰ ਮਨੋਰੋਗਾਂ ਦੇ ਡਾਕਟਰ ਕੋਲ ਲੈ ਜਾਓ। ਹੁਣ ਉਹੀ ਲੋਕ ਇਨ੍ਹਾਂ ਨੂੰ ਅੱਗੇ ਆ ਕੇ ਫਾਸ਼ੀਵਾਦੀ ਕਹਿ ਰਹੇ ਹਨ।

ਪਰ ਅਸਲ ਗੱਲ ਇਹ ਹੈ—ਮੇਰੇ ਲਈ ਸਬਕ ਇਹ ਹੈ ਕਿ ਕਿਸੇ ਆਬਾਦੀ ਵਿੱਚ ਤਬਦੀਲੀ ਆਉਣ ਨੂੰ ਲੰਮਾ ਸਮਾਂ ਲੱਗਦਾ ਹੈ। ਸਾਡੇ ਵਿੱਚੋਂ ਜਿਨ੍ਹਾਂ ਨੇ ਇਹ ਸਭ ਸ਼ੁਰੂ 'ਚ ਹੀ ਦੇਖ ਲਿਆ ਸੀ, ਉਨ੍ਹਾਂ ਲਈ... ਮੈਨੂੰ ਉਦੋਂ ਤੱਕ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋਇਆ ਕਿ ਇੱਕ ਇਨਸਾਨ ਵਜੋਂ ਮੈਂ ਕਿੰਨੀ ਚੌਕਸ ਅਤੇ ਸਾਵਧਾਨ ਹੋ ਗਈ ਸੀ, ਜਦੋਂ ਤੱਕ ਮੈਂ ਉਸ ਸਾਵਧਾਨੀ ਨੂੰ ਛੱਡ ਨਹੀਂ ਸਕੀ।

ਮੇਰਾ ਸਰੀਰ ਵੀ ਵੱਖਰਾ ਮਹਿਸੂਸ ਕਰ ਰਿਹਾ ਹੈ। ਮੈਂ ਇਸ ਤਰ੍ਹਾਂ ਦੀ ਖ਼ੁਸ਼ੀ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ। ਸਾਡੇ ਵਿੱਚੋਂ ਕੁਝ ਲੋਕਾਂ ਲਈ ਜਨਤਕ ਅਤੇ ਸਿਆਸੀ ਤੌਰ 'ਤੇ ਜੋ ਕੁਝ ਵਾਪਰ ਰਿਹਾ ਹੈ, ਉਹ ਨਿੱਜੀ ਜੀਵਨ ਵਿੱਚ ਵਾਪਰ ਰਹੀਆਂ ਘਟਨਾਵਾਂ ਨਾਲੋਂ ਵੀ ਵੱਧ ਨਿੱਜੀ ਹੈ।

ਹਰ ਰੋਜ਼ ਮੈਨੂੰ ਇਝ ਲੱਗਦਾ ਸੀ ਕਿ ਜਦੋਂ ਮੈਂ ਅੱਖਾਂ ਖੋਲ੍ਹਦੀ ਹਾਂ ਤਾਂ ਮੈਨੂੰ ਆਪਣੀ ਹਿੱਕ ਉੱਤੋਂ ਕੰਕਰੀਟ ਦਾ ਇਹ ਭਾਰੀ ਟੁਕੜਾ ਹਟਾਉਣਾ ਪੈਂਦਾ ਹੈ ਅਤੇ ਆਪਣੇ ਆਪ ਨੂੰ ਕਹਿਣਾ ਪੈਂਦਾ ਹੈ—ਉੱਠੋ, ਮੁਸਕਰਾਓ, ਅੱਗੇ ਵਧੋ, ਇਸ ਨੂੰ ਰੋਕੋ। ਪਿਛਲੇ ਕੁਝ ਦਿਨਾਂ ਤੋਂ ਉਹ ਭਾਰੀ ਟੁਕੜਾ ਦੂਜੇ ਕਮਰੇ ਵਿੱਚ ਪਿਆ ਹੈ। ਉਹ ਉੱਥੇ ਹੀ ਹੈ, ਪਰ ਦੂਜੇ ਕਮਰੇ ਵਿੱਚ ਹੈ।

ਇਸੇ ਗੱਲ ਨਾਲ ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਹਾਡੇ ਨਾਲ ਗੱਲ ਕਰਕੇ ਬਹੁਤ ਚੰਗਾ ਲੱਗਿਆ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਇਸ ਖ਼ੂਬਸੂਰਤ ਥਾਂ 'ਤੇ ਤੁਹਾਡੇ ਨਾਲ ਗੱਲ ਕਰ ਸਕੇ।

ਹਾਂ, ਹਾਂ—ਅਤੇ ਹੁਣ ਪੁਲਿਸ ਆ ਰਹੀ ਹੈ।

ਤੁਹਾਡਾ ਬਹੁਤ-ਬਹੁਤ ਧੰਨਵਾਦ।

ਤੁਹਾਡਾ ਸਵਾਗਤ ਹੈ।

# ਸੁਪਨਿਆਂ ਦੇ ਦੇਸ਼ 'ਚ ਰੁਲਦੇ ਅੰਤਰਰਾਸ਼ਟਰੀ ਵਿਦਿਆਰਥੀ



ਮਨਦੀਪ
+1 438-924-2052
mandeepsaddowal@gmail.com

**ਪ੍ਰਵਾਸ ਦੇ ਇਸ ਦਰਦਨਾਕ ਤੇ ਗੁੰਝਲਦਾਰ ਮੰਜ਼ਰ ਨੂੰ ਸਮਝਣ ਲਈ ਇਹ ਸਮਝਣਾ ਨਿਹਾਇਤ ਜਰੂਰੀ ਹੈ ਕਿ ਪੂੰਜੀਵਾਦ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਹਮੇਸ਼ਾ ਇੱਕ ਅਜਿਹੀ ਅਸਥਿਰ, ਵਾਧੂ ਅਤੇ ਬੇਵੱਸ ਲੇਬਰ ਦੀ ਲੋੜ ਹੁੰਦੀ ਹੈ ਜੋ ਘੱਟ ਉਜ਼ਰਤਾਂ 'ਤੇ ਕੰਮ ਕਰਨ ਲਈ ਮਜਬੂਰ ਹੋਵੇ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਦੀ ਆਰਥਿਕਤਾ ਵਿੱਚ ਕਿਰਤ ਦੀ ਇਸੇ ਵਾਧੂ ਫੌਜ ਦਾ ਕੰਮ ਕਰਦੇ ਹਨ। ਉਹ ਢੋਆ-ਢੋਆਈ, ਸੇਵਾ ਖੇਤਰ, ਗਰੌਸਰੀ ਸਟੋਰਾਂ, ਫਾਸਟ ਫੂਡ ਅਤੇ ਖੇਤੀਬਾੜੀ ਵਰਗੇ ਖੇਤਰਾਂ ਵਿੱਚ ਸਸਤੀ ਮਜ਼ਦੂਰੀ ਦੇ ਸਾਧਨ ਬਣਕੇ ਸਥਾਨਕ ਉਜਰਤਾਂ ਨੂੰ ਘਟਾਉਣ ਦੇ ਸਾਧਨ ਬਣਾਏ ਜਾਂਦੇ ਹਨ।**

ਕੈਨੇਡਾ ਦੇ ਅਲਬਰਟਾ ਸੂਬੇ 'ਚ ਪੋਰਟੇਜ ਕਾਲਜ ਦੇ ਲਗਭਗ 1500 ਅੰਤਰਰਾਸ਼ਟਰੀ ਗ੍ਰੈਜੂਏਟ ਵਿਦਿਆਰਥੀਆਂ ਦਾ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਅਚਾਨਕ ਰੱਦ ਹੋਣ ਨਾਲ ਕਈ ਵੱਡੇ ਸਮਾਜਿਕ ਸਵਾਲ ਖੜੇ ਹੋ ਰਹੇ ਹਨ, ਕਿਉਂਕਿ ਇਹ ਮਾਮਲਾ ਮਹਿਜ਼ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਤੱਕ ਸੀਮਤ ਨਹੀਂ ਰਿਹਾ ਬਲਕਿ ਇਸਦੇ ਇਰਦ-ਗਿਰਦ ਸਿੱਖਿਆ ਦਾ ਵਪਾਰੀਕਰਨ, ਪ੍ਰਵਾਸ ਸੰਕਟ, ਮਹਿੰਗਾਈ, ਰਿਹਾਇਸ਼ੀ ਘਰਾਂ ਦੀ ਕਿੱਲਤ ਤੇ ਕੈਨੇਡਾ ਵਿੱਚ ਨਸਲੀ ਵਿਤਕਰੇ ਦੀਆਂ ਚਰਚਾਵਾਂ ਤੇ ਘਟਨਾਵਾਂ ਜ਼ੋਰ ਫੜ ਰਹੀਆਂ ਹਨ।

ਵਿਦਿਆਰਥੀਆਂ ਨੇ 2024 ਵਿੱਚ ਜਦੋਂ ਕੈਨੇਡਾ ਦੇ ਇਨ੍ਹਾਂ 'ਨੌਨ-ਕਰੈਡਿਟ' ਪ੍ਰੋਗਰਾਮਾਂ ਵਿੱਚ ਦਾਖਲਾ ਲਿਆ ਸੀ, ਉਦੋਂ ਇਮੀਗ੍ਰੇਸ਼ਨ ਦੇ ਨਿਯਮਾਂ ਮੁਤਾਬਕ ਉਹ ਪੜ੍ਹਾਈ ਖਤਮ ਕਰਨ ਤੋਂ ਬਾਅਦ ਵਰਕ ਪਰਮਿਟ ਅਤੇ ਪੱਕੀ ਰਿਹਾਇਸ਼ ਹਾਸਲ ਕਰਨ ਲਈ ਪੂਰੀ ਤਰ੍ਹਾਂ ਯੋਗ ਮੰਨੇ ਗਏ ਸਨ। ਹਰੇਕ ਵਿਦਿਆਰਥੀ ਨੇ ਇਸ ਛੋਟੇ ਜਿਹੇ ਕੋਰਸ ਲਈ ਹਜ਼ਾਰਾਂ ਡਾਲਰ ਤੋਂ ਵੱਧ ਦੀਆਂ ਮੋਟੀਆਂ ਫੀਸਾਂ ਤਾਰੀਆਂ ਸਨ। ਪਰ 24 ਜੂਨ 2026 ਨੂੰ ਆਈ. ਆਰ. ਸੀ. ਸੀ. ਨੇ ਚੁੱਪ-ਚਾਪ ਇੱਕ ਨਵੀਂ ਨੀਤੀ ਲਾਗੂ ਕੀਤੀ ਜਿਸ ਨਾਲ 'ਨੌਨ-ਕਰੈਡਿਟ ਪ੍ਰੋਗਰਾਮਾਂ' ਨੂੰ ਵਰਕ ਪਰਮਿਟ ਦੀ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਇਸ ਨਿਯਮ ਨੂੰ ਪਿਛਲੀ ਤਰੀਕ ਤੋਂ ਲਾਗੂ ਕਰਕੇ ਪੋਰਟੇਜ ਕਾਲਜ ਦੇ ਸੈਂਕੜੇ ਵਿਦਿਆਰਥੀਆਂ ਦੀਆਂ ਵਰਕ ਪਰਮਿਟ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਜਿਸ ਨਾਲ ਉਹਨਾਂ ਦੇ ਕੈਨੇਡਾ 'ਚ ਰਹਿਣ ਤੇ ਪੱਕੇ ਹੋਣ ਦੇ ਸੁਪਨੇ ਨੂੰ ਇੱਕੋ ਫੁਰਮਾਨ ਨਾਲ ਖਤਮ ਕਰ ਦਿੱਤਾ ਗਿਆ।

ਇਸ ਧੱਕੇਸ਼ਾਹੀ ਵਿਰੁੱਧ ਵਿਦਿਆਰਥੀਆਂ ਨੇ ਫੈਡਰਲ ਕੋਰਟ ਵਿੱਚ ਪੁਨਰ-ਵਿਚਾਰ ਅਪੀਲ ਕੀਤੀ ਅਤੇ ਕੈਲਗਰੀ ਤੇ ਐਡਮਿੰਟਨ ਵਿੱਚ ਸ਼ਾਂਤਮਈ ਧਰਨਾ ਸ਼ੁਰੂ ਕਰ ਦਿੱਤਾ। 12 ਅਗਸਤ 2026 ਨੂੰ ਕੈਲਗਰੀ ਪੁਲਿਸ ਦੀ ਸ਼ਹਿ 'ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਸੈਡਲਟਾਊਨ ਸਰਕਲ ਦੇ ਧਰਨਾ ਸਥਾਨ 'ਤੇ ਛਾਪਾ ਮਾਰ ਕੇ 20 ਵਿਦਿਆਰਥੀਆਂ ਦੀ ਸ਼ਨਾਖਤ ਚੈੱਕ ਕੀਤੀ ਅਤੇ 10 ਵਿਦਿਆਰਥੀਆਂ ਨੂੰ ਦੇਸ਼-ਨਿਕਾਲੇ ਦੇ ਹੁਕਮ ਜਾਰੀ ਕਰ ਦਿੱਤੇ। ਧਰਨਾ ਚੁਕਵਾਉਣ ਤੇ ਵਿਦਿਆਰਥੀਆਂ ਅੰਦਰ ਡਰ ਪੈਦਾ ਕਰਨ ਦੀ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਇਹਨਾਂ ਵਿਦਿਆਰਥੀਆਂ ਦੇ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਸਨ। ਕੈਲਗਰੀ ਵਿੱਚ ਵਿਦਿਆਰਥੀਆਂ 'ਤੇ ਸੀ.ਬੀ.ਐਸ.ਏ. ਦੇ ਛਾਪੇ ਨੇ ਕੈਨੇਡਾ ਦੇ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਦੀ ਧਾਰਾ-2 ਤਹਿਤ ਮਿਲੇ ਸ਼ਾਂਤਮਈ ਵਿਰੋਧ ਅਤੇ ਵਿਚਾਰ ਪ੍ਰਗਟਾਵੇ ਦੇ ਅਧਿਕਾਰ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਜਦੋਂ ਕਿਸੇ ਮੁਲਕ ਵਿੱਚ ਇਨਸਾਫ਼ ਦੀ ਮੰਗ ਕਰਨ ਬਦਲੇ ਦੇਸ਼-ਨਿਕਾਲੇ ਦਾ ਕਾਨੂੰਨੀ ਡਰ ਦਿਖਾਇਆ ਜਾਵੇ ਤਾਂ ਉਹ ਲੋਕਤੰਤਰ ਨਹੀਂ ਸਗੋਂ ਸਰਮਾਏਦਾਰੀ ਤਾਨਾਸ਼ਾਹੀ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਰਕਾਰੀ ਦਾਅਵੇ ਹਨ ਕਿ ਉਹ ਨਿਯਮਾਂ ਵਿੱਚ 'ਸਪੱਸ਼ਟਤਾ' ਲਿਆ ਰਹੇ ਹਨ ਅਤੇ ਅਸਲ ਉੱਚ-ਸਿੱਖਿਆ ਦੀ ਥਾਂ 'ਚੋਰ-ਮੋਰੀਆਂ' ਜਾਂ 'ਡਿਪਲੋਮਾ ਮਿੱਲਾਂ' ਰਾਹੀਂ ਪ੍ਰਵਾਸ ਦੇ ਰਸਤਿਆਂ ਨੂੰ ਬੰਦ ਕਰ ਰਹੇ ਹਨ। ਜਦਕਿ ਇਹ ਰਾਹ ਖੁਦ ਸਰਕਾਰੀ ਨੀਤੀਆਂ ਰਾਹੀਂ ਹੀ ਖੋਲ੍ਹੇ ਗਏ ਸਨ ਜਿਸ ਵਿੱਚ ਪੰਜਾਬ ਦਾ ਵੱਡਾ ਪ੍ਰਵਾਸ ਮਾਫੀਆ ਵੀ ਸ਼ਾਮਲ ਹੈ। ਉਧਰ ਸਥਾਨਕ ਘੋਰ ਸੱਜੇ-ਪੱਖੀ ਰਾਜਨੀਤਿਕ ਧਿਰਾਂ ਅਤੇ 'ਸੈਕੰਡ ਸੰਨਜ਼' (Second Sons) ਵਰਗੇ ਨਸਲਵਾਦੀ ਗਰੋਹ ਇਹ ਪ੍ਰਚਾਰ ਕਰ ਰਹੇ ਹਨ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਨਾਲ ਕੈਨੇਡਾ ਵਿੱਚ ਰਿਹਾਇਸ਼ੀ ਘਰਾਂ ਦਾ ਸੰਕਟ, ਸਿਹਤ ਸੇਵਾਵਾਂ 'ਤੇ ਬੋਝ, ਬੁਰੇ ਸੱਭਿਆਚਾਰਕ ਅਸਰ ਅਤੇ




ਬੇਰੁਜ਼ਗਾਰੀ ਵਧ ਰਹੀ ਹੈ। ਇਹ ਨਸਲਵਾਦੀ ਗਰੁੱਪ ਜਿੱਥੇ 'ਭਾਰਤ ਵਾਪਸ ਜਾਓ' ਦੇ ਜਲੂਸ ਕੱਢ ਰਹੇ ਹਨ ਉੱਥੇ ਕੈਲਗਰੀ ਦੇ ਗੁਰੂਦੁਆਰਾ ਸਾਹਿਬ 'ਚ ਚਿੱਟੀ ਚਮੜੀ ਦੀ ਸਰਬਸੱਤਾ ਸਥਾਪਿਤ ਕਰਨ ਦੇ ਮਨਸ਼ੇ ਨਾਲ ਇੱਕ ਨਸਲਵਾਦੀ ਵਿਅਕਤੀ ਵੱਲੋਂ ਚਾਕੂ ਨਾਲ ਹਮਲਾ ਕਰਨ ਤੇ ਇੱਕ ਅਣਪਛਾਤੇ ਵਿਅਕਤੀ ਵੱਲੋਂ ਗੁਰੂਦੁਆਰਾ ਸਾਹਿਬ ਦੀ ਇਮਾਰਤ ਢਾਹੁਣ ਦੀ ਧਮਕੀ ਦਾ ਮਾਮਲਾ ਹਾਲਤ ਨੂੰ ਹੋਰ ਗੰਭੀਰ ਬਣਾ ਦਿੰਦਾ ਹੈ। ਪੁਲਿਸ ਅਤੇ ਸਰਹੱਦੀ ਏਜੰਸੀਆਂ ਧਰਨੇ 'ਤੇ ਮਾਰੇ ਛਾਪੇ ਨੂੰ ਕਾਨੂੰਨ ਦੀ ਪਾਲਣਾ ਵਜੋਂ ਜਾਇਜ਼ ਠਹਿਰਾ ਰਹੀਆਂ ਹਨ। ਪੰਜਾਬੀ-ਭਾਰਤੀ ਪ੍ਰਵਾਸੀ ਭਾਈਚਾਰੇ ਦੇ ਕੁਝ ਪੁਰਾਣੇ ਬਾਸ਼ਿੰਦੇ ਨਵੇਂ ਆਏ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰਹਿਣ-ਸਹਿਣ ਦੇ ਇਖਲਾਕੀ ਮਿਆਰਾਂ ਤੇ ਪੰਜਾਬ ਦੀ ਤਰਜ਼ ਤੇ ਧਰਨੇ ਲਾਉਣ ਨੂੰ ਜਿੰਮੇਵਾਰ ਦੱਸ ਕੇ ਕੈਨੇਡੀਅਨ ਕਾਨੂੰਨਾਂ ਦੀ ਮਰਿਆਦਾ ਦਾ ਪਾਲਣ ਕਰਨ ਦੀਆਂ ਨਸੀਹਤਾਂ ਦੇ ਰਹੇ ਹਨ।

ਇਸ ਸਾਰੇ ਰਾਮ-ਰੌਲੇ 'ਚੋਂ ਕੁਝ ਬੁਨਿਆਦੀ ਸਵਾਲਾਂ ਨੂੰ ਬਿਲਕੁਲ ਦਰਕਿਨਾਰ ਕੀਤਾ ਜਾ ਰਿਹਾ ਹੈ। ਇਹ ਧਾਰਨਾ ਬਿਲਕੁਲ ਨਿਰਅਧਾਰ ਹੈ ਕਿ ਕੈਨੇਡਾ ਦਾ ਨਿਆਂਇਕ, ਵਿੱਦਿਅਕ ਤੇ ਇਮਗ੍ਰੇਸ਼ਨ ਪ੍ਰਬੰਧ ਸਭ ਲਈ ਸਮਾਨ ਹੈ ਤੇ ਪੱਖਪਾਤ ਤੋਂ ਮੁਕਤ ਹੈ। ਕਾਮਾਗਾਟਾਮਾਰੂ ਦੀ ਇਤਿਹਾਸਕ ਘਟਨਾ ਤੋਂ ਲੈ ਕੇ ਹੁਣ ਤੱਕ ਇਸਦੀਆਂ ਅਨੇਕਾਂ ਮਿਸਾਲਾਂ ਹਨ ਜੋ ਇਹ ਜ਼ਾਹਰ ਕਰਦੀਆਂ ਹਨ ਕਿ ਕੈਨੇਡਾ ਦੀ ਸਿੱਖਿਆ ਪ੍ਰਣਾਲੀ, ਇਮੀਗ੍ਰੇਸ਼ਨ ਨੀਤੀਆਂ ਤੇ ਕਾਨੂੰਨ, ਸੱਤਾ ਦੀਆਂ ਆਰਥਿਕ-ਸਿਆਸੀ ਲੋੜਾਂ ਤਹਿਤ ਕੰਮ ਕਰਦੇ ਹਨ। ਇਹ ਯੋਜਨਾਬੱਧ ਤਰੀਕੇ ਨਾਲ ਤੈਅ ਕਰਦੇ ਹਨ ਕਿ ਸੰਸਾਰ ਦੇ ਕਿਸ ਹਿੱਸੇ ਚੋਂ, ਕਦੋਂ ਤੇ ਕਿਸ ਕਿਸਮ ਦੇ ਲੋਕਾਂ ਨੂੰ ਕਿੰਨੀ ਤਦਾਦ 'ਚ ਕੈਨੇਡਾ ਵੱਲ ਪ੍ਰਵਾਸ ਕਰਨ ਦੀ ਆਗਿਆ ਦੇਣੀ ਹੈ ਤੇ ਕਦੋਂ, ਕਿਸਨੂੰ ਕਾਨੂੰਨੀ ਪਾਬੰਦੀਆਂ ਰਾਹੀਂ ਬੰਨ੍ਹ ਮਾਰਨਾ ਹੈ। ਇਹੀ ਨੀਤੀ 'ਪੰਜ ਅੱਖਾਂ' (ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਕੇ) ਵਾਲੇ ਬਾਕੀ ਮੁਲਕਾਂ ਦੀ ਹੈ। ਫਲਸਤੀਨੀ-ਇਰਾਨੀ ਸ਼ਰਨਾਰਥੀਆਂ ਤੇ ਰੋਕ ਅਤੇ ਯੂਕਰੇਨੀ ਸ਼ਰਨਾਰਥੀਆਂ ਨੂੰ ਵੱਡੀ ਤਦਾਦ 'ਚ ਵਿਸ਼ੇਸ਼ ਪ੍ਰੋਗਰਾਮਾਂ ਤਹਿਤ ਪਨਾਹ ਦੇਣੀ ਇਸਦੀ ਸਭ ਤੋਂ ਤਾਜ਼ਾ ਤੇ ਪੁਖਤਾ ਉਦਾਹਰਨ ਹੈ ਜੋ ਇੱਕ ਖਾਸ ਭਾਈਚਾਰੇ ਪ੍ਰਤੀ ਸਰਕਾਰੀ ਵਿਤਕਰੇਬਾਜ਼ੀ ਦੀ ਉਮਦਾ ਮਿਸਾਲ ਹੈ। ਕਰੋਨਾ ਕਾਲ ਤੋਂ ਪਹਿਲਾਂ ਇਹਨਾਂ ਮੁਲਕਾਂ ਵਿੱਚ ਕਾਮਿਆਂ ਦੀ ਘਾਟ ਤੇ ਵਸੋਂ ਸਤੁੰਲਨ ਨੂੰ ਕਾਇਮ ਰੱਖਣ ਲਈ ਕੈਨੇਡਾ ਸਮੇਤ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਕੇ, ਆਦਿ ਮੁਲਕਾਂ ਨੇ ਸਿੱਖਿਆ ਪ੍ਰਣਾਲੀ ਨੂੰ ਅਵਾਸ ਨੀਤੀਆਂ ਨਾਲ ਟੋਚਨ ਕਰਕੇ ਹੁਨਰਮੰਦ ਤੇ ਪੜੀ ਲਿਖੀ ਲੇਬਰ ਲਈ ਵਿਦੇਸ਼ੀ ਵੀਜ਼ਿਆਂ ਦੇ ਰਾਹ ਮੋਕਲੇ ਕੀਤੇ ਸਨ। ਪਰੰਤੂ ਨਵੀਂ ਤਕਨੀਕ (ਏਆਈ) ਦੇ ਫੈਲਣ, ਸੰਸਾਰ ਸਾਮਰਾਜੀ ਆਰਥਿਕਤਾਵਾ ਦੇ ਸੰਕਟਗ੍ਰਸਤ ਹੋਣ, ਲਮਕਵੀਂਆਂ ਸੰਸਾਰ ਸਾਮਰਾਜੀ ਜੰਗਾਂ ਵਿੱਚ ਉਲਝਣ ਤੇ ਘਰੇਲੂ ਪੱਧਰ ਤੇ ਸਰਕਾਰਾਂ ਖਿਲਾਫ਼ ਮਹਿੰਗਾਈ, ਬੇਰੁਜ਼ਗਾਰੀ, ਜੰਗ ਵਿਰੋਧੀ ਤੇ ਰਿਹਾਇਸ਼ੀ ਘਰਾਂ ਦੀ ਸਮੱਸਿਆ ਖਿਲਾਫ ਵਿਰੋਧ ਵਧਣ ਨਾਲ ਇਹਨਾ ਮੁਲਕਾਂ ਵਿੱਚ ਪੈਦਾ ਹੋਈਆਂ ਸਾਰੀਆਂ ਆਫ਼ਤਾਂ ਦਾ ਤੋੜਾ ਸਭ ਤੋਂ ਕੰਮਜ਼ੋਰ ਕੜੀ ਨਵੇਂ ਆਏ ਪ੍ਰਵਾਸੀਆਂ ਖਿਲਾਫ਼ ਝੜਨਾ ਸ਼ੁਰੂ ਹੋ ਗਿਆ। ਇੱਕ ਸਮੇਂ ਇਹਨਾਂ ਮੁਲਕਾਂ ਦੀ ਆਰਥਿਕਤਾ ਦੀ ਸਾਹ-ਰਗ ਬਣੀ ਪ੍ਰਵਾਸੀ ਲੇਬਰ ਯਕਦਮ ਗੈਰ-ਇਖਲਾਕੀ, ਗੈਰ-ਕਾਨੂੰਨੀ ਅਤੇ ਆਰਥਿਕਤਾ ਤੇ ਬੋਝ ਬਣਾ ਦਿੱਤੀ ਗਈ ਹੈ। ਬੇਰੁਜ਼ਗਾਰਾਂ ਦੀ ਇਹ ਭੀੜ ਆਪਣੇ ਵਤਨ 'ਚ ਵੀ ਬੋਝ ਸਮਝੀ ਜਾਂਦੀ ਹੈ ਤੇ ਬੇਗਾਨੀਆਂ ਧਰਤੀਆਂ ਤੇ ਵੀ।

ਇਹ ਇੱਕ ਬੇਰਹਿਮ ਤੱਥ ਬਣ ਗਿਆ ਹੈ ਕਿ ਕੈਨੇਡਾ ਦੇ ਉੱਚ-ਸਿੱਖਿਆ ਢਾਂਚੇ ਦਾ ਮਨੋਰਥ ਸਿੱਖਿਆ ਪ੍ਰਦਾਨ ਕਰਨਾ ਨਹੀਂ ਸੀ ਸਗੋਂ ਇਹ ਨਵ-ਉਦਾਰਵਾਦੀ ਪੂੰਜੀਵਾਦ ਦਾ ਵਪਾਰਕ ਮਾਡਲ ਬਣਕੇ ਉੱਭਰਿਆ ਹੈ। ਇਸਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਦਰਾਮਦ ਨਾਲ ਮਾਲੀਆ ਦੇ ਰੂਪ 'ਚ ਕੈਨੇਡੀਅਨ ਆਰਥਿਕਤਾ (ਜੀਡੀਪੀ) ਨੂੰ ਹੁਲਾਰਾ ਦਿੱਤਾ, ਸਿੱਖਿਆ ਦੇ ਨਿੱਜੀਕਰਨ-ਵਪਾਰੀਕਰਨ ਨੂੰ ਖੁੱਲ੍ਹ ਦਿੱਤੀ, ਨਿੱਕੇ-ਵੱਡੇ ਪੂੰਜੀਪਤੀਆਂ ਨੂੰ ਸਸਤੇ ਤੇ ਹੁਨਰਮੰਦ ਕਾਮੇ ਸਪਲਾਈ ਕੀਤੇ ਅਤੇ ਕੈਨੇਡੀਅਨ ਮੰਡੀ ਵੱਲੋਂ ਵਿਸ਼ਵ ਮੰਡੀ 'ਚ ਮੁਕਾਬਲੇ ਦੀਆਂ ਬੁਲੰਦੀਆਂ ਛੋਹਣ ਲਈ ਉਤਪਾਦਿਕ ਖੇਤਰ ਨੂੰ ਮਜ਼ਬੂਤ ਕਰਨ ਵਾਲੀ ਲੇਬਰ ਮੁਹੱਇਆ ਕਰਵਾਈ।

ਕੈਨੇਡਾ ਦੀਆਂ ਸੂਬਾਈ ਸਰਕਾਰਾਂ ਨੇ ਸਰਕਾਰੀ ਕਾਲਜਾਂ ਨੂੰ ਮਿਲਣ ਵਾਲੀਆਂ ਗ੍ਰਾਂਟਾਂ ਵਿੱਚ ਵੱਡੀ ਪੱਧਰ ਤੇ ਕਟੌਤੀ ਕੀਤੀ। ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਸਥਾਨਕ ਵਿਦਿਆਰਥੀਆਂ ਨਾਲੋਂ 3 ਤੋਂ 5 ਗੁਣਾ ਵੱਧ ਫੀਸਾਂ ਵਸੂਲੀਆਂ। ਨਿੱਜੀ-ਸਰਕਾਰੀ ਭਾਈਵਾਲੀ (PPP) ਮਾਡਲ ਰਾਹੀਂ ਅਜਿਹੇ ਮਹਿੰਗੇ-ਮਹਿੰਗੇ ਕੋਰਸ ਵੇਚੇ ਗਏ ਜਿਨ੍ਹਾਂ ਦੀ ਸਮਾਜ 'ਚ ਕੋਈ ਜਿਆਦਾ ਵੁੱਕਤ ਨਹੀਂ ਸੀ ਬਜਾਏ ਇਸਦੇ ਕਿ ਇਹ ਮਹਿਜ ਪੱਕੇ ਹੋਣ ਲਈ ਪੌੜੀ ਮਾਤਰ ਹੀ ਸਨ। ਇਹ ਕੈਨੇਡਾ ਦੀ ਸਰਕਾਰ ਨੂੰ ਵੀ ਪ੍ਰਤੱਖ ਸੀ ਕਿ ਸਿੱਖਿਆ ਨੀਤੀਆਂ, ਅਵਾਸ ਨੀਤੀਆਂ ਦਾ ਹੀ ਹਿੱਸਾ ਹਨ ਪਰੰਤੂ ਬਦਲੇ ਹਾਲਾਤਾਂ ਨਾਲ ਸਰਕਾਰ ਦਾ ਮਿਜ਼ਾਜ ਬਦਲ ਗਿਆ ਤੇ ਕਾਨੂੰਨੀ ਘੁੰਡੀਆਂ ਦੀ ਮਰਿਆਦਾ ਤੇ ਪਾਲਣਾ ਕੀਤੀ ਜਾ ਰਹੀ ਹੈ। ਦੂਜੇ ਪਾਸੇ ਆਪਣੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਮਾਰ ਤੋਂ ਤੰਗ ਵਿਦਿਆਰਥੀ ਆਪਣੇ ਪਰਿਵਾਰਾਂ ਦੀਆਂ ਜ਼ਮੀਨਾਂ ਗਹਿਣੇ ਧਰ ਕੇ, ਲੱਖਾਂ ਰੁਪਏ ਦੇ ਕਰਜ਼ੇ ਚੁੱਕ ਕੇ ਇੱਥੇ ਪਹੁੰਚਦੇ ਹਨ, ਪਰ ਅੰਤ ਵਿੱਚ ਉਨ੍ਹਾਂ ਨੂੰ ਕਾਨੂੰਨੀ ਅਨਿਸ਼ਚਿਤਤਾ ਅਤੇ ਮਾਨਸਿਕ ਤਸ਼ੱਦਦ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਜਾਂਦਾ ਹੈ। ਰੋਜ਼ੀ-ਰੋਟੀ ਤੇ ਵਸੇਬੇ ਲਈ ਘਾਲਣਾ ਘਾਲਦੀ ਜਵਾਨੀ ਦਾ ਵਜੂਦ 'ਪੱਕੇ' ਹੋਣ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ। ਇਹ ਕਿੱਡਾ ਦਰਦਨਾਕ ਪਹਿਲੂ ਹੈ ਕਿ ਵਿਸ਼ਵੀਕਰਨ ਦੇ ਦੌਰ ਅੰਦਰ ਮਨੁੱਖ ਸੰਸਾਰ ਮੰਡੀ ਵਿੱਚ ਆਪਣੀ ਸਸਤੀ ਕਿਰਤ ਸ਼ਕਤੀ ਲੁਟਾਉਣ ਲਈ ਪਨਾਹ ਲੈਣ ਦੀ ਗੁਹਾਰ ਲਗਾ ਰਿਹਾ ਹੈ। ਵਿਡੰਬਨਾ ਇਹ ਵੀ ਹੈ ਕਿ ਵਿਸ਼ਵੀਕਰਨ ਨੇ ਇਸ ਧਰਤੀ ਤੇ ਮਨੁੱਖ ਨੂੰ 'ਕੱਚੇ' ਤੇ 'ਪੱਕੇ' ਦੀ ਸ਼੍ਰੇਣੀ ਵਿੱਚ ਵੰਡ ਦਿੱਤਾ ਹੈ ਤੇ ਕਾਨੂੰਨੀ ਅਧਿਕਾਰਾਂ ਦੀ ਪਾਲਣਾ ਬਦਲੇ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਰਾਹ ਪੱਧਰਾ ਕਰ ਦਿੱਤਾ ਹੈ।

ਪ੍ਰਵਾਸ ਦੇ ਇਸ ਦਰਦਨਾਕ ਤੇ ਗੁੰਝਲਦਾਰ ਮੰਜ਼ਰ ਨੂੰ ਸਮਝਣ ਲਈ ਇਹ ਸਮਝਣਾ ਨਿਹਾਇਤ ਜਰੂਰੀ ਹੈ ਕਿ ਪੂੰਜੀਵਾਦ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਹਮੇਸ਼ਾ ਇੱਕ ਅਜਿਹੀ ਅਸਥਿਰ, ਵਾਧੂ ਅਤੇ ਬੇਵੱਸ ਲੇਬਰ ਦੀ ਲੋੜ ਹੁੰਦੀ ਹੈ ਜੋ ਘੱਟ ਉਜ਼ਰਤਾਂ 'ਤੇ ਕੰਮ ਕਰਨ ਲਈ ਮਜਬੂਰ ਹੋਵੇ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਦੀ ਆਰਥਿਕਤਾ ਵਿੱਚ ਕਿਰਤ ਦੀ ਇਸੇ ਵਾਧੂ ਫੌਜ ਦਾ ਕੰਮ ਕਰਦੇ ਹਨ। ਉਹ ਢੋਆ-ਢੋਆਈ, ਸੇਵਾ ਖੇਤਰ, ਗਰੌਸਰੀ ਸਟੋਰਾਂ, ਫਾਸਟ ਫੂਡ ਅਤੇ ਖੇਤੀਬਾੜੀ ਵਰਗੇ ਖੇਤਰਾਂ ਵਿੱਚ ਸਸਤੀ ਮਜ਼ਦੂਰੀ ਦੇ ਸਾਧਨ ਬਣਕੇ ਸਥਾਨਕ ਉਜਰਤਾਂ ਨੂੰ ਘਟਾਉਣ ਦੇ ਸਾਧਨ ਬਣਾਏ ਜਾਂਦੇ ਹਨ। ਇਸਤੋਂ ਇਲਾਵਾ ਕਾਨੂੰਨੀ ਸਟੇਟਸ ਨਾ ਹੋਣ ਕਰਕੇ ਵਿਦਿਆਰਥੀ ਮਾਲਕਾਂ ਦੀਆਂ ਗੈਰ-ਕਾਨੂੰਨੀ ਸ਼ਰਤਾਂ, ਓਵਰਟਾਈਮ ਦੇ ਸ਼ੋਸ਼ਣ ਅਤੇ ਘੱਟ ਦਿਹਾੜੀ ਵਿਰੁੱਧ ਆਵਾਜ਼ ਨਾ ਚੁੱਕਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਪ੍ਰਵਾਸ ਦਾ ਵਹਿਣ ਪੂੰਜੀਵਾਦ ਦੀਆਂ ਲੋੜਾਂ ਤਹਿਤ ਸਰਕਾਰੀ ਤੌਰ ਤੇ ਕੰਟਰੋਲ ਕੀਤਾ ਜਾਂਦਾ ਹੈ ਨਾ ਕਿ ਪ੍ਰਵਾਸੀਆਂ ਨੂੰ ਇਹ ਠਹਿਰ ਕਿਸੇ ਵਿਸ਼ੇਸ਼ ਅਧਿਕਾਰ (Privilege) ਵਜ਼ੋਂ ਦਿੱਤੀ ਜਾਂਦੀ ਹੈ। ਇਹ ਮਹਿਜ਼ ਆਪਮੁਹਾਰਾ ਵਰਤਾਰਾ ਨਹੀਂ ਹੈ ਬਲਕਿ ਤੀਜੀ ਦੁਨੀਆਂ ਦੇ ਮੁਲਕਾਂ ਤੋਂ ਵਿਕਸਤ ਪੂੰਜੀਵਾਦੀ ਮੁਲਕਾਂ ਵੱਲ ਸਸਤੀ ਤੇ ਹੁਨਰਮੰਦ ਲੇਬਰ ਦੀ ਦਰਾਮਦ ਦੀ ਯੋਜਨਾਬੱਧ ਵਿਉਂਤਬੰਦੀ ਦਾ ਮਾਮਲਾ ਹੈ। ਜੇਕਰ ਸੰਸਾਰ ਦੇ ਕਿਸੇ ਕੋਨੇ ਚੋਂ ਸਰਕਾਰੀ ਨੀਤੀਆਂ ਤੋਂ ਬਾਹਰੀ ਪ੍ਰਵਾਸ ਦਾ ਕੋਈ ਵਹਿਣ ਵਹਿ ਰਿਹਾ ਹੈ ਉਹ ਵੀ ਜਿਆਦਾਤਰ ਪੂੰਜੀਵਾਦੀ ਮੁਲਕਾਂ ਵੱਲੋਂ ਤੀਜ਼ੀ ਦੁਨੀਆਂ ਦੇ ਮੁਲਕਾਂ ਦੀ ਕਿਰਤ ਤੇ ਕੁਦਰਤੀ ਵਸੀਲਿਆਂ ਦੀ ਲੁੱਟ, ਨਵਉਦਾਰਵਾਦੀ ਨੀਤੀਆਂ ਅਤੇ ਨਿਹੱਕੀਆਂ ਜੰਗਾਂ ਤੋਂ ਪੈਦਾ ਹੋਏ ਉਜਾੜੇ ਦਾ ਹੀ ਸਿੱਟਾ ਹਨ। ਇਹੀ ਮੌਜੂਦਾ ਸਾਮਰਾਜੀ ਦੌਰ ਦੇ ਪ੍ਰਵਾਸ ਸੰਕਟ ਦਾ ਮੂਲ-ਮੰਤਰ ਹੈ।

ਜਿੱਥੋ ਤੱਕ ਕੈਨੇਡਾ ਵਿੱਚ ਮਹਿੰਗਾਈ, ਬੇਰੁਜਗਾਰੀ, ਉਜਰਤ ਦਰਾਂ ਨੀਵੀਂਆਂ ਹੋਣ ਅਤੇ ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹਨ ਦਾ ਸਬੰਧ ਹੈ ਇਸਦਾ ਕਾਰਨ ਨਵੇਂ ਆਏ ਪ੍ਰਵਾਸੀ ਜਾਂ ਅੰਤਰਰਾਸ਼ਟਰੀ ਵਿਦਿਆਰਥੀ ਨਹੀਂ ਬਲਕਿ ਸਮਰਾਜਵਾਦੀ ਜੰਗਾਂ (ਯੂਕਰੇਨ, ਈਰਾਨ ਅਤੇ ਮੱਧ-ਪੂਰਬ ਦੇ ਜੰਗੀ ਤਣਾਅ) ਤੇ ਇਜਾਰੇਦਾਰ ਕਾਰਪੋਰੇਟ ਪੱਖੀ ਸਰਕਾਰੀ ਨੀਤੀਆਂ ਹਨ ਜਿਸ ਕਰਕੇ ਵਿਸ਼ਵ ਵਿਆਪੀ ਵਪਾਰਕ ਸਪਲਾਈ ਚੇਨ ਪ੍ਰਭਾਵਿਤ ਹੋਈ ਹੈ ਅਤੇ ਹਥਿਆਰਾਂ 'ਤੇ ਸਰਕਾਰੀ ਖਰਚੇ ਵਧੇ ਹਨ। ਸਪਲਾਈ ਚੇਨ ਪ੍ਰਭਾਵਿਤ ਹੋਣ ਬਹਾਨੇ ਤੇਲ ਤੇ ਟੈੱਕ ਕੰਪਨੀਆਂ ਨੇ ਕੀਮਤਾਂ ਵਿੱਚ ਭਾਰੀ ਵਾਧਾ ਕੀਤਾ ਹੈ। ਪੂੰਜੀਵਾਦੀ ਰਾਜ ਆਪਣੀ ਇਸ ਆਰਥਿਕ ਤੰਗਦਸਤੀ ਦਾ ਭਾਂਡਾ ਕਾਰਪੋਰੇਟ ਮੁਨਾਫ਼ਾਖੋਰੀ ਸਿਰ ਭੰਨਣ ਦੀ ਬਜਾਏ ਸਭ ਤੋਂ ਕਮਜ਼ੋਰ ਕੜੀ ਪ੍ਰਵਾਸੀ ਮਜ਼ਦੂਰਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਸਿਰ ਭੰਨ ਰਹੇ ਹਨ।

ਉਧਰ ਸਥਾਨਕ ਗੋਰੇ ਅਤੇ ਕੈਨੇਡਾ ਵਿੱਚ ਪਹਿਲਾਂ ਤੋਂ ਵੱਸੇ ਕੁਝ ਉੱਚ-ਮੱਧਵਰਗੀ ਭਾਈਚਾਰੇ ਦੇ ਲੋਕਾਂ ਵਿੱਚ ਵਿਦਿਆਰਥੀਆਂ ਪ੍ਰਤੀ ਨਫ਼ਰਤ ਭਰੀ ਜਾ ਰਹੀ ਹੈ। 'ਸੈਕੰਡ ਸੰਨਜ਼' ਵਰਗੇ ਨਸਲਵਾਦੀ ਗਰੋਹ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 'ਅਪਰਾਧੀ', 'ਸਾਧਨਾਂ ਦੀ ਚੋਰੀ ਕਰਨ ਵਾਲੇ' ਅਤੇ 'ਸੱਭਿਆਚਾਰ ਲਈ ਖ਼ਤਰਾ' ਵਜੋਂ ਪੇਸ਼ ਕਰ ਰਹੇ ਹਨ। ਇਹ ਨਸਲੀ ਵੰਡ ਪੂੰਜੀਵਾਦੀ ਸ਼ਾਸਕ ਵਰਗ ਦੀ 'ਪਾੜੋ ਅਤੇ ਰਾਜ ਕਰੋ' ਨੀਤੀ ਦਾ ਹਿੱਸਾ ਹੈ, ਤਾਂ ਜੋ ਸਥਾਨਕ ਮਜ਼ਦੂਰ ਵਰਗ ਆਪਣੇ ਅਸਲ ਲੁਟੇਰਿਆਂ (ਕਾਰਪੋਰੇਸ਼ਨਾਂ ਅਤੇ ਸਰਕਾਰ) ਵਿਰੁੱਧ ਲੜਨ ਦੀ ਬਜਾਏ ਨਵੇਂ ਆਏ ਮਜ਼ਦੂਰਾਂ ਨਾਲ ਲੜਕੇ ਅਸਲ ਬੁਨਿਆਦੀ ਮੁੱਦਿਆਂ ਤੇ ਲਾਮਬੰਦੀ ਤੋਂ ਭਟਕ ਜਾਣ। ਕੈਨੇਡਾ ਦਾ ਇਹ ਨਸਲਵਾਦੀ ਰੂਪ ਨਵਾਂ ਨਹੀਂ ਹੈ। ਕੈਨੇਡਾ ਵਿੱਚ ਸੱਤਰਵਿਆਂ ਤੇ ਦੌਰ ਵਿੱਚ ਜਦੋਂ ਪ੍ਰਵਾਸੀ ਲੇਬਰ ਲੱਕੜ ਮਿੱਲਾਂ, ਰੇਲਵੇ ਲਾਇਨਾਂ ਅਤੇ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਲਈ ਬੁਲਾਈ ਗਈ ਉਸ ਸਮੇਂ ਵੀ ਨਸਲੀ ਹਮਲੇ ਅਤੇ ਨਵੇਂ ਪ੍ਰਵਾਸੀਆਂ ਵੱਲ ਪੁਰਾਣੇ ਪ੍ਰਵਾਸੀਆਂ ਦਾ ਰਵੱਇਆ ਲੱਗਭਗ ਇਹਨਾਂ ਹੀ ਤਰਕਾਂ ਉੱਤੇ ਟਿਕਿਆ ਹੋਇਆ ਸੀ।

ਇਸ ਸਮੇਂ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ, ਦੇਸ਼-ਨਿਕਾਲੇ ਨੂੰ ਰੱਦ ਕਰਨ, ਸਿੱਖਿਆ ਦਾ ਵਪਾਰੀਕਰਨ ਬੰਦ ਤੇ ਨਸਲਵਾਦੀ ਨਫਰਤ ਖਿਲਾਫ ਲਾਮਬੰਦ ਹੋ ਕੇ ਲੋਕਾਂ ਦੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦੀ ਲੋੜ ਹੈ।

### *ਮੈਟਾ ਵਿਰੁੱਧ ਮੁਕੱਦਮੇ ਦੀ ਸੁਣਵਾਈ ਸ਼ੁਰੂ*

# ਸਟੇਟਾਂ ਨੇ ਸੋਸ਼ਲ ਮੀਡੀਆ ਕੰਪਨੀ ’ਤੇ ਬੱਚਿਆਂ ਦਾ ਸ਼ੋਸ਼ਣ ਕਰਨ ਅਤੇ ਉਹਨਾਂ ਨੂੰ ਜਾਣਬੁੱਝ ਕੇ ਅਮਲੀ ਬਣਾਉਣ ਦੇ ਇਲਜ਼ਾਮ ਲਾਏ

*(ਇਹ ਆਰਟੀਕਲ ਸੀ ਬੀ ਸੀ ਨਿਊਜ਼ ਦੇ ਸਾਈਟ ’ਤੇ 18 ਅਗਸਤ, 2026 ਨੂੰ ਛਪਿਆ ਸੀ।)*

ਲੇਖਕ: ਸੀ ਬੀ ਸੀ ਨਿਊਜ਼
ਅਨੁਵਾਦ: ਸੁਖਵੰਤ ਹੁੰਦਲ

ਮੈਟਾ ਪਲੇਟਫਾਰਮਜ਼ ਨੇ ਅਮਰੀਕਾ ਦੀਆਂ ਸਟੇਟਾਂ ਦੇ ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ ਜਿਹਨਾਂ ਵਿੱਚ ਕਿਹਾ ਗਿਆ ਸੀ ਕਿ ਉਸ ਨੇ ਮੁਨਾਫ਼ੇ ਖਾਤਰ ਬੱਚਿਆਂ ਨੂੰ ਆਪਣੇ ਫੇਸਬੁੱਕ ਅਤੇ ਇੰਸਟਾਗ੍ਰਾਮ ਪਲੇਟਫਾਰਮਾਂ ਦਾ ਅਮਲੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਇਹ ਗੱਲ ਉਦੋਂ ਕਹੀ ਜਦੋਂ ਮੰਗਲਵਾਰ (18 ਅਗਸਤ) ਨੂੰ ਇਕ ਅਜਿਹਾ ਮੁਕੱਦਮਾ ਸ਼ੁਰੂ ਹੋਇਆ ਜਿਹੜਾ ਦੁਨੀਆ ਦੇ ਸਭ ਤੋਂ ਮਸ਼ਹੂਰ ਐਪਾਂ ਦੇ ਸਰੂਪ ਨੂੰ ਬਦਲ ਸਕਦਾ ਹੈ।

ਅਮਰੀਕਾ ਦੀਆਂ 29 ਸਟੇਟਾਂ (ਦੋਹਾਂ ਪਾਰਟੀਆਂ ਦੀ ਹਕੂਮਤ ਵਾਲੀਆਂ ਸਟੇਟਾਂ) ਦੇ ਇੱਕ ਗਰੁੱਪ ਨੇ ਮੈਟਾ ’ਤੇ ਮੁਕੱਦਮਾ ਕੀਤਾ ਹੈ, ਜਿਸ ਵਿੱਚ ਸੰਭਾਵੀ ਤੌਰ ’ਤੇ ਅਰਬਾਂ ਡਾਲਰਾਂ ਦੇ ਜੁਰਮਾਨੇ ਅਤੇ ਮੈਟਾ ਦੇ ਕਾਰੋਬਾਰ ਕਰਨ ਦੇ ਤਰੀਕੇ ਵਿੱਚ ਤਬਦੀਲੀ ਕਰਨ ਦੀ ਮੰਗ ਕੀਤੀ ਗਈ ਹੈ।

ਚਾਰ ਮੁੱਖ ਸਟੇਟਾਂ—ਕੈਲੀਫੋਰਨੀਆ, ਕੋਲੋਰਾਡੋ, ਕੈਨਟਕੀ ਅਤੇ ਨਿਊਜਰਸੀ— ਨੇ ਮੈਟਾ ’ਤੇ ਦੋਸ਼ ਲਾਇਆ ਹੈ ਕਿ ਉਸ ਨੇ ਫੇਸਬੁੱਕ ਅਤੇ ਇੰਸਟਾਗ੍ਰਾਮ ਨੂੰ ਛੋਟੀ ਉਮਰ ਦੇ ਵਰਤੋਂਕਾਰਾਂ ਨੂੰ ਆਦੀ ਬਣਾਉਣ ਦੇ ਢੰਗ ਨਾਲ ਡਿਜ਼ਾਈਨ ਕੀਤਾ ਹੈ, ਜਿਸ ਨਾਲ ਚਿੰਤਾ, ਡਿਪ੍ਰੈਸ਼ਨ ਅਤੇ ਇੱਥੋਂ ਤੱਕ ਕਿ ਖੁਦਕੁਸ਼ੀ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ, ਅਤੇ ਖਪਤਕਾਰਾਂ ਨੂੰ ਪਲੇਟਫਾਰਮਾਂ ਦੀ ਸੁਰੱਖਿਆ ਬਾਰੇ ਗੁੰਮਰਾਹ ਕੀਤਾ ਗਿਆ ਹੈ। ਸਾਰੀਆਂ 29 ਸਟੇਟਾਂ ਨੇ ਮੈਟਾ ’ਤੇ ਬੱਚਿਆਂ ਦੇ ਨਿੱਜੀ ਡਾਟਾ ਨੂੰ ਗਲਤ ਤਰੀਕੇ ਨਾਲ ਇਕੱਠਾ ਕਰਨ ਅਤੇ ਵਰਤਣ ਦਾ ਦੋਸ਼ ਲਗਾ ਕੇ ਫੈਡਰਲ ਕਾਨੂੰਨ ਦੀ ਉਲੰਘਣਾ ਕਰਨ ਦਾ ਦੋਸ਼ ਵੀ ਲਾਇਆ ਹੈ।

ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਦੀ ਫੈਡਰਲ ਅਦਾਲਤ ਵਿੱਚ ਸ਼ੁਰੂ ਹੋਏ ਇਸ ਮੁਕੱਦਮੇ ਵਿੱਚ ਮੰਗਲਵਾਰ ਨੂੰ ਮੁੱਢਲੇ ਬਿਆਨ ਸੁਣੇ ਗਏ, ਅਤੇ ਇਸ ਮੁਕੱਦਮੇ ਨੂੰ ਮਾਹਰਾਂ ਨੇ ਨੌਜਵਾਨ ਵਰਤੋਂਕਾਰਾਂ ’ਤੇ ਸੋਸ਼ਲ ਮੀਡੀਆ ਦੇ ਪੈਣ ਵਾਲੇ ਅਸਰਾਂ ਬਾਰੇ ਹੁਣ ਤੱਕ ਦਾ ਸਭ ਤੋਂ ਵੱਡਾ ਕਾਨੂੰਨੀ ਇਮਤਿਹਾਨ ਦੱਸਿਆ ਹੈ। ਮੈਟਾ ਅਤੇ ਹੋਰ ਸੋਸ਼ਲ ਮੀਡੀਆ ਕੰਪਨੀਆਂ—ਜਿਨ੍ਹਾਂ ਵਿੱਚ ਸਨੈਪ, ਟਿਕਟੌਕ ਦੀ ਪੇਰੈਂਟ ਕੰਪਨੀ ਬਾਈਟਡਾਂਸ ਅਤੇ ਯੂਟਿਊਬ ਦੀ ਪੇਰੈਂਟ ਕੰਪਨੀ ਅਲਫ਼ਾਬੈਟ ਸ਼ਾਮਲ ਹਨ— ਇਸ ਗੱਲ ਬਾਰੇ ਸਟੇਟਾਂ, ਨਗਰਪਾਲਿਕਾਵਾਂ, ਸਕੂਲ ਜ਼ਿਲ੍ਹਿਆਂ ਅਤੇ ਵਿਅਕਤੀਆਂ ਵੱਲੋਂ ਦਾਇਰ ਹਜ਼ਾਰਾਂ ਮੁਕੱਦਮਿਆਂ ਦਾ ਸਾਹਮਣਾ ਕਰ ਰਹੀਆਂ ਹਨ ਕਿ ਕੀ ਉਨ੍ਹਾਂ ਦੇ ਪ੍ਰੋਡਕਟ ਨੌਜਵਾਨ ਵਰਤੋਂਕਾਰਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਕੈਲੀਫੋਰਨੀਆ ਦੀ ਡਿਪਟੀ ਅਟਾਰਨੀ ਜਨਰਲ ਮੇਗਨ ਓਨੀਲ ਨੇ ਅੱਠ ਮੈਂਬਰੀ ਜਿਊਰੀ ਨੂੰ ਦੱਸਿਆ ਕਿ ਮੈਟਾ ਦਾ ਬਿਜ਼ਨਸ ਮਾਡਲ ‘ਵਰਤੋਂਕਾਰਾਂ ਨੂੰ ਆਦੀ ਬਣਾਉਣਾ, ਉਨ੍ਹਾਂ ਨੂੰ ਜਿੰਨਾ ਹੋ ਸਕੇ ਉੱਨਾ ਚਿਰ ਤੱਕ ਪਲੇਟਫਾਰਮ ’ਤੇ ਰੱਖਣਾ, ਉਨ੍ਹਾਂ ਦਾ ਡਾਟਾ ਇਕੱਠਾ ਕਰਨਾ, ਅਤੇ ਫਿਰ ਜਨਤਾ ਤੋਂ ਸੱਚਾਈ ਛੁਪਾਉਣਾ ਸੀ।’

ਓਨੀਲ ਨੇ ਅੱਗੇ ਕਿਹਾ, ‘ਇਹ ਤਰੀਕਾ ਖਾਸ ਕਰਕੇ ਬੱਚਿਆਂ ਲਈ ਬਹੁਤ ਕਾਰਗਰ ਰਿਹਾ। ਮੈਟਾ ਨੂੰ ਬੱਚਿਆਂ ਦੀ ਲੋੜ ਸੀ, ਅਤੇ ਉਸ ਨੂੰ ਉਨ੍ਹਾਂ ਬੱਚਿਆਂ ਦੀ ਸੰਭਾਲ ਕਰਨ ਵਾਲੇ ਲੋਕਾਂ ਨੂੰ ਇਹ ਭਰੋਸਾ ਦਿਵਾਉਣ ਦੀ ਲੋੜ ਸੀ ਕਿ ਬੱਚੇ ਸੁਰੱਖਿਅਤ ਹਨ।’

ਮੈਟਾ ਦੇ ਵਕੀਲ ਪਾਲ ਸ਼ਮਿਟ ਨੇ ਕਿਹਾ ਕਿ ਇਸ ਗੱਲ ਬਾਰੇ ‘ਕੋਈ ਅਸਹਿਮਤੀ ਨਹੀਂ’ ਹੈ ਕਿ ਕੁੱਝ ਸੋਸ਼ਲ ਮੀਡੀਆ ਵਰਤੋਂਕਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਖੋਜ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਅਲ੍ਹੜ ਉਮਰ ਦੇ ਬੱਚਿਆਂ ਵਲੋਂ ਸੋਸ਼ਲ ਮੀਡੀਆ ਦੀ ਵਰਤੋਂ ਅਤੇ ਉਨ੍ਹਾਂ ਦੀ ਮਾਨਸਿਕ ਜਾਂ ਸਰੀਰਕ ਭਲਾਈ ਵਿੱਚ ਕਮੀ ਵਿਚਕਾਰ ਕੋਈ ਸਿੱਧਾ ਸਬੰਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੈਟਾ ਦਾ ਸਹਿ-ਸੰਸਥਾਪਕ ਅਤੇ ਸੀ ਈ ਓ ਮਾਰਕ ਜ਼ੁਕਰਬਰਗ ਵੀ ਕੰਪਨੀ ਦੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਦੀ ਇੱਛਾ ਰੱਖਦਾ ਹੈ, ਨਾ ਕਿ ਉਨ੍ਹਾਂ ਨੂੰ ਖਤਰਨਾਕ ਬਣਾਉਣ ਦੀ।

ਸ਼ਮਿਟ ਨੇ ਅੱਗੇ ਕਿਹਾ, ‘ਉਹ ਨਹੀਂ ਮੰਨਦੇ ਕਿ ਜੇਕਰ ਲੋਕ ਉਨ੍ਹਾਂ ਦੀ ਸੇਵਾ ਨੂੰ ਪਸੰਦ ਨਹੀਂ ਕਰਨਗੇ ਤਾਂ ਉਹ ਵਧੀਆ ਪ੍ਰਦਰਸ਼ਨ ਕਰ ਸਕਣਗੇ।’

ਜੱਜ ਇੰਸਟਾਗ੍ਰਾਮ ਅਤੇ ਫੇਸਬੁੱਕ ਵਿੱਚ ਤਬਦੀਲੀਆਂ ਕਰਨ ਦੇ ਹੁਕਮ ਦੇ ਸਕਦੀ ਹੈ

ਜਿਊਰੀ ਇੱਕ ਸਲਾਹਕਾਰੀ ਫੈਸਲਾ ਦੇਵੇਗੀ- ਇਕ ਅਜਿਹਾ ਫੈਸਲਾ ਜਿਸ ਨੂੰ ਮੰਨਣਾ ਜੱਜ ਲਈ ਲਾਜ਼ਮੀ ਨਹੀਂ ਹੁੰਦਾ ਪਰ ਉਹ ਇਸ ’ਤੇ ਸੇਧ ਲਈ ਗੌਰ ਕਰ ਸਕਦਾ/ ਸਕਦੀ ਹੈ। ਪਰ ਅਖੀਰ ਵਿੱਚ ਯੂ ਐੱਸ ਡਿਸਟ੍ਰਿਕਟ ਜੱਜ ਇਵੋਨ ਗੋਂਜ਼ਾਲੇਜ਼ ਰੌਜਰਜ਼ ਹੀ ਮੈਟਾ ਦੀ ਜਵਾਬਦੇਹੀ ਤੈਅ ਕਰੇਗੀ।

ਜੇਕਰ ਉਹ ਮੈਟਾ ਨੂੰ ਦੋਸ਼ੀ ਸਮਝਦੀ ਹੈ ਤਾਂ ਰੌਜਰਜ਼ ਦੀਵਾਨੀ ਜੁਰਮਾਨੇ (ਸਿਵਲ ਪੈਨਲਟੀਜ਼) ਲਗਾ ਸਕਦੀ ਹੈ ਅਤੇ ਫੇਸਬੁੱਕ ਅਤੇ ਇੰਸਟਾਗ੍ਰਾਮ ਵਿੱਚ ਤਬਦੀਲੀਆਂ ਕਰਨ ਦੇ ਹੁਕਮ ਦੇ ਸਕਦੀ ਹੈ। ਮੈਟਾ ਦਾ ਕਹਿਣਾ ਹੈ ਕਿ ਇਹ ਜੁਰਮਾਨਾ 14 ਖਰਬ (1.4 ਟ੍ਰਿਲੀਅਨ) ਅਮਰੀਕੀ ਡਾਲਰ ਤੱਕ ਹੋ ਸਕਦਾ ਹੈ, ਜੋ ਕਿ ਮੇਨਲੋ ਪਾਰਕ, ਕੈਲੀਫੋਰਨੀਆ ਵਿਖੇ ਸਥਿੱਤ ਇਸ ਕੰਪਨੀ ਦੀ ਕੁੱਲ ਮਾਰਕੀਟ ਵੈਲਿਊ ਦੇ ਲਗਭਗ ਬਰਾਬਰ ਹੈ।

ਅਟਾਰਨੀ ਜਨਰਲਾਂ ਨੇ ਪਿਛਲੇ ਹਫ਼ਤੇ ਹੋਈ ਇੱਕ ਸੁਣਵਾਈ ਵਿੱਚ ਕਿਹਾ ਸੀ ਕਿ ਇਹ ਰਕਮ 200 ਅਰਬ (ਬਿਲੀਅਨ) ਅਮਰੀਕੀ ਡਾਲਰ ਦੇ ਕਰੀਬ ਹੋ ਸਕਦੀ ਹੈ, ਜੋ ਕਿ ਮੈਟਾ ਦੇ ਲਗਭਗ ਤਿੰਨ ਸਾਲਾਂ ਦੇ ਟੈਕਸ ਦੇਣ ਤੋਂ ਬਾਅਦ ਦੇ ਮੁਨਾਫ਼ੇ ਦੇ ਬਰਾਬਰ ਹੈ।



ਕੈਲੀਫੋਰਨੀਆ, ਕੋਲੋਰਾਡੋ, ਕੈਨਟਕੀ ਅਤੇ ਨਿਊ ਜਰਸੀ ਇਹ ਵੀ ਚਾਹੁੰਦੇ ਹਨ ਕਿ ਮੈਟਾ ਫੇਸਬੁੱਕ ਅਤੇ ਇੰਸਟਾਗ੍ਰਾਮ ਵਿੱਚ ਵੱਡੀਆਂ ਤਬਦੀਲੀਆਂ ਕਰੇ, ਜਿਹਨਾਂ ਵਿੱਚ ‘ਲਾਈਕਸ’ ਅਤੇ ਲਗਾਤਾਰ ਨਵੀਆਂ ਪੋਸਟਾਂ ਦੇਖਣ ਲਈ ਉਤਸ਼ਾਹਿਤ ਕਰਨ ਵਾਲੀ ‘ਇਨਫਿਨਿਟ ਸਕ੍ਰੌਲ ਭਾਵ ਅਸੀਮਤ ਸਕ੍ਰੌਲ’ ਨੂੰ ਖਤਮ ਕਰਨਾ, ਛੋਟੀ ਉਮਰ ਦੇ ਵਰਤੋਂਕਾਰਾਂ ਲਈ ਸਮੇਂ ਦੀ ਸੀਮਾ ਤੈਅ ਕਰਨਾ ਅਤੇ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਔਫਲਾਈਨ ਰੱਖਣ ਲਈ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਸ਼ਾਮਲ ਹੈ।

**ਪਹਿਲੇ ਗਵਾਹ ਦੀ ਗਵਾਹੀ**

ਸ਼ੁਰੂਆਤੀ ਬਹਿਸ ਖਤਮ ਹੋਣ ਤੋਂ ਬਾਅਦ, ਮੈਟਾ ਦੇ ਸਾਬਕਾ ਸੁਰੱਖਿਆ ਇੰਜੀਨੀਅਰ ਅਰਤੂਰੋ ਬੇਜਾਰ ਨੇ ਸਟੇਟਾਂ ਦੇ ਪਹਿਲੇ ਗਵਾਹ ਵਜੋਂ ਗਵਾਹੀ ਦੇਣੀ ਸ਼ੁਰੂ ਕੀਤੀ।

ਬੇਜਾਰ ਲੰਬੇ ਸਮੇਂ ਤੋਂ ਇਹ ਕਹਿੰਦਾ ਆ ਰਿਹਾ ਹੈ ਕਿ ਮੈਟਾ ਜਾਣਦੀ ਸੀ ਕਿ ਉਸ ਦੇ ਬੱਚਿਆਂ ਦੀ ਸੁਰੱਖਿਆ ਵਾਲੇ ਟੂਲ ਕੰਮ ਨਹੀਂ ਕਰਦੇ ਅਤੇ ਉਹ ਅਦਾਲਤ ਵਿੱਚ ਚਾਰ ਵਾਰ ਕੰਪਨੀ ਦੇ ਖਿਲਾਫ ਗਵਾਹੀ ਦੇ ਚੁੱਕਾ ਹੈ। ਮੈਟਾ ਨੇ ਸਾਬਕਾ ਕਰਮਚਾਰੀਆਂ ਨਾਲ ਸਿਗਨਲ ਮੈਸੇਜ ਡਿਲੀਟ ਕਰਨ ਦੇ ਦੋਸ਼ ਹੇਠ ਉਸ ਦੀ ਗਵਾਹੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਜੱਜ ਰੌਜਰਜ਼ ਨੇ ਇੱਕ ਮੁੱਖ ਗਵਾਹ ਨੂੰ ਹਟਾਉਣ ਦੀ ਇਸ ਕੋਸ਼ਿਸ਼ ਨੂੰ ਖਾਰਜ ਕਰ ਦਿੱਤਾ।

ਬੇਜਾਰ ਨੇ ਜਿਊਰੀ ਨੂੰ ਦੱਸਿਆ ਕਿ ਮੈਟਾ ਦਾ ਇੱਕ ਮੂਲ ਮੰਤਰ ਸੀ ‘ਤੇਜ਼ੀ ਨਾਲ ਅੱਗੇ ਵਧੋ ਅਤੇ ਚੀਜ਼ਾਂ ਨੂੰ ਤੋੜੋ’। ਉਸ ਨੇ ਕਿਹਾ ਕਿ ਕੰਪਨੀ ਇਸ ਗੱਲ ਦੀ ਨਿਗਰਾਨੀ ਕਰਨ ਬਾਰੇ ਕਿ ਕੀ 13 ਸਾਲ ਤੋਂ ਘੱਟ ਉਮਰ ਦੇ ਬੱਚੇ ਔਨਲਾਈਨ ਹਨ ਜਾਂ ਨਹੀਂ ‘ਨਾ ਪੁੱਛੋ, ਨਾ ਦੱਸੋ’ ਵਾਲੀ ਨੀਤੀ ਅਪਣਾਉਂਦੀ ਸੀ।

ਬੇਜਾਰ ਨੇ ਅੱਗੇ ਕਿਹਾ ਰੀਲਾਂ ਵਰਗੀਆਂ ਛੋਟੀਆਂ ਵੀਡੀਓ ਵਰਗੇ ‘ਦੁਨੀਆ ਵਿੱਚ ਕਈ ਪ੍ਰੋਡਕਟ ਲਾਂਚ ਕੀਤੇ ਗਏ ਅਤੇ ਇਸ ਗੱਲ ’ਤੇ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ ਕਿ ਸ਼ੁਰੂਆਤ ਵਿੱਚ ਉਨ੍ਹਾਂ ਨੂੰ ਲਾਗੂ ਕਰਦੇ ਸਮੇਂ ਸੁਰੱਖਿਆ ਦਾ ਧਿਆਨ ਕਿਵੇਂ ਰੱਖਿਆ ਜਾਵੇ।’

ਸਟੇਟਾਂ ਨੇ ਦੋਸ਼ ਲਾਏ ਕਿ ਕਰਮਚਾਰੀ ਇੰਸਟਾਗ੍ਰਾਮ ਨੂੰ ‘ਨਸ਼ੇ’ ਵਜੋਂ ਦੇਖਦੇ ਸਨ।

ਜ਼ੁਕਰਬਰਗ ਅਤੇ ਇੰਸਟਾਗ੍ਰਾਮ ਦੇ ਮੁਖੀ ਐਡਮ ਮੋਸੇਰੀ ਵਲੋਂ ਗਵਾਹੀ ਦੇਣ ਦੀ ਉਮੀਦ ਹੈ। ਇਸ ਮੁਕੱਦਮੇ ਦੇ ਚੱਲਣ ਦਾ ਸਮਾਂ ਛੇ ਹਫ਼ਤਿਆਂ ਤੱਕ ਨਿਸ਼ਚਿਤ ਕੀਤਾ ਗਿਆ ਹੈ।

ਮੰਗਲਵਾਰ ਨੂੰ ਮੈਟਾ ਦੇ ਸ਼ੇਅਰ ਜ਼ਿਆਦਾਤਰ ਸਮਾਂ ਹੇਠਾਂ ਰਹੇ ਅਤੇ 4.4 ਫੀਸਦੀ ਦੀ ਗਿਰਾਵਟ ਨਾਲ 543.67 ਅਮਰੀਕੀ ਡਾਲਰ ’ਤੇ ਬੰਦ ਹੋਏ।

ਇਹ ਮੰਨਦੇ ਹੋਏ ਕਿ ਸੋਸ਼ਲ ਮੀਡੀਆ ਦੇ ‘ਕੁੱਝ ਲੋਕਾਂ ਲਈ ਕੁੱਝ ਫਾਇਦੇ ਵੀ ਹਨ’ ਓਨੀਲ ਨੇ ਕਿਹਾ ਕਿ ਸਟੇਟਾਂ ਮੈਟਾ ਦਾ ਕਾਰੋਬਾਰ ਬੰਦ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀਆਂ।

ਪਰ ਉਸ ਨੇ ਕਿਹਾ ਕਿ ਮੈਟਾ ਨੇ ਇਹ ਖੋਜ ਕਰਕੇ ਕਿ ਬੱਚਿਆਂ ਦੇ ਦਿਮਾਗ ਕਿਵੇਂ ਕੰਮ ਕਰਦੇ ਹਨ ਅਤੇ ਔਨਲਾਈਨ ਉਤੇਜਨਾ ’ਤੇ ਕਿਵੇਂ ਪ੍ਰਤੀਕਿਰਿਆ ਕਰਦੇ ਹਨ ਅਤੇ ਆਪਣੀਆਂ ਐਪਾਂ ’ਤੇ ਉਨ੍ਹਾਂ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖ ਕੇ ਬੱਚਿਆਂ ਦਾ ਸ਼ੋਸ਼ਣ ਕੀਤਾ।

ਉਸ ਨੇ ਦੱਸਿਆ ਕਿ ਮੋਸੇਰੀ ਨੂੰ ਭੇਜੀ ਗਈ ਇੱਕ ਅੰਦਰੂਨੀ ਈਮੇਲ ਵਿੱਚ ਨੋਟ ਕੀਤਾ ਗਿਆ ਸੀ ਕਿ ‘ਅੱਲੜ ਉਮਰ ਦੇ ਬੱਚਿਆਂ ਵਲੋਂ ਬਿਤਾਇਆ ਗਿਆ ਸਮਾਂ’ ਹੀ ਮੁੱਖ ਟੀਚਾ ਸੀ, ਅਤੇ ਮੈਟਾ ਦੇ ਕਰਮਚਾਰੀ ਇੰਸਟਾਗ੍ਰਾਮ ਨੂੰ ਇੱਕ ‘ਨਸ਼ੇ’ ਵਜੋਂ ਅਤੇ ਆਪਣੇ ਆਪ ਨੂੰ ‘ਨਸ਼ਾ ਵੇਚਣ ਵਾਲਿਆਂ’ ਵਜੋਂ ਦੇਖਦੇ ਸਨ।

ਓਨੀਲ ਨੇ ਅੱਗੇ ਕਿਹਾ, ‘ਮੈਟਾ ਨੇ ਦੇਖਿਆ ਕਿ ਬੱਚਾ ਜਿੰਨੀ ਛੋਟੀ ਉਮਰ ਵਿੱਚ ਐਪ ਦੀ ਵਰਤੋਂ ਸ਼ੁਰੂ ਕਰਦਾ ਹੈ, ਕੰਪਨੀ ਲਈ ਉੱਨਾ ਹੀ ਬਿਹਤਰ ਹੈ।’

ਸ਼ਮਿਟ ਨੇ ਸਵੀਕਾਰ ਕੀਤਾ ਕਿ ਕਰਮਚਾਰੀ ਪ੍ਰਾਈਵੇਟ ਤੌਰ ’ਤੇ ਅਜਿਹੀ ‘ਲਾਪਰਵਾਹ’ ਭਾਸ਼ਾ ਦੀ ਵਰਤੋਂ ਕਰ ਸਕਦੇ ਹਨ, ਪਰ ਉਨ੍ਹਾਂ ਕਿਹਾ ਕਿ ਮੈਟਾ ਦੇ ਪ੍ਰੋਡਕਟ ਅਮਲੀ ਬਣਾਉਣ ਵਾਲੇ ਨਹੀਂ ਸਨ ਅਤੇ ਜਿਊਰੀ ਸੁਣੇਗੀ ਕਿ ਇੰਸਟਾਗ੍ਰਾਮ ਨੂੰ ਨਸ਼ਾ ਕਹਿਣ ਵਾਲੇ ਕਰਮਚਾਰੀ ਨੇ ਇਸ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਕੀ ਕਦਮ ਚੁੱਕੇ ਸਨ।

**ਅਦਾਲਤ ਦੇ ਬਾਹਰ ਆਲੋਚਕਾਂ ਦਾ ਇਕੱਠ** : ਮੁਕੱਦਮਾ ਸ਼ੁਰੂ ਹੋਣ ਸਮੇਂ ਮੈਟਾ ਦੇ ਕੁੱਝ ਆਲੋਚਕਾਂ ਨੇ ਅਦਾਲਤ ਦੇ ਬਾਹਰ ਗੱਲਬਾਤ ਕੀਤੀ।

ਉਨ੍ਹਾਂ ਵਿੱਚ ਮੈਰੀ ਰੋਡੀ ਵੀ ਸ਼ਾਮਲ ਸੀ, ਜਿਸ ਨੇ ਦੱਸਿਆ ਕਿ ਉਸ ਦੇ 15 ਸਾਲਾ ਪੁੱਤਰ ਰਾਈਲੀ ਬਾਸਫੋਰਡ ਨੇ 2021 ਵਿੱਚ ਫੇਸਬੁੱਕ ’ਤੇ ਇੱਕ ਪ੍ਰੀਡੇਟਰ (ਬੱਚਿਆਂ ਨੂੰ ਆਨਲਾਈਨ ਭੁਚਲਾ ਕੇ, ਉਹਨਾਂ ਦਾ ਸ਼ੋਸ਼ਣ ਕਰਨ ਵਾਲੇ) ਵਲੋਂ ਤੰਗ ਕੀਤੇ ਜਾਣ ਬਾਅਦ ਖੁਦਕੁਸ਼ੀ ਕਰ ਲਈ ਸੀ।

ਉਸ ਨੇ ਕਿਹਾ, ‘ਉਹ ਇਸ ਨੂੰ ਅਚਾਨਕ ਕੀਤੀ ਖੁਦਕੁਸ਼ੀ ਕਹਿੰਦੇ ਹਨ। ਮੈਂ ਇਸ ਨੂੰ ਉਹੋ ਕਹਿੰਦੀ ਹਾਂ ਜੋ ਇਹ ਅਸਲ ਵਿੱਚ ਸੀ—ਇੱਕ ਅਜਿਹੇ ਸਿਸਟਮ ਦਾ ਅਨੁਮਾਨਿਤ ਨਤੀਜਾ ਜੋ ਬੱਚਿਆਂ ਦੀ ਬਜਾਏ ਕਾਰਪੋਰੇਸ਼ਨਾਂ ਦੀ ਰਾਖੀ ਕਰਦਾ ਹੈ।’

ਇਹ ਮੁਕੱਦਮਾ 2023 ਵਿੱਚ ਸ਼ੁਰੂ ਹੋਇਆ ਸੀ, ਵਿਸਲਬਲੋਅਰ ਫਰਾਂਸਿਸ ਹੌਗੇਨ ਵਲੋਂ ਅਮਰੀਕਾ ਦੀ ਸੈਨੇਟ ਦੀ ਕਮੇਟੀ ਨੂੰ ਇਹ ਦੱਸਣ ਤੋਂ ਦੋ ਸਾਲ ਬਾਅਦ ਕਿ ਮੈਟਾ ਜਾਣਦੀ ਸੀ ਕਿ ਉਸ ਦੇ ਪ੍ਰੋਡਕਟ ਬੱਚਿਆਂ ਲਈ ਅਸੁਰੱਖਿਅਤ ਸਨ ਅਤੇ ਇਹ ਵੀ ਜਾਣਦੀ ਸੀ ਕਿ ਉਨ੍ਹਾਂ ਨੂੰ ਸੁਰੱਖਿਅਤ ਕਿਵੇਂ ਬਣਾਉਣਾ ਹੈ, ਪਰ ਵਧੇਰੇ ਮੁਨਾਫਾ ਕਮਾਉਣ ਲਈ ਉਸ ਨੇ ਕੁੱਝ ਨਹੀਂ ਕੀਤਾ।

ਇਸ ਸਾਲ ਮਾਰਚ ਵਿੱਚ ਲਾਸ ਏਂਜਲਸ ਦੀ ਇੱਕ ਜਿਊਰੀ ਨੇ ਮੈਟਾ ਅਤੇ ਗੂਗਲ ਨੂੰ ਇੱਕ 20 ਸਾਲਾ ਔਰਤ ਨੂੰ 60 ਲੱਖ (6 ਮਿਲੀਅਨ) ਅਮਰੀਕੀ ਡਾਲਰ ਦੇਣ ਦਾ ਹੁਕਮ ਦਿੱਤਾ ਸੀ। ਇਸ ਔਰਤ ਨੇ ਕਿਹਾ ਸੀ ਕਿ ਉਹ ਬਚਪਨ ਵਿੱਚ ਇੰਸਟਾਗ੍ਰਾਮ ਅਤੇ ਯੂਟਿਊਬ ਦੀ ਅਮਲੀ ਹੋ ਗਈ ਸੀ।

ਇਸ ਮਹੀਨੇ ਦੇ ਸ਼ੁਰੂ ਵਿੱਚ ਨਿਊ ਮੈਕਸੀਕੋ ਦੇ ਇੱਕ ਜੱਜ ਨੇ ਸਟੇਟ ਦੇ ਅਟਾਰਨੀ ਜਨਰਲ ਵਲੋਂ ਇਸ ਦੇ ਪਲੇਟਫਾਰਮਾਂ ਨੂੰ ‘ਪਬਲਿਕ ਨਿਊਜ਼ਐਂਸ ਭਾਵ ਜਨਤਾ ਲਈ ਨੁਕਸਾਨਦੇਹ’ ਕਰਾਰ ਦਿੱਤੇ ਜਾਣ ਤੋਂ ਬਾਅਦ, ਮੈਟਾ ਨੂੰ ਅਲੱੜ੍ਹ ਉਮਰ ਦੇ ਬੱਚਿਆਂ ਦੀ ਮਾਨਸਿਕ ਸਿਹਤ ਵਿੱਚ ਸੁਧਾਰ ਕਰਨ ਲਈ 56 ਕ੍ਰੋੜ 70 ਲੱਖ (567 ਮਿਲੀਅਨ) ਅਮਰੀਕੀ ਡਾਲਰ ਭਰਨ ਦਾ ਹੁਕਮ ਦਿੱਤਾ ਸੀ।

ਟੇਨੇਸੀ ਦੇ ਅਟਾਰਨੀ ਜਨਰਲ ਨੇ ਵੀ ਇੰਸਟਾਗ੍ਰਾਮ ਬਾਰੇ ਅਜਿਹੇ ਹੀ ਦਾਅਵੇ ਕਰਦਿਆਂ ਮੈਟਾ ’ਤੇ ਮੁਕੱਦਮਾ ਕੀਤਾ ਹੈ। ਉਸ ਮਾਮਲੇ ਦੀ ਸੁਣਵਾਈ ਨੈਸ਼ਵਿਲ ਵਿੱਚ ਚੱਲ ਰਹੀ ਹੈ।

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms

+1 (403) 860-1957
sidhugursharan152@gmail.com | 71 Saddle Land Way NE Calgary AB T3J 5J3
Gursharan Singh Sidhu, RCIC
Membership No. R523973

# ਨਾਟਕ 'ਮਸ਼ਾਲ ਬਾਲ ਕੇ ਰੱਖੀਂ' ਦਾ ਸਫ਼ਲ ਮੰਚਨ










ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਨੂੰ ਇਸ ਵਾਰ ਅਗਸਤ 1947 ਵਿੱਚ ਅਜ਼ਾਦੀ ਦਿਵਸ ਦੇ ਮੌਕੇ ਤੇ ਦਸ ਲੱਖ ਦੇ ਕਰੀਬ ਅਣਆਈ ਮੌਤੇ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਰਵਾਇਆ ਗਿਆ। ਸਮਾਗਮ ਦਾ ਅਗਾਜ਼ ਕਰਦਿਆਂ ਮੋਮਬੱਤੀਆਂ ਬਾਲ ਕੇ ਸ਼ਮਾਂ ਰੋਸ਼ਨ ਕੀਤੀ ਗਈ। ਇਸ ਮੌਕੇ ਤੇ ਪ੍ਰੋਫੈਸਰ ਮਨਜੀਤ ਸਿੰਘ ਛਾਬੜਾ, ਉੱਘੇ ਲੇਖਕ ਅਮਰੀਕ ਤਲਵੰਡੀ, ਡਾਕਟਰ ਅਮਰਪ੍ਰੀਤ ਦਿਉਲ, ਡਾਕਟਰ ਰੂਹੀ ਦਿਉਲ, ਤਰਕਸ਼ੀਲ ਸੁਸਾਇਟੀ ਕੈਲਗਰੀ ਤੋਂ ਗੋਪਾਲ ਕਾਉਂਕੇ ਜੀ, ਪ੍ਰਧਾਨ ਜਰਨੈਲ ਸਿੰਘ ਗਿੱਲ, ਆਦਿ ਨੇ ਸਾਂਝੇ ਰੂਪ ਨਾਲ ਸਮਾਗਮ ਦਾ ਆਗਾਜ਼ ਕੀਤਾ। ਇਸ ਮੌਕੇ 'ਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਆਇਆ ਮਹਿਮਾਨਾਂ ਨੂੰ ਜੀ ਆਇਆ ਨੂੰ ਆਖਿਆ ਅਤੇ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਖਿਆ ਕਿ ਇਹ ਦੇਸ਼ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣਿਆ। ਇਸ ਮੌਕੇ 'ਤੇ ਡਾਕਟਰ ਅਮਰਪ੍ਰੀਤ ਦਿਉਲ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਸ਼ਹੀਦ ਭਗਤ ਸਿੰਘ ਦਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਜੋ ਕਿ ਸਭ ਤੋਂ ਪਹਿਲਾਂ ਮੌਲਾਨਾ ਹਸਰਤ ਮੋਹਾਨੀ ਨੇ ਪਹਿਲੀ ਵਾਰ 1921 ਵਿੱਚ ਲਾਇਆ ਸੀ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਨੇ ਹਰਕੇਸ਼ ਚੌਧਰੀ ਜੀ ਦੇ ਨਿਰਦੇਸ਼ਨ ਹੇਠ ਨਾਟਕ 'ਮਸ਼ਾਲ ਬਾਲ ਕੇ ਰੱਖੀਂ' ਪੇਸ਼ ਕੀਤਾ ਗਿਆ। ਨਾਟਕ ਨੇ ਸਫਾਈ ਸੇਵਕਾਂ ਦੀ ਵਿਥਿਆ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਵੀ ਸੜਕਾਂ 'ਤੇ ਰੁਲਣਾ ਪੈਂਦਾ ਹੈ। ਇਸ ਦੇਸ਼ ਦੀਆਂ ਧਰਮ ਨਿਰਪੱਖ ਕਦਰਾਂ ਕੀਮਤਾਂ ਨੂੰ ਹਕੂਮਤ ਵੱਲੋਂ ਧਾਰਮਿਕ ਕੱਟੜਤਾ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ। ਨਾਟਕ ਆਪਣਾ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਸਫ਼ਾਈ ਸੇਵਕਾ ਰਾਧਾ ਦੇ ਰੋਲ ਵਿੱਚ ਕਮਲਜੀਤ ਮੋਹੀ ਅਤੇ ਭਜਨ ਲਾਲ ਦੇ ਰੂਪ ਵਿੱਚ ਦੀਪਕ ਰਾਏ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਨੈਨਾ ਸ਼ਰਮਾ ਨੇ ਨੇਹਾ ਦੇ ਰੂਪ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਰਣਵੀਰ ਸਿੰਘ, ਅਭਿਨੈ ਬਾਂਸਲ, ਜੀਵੀਕਾ ਬਲੋਚ, ਕਿਰਨਦੀਪ ਕੌਰ, ਮਨਪ੍ਰੀਤ ਸਿੰਘ ਆਪੋ ਆਪਣੇ ਕਿਰਦਾਰ ਵਿੱਚ ਛਾਏ ਰਹੇ। ਨਾਟਕ ਨੂੰ ਦਰਸ਼ਕਾਂ ਨੇ ਖ਼ੂਬ ਪਿਆਰ ਦਿੱਤਾ। ਇਸ ਮੌਕੇ 'ਤੇ ਪ੍ਰੋਫੈਸਰ ਮਨਜੀਤ ਛਾਬੜਾ ਜੀ ਨੇ ਕਿਹਾ ਕਿ ਸੱਚ ਬੋਲਣਾ ਬੜਾ ਔਖਾ ਹੁੰਦਾ ਹੈ। ਪਰ ਨਾਟਕ ਨੇ ਇਹ ਜੁਰਅਤ ਕੀਤੀ ਹੈ। ਮੈਂ ਵੀ ਭਾਵੁਕ ਹੋ ਗਿਆ ਸਾਂ। ਇਸੇ ਤਰ੍ਹਾਂ ਅਮਰੀਕ ਤਲਵੰਡੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਨਾਟਕ ਨੇ ਪੰਜਤਾਲੀ ਮਿੰਟਾਂ ਵਿੱਚ ਇੱਕ ਸਦੀ ਦਾ ਇਤਿਹਾਸ ਪੇਸ਼ ਕਰ ਕੇ ਰੱਖ ਦਿੱਤਾ ਹੈ। ਇਸ ਲਈ ਸਾਰੀ ਟੀਮ ਮੁਬਾਰਕਬਾਦ ਦੀ ਹੱਕਦਾਰ ਹੈ। ਇਸ ਮੌਕੇ 'ਤੇ ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੇ ਬੱਚਿਆਂ ਨੇ ਕਾਮਰੇਡ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਇੱਕ ਸ਼ਾਨਦਾਰ ਕੋਰੀਓਗ੍ਰਾਫੀ ਵੀ ਪੇਸ਼ ਕੀਤੀ। ਇਸ ਮੌਕੇ 'ਤੇ ਵਿਨੋਦ ਕਾਲੀਆ ਜੀ ਪੱਤਰਕਾਰ ਰੋਜ਼ਾਨਾ ਜੱਗਬਾਣੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਦਰਸ਼ਕਾਂ ਵਿੱਚ ਡਾਕਟਰ ਸੰਦੀਪ ਸਿੰਘ, ਪੱਤਰਕਾਰ ਰਾਜ ਜੋਸ਼ੀ ਜੀ, ਲੈਕਚਰਾਰ ਇਕਬਾਲ ਸਿੰਘ, ਮਾਸਟਰ ਗੁਰਜੀਤ ਸਿੰਘ, ਬਲਵਿੰਦਰ ਸਿੰਘ ਲਾਲ ਬਾਗ, ਭਾਗ ਸਿੰਘ ਗਿੱਲ, ਸੁਖਵਿੰਦਰ ਸਿੰਘ ਗਿੱਲ, ਅਜਮੇਰ ਸਿੰਘ ਮੁੱਲਾਂਪੁਰ, ਲੈਕਚਰਾਰ ਪ੍ਰਗਟ ਸਿੰਘ, ਵਿਜੇ ਮਿੱਤਲ, ਸੁਖਦੀਪ ਚਾਨਾ, ਅੰਜੂ ਚੌਧਰੀ, ਨੀਰਜਾ ਬਾਂਸਲ ਆਦਿ ਹਾਜ਼ਰ ਸਨ।

**ਕਿਤਾਬਾਂ ਮਨੁੱਖ ਦੁਆਰਾ ਸਿਰਜੇ ਚਮਤਕਾਰਾਂ ਵਿਚੋਂ ਸਭ ਤੋਂ ਵੱਡਾ ਚਮਤਕਾਰ ਹੈ। - ਮੈਕਸਿਮ ਗੋਰਕੀ**







# ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਨਵੀਂ ਕਿਤਾਬ 'ਊਧਮ ਸਿੰਘ ਭਾਰਤ ਦੀ ਆਜ਼ਾਦੀ ਲਈ ਫਾਂਸੀ ਚੜਿਆ' ਰਿਲੀਜ਼ ਕੀਤੀ




**ਬਲਜਿੰਦਰ ਸਿੰਘ ਪਟਿਆਲਾ**

ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਵੱਲੋਂ ਪ੍ਰਸਿੱਧ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਊਧਮ ਸਿੰਘ ਭਾਰਤ ਦੀ ਆਜ਼ਾਦੀ ਲਈ ਫਾਂਸੀ ਚੜ੍ਹਿਆ' ਰੀਲੀਜ਼ ਕੀਤੀ ਗਈ। ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਇਹ ਕਿਤਾਬ ਇਕ ਇਤਿਹਾਸਕ ਖੋਜੀ ਦਸਤਾਵੇਜ਼ ਹੈ। ਇਸ ਵਿਚ ਊਧਮ ਸਿੰਘ ਬਾਰੇ ਬਹੁਤ ਸਾਰੇ ਨਵੇਂ ਤੱਥ ਹਨ। ਸ਼ਹੀਦ ਬਾਰੇ ਪ੍ਰਚਲਿਤ ਗੱਲਾਂ ਨੂੰ ਨਵੇਂ ਤੱਥਾਂ ਨਾਲ ਖਾਰਜ ਕੀਤਾ ਗਿਆ ਹੈ ਤੇ ਸਹੀ ਤੱਥ ਲੋਕਾਂ ਸਾਹਮਣੇ ਲਿਆਂਦੇ ਗਏ ਹਨ। ਇਤਿਹਾਸਕ ਰਾਕੇਸ਼ ਕੁਮਾਰ ਨੇ ਦੱਸਿਆ ਕਿ ਊਧਮ ਸਿੰਘ ਦੇ 18 ਨਾਮ ਦਾ ਪਤਾ ਲੱਗਿਆ ਹੈ ਉਸ ਨੇ ਆਪਣਾ ਨਾਮ ਕਦੇ ਵੀ ਰਾਮ ਮੁਹੰਮਦ ਸਿੰਘ ਆਜ਼ਾਦ ਨਹੀਂ ਰੱਖਿਆ। ਉਸ ਨੇ ਆਪਣਾ ਨਾਮ ਮਹੁੰਮਦ ਸਿੰਘ ਆਜ਼ਾਦ ਰੱਖਿਆ ਸੀ। ਉਹ ਕੈਕਸਟਨ ਹਾਲ ਲੰਡਨ ਵਿਖੇ ਰਿਵਾਲਵਰ ਕਿਤਾਬ ਦੀ ਥਾਂ ਜਾਕਿਟ ਵਿੱਚ ਲੁਕੋ ਕੇ ਲੈਕੇ ਗਿਆ ਸੀ। ਜਦੋਂ ਕਿ ਪ੍ਰਚਲਿਤ ਹੈ ਕਿ ਕਿਤਾਬ ਵਿਚ ਲੁਕੋ ਕੇ ਲੈਕੇ ਗਿਆ ਸੀ। ਬ੍ਰਿਟਿਸ਼ ਰਿਕਾਰਡ ਮੁਤਾਬਿਕ ਊਧਮ ਸਿੰਘ ਨੇ ਮੁੱਕਦਮੇ ਦੋਰਾਨ ਅਦਾਲਤ ਵਿੱਚ ਦਿੱਤੇ ਬਿਆਨ ਵਿੱਚ ਕਿਹਾ ਸੀ ਕਿ ਉਹ ਜੂਨ 1919 ਵਿੱਚ ਭਾਰਤ ਵਾਪਿਸ ਆਇਆ ਸੀ ਉਹ ਗ਼ਦਰ ਪਾਰਟੀ ਨਾਲ ਜੁੜਿਆ ਹੋਇਆ ਸੀ। ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਸੀ ਤੇ ਬ੍ਰਿਟਿਸ ਸਾਮਰਾਜ ਵੱਲੋਂ ਭਾਰਤੀਆਂ ਦੀ ਕੀਤੀ ਜਾਂਦੀ ਲੁੱਟ ਤੇ ਜ਼ੁਲਮ ਦੇ ਵਿਰੁੱਧ ਸੀ। ਇਸ ਮੌਕੇ ਮੰਚ ਦੇ ਆਗੂ ਜੁਝਾਰ ਲੌਂਗੋਵਾਲ, ਲਾਭ ਛਾਜਲਾ, ਪਵਨ ਸ਼ਰਮਾ, ਦਰਸ਼ਨ ਸਿੰਘ, ਜਗਦੇਵ ਸ਼ਰਮਾ, ਹਰਭਗਵਾਨ ਗੁਰਨੇ, ਹਰਗੋਬਿੰਦ ਸ਼ੇਰਪੁਰ, ਪ੍ਰੇਮ ਸਰੂਪ ਨੇ ਕਿਹਾ ਕਿ ਸਾਨੂੰ ਸ਼ਹੀਦ ਸੰਬੰਧੀ ਸਾਲਾਂ ਤੋਂ ਚਲਦੀਆਂ ਆ ਰਹੀਆਂ ਪ੍ਰਚਲਿਤ ਗੱਲਾਂ ਦੀ ਥਾਂ ਸ਼ਹੀਦ ਦੀ ਸਹੀ ਸੋਚ ਤੇ ਪਹਿਰਾ ਦੇਣਾ ਚਾਹੀਦਾ ਹੈ। ਜਿਸ ਲਈ ਉਸ ਨੇ ਆਪਣੀ ਜ਼ਿੰਦਗੀ ਕੁਰਬਾਨ ਕੀਤੀ।

ਰਾਕੇਸ਼ ਕੁਮਾਰ 19 ਕਿਤਾਬਾਂ ਦੇ ਲੇਖਕ ਹਨ। ਇਹਨਾਂ ਦਾ ਸ਼ਹੀਦ ਊਧਮ ਸਿੰਘ, ਗ਼ਦਰ ਲਹਿਰ ਦਾ ਸਹਿਤ, ਗੁਲਾਬ ਕੌਰ, ਭਗਤ ਸਿੰਘ ਦਾ ਫਿਰੋਜ਼ਪੁਰ ਦਾ ਗੁਪਤ ਟਿਕਾਣਾ ਸਮੇਤ ਦੱਸ ਵਿਸ਼ਿਆਂ ਤੇ ਖੋਜੀ ਕੰਮ ਹੈ। ਇਹਨਾਂ ਦੀਆਂ ਚਾਰ ਕਿਤਾਬਾਂ ਨੂੰ ਭਾਸ਼ਾ ਵਿਭਾਗ ਵੱਲੋਂ ਸਰਵੋਤਮ ਪੁਸਤਕ ਇਨਾਮ ਮਿਲ ਚੁੱਕੇ ਹਨ।

ਇਹਨਾਂ ਨੂੰ ਰੇਲਵੇ ਦੇ ਭਾਰਤ ਦੇ ਸਾਰੇ ਕਰਮਚਾਰੀਆਂ ਤੋਂ ਵੱਧ ਇਨਾਮ ਮਿਲੇ ਹਨ। ਇਹਨਾਂ ਨੂੰ ਰੇਲਵੇ ਵਿਭਾਗ ਵੱਲੋਂ ਰੇਲਵੇ ਦੇ ਤਿੰਨ ਨੈਸ਼ਨਲ ਇਨਾਮ ਸਮੇਤ ਹੋਰ ਕਈ ਇਨਾਮ ਮਿਲੇ ਹਨ। ਇਹਨਾਂ ਦੀਆਂ ਰੇਲਵੇ ਭੂਮੀ ਪ੍ਰਬੰਧਨ ਬਾਰੇ ਤਿੰਨ ਕਿਤਾਬਾਂ ਹਨ।

ਬਾਬ ਫ਼ਰੀਦ ਸੋਸਾਇਟੀ ਫਰੀਦਕੋਟ ਵੱਲੋਂ ਉਨ੍ਹਾਂ ਨੂੰ ਸਾਲ 2011 ਵਿਚ ਬਾਬਾ ਫਰੀਦ ਇਮਾਨਦਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹਨਾਂ ਨੇ ਆਪਣੀ ਸਾਰੀ ਨੋਕਰੀ ਦੋਰਾਨ ਇੱਕ ਪੈਸਾ ਵੀ ਰਿਸ਼ਵਤ ਤੇ ਚਾਹ ਦਾ ਕੱਪ ਤੱਕ ਨਹੀਂ ਪੀਤਾ।





KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar

LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਪੀਲ ਪੋਲੀਸ ਦੀ 23ਵੀਂ 'ਰੇਸ ਅਗੇਨਸਟ ਰੇਸਿਜ਼ਮ' ਵਿਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਲਿਆ ਹਿੱਸਾ

ਮਿਸੀਸਾਗਾ, (ਡਾ. ਝੰਡ) : ਲੰਘੇ ਐਤਵਾਰ ਮਿਸੀਸਾਗਾ ਵਿਚ ਪੀਲ ਪੋਲੀਸ ਵੱਲੋਂ ਕਰਵਾਈ ਗਈ 23'ਵੀਂ 'ਰੇਸ ਅਗੇਨਸਟ ਰੇਸਿਜ਼ਮ' ਦਾ ਸਫ਼ਲ ਆਯੋਜਨ ਕਰਵਾਇਆ ਗਿਆ। ਇਸ ਵਿਚ ਲੱਗਭੱਗ 450 ਦੌੜਾਕਾਂ ਅਤੇ ਪੈਦਲ ਤੁਰਨ ਵਾਲਿਆਂ ਨੇ ਆਪਣੇ ਨਾਂਵਾਂ ਦੀ ਅਗਾਊਂ ਰਜਿਸਟ੍ਰੇਸ਼ਨ ਕਰਵਾਈ ਸੀ। ਇਨ੍ਹਾਂ ਤੋਂ ਇਲਾਵਾ ਮੌਕੇ 'ਤੇ ਹੀ ਕਈ ਹੋਰ ਦੌੜਾਕ ਅਤੇ ਤੁਰਨ ਵਾਲੇ ਲੋਕ ਵੀ ਇਸ ਵਿਚ ਸ਼ਾਮਲ ਹੋਏ ਜਿਨ੍ਹਾਂ ਦੀ ਗਿਣਤੀ 100 ਤੋਂ ਵਧੇਰੇ ਸੀ। ਪ੍ਰਬੰਧਕਾਂ ਅਨੁਸਾਰ ਲਗਭਗ 550 ਵਿਅੱਕਤੀਆਂ ਨੇ ਦੌੜ ਦੇ ਇਸ ਈਵੈਂਟ ਵਿਚ ਬੜੇ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਗੌਰਤਲਬ ਹੈ ਕਿ ਪੀਲ ਰੀਜਨ ਦੀ ਪੋਲੀਸ ਆਪਣੇ ਇਸ ਪੀਲ ਏਰੀਏ ਦੇ ਲੋਕਾਂ ਦੀ ਕੇਵਲ ਸੁਰੱਖਿਆ ਦਾ ਹੀ ਖ਼ਿਆਲ ਨਹੀਂ ਰੱਖਦੀ, ਸਗੋਂ ਉਹ ਇੱਥੋਂ ਦੇ ਲੋਕਾਂ ਦੀ ਸਿਹਤ ਲਈ ਵੀ ਫ਼ਿਕਰਮੰਦ ਹੈ ਅਤੇ ਪਿਛਲੇ 22 ਸਾਲ ਤੋਂ 5 ਕਿਲੋਮੀਟਰ ਦੌੜ ਦਾ ਇਹ ਲਗਾਤਾਰ ਈਵੈਂਟ ਸਫ਼ਲਤਾਪੂਰਵਕ ਕਰਵਾ ਰਹੀ ਹੈ। ਉਸ ਦੇ ਵੱਲੋਂ ਕਰਵਾਈ ਜਾਂਦੀ ਇਸ ਦੌੜ ਦਾ ਮਕਸਦ ਲੋਕਾਂ ਦੀ ਇਸ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣਾ ਹੈ ਤਾਂ ਜੋ ਵੱਖ-ਵੱਖ ਕਮਿਉਨਿਟੀਆਂ ਨੂੰ ਇਕ ਦੂਸਰੇ ਦੇ ਨੇੜੇ ਲਿਆਂਦਾ ਜਾਏ ਅਤੇ ਸਿਹਤ ਅਰੋਗਤਾ ਦੀ ਜਾਗਰੂਕਤਾ ਦਾ ਸੁਨੇਹਾ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਏ।

ਇਸ ਵਾਰ ਦੌੜ ਦੇ ਇਸ ਈਵੈਂਟ ਦੀ ਵਿਲੱਖਣਤਾ ਇਹ ਸੀ ਕਿ ਬਰੈਂਪਟਨ ਵਿਚ ਪਿਛਲੇ 12-13 ਸਾਲਾਂ ਤੋਂ ਸਰਗ਼ਰਮ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' ਜੋ ਇੱਥੇ 'ਟੀਪੀਏਆਰ ਕਲੱਬ' ਵਜੋਂ ਵਧੇਰੇ ਜਾਣੀ ਜਾਂਦੀ ਹੈ, ਦੇ 100 ਮੈਂਬਰਾਂ ਨੇ ਵੱਡੇ ਗਰੁੱਪ ਵਜੋਂ ਇਸ ਵਿਚ ਭਾਗ ਲਿਆ। ਕਲੱਬ ਦੀਆਂ ਸੰਤਰੇ ਰੰਗ ਦੀਆਂ ਟੀ-ਸ਼ਰਟਾਂ ਵਿਚ ਉਹ ਦੂਰੋਂ ਹੀ ਨਜ਼ਰ ਆ ਰਹੇ ਸਨ ਅਤੇ ਦੌੜ ਦੇ ਇਸ ਈਵੈਂਟ ਵਿਚ ਆਪਣੀ ਕਲੱਬ ਦੀ ਭਰਪੂਰ ਸ਼ਮੂਲੀਅਤ ਨੂੰ ਭਲੀ-ਭਾਂਤ ਦਰਸਾ ਰਹੇ ਸਨ। ਇੱਥੇ ਹੀ ਬੱਸ ਨਹੀਂ, ਇਸ ਦੌੜ ਵਿਚ ਪਹਿਲੀਆਂ ਚਾਰ ਪੋਜ਼ੀਸ਼ਨਾਂ ਵੀ ਉਨ੍ਹਾਂ ਦੇ ਹੀ ਹਿੱਸੇ ਆਈਆਂ। ਪਹਿਲੇ ਨੰਬਰ 'ਤੇ ਧਰਮ ਸਿੰਘ ਰੰਧਾਵਾ, ਦੂਸਰੇ 'ਤੇ ਧਿਆਨ ਸਿੰਘ ਸੋਹਲ ਅਤੇ ਤੀਸਰੇ 'ਤੇ ਨਿਰਮਲ ਸਿੰਘ ਗਿੱਲ ਰਹੇ। ਸੁਰਿੰਦਰ ਸਿੰਘ ਨਾਗਰਾ ਇਸ ਦੌੜ ਵਿਚ ਚੌਥੇ ਸਥਾਨ 'ਤੇ ਰਹੇ। ਇਹ ਦੌੜਾਕ ਮੈਰਾਥਨ ਤੇ ਹਾਫ਼-ਮੈਰਾਥਨ ਲਗਾਉਂਦੇ ਹਨ ਅਤੇ ਪੰਜ ਕਿਲੋਮੀਟਰ ਦੌੜਨਾਂ ਇਨ੍ਹਾਂ ਦੇ ਲਈ ਤਾਂ ਇਸ ਦੌੜ ਲਈ 'ਗਰਮ ਹੋਣ' ਵਾਲੀ ਗੱਲ ਹੀ ਸੀ। ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਹੋਰ ਮੈਂਬਰਾਂ ਵੱਲੋਂ ਜੇਤੂਆਂ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ ਗਈ। ਸੰਧੂਰਾ ਬਰਾੜ ਨੇ ਸਮੂਹ ਕਲੱਬ ਮੈਂਬਰਾਂ ਦਾ ਪੀਲ ਪੋਲੀਸ ਦੇ ਇਸ ਈਵੈਂਟ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

ਇੱਥੇ ਇਹ ਵਰਨਣਯੋਗ ਹੈ ਕਿ ਇਸ ਕਲੱਬ ਦੇ ਮੈਂਬਰ ਧਿਆਨ ਸਿੰਘ ਸੋਹਲ ਨੇ ਪਿਛਲੇ ਸਾਲ ਅਮਰੀਕਾ ਦੇ ਸ਼ਹਿਰ ਬੋਸਟਨ ਵਿਖੇ ਹੋਈ 'ਅੰਤਰਰਾਸ਼ਟਰੀ ਬੋਸਟਨ ਮੈਰਾਥਨ' ਵਿਚ ਸਫ਼ਲਤਾ ਪੂਰਵਕ 42 ਕਿਲੋਮੀਟਰ ਦੌੜ ਕੇ ਕਲੱਬ ਦਾ, ਬਰੈਂਪਟਨ ਵਾਸੀਆਂ ਦਾ ਅਤੇ ਸਮੁੱਚੇ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਸੀ। ਕਲੱਬ



ਦੇ ਕਈ ਹੋਰ ਮੈਂਬਰ ਵੱਖ-ਵੱਖ ਥਾਵਾਂ 'ਤੇ ਹੋਣ ਵਾਲੀਆਂ ਦੌੜਾਂ ਵਿਚ ਹਿੱਸਾ ਲੈਂਦੇ ਹਨ। ਉਹ ਹਰ ਸਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿਚ ਵੀ ਭਾਗ ਲੈਂਦੇ ਹਨ। ਕਲੱਬ ਦੇ 72 ਸਾਲਾ ਮੈਂਬਰ ਸੁਰਿੰਦਰ ਸਿੰਘ ਨਾਗਰਾ ਨੇ ਪਿਛਲੇ ਸਾਲ ਇਹ ਪੌੜੀਆਂ 18 ਮਿੰਟ 24 ਸਕਿੰਟਾਂ ਵਿਚ ਚੜ੍ਹ ਕੇ ਆਪਣੇ ਉਮਰ-ਵਰਗ (70-75 ਸਾਲ) ਵਿਚ ਰਿਕਾਰਡ ਕਾਇਮ ਕੀਤਾ ਸੀ ਜਿਸ ਨੂੰ ਉਸ ਨੇ ਇਸ ਵਾਰ 18 ਮਿੰਟ 12 ਸਕਿੰਟਾਂ 'ਚ ਚੜ੍ਹ ਕੇ ਆਪ ਹੀ ਤੋੜਿਆ ਅਤੇ ਕਲੱਬ ਤੋਂ 500 ਡਾਲਰ ਦਾ ਇਨਾਮ ਪ੍ਰਾਪਤ ਕੀਤਾ। ਕਲੱਬ ਦੇ ਇਕ ਹੋਰ ਨੌਜੁਆਨ ਮੈਂਬਰ ਸੋਢੀ ਕੰਗ ਨੇ ਇਸ ਸਾਲ ਇਹ ਪੌੜੀਆਂ 15 ਮਿੰਟਾਂ 39 ਸਕਿੰਟਾਂ ਵਿਚ ਚੜ੍ਹ ਕੇ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਵਾਲੇ ਸਮੂਹ ਵਿਅੱਕਤੀਆਂ ਵਿਚੋਂ ਪੰਜਵੇਂ ਥਾਂ 'ਤੇ ਰਹਿ ਕੇ ਆਪਣਾ ਰਿਕਾਰਡ ਸਥਾਪਿਤ ਕੀਤਾ। ਇਸ ਤਰ੍ਹਾਂ ਇਹ ਕਲੱਬ ਦੌੜ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਈਵੈਂਟਾਂ ਵਿਚ ਹਿੱਸਾ ਲੈ ਕੇ ਆਪਣੇ ਰਿਕਾਰਡ ਕਾਇਮ ਕਰ ਰਹੀ ਹੈ।


















## ਖ਼ੁਸ਼ਖਬਰੀ ਖ਼ੁਸ਼ਖਬਰੀ

ਦੋਸਤੋ ਲੇਟ-ਪਛੇਤ ਤਾਂ ਹੋ ਗਈ ਹੈ, ਪਰ ਤੁਹਾਡੇ ਨਾਲ ਕੀਤਾ ਵਾਅਦਾ ਹਮੇਸ਼ਾਂ ਮਨ ਦੇ ਵਿੱਚ ਸੀ, ਸੋ ਹੁਣ ਉਸ ਦੀ ਭਰਪਾਈ ਦਾ ਸਮਾਂ ਆ ਗਿਆ ਹੈ। 20 ਸਤੰਬਰ, 2026 ਨੂੰ ਤੁਹਾਡੀ ਮੰਗ 'ਤੇ ਨਾਟਕ "ਜੰਨਤ" ਦੁਆਰਾ ਕੀਤਾ ਜਾ ਰਿਹਾ ਹੈ। ਇਸ ਵਾਰ ਬਹੁਤ ਸਾਰੀਆਂ ਤਬਦੀਲੀਆਂ ਸਮੇਤ ਇੱਕ ਨਵੇਂ ਤਜਰਬੇ ਦੇ ਰੂਪ ਵਿੱਚ ਨਾਟਕ ਪੇਸ਼ ਕਰਾਂਗੇ। ਅਸੀਂ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਜੰਨਤ ਸ਼ਬਦ ਤਾਂ ਸੁਣਿਆ ਹੈ ਪਰ ਕਦੇ ਦੇਖਿਆ ਨਹੀਂ। ਆਓ ਜੰਨਤ ਦੇਖਣ ਚੱਲੀਏ। ਇਹ 20 ਸਤੰਬਰ ਨੂੰ ਸ਼ਾਮ ਦੇ 4:00 ਸਰੀ ਆਰਟਸ ਸੈਂਟਰ (ਬੇਅਰ ਕਰੀਕ ਪਾਰਕ) ਦੀ ਮੇਨ ਸਟੇਜ 'ਤੇ ਹੋਵੇਗਾ। ਇਸ ਦੀ ਟਿਕਟ ਸਿਰਫ਼ $15 ਡਾਲਰ ਹੈ। ਹੋਰ ਜਾਣਕਾਰੀ ਪੋਸਟਰ ਤੋਂ ਲੈ ਸਕਦੇ ਹੋ। ਮੇਰਾ ਫੋਨ ਨੰਬਰ 604 760 4794

## ਸ਼ਹੀਦ ਊਧਮ ਸਿੰਘ ਦੀ ਜੀਵਨ-ਘਾਲਣਾ ਬਾਰੇ ਸਿੱਕੇਬੰਦ ਜਾਣਕਾਰੀ ਦਿੰਦੀ ਨਵੀਂ ਕਿਤਾਬ

# ਊਧਮ ਸਿੰਘ : ਭਾਰਤ ਦੀ ਅਜ਼ਾਦੀ ਲਈ ਫ਼ਾਂਸੀ ਚੜ੍ਹਿਆ

ਡਾ. ਦਰਸ਼ਨ ਖੇੜੀ
9815908088

ਸ਼ਹੀਦ ਊਧਮ ਸਿੰਘ ਦੇ ਸੰਘਰਸ਼ਮਈ ਜੀਵਨ ਅਤੇ ਭਾਰਤ ਦੇ ਅਜ਼ਾਦੀ ਸੰਗਰਾਮ ਵਿੱਚ ਉਸ ਵੱਲੋਂ ਪਾਏ ਲਾਮਿਸਾਲ ਯੋਗਦਾਨ 'ਤੇ ਨਿੱਠ ਕੇ ਖੋਜ ਕਰਨ ਵਾਲੇ ਜਾਣੇ ਪਛਾਣੇ ਇਤਿਹਾਸ ਲੇਖਕ ਰਾਕੇਸ਼ ਕੁਮਾਰ ਦੁਆਰਾ ਲਿਖਤ ਨਵੀਂ ਕਿਤਾਬ 'ਊਧਮ ਸਿੰਘ- ਭਾਰਤ ਦੀ ਅਜ਼ਾਦੀ ਲਈ ਫਾਂਸੀ ਚੜਿਆ' ਹਾਲੇ ਹਫਤਾ ਪਹਿਲਾਂ ਹੀ ਛਪ ਕੇ ਬਾਹਰ ਆਈ ਹੈ। ਇਸ ਕਿਤਾਬ ਦਾ ਵਿਮੋਚਨ ਲੰਘੀ 29 ਜੂਨ ਨੂੰ ਹੀ ਸ਼ਹੀਦ ਊਧਮ ਸਿੰਘ ਦੇ ਸੁਨਾਮ ਵਾਲੇ ਜੱਦੀ ਘਰ ਵਿਖੇ ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਵੱਲੋਂ ਇੱਕ ਸਾਦੇ ਸਮਾਰੋਹ ਰਾਹੀਂ ਕੀਤਾ ਗਿਆ ਹੈ। ਬਹੁਤ ਹੀ ਸੁੰਦਰ 288 ਪੰਨਿਆਂ ਉੱਪਰ ਫੈਲੀ ਇਹ ਕਿਤਾਬ ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਵੱਲੋਂ ਛਪਵਾਈ ਆਪਣੀ ਪਲੇਠੀ ਪੁਸਤਕ ਹੈ ਜਿਸ ਨੂੰ ਪ੍ਰਿੰਟ ਵੈੱਲ ਪ੍ਰਕਾਸ਼ਨ ਅੰਮ੍ਰਿਤਸਰ ਨੇ ਬਹੁਤ ਹੀ ਸੁਹਜਮਈ ਢੰਗ ਨਾਲ ਛਾਪਿਆ ਹੈ। ਇਸ ਵਿੱਚ 58 ਯਾਦਗਾਰੀ ਫੋਟੋਆਂ, ਚਿੱਠੀਆਂ ਤੇ ਹੋਰ ਅਹਿਮ ਇਤਿਹਾਸਿਕ ਦਸਤਾਵੇਜਾਂ ਤੋਂ ਇਲਾਵਾ ਲੇਖਕ ਵੱਲੋਂ ਖੰਘਾਲੀਆਂ 236 ਕਿਤਾਬਾਂ ਦੇ ਰੈਫਰੈਂਸ ਵੀ ਦਰਜ ਹਨ। ਇਸ ਕਿਤਾਬ ਅੰਦਰ ਮਾਈਕਲ ਓਡਵਾਇਰ ਦੀ ਹੱਤਿਆ ਨਾਲ ਸਬੰਧਿਤ ਕੇਸ ਦੀਆਂ 12 ਸਰਕਾਰੀ ਫਾਈਲਾਂ ਦੇ ਇਲਾਵਾ, 20 ਪੈਂਫਲਿਟ, ਚਾਰ ਮੁਲਾਕਾਤਾਂ ਅਤੇ 19 ਅਖਬਾਰੀ ਲੇਖਾਂ ਦਾ ਵੀ ਹਵਾਲਾ ਮਿਲਦਾ ਹੈ।

ਵੱਖ-ਵੱਖ ਅਧਿਕਾਰਕ ਸ੍ਰੋਤਾਂ ਤੋਂ ਇਕੱਠੇ ਕੀਤੇ ਇੰਨੇ ਸਾਰੇ ਅਹਿਮ ਇਤਿਹਾਸਕ ਦਸਤਾਵੇਜ਼ਾਂ ਨਾਲ ਭਰਪੂਰ ਇਹ ਨਿਵੇਕਲੀ ਕਿਤਾਬ ਸ਼ਹੀਦ ਊਧਮ ਸਿੰਘ ਦੇ ਜੀਵਨ, ਅਜ਼ਾਦ ਭਾਰਤ ਲਈ ਉਸ ਦੇ ਸਿਰੜੀ ਸੰਘਰਸ਼ ਅਤੇ ਉਸਦੀ ਇਨਕਲਾਬੀ ਸੋਚ ਦੇ ਬਹੁਤ ਹੀ ਅਣਗੌਲੇ ਤੇ ਅਣਛੋਹੇ ਪੱਖਾਂ ਨੂੰ ਬਾ-ਦਲੀਲ ਅਤੇ ਬਾ-ਸਬੂਤ ਉਜਾਗਰ ਕਰਦੀ ਹੈ। ਪਾਠਕਾਂ ਨੂੰ ਸ਼ਹੀਦ ਊਧਮ ਸਿੰਘ ਬਾਰੇ ਨਵੇ ਨਵੇਲੇ ਤੱਥਾਂ ਤੋਂ ਜਾਣੂ ਕਰਵਾਉਣਾ ਅਤੇ ਲੋਕਾਂ 'ਚ ਪ੍ਰਚੱਲਿਤ ਗਲਤ ਧਾਰਨਾਵਾਂ ਤੇ ਮਿੱਥਾਂ ਦਾ ਪਰਦਾਫਾਸ਼ ਕਰਨਾ ਇਸ ਕਿਤਾਬ ਦੀ ਇੱਕ ਹੋਰ ਵਿਸ਼ੇਸ਼ ਖੂਬੀ ਹੈ। ਮਸਲਨ...


* ਊਧਮ ਸਿੰਘ ਨੇ ਕਦੇ ਵੀ ਆਪਣੇ ਨਾਮ ਅੱਗੇ 'ਰਾਮ' ਸ਼ਬਦ ਦਾ ਪ੍ਰਯੋਗ ਨਹੀਂ ਕੀਤਾ। ਉਹ ਆਪਣੇ ਆਪ ਨੂੰ ਮੁਹੰਮਦ ਸਿੰਘ ਅਜ਼ਾਦ ਹੀ ਲਿਖਦਾ ਸੀ ਨਾ ਕਿ ਰਾਮ ਮੁਹੰਮਦ ਸਿੰਘ ਅਜ਼ਾਦ।

* ਉਸਨੇ ਜਨਰਲ ਡਾਇਰ ਨੂੰ ਨਹੀਂ ਸਗੋਂ ਮਾਈਕਲ ਓਡਵਾਇਰ ਨੂੰ ਮਾਰਿਆ ਸੀ। ਕਿਉਂਕਿ ਜਨਰਲ ਡਾਇਰ ਤਾਂ ਕੈਕਸਟਨ ਹਾਲ ਦੀ ਘਟਨਾ ਤੋਂ ਕਈਂ ਸਾਲ ਪਹਿਲਾਂ 23 ਜੁਲਾਈ 1927 ਨੂੰ ਹੀ ਅਪਣੇ ਘਰ ਫੌਤ ਹੋ ਚੁੱਕਿਆ ਸੀ। ਮਰਨ ਵੇਲੇ ਉਹ ਜੱਲਿਆਂ ਵਾਲਾ ਬਾਗ ਖੂਨੀ ਕਾਂਡ ਦੀ ਪੜਤਾਲੀਆ ਟੀਮ- ਹੰਟਰ ਕਮਿਸ਼ਨ ਵੱਲੋਂ ਉਸ ਵਿਰੁੱਧ ਸਿਫਾਰਿਸ਼ ਕੀਤੀ ਜਬਰੀ ਰਿਟਾਇਰਮੈਂਟ ਅਤੇ ਪੈਨਸ਼ਨ ਕਟੌਤੀ ਦੀ ਸਜਾ ਭੁਗਤ ਰਿਹਾ ਸੀ। ਇਸ ਵਿੱਤੀ ਘਾਟੇ ਦੀ ਭਰਪਾਈ ਕਰਨ ਹਿਤ ਅਤੇ ਉਸ ਨਾਲ ਹਮਦਰਦੀ ਵਜੋਂ ਓਡਵਾਇਰ ਨੇ ਉਸ ਲਈ ਅੱਸੀ ਹਜ਼ਾਰ ਪੌਂਡ ਦਾ ਸਹਾਇਤਾ ਫੰਡ ਇਕੱਠਾ ਕੀਤਾ ਸੀ। ਹੰਟਰ ਕਮਿਸ਼ਨ ਅੱਗੇ ਆਪਣੀ ਪੇਸ਼ੀ ਦੌਰਾਨ ਵੀ ਉਹ ਜਨਰਲ ਡਾਇਰ ਦੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾਉਣ ਵਾਲੇ ਹੁਕਮਾਂ ਨੂੰ ਜਾਇਜ ਠਹਿਰਾਉਂਦਾ ਰਿਹਾ। ਜਨਰਲ ਡਾਇਰ ਨੂੰ ਸਜਾ ਤੋਂ ਬਚਾਉਣ ਲਈ ਉਸਨੇ ਅੱਡੀ ਚੋਟੀ ਦਾ ਜੋਰ ਲਾਇਆ ਸੀ। ਉਹ ਐਲਾਨੀਆ ਕਹਿੰਦਾ ਸੀ, 'ਅੰਗਰੇਜ ਹਿੰਦੋਸਤਾਨ 'ਤੇ ਫੌਜੀ ਤਾਕਤ ਨਾਲ ਰਾਜ ਕਰਨਗੇ। ਡੈਮੋਕਰੇਸੀ ਆਦਿ ਦਾ ਸੁਆਲ ਹੀ ਨਹੀਂ ਉੱਠਦਾ। ਇੱਥੇ ਬਾਦਸ਼ਾਹ ਦੀ ਸਾਰੀ ਪਰਜਾ ਨੂੰ ਬਰਾਬਰ ਦੇ ਹੱਕ ਵਾਲੀ ਗੱਲ ਬਿਲਕੁਲ ਨਹੀਂ ਹੋਣੀ ਚਾਹੀਦੀ।'

* ਊਧਮ ਸਿੰਘ ਨੂੰ ਤਾਂ ਓਡਵਾਇਰ ਦੇ ਉਸ ਮੀਟਿੰਗ ਵਿੱਚ ਆਉਣ ਦੀ ਜਾਣਕਾਰੀ ਵੀ ਨਹੀਂ ਸੀ। ਓਡਵਾਇਰ ਦੇ ਉੱਥੇ ਆਉਣ ਦੀ ਅਗਾਂਊ ਸੂਚਨਾ ਸਿਰਫ ਮੀਟਿੰਗ ਪ੍ਰਬੰਧਕਾਂ ਕੋਲ ਹੀ ਸੀ। ਇਸ ਲਈ ਉਸ ਦਿਨ ਉਸਦਾ ਚੋਣਵਾਂ ਟਾਰਗੈਟ ਸਿਰਫ ਤੇ ਸਿਰਫ ਓਡਵਾਇਰ ਹੀ ਨਹੀਂ ਸੀ। ਉਹ ਉੱਥੇ ਹਾਜ਼ਰ ਵੱਧ ਤੋਂ ਵੱਧ ਆਹਲਾ ਮਿਆਰੀ ਅੰਗਰੇਜ ਅਫਸਰਾਂ ਨੂੰ ਮਾਰਨਾ ਚਾਹੁੰਦਾ ਸੀ। ਇਸ ਲਈ ਉਸ ਦਿਨ ਖਚਾ ਖਚ ਭਰੇ ਕੈਕਸਟਨ ਹਾਲ ਵਿੱਚ ਉਸਨੇ ਚਾਰ ਅੰਗਰੇਜ ਅਫਸਰਾਂ ਉੱਪਰ ਅੰਨ੍ਹੇਵਾਹ ਛੇ ਗੋਲੀਆਂ ਚਲਾਈਆਂ ਸਨ। ਓਡਵਾਇਰ ਤੋਂ ਇਲਾਵਾ ਬਾਕੀ ਤਿੰਨੋਂ ਜ਼ਖ਼ਮੀ (ਮਾਰਕੁਅਸ ਆਫ ਜੈਟਲੈਂਡ-ਸਾਬਕਾ ਸੈਕਟਰੀ ਆਫ ਸਟੇਟ 1935-1940, ਲੌਰਡ ਲੈਮਿੰਗਟਨ-1903 ਤੋਂ1907 ਤੱਕ ਬੰਬਈ ਦਾ ਗਵਰਨਰ ਅਤੇ ਸਰ ਲੁਈਸ ਡੇਨ ਜੋ ਓਡਵਾਇਰ ਤੋਂ ਪਹਿਲਾਂ 1908 ਤੋਂ 1913 ਤੱਕ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਿਹਾ) ਮਰਨ ਤੋਂ ਬਚ ਗਏ ਸਨ। ਸਭ ਤੋਂ ਪਹਿਲੀਆਂ ਦੋ ਗੋਲੀਆਂ ਤਾਂ ਉਸਨੇ ਲੌਰਡ ਜੈਟਲੈਂਡ ਵੱਲ ਦਾਗੀਆਂ ਸਨ ਨਾ ਕਿ ਓਡਵਾਇਰ ਵੱਲ।

* ਉਸ ਦਿਨ ਊਧਮ ਸਿੰਘ ਆਪਣੇ ਰਿਵਾਲਵਰ ਨੂੰ ਕਿਸੇ ਕਿਤਾਬ ਵਿੱਚ ਨਹੀਂ ਸਗੋਂ ਆਪਣੀ ਜੈਕਟ ਦੀ ਖੱਬੀ ਜੇਬ ਵਿੱਚ ਛੁਪਾ ਕੇ ਲੈਕੇ ਗਿਆ ਸੀ। ਕਿਉਂਕਿ ਮੌਕੇ 'ਤੇ ਹੋਈ ਜਾਮਾ ਤਲਾਸ਼ੀ ਦੌਰਾਨ ਊਧਮ ਸਿੰਘ ਕੋਲੋਂ ਕੋਈ ਇਸ ਤਰਾਂ ਦੀ ਕਿਤਾਬ ਨਹੀਂ ਮਿਲੀ ਸੀ। ਉਸ ਨੇ ਖੁਦ ਮੰਨਿਆ ਕਿ ਉਸਨੇ ਕੈਕਸਟਨ ਹਾਲ ਵਿੱਚ ਆਪਣਾ ਰਿਵਾਲਵਰ ਜੈਕਟ ਦੀ ਖੱਬੀ ਜੇਬ ਵਿੱਚ ਲੁਕਾ ਕੇ ਲਿਆਂਦਾ ਸੀ।

* ਕੇਸ ਨਾਲ ਸਬੰਧਿਤ ਮਿਸਲ ਅਨੁਸਾਰ ਊਧਮ ਸਿੰਘ ਨੂੰ ਉਸ ਦਿਨ ਕੈਕਸਟਨ ਹਾਲ ਦੇ ਦਰਵਾਜ਼ੇ ਥਾਣੀ ਲੰਘਾਉਣ ਵਾਲੀ ਔਰਤ ਉਸਦੀ ਕੋਈ ਪ੍ਰੇਮਿਕਾ ਨਹੀਂ ਸਗੋਂ ਇੱਕ ਆਮ ਅੰਗਰੇਜ ਔਰਤ ਸੀ। ਜੋ ਉਸਨੂੰ ਕੈਕਸਟਨ ਹਾਲ ਦੇ




ਬਾਹਰ ਹੀ ਮਿਲੀ ਸੀ। ਜਿਸਨੇ ਊਧਮ ਸਿੰਘ ਦੀ ਬੇਨਤੀ ਮੰਨ ਕੇ ਉਸਨੂੰ ਆਪਣੇ ਨਾਲ ਮੀਟਿੰਗ ਵਿੱਚ ਅੰਦਰ ਲਿਜਾਣ ਦੀ ਮੱਦਦ ਕੀਤੀ ਸੀ ਕਿਉਂਕਿ ਊਧਮ ਸਿੰਘ ਕੋਲ ਅੰਦਰ ਜਾਣ ਦੀ ਟਿਕਟ ਵੀ ਨਹੀਂ ਸੀ। ਪਰ ਇੱਕ ਟਿਕਟ 'ਤੇ ਦੋ ਜਣੇ ਅੰਦਰ ਜਾ ਸਕਦੇ ਸਨ।

* ਬ੍ਰਿਟਿਸ਼ ਸਰਕਾਰ ਵੱਲੋਂ ਇਸ ਕੇਸ ਨਾਲ ਸਬੰਧਿਤ 1997 ਅਤੇ 2016 ਵਿੱਚ ਜਨਤਕ ਕੀਤੀਆਂ ਗੁਪਤ ਫਾਈਲਾਂ ਮੁਤਾਬਕ 13 ਅਪ੍ਰੈਲ 1919 ਨੂੰ ਹੋਈ ਜੱਲਿਆਂ ਵਾਲੇ ਬਾਗ ਦੀ ਘਟਨਾ ਮੌਕੇ ਵੀ ਉਹ ਉੱਥੇ ਮੌਜੂਦ ਨਹੀਂ ਸੀ। ਘਟਨਾ ਵੇਲੇ ਉਹ ਪੂਰਬੀ ਅਫਰੀਕਾ ਦੇ ਸ਼ਹਿਰ ਮੋਮਬਾਸਾ ਵਿਖੇ ਰਹਿ ਰਿਹਾ ਸੀ ਜਿੱਥੋਂ ਉਹ ਜੂਨ 1919 ਨੂੰ ਭਾਰਤ ਵਾਪਸ ਆਇਆ ਸੀ। ਕੇਸ ਦੀ ਸੁਣਵਾਈ ਕਰ ਰਹੇ ਜੱਜ ਐਟਕਿਨਸਨ ਅੱਗੇ ਊਧਮ ਸਿੰਘ ਵੱਲੋਂ ਦਿੱਤੇ ਬਿਆਨ '1919 ਵਿੱਚ ਜਦੋਂ ਅੰਮ੍ਰਿਤਸਰ ਵਿਖੇ ਗੋਲੀਆਂ ਚੱਲੀਆਂ, ਉਸ ਵੇਲੇ ਮੈਂ ਭਾਰਤ ਵਿੱਚ ਨਹੀਂ ਸੀ। ਮੈਂ ਪੂਰਬੀ ਅਫਰੀਕਾ ਵਿੱਚ ਸੀ।' (ਫਾਈਲ ਨੰਬਰ 144/21445) ਤੋਂ ਵੀ ਉਸਦੇ ਜੱਲਿਆਂ ਵਾਲਾ ਬਾਗ ਦੇ ਗੋਲੀਕਾਂਡ ਦਾ ਚਸ਼ਮਦੀਦ ਗਵਾਹ ਨਾ ਹੋਣ ਦੀ ਹੀ ਪੁਸ਼ਟੀ ਹੁੰਦੀ ਹੈ।

* ਜਿਹਾ ਕਿ ਆਮ ਪ੍ਰਚਾਰਿਆ ਜਾਂਦਾ ਹੈ, ਮੁਕੱਦਮੇ ਦੌਰਾਨ ਉਸ ਨੇ 'ਹੀਰ ਵਾਰਿਸ ਸ਼ਾਹ' ਦੀ ਪੋਥੀ ਉੱਪਰ ਹੱਥ ਧਰ ਕੇ ਕੋਈ ਵੀ ਸਹੁੰ ਨਹੀਂ ਚੁੱਕੀ ਸੀ। ਹਾਂ ਇੰਨਾ ਜਰੂਰ ਕਿ ਉਸਦੇ ਅਪਣੇ ਦਸਤਖਤਾਂ ਵਾਲੀ 'ਹੀਰ ਵਾਰਿਸ ਸ਼ਾਹ' ਦੀ ਇੱਕ ਕਾਪੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬ੍ਰੇਰੀ ਵਿੱਚ ਅੱਜ ਵੀ ਮੌਜੂਦ ਹੈ।

* ਮੁਕੱਦਮਾ ਸ਼ੁਰੂ ਹੋਣ ਤੋਂ ਮਹਿਜ ਸਾਢੇ ਚਾਰ ਮਹੀਨੇ ਦੇ ਅੰਦਰ-ਅੰਦਰ ਹੀ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਫ਼ਾਂਸੀ ਦਾ ਹੁਕਮ ਸੁਣਾ ਦਿੱਤਾ ਗਿਆ ਸੀ। ਸ਼ਹੀਦ ਦੇ ਮ੍ਰਿਤਕ ਸਰੀਰ ਦਾ ਲੰਡਨ ਦੀ ਪੈਂਟਨਵਿਲੇ ਜੇਲ ਅੰਦਰ ਸਸਕਾਰ ਨਹੀਂ ਕੀਤਾ ਗਿਆ ਸੀ। ਉਸ ਨੂੰ ਜ਼ਮੀਨ ਅੰਦਰ ਦਫਨਾਇਆ ਗਿਆ ਸੀ। ਜਿੱਥੋਂ 31 ਜੁਲਾਈ 1974 ਨੂੰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਪਹਿਲੀ ਵਾਰ ਸੁਨਾਮ ਪਹੁੰਚੀਆਂ ਸਨ।

ਇਸ ਤੋਂ ਇਲਾਵਾ ਇਹ ਕਿਤਾਬ ਜਿੱਥੇ ਸ਼ਹੀਦ ਦੀ ਨਿੱਜੀ ਜ਼ਿੰਦਗੀ ਦੇ ਲੁਪਤ ਪੱਖਾਂ ਜਿਵੇਂ ਪੁਤਲੀਘਰ ਅੰਮ੍ਰਿਤਸਰ ਦੇ ਯਤੀਮਖਾਨੇ ਵਿੱਚ ਬੀਤੇ ਉਸਦੇ ਦੁਖਦਾਈ ਬਚਪਨ ਦੇ ਬੇਹੱਦ ਕਠਿਨ ਤੇ ਕਠੋਰ ਦਿਨਾਂ ਬਾਰੇ, ਉਸ ਦੀ ਘੁਮੱਕੜ ਬਿਰਤੀ ਬਾਰੇ, ਉਸਦੀ ਕਸ਼ਮੀਰ ਫੇਰੀ ਬਾਰੇ, ਉਸ ਵੱਲੋਂ ਤਿੰਨ ਵਿਦੇਸ਼ੀ ਫਿਲਮਾਂ ਸਾਬੂ ਦਾ ਐਲੀਫੈਂਟ ਬੁਆਵੇ, ਦਾ ਫੋਰ ਫੈਦਰਜ ਅਤੇ ਦਾ ਡਰੱਮ ਵਿੱਚ ਨਿਭਾਈਆਂ ਛੋਟੀਆਂ ਭੂਮਿਕਾਵਾਂ ਬਾਰੇ ਚਾਨਣਾ ਪਾਉਂਦੀ ਹੈ, ਉੱਥੇ ਇਹ ਉਸਦੀ ਸਖਸ਼ੀਅਤ ਦੇ ਚਿੰਤਨੀ ਪੱਖ ਨੂੰ ਵੀ ਬਾਖੂਬੀ ਉਭਾਰਦੀ ਹੈ।

ਜਿਵੇਂ ਕਿ ਕਿਤਾਬ ਵਿੱਚ ਦਰਜ ਹੈ ਕਿ ਊਧਮ ਸਿੰਘ ਗਦਰ ਪਾਰਟੀ ਦੀ ਆਪਾ ਵਾਰੂ ਦੇਸ਼ਭਗਤਕ ਭਾਵਨਾ ਤੋਂ ਬੇਹੱਦ ਪ੍ਰਭਾਵਿਤ ਸੀ। ਇਸ ਲਈ ਉਹਦੇ ਗਦਰ ਪਾਰਟੀ ਨਾਲ ਵੀ ਜਜ਼ਬਾਤੀ ਸਬੰਧ ਸਨ। ਤੀਹ ਅਗਸਤ 1927 ਨੂੰ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਅੰਮ੍ਰਿਤਸਰ ਵਿੱਚ ਉਸਦੀ ਅਚਾਨਕ ਹੋਈ ਗ੍ਰਿਫਤਾਰੀ ਵੇਲੇ ਉਸ ਕੋਲੋਂ ਗਦਰ ਪਾਰਟੀ ਦਾ ਕਾਫੀ ਸਾਰਾ ਸਾਹਿਤ ਬਰਾਮਦ ਹੋਇਆ ਸੀ। ਜਿਸਦੀਆਂ ਹੋਰ ਕਾਪੀਆਂ ਛਪਵਾ ਕੇ ਉਹ ਆਪਣੇ ਗੁਲਾਮ ਦੇਸ਼ਵਾਸੀਆਂ ਵਿੱਚ ਵੱਡੇ ਪੱਧਰ 'ਤੇ ਵੰਡਣਾ ਚਾਹੁੰਦਾ ਸੀ ਤਾਂ ਜੋ ਗਦਰੀਆਂ ਦੇ ਅੰਗਰੇਜੀ ਸ਼ਾਸਨ ਖਿਲਾਫ ਗਦਰ ਕਰਨ ਦੇ ਸਾਹਸਿਕ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ। ਇਸੇ ਲਈ ਅੰਗਰੇਜ ਸਰਕਾਰ ਵੱਲੋਂ ਗੁਪਤ ਤੌਰ 'ਤੇ ਤਿਆਰ ਕੀਤੀ 'ਗਦਰ ਡਾਇਰੈਕਟਰੀ' ਵਿੱਚ ਉਹਦਾ ਨਾਂ ਬੋਲਦਾ ਸੀ। ਯਾਦ ਰਹੇ ਇਸ ਕੇਸ ਵਿੱਚ ਉਸਨੂੰ ਪੰਜ ਸਾਲ ਦੀ ਸਜਾ ਹੋਈ ਸੀ ਅਤੇ ਉਹ ਅਕਤੂਬਰ 1931 ਵਿੱਚ ਜੇਲ ਚੋਂ ਰਿਹਾ ਹੋਕੇ ਕੁਝ ਸਮੇਂ ਲਈ ਵਾਪਸ ਆਪਣੇ ਪਿੰਡ ਸੁਨਾਮ ਆਇਆ ਸੀ।

ਇੱਥੇ ਹੀ ਬਸ ਨਹੀਂ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਅਤੇ ਭਗਤ ਸਿੰਘ ਨੂੰ ਆਪਣਾ ਵਿਚਾਰਧਾਰਕ ਦੋਸਤ ਮੰਨਦਾ ਸੀ। ਸਰਾਭੇ ਵਾਂਗ ਉਹ ਅਕਸਰ ਹੀ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ....' ਗੁਣਗੁਣਾਇਆ ਕਰਦਾ ਸੀ। ਇਸ ਤੋਂ ਇਲਾਵਾ ਪਿੰਡ ਨੰਗਲ ਕੋਟੀ (ਗੁਰਦਾਸਪੁਰ) ਦੇ ਤਾਰਾ ਸਿੰਘ ਤੇ ਹਜਾਰਾ ਸਿੰਘ ਵੱਲੋਂ ਬਣਾਈ 'ਗੁਰਦਾਸਪੁਰ ਦੀ ਇਨਕਲਾਬੀ ਪਾਰਟੀ' ਅਤੇ ਪਿੰਡ ਕੋਟਲਾ ਅਜਨੇਰ (ਲੁਧਿਆਣਾ) ਦੇ ਅਮਰ ਸਿੰਘ ਤੇਗ ਵੱਲੋਂ ਅਰਜਨ ਸਿੰਘ ਗੜਗੱਜ ਨਾਲ ਮਿਲ ਕੇ ਬਣਾਏ 'ਯੁੱਗ ਪਲਟਾਊ ਦਲ' ਨਾਲ ਵੀ ਉਸਦੇ ਨੇੜਲੇ ਸਬੰਧ ਸਨ।

ਇਸ ਤਰ੍ਹਾਂ ਲੇਖਕ ਇਹ ਸਿੱਧ ਕਰਨ ਵਿੱਚ ਪੂਰੀ ਤਰਾਂ ਸਫਲ ਹੋਇਆ ਹੈ ਕਿ ਊਧਮ ਸਿੰਘ ਦਾ ਅਸਲ ਨਿਸ਼ਾਨਾ ਦੇਸ਼ ਦੀ ਸੰਪੂਰਨ ਅਜ਼ਾਦੀ ਸੀ ਨਾ ਕਿ ਮਹਿਜ ਜੱਲਿਆਂਵਾਲੇ ਬਾਗ ਦਾ ਖੂਨੀ ਬਦਲਾ, ਜਿਵੇਂ ਕਿ ਉਹਦੇ ਬਾਰੇ ਹੁਣ ਤੱਕ ਪ੍ਰਚਾਰਿਆ ਜਾਂਦਾ ਰਿਹਾ ਹੈ। ਸਾਲਾਂ ਬੱਧੀ ਕੀਤੇ ਇਸ ਖੋਜ ਕਾਰਜ ਦੀ ਬੌਧਿਕ ਮੁਸ਼ੱਕਤ ਕਰਨ ਉਪਰੰਤ ਢੁਕਵੇਂ ਠੋਸ ਤੱਥਾਂ, ਇਤਿਹਾਸਿਕ ਘਟਨਾਵਾਂ ਅਤੇ ਦਸਤਾਵੇਜ਼ਾਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਇਕੱਤਰ ਕਰਕੇ ਸਾਂਭਣ ਲਈ ਰਾਕੇਸ਼ ਕੁਮਾਰ ਵਧਾਈ ਦੇ ਪਾਤਰ ਹਨ। ਪੁਸਤਕ ਆਪਣੇ ਤੱਤ ਪੱਖੋਂ ਹੀ ਨਹੀਂ ਆਪਣੀ ਦਿੱਖ ਪੱਖੋਂ ਵੀ ਆਹਲਾ ਮਿਆਰੀ ਹੈ। 'ਇਨਕਲਾਬੀ ਵਿਰਾਸਤ ਪ੍ਰਚਾਰ ਮੰਚ' ਵੱਲੋਂ ਇਹ ਪੁਸਤਕ ਨਾ ਲਾਭ-ਨਾ ਹਾਨੀ ਦੀ ਨੀਤੀ ਤਹਿਤ ਬਹੁਤ ਹੀ ਸਸਤੀ ਕੀਮਤ-ਮਹਿਜ ਦੋ ਸੌ ਰੁਪਏ ਵਿੱਚ ਪਾਠਕਾਂ ਨੂੰ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ, ਨੌਜਵਾਨਾਂ ਤੇ ਸਮਾਜ ਦੇ ਗਰੀਬ ਤਬਕਿਆਂ ਤੱਕ ਵੀ ਸ਼ਹੀਦਾਂ ਦੀ ਇਨਕਲਾਬੀ ਸੋਚ ਦੀ ਰਸਾਈ ਹੋ ਸਕੇ।

ਊਧਮ ਸਿੰਘ ਵੱਲੋਂ 5 ਜੂਨ 1940 ਵਾਲੇ ਦਿਨ ਅਪਣੇ ਮੁਕੱਦਮੇ ਦੀ ਸੁਣਵਾਈ ਕਰ ਰਹੇ ਜੱਜ ਐਟਕਿਨਸਨ ਸਾਹਮਣੇ ਦਿੱਤੇ ਬਿਆਨ ਦਾ ਇੱਕ ਅੰਸ਼....

ਜੱਜ ਵੱਲ ਮੂੰਹ ਕਰਕੇ ਉਹ ਉੱਚੀ ਅਵਾਜ 'ਚ ਬੋਲਿਆ, 'ਬ੍ਰਿਟਿਸ਼ ਸਾਮਰਾਜ ਮੁਰਦਾਬਾਦ। ਤੁਸੀਂ ਕਹਿੰਦੇ ਹੋ ਕਿ ਹਿੰਦੋਸਤਾਨ ਵਿੱਚ ਸ਼ਾਂਤੀ ਨਹੀਂ ਹੈ। ਸਾਡੇ ਕੋਲ ਤਾਂ ਸਿਰਫ ਗੁਲਾਮੀ ਹੈ। ਤੁਹਾਡੀ ਅਖੌਤੀ ਸੱਭਿਅਤਾ ਨੇ ਪੁਸ਼ਤ ਦਰ ਪੁਸ਼ਤ ਸਾਨੂੰ ਸਿਰਫ ਉਹ ਦਿੱਤਾ ਹੈ ਜੋ ਕਿ ਮਨੁੱਖੀ ਨਸਲ ਲਈ ਕੂੜਾ ਕਰਕਟ ਅਤੇ ਨਿੱਘਰਿਆ ਹੋਇਆ ਹੈ। ਤੁਹਾਨੂੰ ਆਪਣੇ ਇਤਿਹਾਸ ਵੱਲ ਵੀ ਝਾਤ ਮਾਰਨੀ ਚਾਹੀਦੀ ਹੈ। ਜੇਕਰ ਤੁਹਾਡੇ ਵਿੱਚ ਜਰਾ ਵੀ ਮਨੁੱਖੀ ਕਦਰਾਂ- ਕੀਮਤਾਂ ਦਾ ਕੋਈ ਅੰਸ਼ ਬਚਿਆ ਹੈ ਤਾਂ ਤੁਹਾਨੂੰ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ। ਆਪਣੇ ਆਪ ਨੂੰ ਸੰਸਾਰ ਦੀ ਸੱਭਿਅਤਾ ਦੇ ਸ਼ਾਸਕ ਕਹਿਣ ਵਾਲੇ ਅਖੌਤੀ ਬੁੱਧੀਜੀਵੀ ਜਿਸ ਤਰੀਕੇ ਵਹਿਸ਼ੀ ਅਤੇ ਲਹੂ ਪੀਣੇ ਢੰਗ ਨਾਲ ਵਿਚਰਦੇ ਹਨ, ਅਸਲ ਵਿੱਚ ਹਰਾਮੀ ਖੂਨ ਹਨ।' ਉਸਨੇ ਬੋਲਣਾ ਜਾਰੀ ਰੱਖਿਆ ...

'ਮੈਂ ਮਰਨ ਤੋਂ ਨਹੀਂ ਡਰਦਾ। ਮੈਨੂੰ ਮਰਨ 'ਤੇ ਮਾਣ ਹੈ।ਆਪਣੀ ਜਨਮ ਭੂਮੀ ਨੂੰ ਅਜ਼ਾਦ ਕਰਾਉਣ ਲਈ ਮੈਨੂੰ ਆਪਣੀ ਮੌਤ 'ਤੇ ਵੀ ਨਾਜ ਹੋਵੇਗਾ। ਮੈਂ ਮੌਤ ਦੀ ਸਜਾ ਤੋਂ ਨਹੀਂ ਡਰਦਾ। ਇਸਦੀ ਮੈਨੂੰ ਕੋਈ ਪ੍ਰਵਾਹ ਨਹੀਂ। ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ।'

ਉਹ 20 ਮਿੰਟ ਤੱਕ ਗਰਜਦਾ ਰਿਹਾ....

# Oppose RSS Chief's Visit to Canada

Mohan Bhagwat, chief of RSS, will be visiting Canada next week. He is coming to speak in Toronto on the occasion of the 100th anniversary of the founding of RSS. This organisation is a paramilitary, communal and terrorist organisation from the very beginning. It collaborated with the British colonialists and opposed the freedom struggle of India. Its founders supported the Nazi ideology of Hitler and Mussolini which dominated Europe in 1930s. It promotes a vision of India as fundamentally a Hindu Nation and believes that Hindu nationalism as the only nationalism in India. Hindutva philosophy conflicts with religious equality and secular, pluralistic framework of India.

Throughout its history its leaders have preached hate speech and incited violence against Muslims, Christians and other minorities. In the last twelve years of BJP rule over 100 Muslims and low caste minorities have been killed by the "Cow Protection" groups led by RSS supporters. On December 6, 1992 Babri Masjid was demolished by members of BJP and RSS. Ten years later thousands of Muslims were massacred in the state of Gujrat where Prime Minister Modi was then the Chief Minister. Houses and shops were burned and hundreds of Muslim women were raped and killed. Thousands of youth protesters were attacked by the police in Delhi on July 20, 2026. Lathis and pellets were used and over 200 youth were injured. Millions of young men, women and students are on the streets all over India.

The Canadian government does not have clean hands either. It has given refuge to fascists and war criminals and given a free hand to racist and fascist organisations like Ku Klux Klan to preach and organise. On September 22, 2023 Yaroslav Hunka was invited to the parliament of Canada and introduced as a war hero. Hunka was in the Nazi army and fought against Russia in the 2nd World War. East Indian Defence Committee resolutely condemns the Mark Carney government for granting Bhagwat a visa and allowing him to visit Canada.

BJP government is in deep political and economic crisis at present. Millions of young men and women have risen against the dictatorial behaviour of the Modi government. BJP itself developed from the RSS political movement and many BJP leaders, including Modi and Shah, have long standing RSS connections. Bhagwat is considered not only as a religious cultural figure but as a major ideological leader with political influence. He is here to end the isolation of the Modi government. He is on a tour of UK, USA and Canada to celebrate "Universal Oneness" which is so farther from the truth of RSS. He spoke in New York this week where several organisations opposed him. The Mayor of New York disassociated himself from what RSS stand for. It is being compared to Ku Klux Klan. Hundreds of organisations in Canada have asked the government to cancel his visa. It is evident that the Canadian government will not cancel it. East Indian Defence Committee firmly opposes his visit and calls upon Indian diaspora to join us.

East Indian Defence Committee, Harbhajan Cheema, Secretary, 604 377 2415

# ਪ੍ਰੋਫੈਸਰ ਜੇਸਨ ਆਰਡੇ ਦਾ ਕਤਲ

*[ਡਾ. ਜੇਸਨ ਆਰਡੇ ਨੇ ਸਾਹਿਤਕ ਚੋਰੀ ਦੇ ਦੋਸ਼ ਲੱਗਣ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਉਹ ਪਹਿਲੇ ਸਿਆਹਫਾਮ ਵਿਦਵਾਨ ਸਨ ਜੋ ਕੈਂਬਰਿਜ ਯੂਨੀਵਰਸਿਟੀ ਦੇ 800 ਸਾਲ ਦੇ ਇਤਿਹਾਸ ਵਿਚ 38 ਸਾਲ ਦੀ ਸਭ ਤੋਂ ਛੋਟੀ ਉਮਰ ਵਿਚ ਪ੍ਰੋਫੈਸਰ ਬਣੇ ਸਨ। ਅਸਤੀਫ਼ੇ ਤੋਂ ਨੌਂ ਦਿਨ ਬਾਅਦ 13 ਅਗਸਤ ਨੂੰ ਉਸਨੇ ਦੱਖਣੀ ਲੰਦਨ ਵਿਚ ਖ਼ੁਦਕੁਸ਼ੀ ਕਰ ਲਈ। ਅਫ਼ਰੀਕਨ ਇਤਿਹਾਸ ਅਤੇ ਸਮਾਜ ਬਾਰੇ ਉੱਘੇ ਖੋਜੀ, ਰੈਡੀਕਲ ਮਾਰਕਸਵਾਦ ਵਿਦਵਾਨ ਅਤੇ ਲੇਖਕ ਲਿਓ ਜ਼ਾਏਲਿਗ ਨੇ ਇਸ ਕਥਿਤ ਖ਼ੁਦਕੁਸ਼ੀ ਪਿੱਛੇ ਕੰਮ ਕਰਦੇ ਅਸਲ ਕਾਰਨਾਂ ਦੀ ਸੰਵੇਦਨਸ਼ੀਲਤਾ ਨਾਲ ਨਿਸ਼ਾਨਦੇਹੀ ਕੀਤੀ ਹੈ। ਉਹ ਕਹਿੰਦਾ ਹੈ ਕਿ ਪ੍ਰੋਫੈਸਰ ਜੇਸਨ ਆਰਡੇ ਦੀ ਖ਼ੁਦਕੁਸ਼ੀ ਨਸਲਵਾਦੀ ਸਿਆਸੀ ਕਤਲ ਸੀ, ਜਿਸ ਨੂੰ ਮੀਡੀਆ ਅਤੇ ਅਤਿ-ਸੱਜੇ-ਪੱਖੀ ਮੁਹਿੰਮ ਨੇ ਅੰਜਾਮ ਦਿੱਤਾ ਅਤੇ ਉਦਾਰਵਾਦੀ ਸੰਸਥਾਵਾਂ ਨੇ ਸੰਭਵ ਬਣਾਇਆ। ਇਹ ਘਟਨਾ ਬਰਤਾਨੀਆ ਅਤੇ ਆਲਮੀ ਪੱਧਰ 'ਤੇ ਸਮਕਾਲੀ ਸਰਮਾਏਦਾਰੀ ਅਧੀਨ ਨਸਲਵਾਦ ਅਤੇ ਫਾਸ਼ੀਵਾਦ ਦੇ ਡੂੰਘੇ ਹੁੰਦੇ ਸੰਕਟ ਨੂੰ ਉਜਾਗਰ ਕਰਦੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ - ਸੰਪਾਦਕ]*

**-ਲਿਓ ਜ਼ਾਏਲਿਗ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਐਤਵਾਰ, 16 ਅਗਸਤ ਨੂੰ ਮੈਂ ਲੰਡਨ ਦੇ ਟਰੈਫਲਗਰ ਸੁਕੇਅਰ ਵਿੱਚ ਪ੍ਰੋਫੈਸਰ ਆਰਡੇ ਲਈ ਕੀਤੀ ਗਈ ਸ਼ਰਧਾਂਜਲੀ ਸਭਾ ਵਿੱਚ ਸ਼ਾਮਲ ਹੋਇਆ। ਗਰਮੀਆਂ ਦੀ ਤਪਦੀ ਗਰਮੀ ਵਿੱਚ ਹਜ਼ਾਰਾਂ ਪ੍ਰਦਰਸ਼ਨਕਾਰੀ ਇੱਕ-ਦੂਜੇ ਨਾਲ ਜੁੜ ਕੇ ਖੜ੍ਹੇ ਸਨ। ਉਹ ਉਸ ਪ੍ਰਤੀ ਸਤਿਕਾਰ ਪ੍ਰਗਟਾਉਣ ਲਈ ਫੁੱਲਾਂ ਦੇ ਗੁਲਦਸਤੇ ਉੱਪਰ ਚੁੱਕੀ ਖੜ੍ਹੇ ਸਨ ਅਤੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉੱਤੇ ਲਿਖਿਆ ਸੀ—'ਪ੍ਰੋਫੈਸਰ ਜੇਸਨ ਆਰਡੇ, ਤੁਹਾਡੀ ਸ਼ਕਤੀ ਅਮਰ ਰਹੇ।' ਸਿਰ ਝੁਕਾਈ ਮੇਰੇ ਆਲੇ-ਦੁਆਲੇ ਖੜ੍ਹੇ ਸੈਂਕੜੇ ਲੋਕ ਰੋ ਰਹੇ ਸਨ। ਉਨ੍ਹਾਂ ਦੇ ਵਿਦਿਆਰਥੀਆਂ ਦੇ ਸ਼ਬਦ ਅਸਹਿ ਸਨ ਅਤੇ ਸਾਡਾ ਗੁੱਸਾ ਜਵਾਬ ਦੀ ਮੰਗ ਕਰ ਰਿਹਾ ਸੀ।

ਪ੍ਰੋਫੈਸਰ ਆਰਡੇ ਹੁਣ ਨਹੀਂ ਰਹੇ। ਉਸ ਦਾ ਕਤਲ ਕਰ ਦਿੱਤਾ ਗਿਆ। ਇੱਕ ਵਾਰ ਫਿਰ ਇੱਕ ਕਾਲੇ ਵਿਅਕਤੀ ਨੂੰ ਮਾਰ ਦਿੱਤਾ ਗਿਆ—ਡੂੰਘੇ ਨਸਲਵਾਦੀ ਪ੍ਰੈੱਸ ਅਤੇ ਸੰਗਠਿਤ ਫਾਸ਼ੀਵਾਦੀਆਂ ਵੱਲੋਂ ਚਲਾਏ ਗਏ ਜਨਤਕ ਮੌਤ-ਦੰਡ ਵਿੱਚ ਉਸ ਨੂੰ ਬਦਨਾਮ ਕੀਤਾ ਅਤੇ ਦਬਾਇਆ ਗਿਆ।

ਇਸ ਸ਼ਰਧਾਂਜਲੀ ਸਭਾ ਨੇ ਉਸ ਢਾਂਚਾਗਤ ਨਸਲਵਾਦ ਨੂੰ ਸਾਹਮਣੇ ਲਿਆਂਦਾ ਜਿਸ ਨੇ ਪ੍ਰੋਫੈਸਰ ਆਰਡੇ ਦੇ ਜ਼ਿੰਦਗੀ ਅਤੇ ਮੌਤ ਨੂੰ ਰੂਪ ਦਿੱਤਾ। ਬਰਤਾਨਵੀ ਸੰਸਦ ਮੈਂਬਰ ਡਾਇਨ ਐਬਟ ਨੇ ਬਰਤਾਨੀਆ ਵਿੱਚ ਕਾਲੇ ਲੋਕਾਂ ਦੇ ਅਨੁਭਵ ਅਤੇ ਉਨ੍ਹਾਂ ਨੂੰ ਹਰ ਰੋਜ਼ ਸਹਿਣੇ ਪੈਂਦੇ ਨਸਲਵਾਦ ਬਾਰੇ ਜੋ ਕਿਹਾ, ਉਸ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਨਸਲਵਾਦ ਦਾ ਇਹ ਰੋਜ਼ਾਨਾ ਅਨੁਭਵ ਬਰਤਾਨਵੀ ਸੰਸਥਾਵਾਂ, ਪ੍ਰੈੱਸ ਅਤੇ ਰਾਜਨੀਤਕ ਜ਼ਿੰਦਗੀ ਵਿੱਚ ਡੂੰਘਾਈ ਤੱਕ ਸਮੋਇਆ ਹੋਇਆ ਹੈ।

ਉਨ੍ਹਾਂ ਦੇ ਪਰਿਵਾਰ ਨੇ ਦੁੱਖ ਅਤੇ ਗੁੱਸੇ ਦੇ ਵਿਆਪਕ ਉਭਾਰ ਬਾਰੇ ਗੱਲ ਕਰਦਿਆਂ ਆਪਣੀਆਂ ਭਾਵਨਾਵਾਂ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕੀਤੀਆਂ—

"ਜੇਸਨ ਨੂੰ ਜਿਸ ਜਨਤਕ ਬੇਰਹਿਮੀ ਦਾ ਸਾਹਮਣਾ ਕਰਨਾ ਪਿਆ, ਉਸ ਨੂੰ ਸਹਿਣਾ ਕਿਸੇ ਵੀ ਮਨੁੱਖ ਲਈ ਬਹੁਤ ਔਖਾ ਸੀ। ਉਸ ਦੀ ਮੌਤ ਤੋਂ ਬਾਅਦ ਉਮੜੇ ਪਿਆਰ, ਹਮਦਰਦੀ ਅਤੇ ਸੋਗ ਦੇ ਸਾਡੇ ਲਈ ਬਹੁਤ ਡੂੰਘੇ ਮਾਇਨੇ ਹਨ। ਭਾਵੇਂ ਹੁਣ ਇਹ ਅਨੁਭਵ ਖੱਟੀਆਂ-ਮਿੱਠੀਆਂ ਭਾਵਨਾਵਾਂ ਨਾਲ ਭਰਿਆ ਹੋਇਆ ਹੈ, ਪਰ ਦਿਆਲਤਾ ਦੀ ਲੋੜ ਜ਼ਿੰਦਗੀ ਵਿੱਚ ਹੁੰਦੀ ਹੈ, ਸਿਰਫ਼ ਮੌਤ ਤੋਂ ਬਾਅਦ ਨਹੀਂ।

ਸੱਚਮੁੱਚ ਇਹ ਖੱਟਾ-ਮਿੱਠਾ ਅਨੁਭਵ ਹੀ ਹੈ—ਦਿਆਲਤਾ, ਹਮਦਰਦੀ ਅਤੇ ਸੋਗ ਜ਼ਰੂਰੀ ਤਾਂ ਸਨ, ਪਰ ਬਹੁਤ ਦੇਰ ਨਾਲ ਆਏ।

ਕੈਂਬਰਿਜ ਯੂਨੀਵਰਸਿਟੀ ਵਿੱਚ ਸਮਾਜ ਸ਼ਾਸਤਰ ਦੇ ਕਾਲੇ ਪ੍ਰੋਫੈਸਰ ਜੇਸਨ ਆਰਡੇ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਚਲਾਈ ਗਈ ਨਸਲਵਾਦੀ ਮੁਹਿੰਮ ਨੇ ਉਸ ਦਾ ਪਿੱਛਾ ਉਸ ਵੇਲੇ ਤੱਕ ਕੀਤਾ, ਜਦੋਂ ਤੱਕ ਉਸ ਦੀ ਮੌਤ ਨਹੀਂ ਹੋ ਗਈ। ਉਸ ਦੀ ਖ਼ੁਦਕੁਸ਼ੀ ਤੋਂ ਪਹਿਲਾਂ ਦੇ 22 ਦਿਨਾਂ ਦੌਰਾਨ ਬਰਤਾਨੀਆ ਦੇ ਪ੍ਰਮੁੱਖ ਅਖ਼ਬਾਰਾਂ ਵਿੱਚ ਉਸ ਬਾਰੇ 249 ਲੇਖ ਛਪੇ। ਟੈਲੀਵਿਜ਼ਨ, ਰੇਡੀਓ ਅਤੇ ਬਲੌਗਾਂ ਉੱਤੇ ਵੀ ਲਗਾਤਾਰ ਉਸ ਬਾਰੇ ਸਮੱਗਰੀ ਪ੍ਰਸਾਰਿਤ ਹੁੰਦੀ ਰਹੀ। ਇਹ ਉਸ ਮੁਹਿੰਮ ਦਾ ਵਿਸਥਾਰ ਸੀ, ਜਿਸ ਤਹਿਤ 2023 'ਚ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਬਣਨ ਤੋਂ ਬਾਅਦ ਹੀ ਆਰਡੇ ਨੂੰ ਲਗਾਤਾਰ ਕਮਜ਼ੋਰ ਅਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਇਸ ਸਮੂਹਿਕ ਜਬਰ ਦਾ ਸ਼ੋਰ—ਜਿਸ ਵਿੱਚ ਉਸ ਉੱਤੇ ਸਾਹਿਤਕ ਚੋਰੀ, ਝੂਠ, ਫੜ੍ਹਾਂ ਮਾਰਨ ਅਤੇ ਅਕਾਦਮਿਕ ਧੋਖਾਧੜੀ ਦੇ ਦੋਸ਼ ਲਾਏ ਗਏ—ਅਸਹਿ ਸੀ। ਅਜਿਹੇ ਬਹੁਤ ਸਾਰੇ ਲੋਕ ਵੀ ਇਸ ਸ਼ੋਰ ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਤੋਂ ਬਿਹਤਰ ਸਮਝ ਦੀ ਆਸ ਕੀਤੀ ਜਾਣੀ ਚਾਹੀਦੀ ਸੀ। ਬਰਤਾਨੀਆ ਦੇ ਮੁੱਖਧਾਰਾ ਦੇ ਉਦਾਰਵਾਦੀ ਅਖ਼ਬਾਰ 'ਦੀ ਗਾਰਡੀਅਨ' ਨੇ ਆਰਡੇ ਦੇ ਅਕਾਦਮਿਕ ਕੰਮ ਦੀ ਜਾਂਚ ਸ਼ੁਰੂ ਕਰ ਦਿੱਤੀ। ਮੈਂ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਵੀ ਇਸੇ ਸ਼ੋਰ ਵਿੱਚ ਸ਼ਾਮਲ ਹੁੰਦੇ ਦੇਖਿਆ—ਉਹ ਆਰਡੇ ਦੀ ਨਿੰਦਾ ਕਰ ਰਹੇ ਸਨ ਅਤੇ ਉਸ ਦੇ ਦਾਅਵਿਆਂ ਅਤੇ ਕੰਮ ਦਾ ਮਜ਼ਾਕ ਉਡਾ ਰਹੇ ਸਨ।

5 ਅਗਸਤ ਨੂੰ ਆਰਡੇ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਅਗਲੇ ਹਫ਼ਤੇ 14 ਅਗਸਤ ਨੂੰ ਉਸ ਨੇ ਖ਼ੁਦਕੁਸ਼ੀ ਕਰ ਲਈ। ਜਿਸ ਇਨਸਾਨ ਨੂੰ ਉਸ ਦੇ ਵਿਦਿਆਰਥੀਆਂ ਨੇ 'ਨਿਮਰ', 'ਪਰਵਾਹ ਕਰਨ ਵਾਲਾ', 'ਹਮਦਰਦ' ਅਤੇ 'ਪ੍ਰੇਰਣਾਦਾਇਕ' ਦੱਸਿਆ, ਉਸ ਨੂੰ ਯੋਜਨਾਬੱਧ ਢੰਗ ਨਾਲ ਤੋੜ ਦਿੱਤਾ ਗਿਆ—ਉਸ ਨੂੰ ਇੱਕ ਅਜਿਹੀ ਮੁਹਿੰਮ ਨੇ ਤਬਾਹ ਕਰ ਦਿੱਤਾ ਜੋ ਸਿੱਧੇ ਤੌਰ ਉੱਤੇ ਉਸ ਦੀ ਖ਼ੁਦਕੁਸ਼ੀ ਦਾ ਕਾਰਨ ਬਣੀ।

ਆਰਡੇ ਦਾ ਕਤਲ ਕੀਤਾ ਗਿਆ।

ਇਹੀ ਇਸ ਮੁਹਿੰਮ ਦਾ ਉਦੇਸ਼ ਸੀ—ਆਰਡੇ ਦੀ ਖ਼ੁਦਕੁਸ਼ੀ ਇਸ ਦਾ ਤਰਕਸੰਗਤ ਨਤੀਜਾ ਸੀ। ਇਸ ਹਾਲੀਆ ਧਰਮ-ਯੁੱਧ ਦੀ ਅਗਵਾਈ ਨਸਲਵਾਦੀ ਵਿਦਵਾਨ ਨੇਥਨ ਕੌਫ਼ਨਸ ਨੇ ਕੀਤੀ। ਉਸ ਨੇ 21 ਜੁਲਾਈ 2026 ਨੂੰ ਆਪਣੇ 'ਸਬਸਟੈਕ' ਉੱਤੇ 'ਕੈਂਬਰਿਜ ਵਿੱਚ ਡੀਈਆਈ ਧੋਖਾਧੜੀ ਅਤੇ ਪਰਦਾ ਪਾਉਣ ਦੀ ਕਾਰਵਾਈ' ਸਿਰਲੇਖ ਹੇਠ ਇੱਕ ਬਲੌਗ ਪ੍ਰਕਾਸ਼ਿਤ ਕੀਤਾ। ਇਸ ਘਿਣਾਉਣੇ ਮਨੁੱਖ ਨੇ ਆਰਡੇ ਨੂੰ ਨਿਸ਼ਾਨਾ ਬਣਾਇਆ ਅਤੇ ਉਸ ਦੇ ਕੰਮ ਦੀ ਆਪ ਜਾਂਚ ਕੀਤੀ। ਉਸ ਨੇ ਉਸ ਉੱਤੇ ਸਾਹਿਤਕ ਚੋਰੀ ਦਾ ਦੋਸ਼ ਲਾਇਆ ਅਤੇ ਇਸ ਰਾਹੀਂ ਆਪਣੀ ਇਸ ਧਾਰਨਾ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਕਿ ਕਾਲੇ ਲੋਕ ਘਟੀਆ ਹੁੰਦੇ ਹਨ ਅਤੇ ਸੀਨੀਅਰ ਅਕਾਦਮਿਕ ਅਹੁਦਿਆਂ ਦੇ ਯੋਗ ਨਹੀਂ ਹਨ।

ਕੌਫ਼ਨਸ ਸਾਡੇ ਸਮਿਆਂ ਦਾ ਇੱਕ ਲੱਛਣ ਹੈ। ਇੱਕ ਹਾਸ਼ੀਏ ਦੀ ਕੱਟੜ ਆਵਾਜ਼, ਜੋ ਕਦੇ ਗੰਦ ਦੀ ਦਲਦਲ ਵਿੱਚ ਲਗਭਗ ਅਣਸੁਣੀ ਰਹਿ ਜਾਂਦੀ, ਹੁਣ ਮੁੱਖਧਾਰਾ ਦੇ ਨਸਲਵਾਦੀ ਏਜੰਡੇ ਵੱਲੋਂ ਵਧਾ-ਚੜ੍ਹਾ ਕੇ ਪੇਸ਼ ਕੀਤੀ ਜਾ ਰਹੀ ਹੈ। ਆਲਮੀ ਉੱਤਰ ਵਿੱਚ ਇਹ ਆਵਾਜ਼ਾਂ ਬੁਖ਼ਾਰ ਦੀ ਹੱਦ ਤੱਕ ਪਹੁੰਚ ਗਈਆਂ ਹਨ। ਇਨ੍ਹਾਂ ਨੂੰ ਅਜਿਹੇ ਰਾਜਨੀਤਕ ਮਾਹੌਲ ਵਿੱਚ ਥਾਂ ਮਿਲ ਰਹੀ ਹੈ, ਜਿਸ ਵਿੱਚ ਸੱਜੇ-ਪੱਖੀ ਸਰਕਾਰਾਂ ਚੁਣੀਆਂ ਗਈਆਂ ਹਨ ਅਤੇ ਰੋਜ਼ਾਨਾ ਦੇ ਰਾਜਨੀਤਕ ਬੋਲਚਾਲ ਵਿੱਚ ਨਸਲਵਾਦੀ ਨੀਤੀਆਂ ਨੂੰ ਆਮ ਬਣਾ ਦਿੱਤਾ ਗਿਆ ਹੈ।

ਇਨ੍ਹਾਂ ਘਟਨਾਕ੍ਰਮ ਨੂੰ ਕੇਵਲ 'ਚਿੰਤਾਜਨਕ' ਕਹਿਣਾ ਭਿਆਨਕ ਤੌਰ ਉੱਤੇ ਨਾਕਾਫ਼ੀ ਹੋਵੇਗਾ। ਇਹ ਸਾਡੇ ਮੌਜੂਦਾ ਅਤੇ ਲਗਾਤਾਰ ਡੂੰਘੇ ਹੋ ਰਹੇ ਸੰਕਟ ਅਤੇ ਸਾਡੀ ਰਾਜਨੀਤਕ ਤੇ ਆਰਥਿਕਤਾ ਦੇ ਲਾਇਲਾਜ ਨਸਲਵਾਦ ਦੇ ਸਪੱਸ਼ਟ ਚੇਤਾਵਨੀ ਸੰਕੇਤ ਹਨ। ਇਸ ਨੂੰ ਸਿਰਫ਼ ਬਰਤਾਨੀਆ ਦੀ ਸਮੱਸਿਆ ਮੰਨ ਕੇ ਸਮਝਿਆ ਨਹੀਂ ਜਾ ਸਕਦਾ। ਕੌਮਾਂਤਰੀ ਫ਼ੌਜਦਾਰੀ ਅਦਾਲਤ ਦੇ ਜੱਜਾਂ ਉੱਤੇ ਹੋ ਰਹੇ ਨਿੱਜੀ ਹਮਲਿਆਂ ਅਤੇ ਨਸਲਕੁਸ਼ੀ ਨੂੰ ਆਮ ਬਣਾਏ ਜਾਣ ਵਿੱਚ ਵੀ ਅਸੀਂ ਇਸੇ ਤਰ੍ਹਾਂ ਸ਼ਿਕੰਜਾ ਕੱਸਦਾ ਦੇਖ ਰਹੇ ਹਾਂ।

ਮੈਂ ਇਸ ਲੇਖ ਵਿੱਚ ਤਿੰਨ ਗੱਲਾਂ ਰੱਖਣੀਆਂ ਚਾਹੁੰਦਾ ਹਾਂ। ਪਹਿਲੀ, ਮੈਂ ਦੋ ਰਾਜਨੀਤਕ ਸਮਾਨਤਾਵਾਂ ਬਾਰੇ ਵਿਚਾਰ ਕਰਨਾ ਚਾਹੁੰਦਾ ਹਾਂ। ਪਹਿਲੀ ਸਮਾਨਤਾ ਉਸ ਘਟਨਾ ਨਾਲ ਜੁੜੀ ਹੈ, ਜਿਸ ਨੇ ਕੁਝ ਸਾਲ ਪਹਿਲਾਂ ਆਲਮੀ ਜਨਤਕ ਲਹਿਰ 'ਬਲੈਕ ਲਾਈਵਜ਼ ਮੈਟਰ' ਨੂੰ ਜਨਮ ਦਿੱਤਾ ਸੀ। ਦੂਜੀ ਸਮਾਨਤਾ 19ਵੀਂ ਸਦੀ ਦੇ ਅਖ਼ੀਰ ਵਿੱਚ ਫ਼ਰਾਂਸੀਸੀ ਲੇਖਕ ਐਮਿਲ ਜ਼ੋਲਾ ਵੱਲੋਂ ਯਹੂਦੀ-ਵਿਰੋਧ ਦੀ ਨਿੰਦਾ ਕੀਤੇ ਜਾਣ ਨਾਲ ਸਬੰਧਤ ਹੈ। ਅੰਤ ਵਿੱਚ ਮੈਂ ਸਾਹਿਤਕ ਚੋਰੀ ਅਤੇ ਅਕਾਦਮਿਕ ਸੰਸਾਰ ਬਾਰੇ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ।

25 ਮਈ 2020 ਨੂੰ ਮਿਨੀਐਪੋਲਿਸ ਵਿੱਚ ਪੁਲੀਸ ਨੇ ਜੌਰਜ ਫਲੌਇਡ ਨੂੰ ਰੋਕਿਆ ਅਤੇ ਫਿਰ ਪੁਲੀਸ ਅਧਿਕਾਰੀ ਡੈਰਿਕ ਸ਼ੌਵਿਨ ਨੇ ਉਸ ਨੂੰ ਜ਼ਮੀਨ ਉੱਤੇ ਸੁੱਟ ਕੇ ਦਬੋਚ ਲਿਆ। ਨੌਂ ਮਿੰਟਾਂ ਤੋਂ ਵੱਧ ਸਮੇਂ ਵਿੱਚ ਹੋਈ ਉਸ ਦੀ ਤਿਲ-ਤਿਲ ਮੌਤ ਦੀਆਂ ਵੀਡੀਓ ਕਲਿੱਪਾਂ ਪੂਰੀ ਦੁਨੀਆ ਵਿੱਚ ਪ੍ਰਸਾਰਿਤ ਹੋਈਆਂ। ਬਾਅਦ ਵਿੱਚ ਸ਼ੌਵਿਨ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਗਿਆ। ਸ਼ੌਵਿਨ ਨੇ ਫਲੌਇਡ ਨੂੰ ਜ਼ਮੀਨ ਉੱਤੇ ਦਬਾਈ ਰੱਖਿਆ ਅਤੇ ਉਸ ਦਾ ਸਾਹ ਘੁੱਟ ਕੇ ਕਤਲ ਕਰ ਦਿੱਤਾ। ਬੇਹੱਦ ਬਹਾਦਰ 17 ਸਾਲਾ ਡਾਰਨੇਲਾ ਫਰੇਜ਼ੀਅਰ ਨੇ ਉਸ ਦੀ ਮੌਤ ਨੂੰ ਫ਼ਿਲਮਾਇਆ ਸੀ। ਫਲੌਇਡ ਨੂੰ ਇਹ ਕਹਿੰਦੇ ਸੁਣਿਆ ਗਿਆ—"ਮਾਂ, ਮਾਂ, ਮਾਂ, "ਮਾਂ, ਮੈਂ ਤੁਹਾਨੂੰ ਪਿਆਰ ਕਰਦਾ ਹਾਂ"ਅਤੇ "ਮਾਂ! ਮੇਰਾ ਅੰਤ ਹੋ ਗਿਆ।

ਜੌਰਜ ਫਲੌਇਡ ਦਾ ਸਾਡੇ ਸਾਰਿਆਂ ਦੇ ਸਾਹਮਣੇ ਕਤਲ ਕਰ ਦਿੱਤਾ ਗਿਆ—ਉਸ ਦੇ ਆਖ਼ਰੀ ਸ਼ਬਦ ਸਾਡੇ ਵੀ ਸ਼ਬਦ ਸਨ। ਅਮਰੀਕਾ, ਬਰਤਾਨੀਆ, ਨਾਈਜੀਰੀਆ, ਦੱਖਣੀ ਅਫ਼ਰੀਕਾ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਰਹਿੰਦੇ ਲੱਖਾਂ ਲੋਕਾਂ ਵਾਂਗ ਮੈਂ ਵੀ ਸੜਕਾਂ ਉੱਤੇ ਉੱਤਰਿਆ। ਕੋਵਿਡ ਲੌਕਡਾਊਨ ਦੌਰਾਨ 'ਬਲੈਕ ਲਾਈਵਜ਼ ਮੈਟਰ' ਲਹਿਰ ਉੱਭਰਨ ਉੱਤੇ ਪੁਲੀਸ ਕੁਝ ਨਹੀਂ ਕਰ ਸਕੀ। 31 ਮਈ 2020 ਨੂੰ ਮੈਂ ਲੰਡਨ ਵਿੱਚ ਗੁੱਸੇ ਅਤੇ ਦਿਲ ਤੋੜ ਦੇਣ ਵਾਲੀ ਪੀੜ ਨਾਲ ਭਰੇ ਇੱਕ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

ਪ੍ਰੋਫੈਸਰ ਜੇਸਨ ਆਰਡੇ ਦੀ ਖ਼ੁਦਕੁਸ਼ੀ ਵੀ ਅਜਿਹਾ ਹੀ ਇੱਕ ਭਿਆਨਕ ਅਤੇ ਤੁਰੰਤ ਕਾਰਵਾਈ ਦੀ ਮੰਗ ਕਰਨ ਵਾਲਾ ਪਲ ਹੈ। ਉਸ ਦਾ ਕਤਲ ਕੀਤਾ ਗਿਆ—ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਯੋਜਨਾਬੱਧ ਢੰਗ ਨਾਲ ਸੰਗਠਿਤ ਹਿੰਸਕ ਹਜੂਮ ਨੇ ਉਸ ਦੀ ਮੌਤ ਦੀ ਵਿਉਂਤ ਬਣਾਈ। ਇਸ ਦਾ ਜਵਾਬ ਉਨਾ ਹੀ ਸਪੱਸ਼ਟ ਅਤੇ ਬੁਲੰਦ ਹੋਣਾ ਚਾਹੀਦਾ ਹੈ, ਜਿੰਨੇ ਪੰਜ ਸਾਲ ਪਹਿਲਾਂ ਹੋਏ ਪ੍ਰਦਰਸ਼ਨ ਸਨ।



ਇੱਕ ਹੋਰ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੈ। 1894 'ਚ ਯਹੂਦੀ ਫ਼ਰਾਂਸੀਸੀ ਅਧਿਕਾਰੀ ਅਲਫਰੈਡ ਡਰੇਫਸ ਨੂੰ ਪ੍ਰੈੱਸ, ਸੱਜੇ-ਪੱਖੀ ਅਤੇ ਨਸਲਵਾਦੀ ਸਿਆਸਤਦਾਨਾਂ ਅਤੇ ਫ਼ੌਜ ਵੱਲੋਂ ਚਲਾਈ ਗਈ ਯਹੂਦੀ-ਵਿਰੋਧੀ ਮੁਹਿੰਮ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਉਸ ਉੱਤੇ ਜਰਮਨਾਂ ਨੂੰ ਫ਼ੌਜੀ ਭੇਤ ਦੇਣ ਦਾ ਦੋਸ਼ ਲਾਇਆ ਗਿਆ, ਉਸ ਨੂੰ ਦੇਸ਼ਧ੍ਰੋਹ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਫ਼ਰਾਂਸੀਸੀ ਬਸਤੀ ਗੁਇਆਨਾ ਦੇ ਤੱਟ ਤੋਂ ਦੂਰ ਡੈਵਿਲਜ਼ ਆਈਲੈਂਡ ਭੇਜ ਦਿੱਤਾ ਗਿਆ। ਡਰੇਫਸ ਨੂੰ ਬਦਨਾਮ ਕਰਨ ਵਿੱਚ ਯਹੂਦੀ-ਵਿਰੋਧ ਨੇ ਪ੍ਰਮੁੱਖ ਭੂਮਿਕਾ ਨਿਭਾਈ। ਉਸ ਦੀ ਬਰਖ਼ਾਸਤਗੀ ਨੇ ਯੂਰਪ ਵਿੱਚ 20ਵੀਂ ਸਦੀ ਦੇ ਯਹੂਦੀ-ਵਿਰੋਧ ਦੇ ਉਭਾਰ ਦਾ ਸੰਕੇਤ ਦਿੱਤਾ।

ਪਰ ਇਸ ਯਹੂਦੀ-ਵਿਰੋਧ ਨੂੰ ਵੱਡੇ ਪੱਧਰ ਉੱਤੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ।

ਐਮਿਲ ਜ਼ੋਲਾ ਦਾ ਪ੍ਰਸਿੱਧ ਲੇਖ 'ਜੇ'ਅਕਿਊਜ਼' ਡਰੇਫਸ ਮਾਮਲੇ ਦੇ ਜਵਾਬ ਵਿੱਚ ਲਿਖੀ ਗਈ ਖੁੱਲ੍ਹੀ ਚਿੱਠੀ ਸੀ। ਇਹ 13 ਜਨਵਰੀ 1898 ਨੂੰ ਪੈਰਿਸ ਦੇ ਰੋਜ਼ਾਨਾ ਅਖ਼ਬਾਰ 'ਲ'ਓਰੋਰ' ਵਿੱਚ ਛਪੀ। ਫ਼ਰਾਂਸ ਦੇ ਰਾਸ਼ਟਰਪਤੀ ਫੇਲਿਕਸ ਫੌਰ ਨੂੰ ਸੰਬੋਧਨ ਕਰਦਿਆਂ ਜ਼ੋਲਾ ਨੇ ਸਰਕਾਰ ਉੱਤੇ ਯਹੂਦੀ-ਵਿਰੋਧ ਅਤੇ ਡਰੇਫਸ ਨੂੰ ਗ਼ੈਰਕਾਨੂੰਨੀ ਢੰਗ ਨਾਲ ਕੈਦ ਕਰਨ ਦਾ ਦੋਸ਼ ਲਾਇਆ। ਜ਼ੋਲਾ ਨੇ ਮਨਘੜਤ ਦੋਸ਼ਾਂ ਅਤੇ ਉਸ ਯਹੂਦੀ-ਵਿਰੋਧ ਦੀ ਨਿੰਦਾ ਕੀਤੀ, ਜਿਸ ਨੇ ਡਰੇਫਸ ਨੂੰ ਦੋਸ਼ੀ ਠਹਿਰਾਏ ਜਾਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਹ ਚਿੱਠੀ ਅਖ਼ਬਾਰ ਦੇ ਪਹਿਲੇ ਸਫ਼ੇ ਉੱਤੇ ਛਪੀ ਅਤੇ ਇਸ ਨੇ ਫ਼ਰਾਂਸ ਅਤੇ ਕੌਮਾਂਤਰੀ ਪੱਧਰ ਉੱਤੇ ਜ਼ਬਰਦਸਤ ਪ੍ਰਤੀਕਰਮ ਪੈਦਾ ਕੀਤਾ। ਇਸਨੇ ਬਰਾਬਰੀ ਅਤੇ ਫ਼ਰਾਂਸ ਦੇ ਗਣਤੰਤਰੀ ਮੁੱਲਾਂ ਦੇ ਹਮਾਇਤੀ ਵਜੋਂ ਜ਼ੋਲਾ ਦੇ ਸਭ ਤੋਂ ਮਹਾਨ ਨੂੰ ਦਰਸਾਇਆ।

ਜ਼ੋਲਾ ਉੱਤੇ ਮਾਣਹਾਨੀ ਦਾ ਮੁਕੱਦਮਾ ਚਲਾਇਆ ਗਿਆ ਅਤੇ ਫਰਵਰੀ 1898 ਵਿੱਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ। ਇਸ ਕਾਰਨ ਉਸ ਨੂੰ ਇੰਗਲੈਂਡ ਭੱਜਣਾ ਪਿਆ, ਜਿੱਥੇ ਉਹ 1899 ਤੱਕ ਰਿਹਾ।

ਅਖ਼ੀਰ 1906 'ਚ ਡਰੇਫਸ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਅਤੇ ਫ਼ਰਾਂਸੀਸੀ ਫ਼ੌਜ ਵਿੱਚ ਬਹਾਲ ਕੀਤਾ ਗਿਆ, ਪਰ ਉਸ ਨੂੰ ਪਹਿਲਾਂ ਨਾਲੋਂ ਹੇਠਲੇ ਅਤੇ ਅਪਮਾਨਜਨਕ ਅਹੁਦੇ ਉੱਤੇ ਰੱਖਿਆ ਗਿਆ। ਉਸ ਦੀ ਆਜ਼ਾਦੀ ਲਈ ਮੁਹਿੰਮ ਸ਼ੁਰੂ ਕਰਨ ਵਾਲੇ ਮਨੁੱਖ ਪ੍ਰਤੀ ਸਤਿਕਾਰ ਪ੍ਰਗਟ ਕਰਨ ਲਈ ਡਰੇਫਸ 4 ਜੂਨ 1908 ਨੂੰ ਜ਼ੋਲਾ ਦੀਆਂ ਅਸਥੀਆਂ ਪੈਂਥੀਅਨ ਵਿੱਚ ਲਿਜਾਣ ਦੇ ਸਮਾਗਮ ਵਿੱਚ ਸ਼ਾਮਲ ਹੋਇਆ। ਉੱਥੇ ਇੱਕ ਸੱਜੇ-ਪੱਖੀ ਪੱਤਰਕਾਰ ਨੇ ਉਸ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਭਾਵੇਂ ਡਰੇਫਸ ਦਾ ਅਣਮੰਨੇ ਮਨ ਨਾਲ ਮੁੜ ਵਸੇਬਾ ਕਰ ਦਿੱਤਾ ਗਿਆ, ਪਰ ਇਸ 'ਮਾਮਲੇ' ਨੇ ਯੂਰਪ ਦੇ ਯਹੂਦੀ-ਵਿਰੋਧ ਅਤੇ ਸਮੂਹਿਕ ਕਤਲਾਂ ਦੀ ਦਲਦਲ ਵਿੱਚ ਫਸਣ ਨੂੰ ਦਰਸਾਇਆ।

ਜ਼ੋਲਾ ਦੇ ਪੱਤਰ ਦਾ ਜ਼ਿਕਰ ਅਕਸਰ ਹੁੰਦਾ ਹੈ, ਪਰ ਇਸ ਦਾ ਹਵਾਲਾ ਬਹੁਤ ਘੱਟ ਦਿੱਤਾ ਜਾਂਦਾ ਹੈ। ਉਸ ਵਿੱਚ ਭਿਆਨਕ ਤੌਰ ਉੱਤੇ ਭਵਿੱਖਬਾਣੀ ਵਰਗੀਆਂ ਗੱਲਾਂ ਕਹੀਆਂ ਗਈਆਂ ਸਨ—

"ਘਿਣਾਉਣੀਆਂ ਸਾਜ਼ਿਸ਼ਾਂ, ਅਫ਼ਵਾਹਾਂ ਅਤੇ ਤਬਾਹੀ ਦਾ ਕਿਹੋ ਜਿਹਾ ਅੱਡਾ ਡਰੇਫਸ ਮਾਮਲੇ ਨੇ ਇਸ ਸਾਰੇ ਉੱਤੇ ਜੋ ਭਿਆਨਕ ਚਾਨਣਾ ਪਾਇਆ ਹੈ, ਉਸ ਤੋਂ ਅਸੀਂ ਦਹਿਸ਼ਤਜ਼ਦਾ ਹਾਂ—ਇੱਕ ਬਦਕਿਸਮਤ ਮਨੁੱਖ, ਇੱਕ 'ਗੰਦੇ ਯਹੂਦੀ' ਦੀ ਇਹ ਮਨੁੱਖੀ ਬਲੀ। ਆਹ! ਪਾਗਲਪਣ ਅਤੇ ਮੂਰਖਤਾ ਦਾ ਕਿਹੋ ਜਿਹਾ ਗੰਦਾ ਨਾਲਾ, ਕਿਹੜੀਆਂ ਬੇਤੁਕੀਆਂ ਕਲਪਨਾਵਾਂ ਪੁੱਛਗਿੱਛ ਦੇ ਨਾਂ ਉੱਤੇ ਕਿਹੋ ਜਿਹੀਆਂ ਤਾਨਾਸ਼ਾਹੀ ਅਤੇ ਜ਼ਾਲਮਾਨਾ ਕਾਰਵਾਈਆਂ! ਕੁਝ ਵੱਡੇ ਅਧਿਕਾਰੀਆਂ ਦੀਆਂ ਕਿਹੋ ਜਿਹੀਆਂ ਨਿਗੂਣੀਆਂ ਸਨਕਾਂ ਜੋ ਸੱਚ ਅਤੇ ਇਨਸਾਫ਼ ਲਈ ਲੋਕਾਂ ਦੀ ਪੁਕਾਰ ਨੂੰ ਉਨ੍ਹਾਂ ਦੇ ਗਲ ਵਿੱਚ ਹੀ ਵਾਪਸ ਤੁੰਨ ਰਹੀਆਂ ਹਨ।

ਅਸਲ ਵਿੱਚ ਪ੍ਰੈੱਸ ਦੇ ਸਭ ਤੋਂ ਘਟੀਆ ਅਨਸਰਾਂ ਪੈਰਿਸ ਦੇ ਇਨ੍ਹਾਂ ਕੀੜਿਆਂ ਉੱਤੇ ਨਿਰਭਰ ਕਰਨਾ ਜੁਰਮ ਹੈ। ਲੋਕਾਂ ਨਾਲ ਝੂਠ ਬੋਲਣਾ ਅਤੇ ਸਭ ਤੋਂ ਘਿਣਾਉਣੀਆਂ, ਜਾਨਲੇਵਾ ਸਾਜ਼ਿਸ਼ਾਂ ਦੀ ਸੇਵਾ ਵਿੱਚ ਲੋਕ-ਰਾਇ ਨੂੰ ਪਾਗਲਪਣ ਦੀ ਹੱਦ ਤੱਕ ਤੋੜ-ਮਰੋੜ ਦੇਣਾ ਜੁਰਮ ਹੈ। ਸਿੱਧੇ-ਸਾਦੇ ਅਤੇ ਨਿਮਰ ਲੋਕਾਂ ਦੇ ਮਨਾਂ ਵਿੱਚ ਜ਼ਹਿਰ ਭਰਨਾ ਅਤੇ ਉਸ ਘਿਣਾਉਣੇ ਯਹੂਦੀ-ਵਿਰੋਧ ਦਾ ਸਹਾਰਾ ਲੈ ਕੇ ਪਿਛਾਖੜੀਵਾਦ ਅਤੇ ਅਸਹਿਣਸ਼ੀਲਤਾ ਦੀਆਂ ਭਾਵਨਾਵਾਂ ਭੜਕਾਉਣਾ ਜੁਰਮ ਹੈ, ਜੋ ਜੇ ਬੇਕਾਬੂ ਰਿਹਾ ਤਾਂ ਮਨੁੱਖੀ ਅਧਿਕਾਰਾਂ ਵਾਲੇ ਆਜ਼ਾਦੀ-ਪਸੰਦ ਫ਼ਰਾਂਸ ਨੂੰ ਤਬਾਹ ਕਰ ਦੇਵੇਗਾ।

ਉਸ ਸਮੇਂ ਅਤੇ ਅੱਜ ਵੀ ਫ਼ਰਾਂਸ ਦੀ



ਖੱਬੀ-ਧਿਰ ਦੇ ਵੱਡੇ ਹਿੱਸੇ ਵਾਂਗ ਜ਼ੋਲਾ ਨੂੰ ਵੀ ਫ਼ਰਾਂਸੀਸੀ ਰਾਜ ਦੀ ਧਰਮ-ਨਿਰਪੱਖਤਾ ਅਤੇ ਇਸ ਦੇ ਇਨਕਲਾਬੀ ਮੁੱਢ ਬਾਰੇ ਭਰਮ ਸਨ, ਪਰ ਉਨ੍ਹਾਂ ਦਾ ਗੁੱਸਾ ਸਾਡਾ ਵੀ ਗੁੱਸਾ ਹੋਣਾ ਚਾਹੀਦਾ ਹੈ।

ਪ੍ਰੋਫ਼ੈਸਰ ਜੇਸਨ ਆਰਡੇ ਦਾ ਕਤਲ ਸਾਡਾ ਡਰੇਫਸ ਮਾਮਲਾ ਹੈ। ਇਹ ਸਿਰਫ਼ ਇੱਕ ਭਿਆਨਕ ਚੇਤਾਵਨੀ ਨਹੀਂ, ਸਗੋਂ ਸੰਕਟਗ੍ਰਸਤ ਸਰਮਾਏਦਾਰੀ ਦੇ ਪ੍ਰਸੰਗ 'ਚ ਫਾਸ਼ੀਵਾਦ ਦੇ ਵਾਧੇ ਦੀ ਮਿਸਾਲ ਹੈ। ਇਹ ਸਿਰਫ਼ ਜਾਗਣ ਦੀ ਇੱਕ ਹੋਰ ਪੁਕਾਰ ਜਾਂ 'ਫਿਰ ਕਦੇ ਨਹੀਂ' ਦੀ ਅਪੀਲ ਨਹੀਂ, ਸਗੋਂ ਖੱਬੀ-ਧਿਰ ਦੇ ਸਾਹਮਣੇ ਇਸ ਗੱਲ ਨੂੰ ਹੋਰ ਸਪੱਸ਼ਟਤਾ ਨਾਲ ਸਮਝਣ ਦੀ ਚੁਣੌਤੀ ਹੈ ਕਿ ਸਾਡਾ ਸਾਹਮਣਾ ਕਿਸ ਨਾਲ ਹੈ।

ਕੈਂਬਰਿਜ ਯੂਨੀਵਰਸਿਟੀ ਵੀ ਇਸ ਵਿੱਚ ਭਾਈਵਾਲ ਹੈ। ਆਪਣੇ ਅਕਾਦਮਿਕ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਮੌਜੂਦ ਇੱਕ ਵਿਦਵਾਨ ਨੂੰ ਪ੍ਰੋਫ਼ੈਸਰ ਦੀ ਵੱਕਾਰੀ ਚੇਅਰ ਉੱਤੇ ਕਿਉਂ ਨਿਯੁਕਤ ਕੀਤਾ ਗਿਆ ਅਤੇ ਫਿਰ ਉਸ ਵੱਲੋਂ ਝੱਲੀ ਗਈ ਹਰ ਚੀਜ਼ ਦੇ ਬਾਵਜੂਦ ਉਸ ਨੂੰ ਕੋਈ ਸਹਾਇਤਾ ਕਿਉਂ ਨਹੀਂ ਦਿੱਤੀ ਗਈ? ਯੂਨੀਵਰਸਿਟੀ ਨੇ ਉਸ ਨੂੰ ਅਸਾਧਾਰਨ ਤੌਰ 'ਤੇ ਅਸੁਰੱਖਿਅਤ ਅਤੇ ਜਨਤਕ ਤੌਰ 'ਤੇ ਉੱਘੜਵੇਂ ਵਾਹ ਦੀ ਸਥਿਤੀ ਵਿੱਚ ਪਾ ਦਿੱਤਾ। ਨਸਲਵਾਦੀ ਮੁਹਿੰਮ ਦੇ ਜ਼ੋਰ ਫੜਨ 'ਤੇ ਵੀ ਯੂਨੀਵਰਸਿਟੀ ਉਸ ਦੀ ਹਮਾਇਤ ਕਰਨ ਵਿੱਚ ਨਾਕਾਮ ਰਹੀ।

ਪ੍ਰੋਫ਼ੈਸਰ ਆਰਡੇ ਦੇ ਕਤਲ ਬਾਰੇ ਮੇਰੀ ਆਖ਼ਰੀ ਗੱਲ ਵਧੇਰੇ ਨਿੱਜੀ ਹੈ। ਮੈਂ ਆਪਣੀ ਬਾਲਗ ਜ਼ਿੰਦਗੀ ਦਾ ਵੱਡਾ ਹਿੱਸਾ ਬਤੌਰ ਅਕਾਦਮਿਕ ਕੰਮ ਕਰਦਿਆਂ ਗੁਜ਼ਾਰਿਆ ਹੈ। ਮੈਂ ਜਿਨ੍ਹਾਂ ਅਕਾਦਮਿਕਾਂ ਨੂੰ ਜਾਣਦਾ ਹਾਂ, ਉਨ੍ਹਾਂ ਵਿੱਚੋਂ ਲਗਭਗ ਹਰੇਕ ਨੇ ਕਦੇ ਨਾ ਕਦੇ ਨੈਤਿਕ ਅਤੇ ਵਿਦਵਤਾਪੂਰਨ ਪ੍ਰੈਕਟਿਸ ਦੀਆਂ ਹੱਦਾਂ ਨੂੰ ਧੁੰਦਲਾ ਕੀਤਾ ਹੈ—ਅਤੇ ਪ੍ਰੋਫ਼ੈਸਰ ਆਰਡੇ ਉੱਤੇ ਵੀ ਇਹੋ ਜਿਹੇ ਖ਼ਾਸ ਦੋਸ਼ ਲਾਏ ਗਏ ਸਨ।

ਅੱਜ ਨਵ-ਉਦਾਰਵਾਦੀ ਯੂਨੀਵਰਸਿਟੀਆਂ ਵਿੱਚ ਪੜ੍ਹਾਉਣ, ਉੱਤਰ-ਪੱਤਰੀਆਂ ਜਾਂਚਣ, ਫੰਡ ਇਕੱਠੇ ਕਰਨ ਅਤੇ ਪ੍ਰਸ਼ਾਸਨਿਕ ਕੰਮ ਕਰਨ ਦੇ ਨਾਲ-ਨਾਲ ਲਗਾਤਾਰ ਪ੍ਰਕਾਸ਼ਿਤ ਕਰਦੇ ਰਹਿਣ ਦਾ ਅਸਹਿਣਯੋਗ ਦਬਾਅ ਹੈ। ਮੈਨੂੰ ਯਾਦ ਹੈ ਕਿ ਕਈ ਸਾਲ ਪਹਿਲਾਂ ਮੈਂ ਇੱਕ ਸਹਿਕਰਮੀ ਨਾਲ ਮਿਲ ਕੇ ਕਿਤਾਬ ਲਿਖ ਰਿਹਾ ਸੀ। ਉਸ ਨੇ ਸਮੀਖਿਆ ਲਈ ਮੈਨੂੰ ਇੱਕ ਅਧਿਆਇ ਦਾ ਖਰੜਾ ਭੇਜਿਆ। ਉਸ ਵਿੱਚ ਹਾਲ ਹੀ ਵਿੱਚ ਪ੍ਰਕਾਸ਼ਿਤ ਇੱਕ ਪ੍ਰਸਿੱਧ ਕਿਤਾਬ ਤੋਂ ਸਫ਼ਿਆਂ ਦੇ ਸਫ਼ੇ ਹੂ-ਬ-ਹੂ ਨਕਲ ਕੀਤੇ ਗਏ ਸਨ—ਨਾ ਕੋਈ ਹਵਾਲਾ, ਨਾ ਕੋਈ ਪ੍ਰਸੰਗ ਅਤੇ ਨਾ ਕੋਈ ਖਿਮਾ ਜਾਚਨਾ। ਹੋਰ ਸਹਿਕਰਮੀ ਲਗਾਤਾਰ ਆਪਣੇ ਹੀ ਕੰਮ ਨੂੰ ਮੁੜ ਵਰਤਦੇ ਰਹਿੰਦੇ ਹਨ—ਉਹੀ ਦਲੀਲਾਂ ਅਤੇ ਕਈ ਸਾਲ ਪਹਿਲਾਂ ਲਿਖੇ ਲੇਖਾਂ ਤੇ ਪ੍ਰਕਾਸ਼ਨਾਂ ਦੇ ਉਹੀ ਸ਼ਬਦ। ਮੈਂ ਬਹੁਤ ਜ਼ਿਆਦਾ ਦਬਾਅ ਹੇਠ ਕੰਮ ਕਰਨ ਵਾਲੇ ਸੁਪਰਵਾਈਜ਼ਰਾਂ ਨੂੰ ਆਪਣੇ ਵਿਦਿਆਰਥੀਆਂ ਦੀ ਖੋਜ 'ਉਧਾਰ ਲੈਂਦੇ' ਦੇਖਿਆ ਹੈ, ਕਿਉਂਕਿ ਉਨ੍ਹਾਂ ਨੂੰ ਨਵੀਂ ਸਮੱਗਰੀ ਦੀ ਲੋੜ ਹੁੰਦੀ ਹੈ। ਪੈਦਾ ਕਰਨ, ਲਿਖਣ ਅਤੇ ਖੋਜ ਕਰਨ ਦਾ ਜਨੂੰਨ ਏਨਾ ਜ਼ਿਆਦਾ ਹੈ ਕਿ ਸਾਡੇ ਵਿੱਚੋਂ ਬਹੁਤਿਆਂ ਨੂੰ ਪੂਰੀ ਤਰ੍ਹਾਂ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਅਸੀਂ ਸਾਹਿਤਕ ਚੋਰੀ ਦੇ ਦੋਸ਼ੀ ਹਾਂ। ਅਸੀਂ ਖੋਜ ਕਰਦੇ ਦਿਸਦੇ ਰਹਿਣ ਦੀ ਜਨੂੰਨੀ ਦੌੜ ਅਤੇ ਪ੍ਰਕਾਸ਼ਿਤ ਹੋਣ ਦੇ ਬੁਖ਼ਾਰ ਵਿੱਚ ਸ਼ਾਮਲ ਹੋ ਜਾਂਦੇ ਹਾਂ ਅਤੇ ਆਪਣੀ ਪ੍ਰੈਕਟਿਸ ਵੱਲੋਂ ਅੱਖਾਂ ਮੀਟ ਲੈਂਦੇ ਹਾਂ। ਮੈਂ ਵੀ ਆਪਣੀ ਅਕਾਦਮਿਕ ਜ਼ਿੰਦਗੀ 'ਚ ਉੱਪਰ ਦੱਸੀਆਂ ਲਗਭਗ ਸਾਰੀਆਂ ਗੱਲਾਂ ਕਿਸੇ ਨਾ ਕਿਸੇ ਰੂਪ 'ਚ ਕੀਤੀਆਂ ਹਨ।

ਇਸ ਪਾਗਲਪਣ ਵਿੱਚ ਬਣਾਉਟੀ ਬੁੱਧੀ ਨੇ ਅਕਾਦਮਿਕ ਪ੍ਰਕਾਸ਼ਨ ਨੂੰ ਬਿਲਕੁਲ ਨਵਾਂ ਅਤੇ ਧੋਖੇਭਰਿਆ ਪਹਿਲੂ ਦੇ ਦਿੱਤਾ ਹੈ। ਮੌਲਿਕ ਕੰਮ ਕੀ ਹੈ? ਦਰ ਅਸਲ ਸਾਡਾ ਆਪਣਾ ਕੀ ਹੈ? ਅਸੀਂ ਜਿਨ੍ਹਾਂ ਅਕਾਦਮਿਕਾਂ ਅਤੇ ਵਿਦਵਾਨਾਂ ਨੂੰ ਜਾਣਦੇ ਹਾਂ, ਉਨ੍ਹਾਂ ਵਿੱਚੋਂ ਕੌਣ ਇਸ ਤਕਨੀਕ ਦੀ ਵਰਤੋਂ ਨਹੀਂ ਕਰਦਾ? ਯੂਨੀਵਰਸਿਟੀਆਂ ਹੁਣ ਏ.ਆਈ. ਸਾਫ਼ਟਵੇਅਰ ਉੱਤੇ ਭਾਰੀ ਰਕਮ ਖ਼ਰਚ ਕਰਦੀਆਂ ਹਨ। ਉਹ ਵਿਦਿਆਰਥੀਆਂ ਨੂੰ ਦੱਸਦੀਆਂ ਅਤੇ ਅਕਾਦਮਿਕਾਂ ਨੂੰ ਸਿਖਲਾਈ ਦਿੰਦੀਆਂ ਹਨ ਕਿ ਜੇ ਇਸ ਨੂੰ 'ਜ਼ਿੰਮੇਵਾਰੀ ਨਾਲ' ਵਰਤਿਆ ਜਾਵੇ ਤਾਂ ਇਹ 'ਲਾਭਦਾਇਕ ਸੰਦ' ਹੈ।

ਫਿਰ ਵੀ ਪ੍ਰੋਫ਼ੈਸਰ ਆਰਡੇ ਬਾਰੇ ਸੱਚ ਇਹ ਹੈ ਕਿ ਉਹ ਸਾਹਿਤਕ ਚੋਰੀ ਦਾ ਦੋਸ਼ੀ ਨਹੀਂ ਸੀ। ਕੈਂਬਰਿਜ ਵਿੱਚ ਉਸ ਦੀ ਨਿਯੁਕਤੀ ਤੋਂ ਬਾਅਦ ਜਦੋਂ ਦੋਸ਼ਾਂ ਨੇ ਜ਼ੋਰ ਫੜਿਆ ਤਾਂ ਲਿਵਰਪੂਲ ਜੌਨ ਮੂਰਜ਼ ਯੂਨੀਵਰਸਿਟੀ ਨੇ ਰਸਮੀ ਜਾਂਚ ਕੀਤੀ। ਇਸੇ ਯੂਨੀਵਰਸਿਟੀ ਤੋਂ ਉਸ ਨੇ ਪੀਐੱਚਡੀ ਮੁਕੰਮਲ ਕੀਤੀ ਸੀ ਅਤੇ ਜਾਂਚ ਵਿੱਚ ਉਸ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। ਨਸਲਵਾਦੀ ਹਜੂਮ ਨੇ ਉਸ ਉੱਤੇ ਦੋਸ਼ ਲਾਏ ਅਤੇ ਅਤਿ-ਸੱਜੇ-ਪੱਖੀ ਵਿਦਵਾਨਾਂ ਤੇ ਅਖ਼ਬਾਰਾਂ ਨੇ ਉਨ੍ਹਾਂ ਦੀ ਜਾਂਚ ਕੀਤੀ, ਪਰ ਉਨ੍ਹਾਂ



ਨੂੰ ਉਸ ਵਿਰੁੱਧ ਕੁਝ ਵੀ ਨਹੀਂ ਮਿਲਿਆ। ਇਸ ਮਾਮਲੇ ਵਿੱਚ, ਮੇਰੀ ਦਲੀਲ ਹੈ ਕਿ ਉਹ ਇੱਕ ਅਪਵਾਦ ਸੀ।

16 ਅਗਸਤ ਦੀ ਸ਼ਰਧਾਂਜਲੀ ਸਭਾ ਵਿੱਚ ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਅਜਿਹਾ ਫਿਰ ਕਦੇ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ, ਪਰ ਇਹ ਫਿਰ ਹੋਵੇਗਾ—ਵਾਰ-ਵਾਰ ਹੋਵੇਗਾ। ਦਰ ਅਸਲ ਜਦੋਂ ਮੈਂ ਇਹ ਲਿਖ ਰਿਹਾ ਹਾਂ, ਉਦੋਂ ਵੀ ਬਰਤਾਨੀਆ ਵਿੱਚ ਕਾਲੇ ਅਕਾਦਮਿਕਾਂ ਨਾਲ ਅਜਿਹਾ ਹੋ ਰਿਹਾ ਹੋਵੇਗਾ, ਜਿਨ੍ਹਾਂ ਨੂੰ ਇਸ ਘਟਨਾ ਦੇ ਨਤੀਜਿਆਂ ਦੀ ਪੂਰੀ ਮਾਰ ਝੱਲਣੀ ਪਵੇਗੀ।

ਪ੍ਰੋਫ਼ੈਸਰ ਆਰਡੇ ਦਾ ਕਤਲ ਸਾਡੀ ਤ੍ਰਾਸਦੀ ਹੈ। ਸਾਡੀਆਂ ਆਵਾਜ਼ਾਂ ਅਤੇ ਵਿਰੋਧ-ਪ੍ਰਦਰਸ਼ਨ ਬਹੁਤ ਦੇਰ ਨਾਲ ਉੱਠੇ ਅਤੇ ਸਾਡੀਆਂ ਲਹਿਰਾਂ ਨੂੰ ਬੜੀ ਆਸਾਨੀ ਨਾਲ ਤੋੜ ਅਤੇ ਕਮਜ਼ੋਰ ਕਰ ਦਿੱਤਾ ਗਿਆ। ਜਦੋਂ ਅਸੀਂ ਆਖ਼ਿਰਕਾਰ ਖੜ੍ਹੇ ਹੋਏ, ਉਦੋਂ ਤੱਕ ਇੱਕ ਜ਼ਿੰਦਗੀ ਜਾ ਚੁੱਕੀ ਸੀ।

ਇਸ ਦੁਖਦਾਈ ਸਥਿਤੀ ਦਾ ਜਵਾਬ—ਸਰਮਾਏਦਾਰੀ ਦੀ ਲਗਾਤਾਰ ਹਿੰਸਾ ਅਤੇ ਨਸਲਵਾਦ ਦਾ ਵਿਰੋਧ ਕਰਨ ਵਾਲਿਆਂ ਸਾਹਮਣੇ ਮੌਜੂਦ ਸਦੀਆਂ ਪੁਰਾਣਾ ਸਵਾਲ—ਘਿਸਿਆ-ਪਿਟਿਆ ਅਤੇ ਥੱਕਿਆ ਹੋਇਆ ਲੱਗ ਸਕਦਾ ਹੈ। ਫਿਰ ਵੀ ਇਸ ਨੂੰ ਦੁਹਰਾਉਣ ਦੀ ਲੋੜ ਹੈ, ਜਿਵੇਂ ਡਰੇਫਸ ਮਾਮਲੇ ਅਤੇ ਜੌਰਜ ਫਲੌਇਡ ਦੇ ਕਤਲ ਤੋਂ ਬਾਅਦ ਕਿਹਾ ਗਿਆ ਸੀ—ਪ੍ਰੋਫ਼ੈਸਰ ਆਰਡੇ ਦੇ ਕਤਲ ਦੇ ਕਾਰਨਾਂ ਵਿਰੁੱਧ ਲਗਾਤਾਰ ਅਤੇ ਅਡੋਲ ਸੰਘਰਸ਼ ਤੋਂ ਘੱਟ ਕੋਈ ਵੀ ਚੀਜ਼ ਸਾਨੂੰ ਨਹੀਂ ਬਚਾ ਸਕਦੀ।

# 28 ਤੋਂ 30 ਅਗਸਤ ਤਿੰਨ ਰੋਜ਼ਾ ਸੂਬਾਈ ਸਿਖਿਆਰਥੀ ਚੇਤਨਾ ਕੈਂਪ

## • ਇਨਕਲਾਬੀ ਲਹਿਰਾਂ ਦੇ ਮਹੱਤਵ ਵਿਸ਼ੇ 'ਤੇ ਗੰਭੀਰ ਚਰਚਾ • ਰਾਜਿੰਦਰ ਭਦੌੜ ਅਤੇ ਡਾ. ਕੁਲਦੀਪ ਦੀਪ ਨੇ ਕੀਤਾ ਸੰਬੋਧਨ

ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦਾ ਆਗਾਜ਼ ਅੱਜ ਚੋਟੀ ਦੇ ਇਨਕਲਾਬੀ ਕਵੀ ਪਾਸ਼ ਦੀ ਕਵਿਤਾ 'ਘਾਹ' ਰਿਤਿਕਾ ਨੂਰਪੁਰ ਵੱਲੋਂ ਪੇਸ਼ ਕਰਨ ਨਾਲ ਹੋਇਆ। ਰਿਤਿਕਾ ਨੇ ਪਾਸ਼ ਦੇ ਬੋਲ ਪ੍ਰਭਾਵਸ਼ਾਲੀ ਅੰਦਾਜ਼ 'ਚ ਪੇਸ਼ ਕਰਦਿਆਂ ਕਿਹਾ ਕਿ:

'ਮੈਂ ਤੇ ਘਾਹ ਹਾਂ<br>
ਤੁਹਾਡੇ ਕੀਤੇ ਕਰਾਏ ਤੇ<br>
ਉੱਗ ਆਵਾਂਗਾ।'

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅੱਜ ਤੋਂ 30 ਅਗਸਤ ਤੱਕ ਨਿਰੰਤਰ ਚੱਲਣ ਵਾਲੇ ਤਿੰਨ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ, ਮੀਤ ਪ੍ਰਧਾਨ ਡਾ. ਪਰਮਿੰਦਰ, ਸਹਾਇਕ ਸਕੱਤਰ ਪ੍ਰੋ. ਗੋਪਾਲ ਬੁੱਟਰ (ਡਾ.) ਅਤੇ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਮੰਚ 'ਤੇ ਸ਼ਸ਼ੋਭਤ ਸਨ।

ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸਿਖਿਆਰਥੀ ਚੇਤਨਾ ਕੈਂਪ ਉਸ ਮੌਕੇ ਹੋ ਰਿਹੈ ਜਦੋਂ ਕੁੱਲ ਦੁਨੀਆਂ ਅਤੇ ਸਾਡੇ ਮੁਲਕ ਅੰਦਰ ਸਾਮਰਾਜੀ ਅਤੇ ਉਹਨਾਂ ਦੇ ਹਿੱਤ-ਪੂਰਕਾਂ ਵੱਲੋਂ ਕੁਦਰਤੀ ਅਨਮੋਲ ਖ਼ਜ਼ਾਨਿਆਂ ਅਤੇ ਲੋਕਾਂ ਦੀ ਕਿਰਤ ਨੂੰ ਹੜੱਪਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਕੁੱਲ ਦੁਨੀਆਂ ਅੰਦਰ ਫ਼ਿਰਕੇਦਾਰਾਨਾ ਅਤੇ ਪ੍ਰਵਾਸ ਦੇ ਮੁੱਦਿਆਂ ਨੂੰ ਭੜਕਾ ਕੇ ਲੋਕਾਂ ਦੀਆਂ ਮੁਸ਼ਕਲਾਂ ਦੇ ਹਕੀਕੀ ਜ਼ਿੰਮੇਵਾਰਾਂ ਤੋਂ ਧਿਆਨ ਹਟਾ ਕੇ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਅਤੇ ਫ਼ਿਰਕੂ ਫਾਸ਼ੀ ਹੱਲੇ ਤਿੱਖੇ ਕਰਨ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਜਨਰਲ ਸਕੱਤਰ ਨੇ ਪੰਜਾਬ ਦੀ ਜੁਆਨੀ ਨੂੰ ਇਤਿਹਾਸ ਦੀ ਵਾਗਡੋਰ ਸੰਭਾਲਣ ਲਈ ਇਤਿਹਾਸ ਦਾ ਅਧਿਐਨ ਕਰਨ ਅਤੇ ਪੁਸਤਕ ਸਭਿਆਚਾਰ ਦੇ ਲੜ ਲੱਗਣ ਦਾ ਸੱਦਾ ਦਿੱਤਾ।

ਸਿਖਿਆਰਥੀ ਚੇਤਨਾ ਕੈਂਪ ਦੇ ਅੱਜ ਦੇ ਮੁੱਖ ਵਕਤਾ ਡਾ. ਪਰਮਿੰਦਰ ਨੇ "ਕੌਮੀ ਮੁਕਤੀ ਲਹਿਰ ਅੰਦਰ ਇਨਕਲਾਬੀ ਲਹਿਰ ਨੂੰ ਮਸਲ ਦੇਣ ਲਈ ਚਲੇ ਆ ਰਹੇ ਮਨਸੂਬੇ ਅਤੇ ਜੁਆਨੀ ਦੇ ਫ਼ਰਜ਼" ਵਿਸ਼ੇ ਉਪਰ ਬੋਲਦਿਆਂ ਉਹਨਾਂ ਨੇ ਕਿਹਾ ਕਿ ਦੁਨੀਆਂ 'ਚ ਜਦੋਂ ਫਾਸ਼ੀਵਾਦ ਦੀ ਅੱਤ ਹੋਈ ਤਾਂ ਗੈਸ ਚੈਂਬਰਾਂ ਵਿੱਚ ਵੱਡੀ ਪੱਧਰ 'ਤੇ ਲੋਕਾਂ ਦਾ ਘਾਣ ਕੀਤਾ ਗਿਆ।

ਉਹਨਾਂ ਕਿਹਾ ਕਿ ਜੋ ਕੁਝ ਇਟਲੀ ਜਰਮਨ ਵਿੱਚ ਘਿਨੌਣਾ ਕਹਿਰ ਵਾਪਰਿਆ




ਉਸ ਤੋਂ ਕਿਤੇ ਵਹਿਸ਼ੀਆਨਾ ਜ਼ਬਰ ਸਿਤਮ ਸਾਡੇ ਮੁਲਕ ਵਿੱਚ ਵਾਪਰ ਰਿਹੈ ਅਤੇ ਭਵਿੱਖ ਵਿੱਚ ਇਹ ਹੋਰ ਵੀ ਵਿਆਪਕ ਅਤੇ ਤਿੱਖਾ ਹੋਏਗਾ। ਇਸਦੇ ਲੱਛਣ ਵਿਦਿਆਰਥੀ ਅਤੇ ਸਨਅਤੀ ਕਾਮਿਆਂ ਦੇ ਅੰਦੋਲਨ ਮੌਕੇ ਜਮਹੂਰੀ ਹੱਕਾਂ ਦਾ ਘਾਣ ਕੀਤੇ ਜਾਣ ਮੌਕੇ ਸਾਫ਼ ਦੇਖੇ ਜਾ ਸਕਦੇ ਹਨ।

ਡਾ. ਪਰਮਿੰਦਰ ਨੇ ਕਿਹਾ ਕਿ ਅਜੋਕੀ ਨਵੀਂ ਵਿੱਦਿਅਕ ਨੀਤੀ, ਸਿੱਖਿਆ ਦੇ ਨਿੱਜੀਕਰਣ ਦੇ ਦੌਰ 'ਚ ਨੀਟ ਪ੍ਰੀਖਿਆ ਅਤੇ ਫ਼ੀਸਾਂ ਦੀਆਂ ਪੰਡਾਂ ਬੰਨ੍ਹ ਕੇ ਲੈ ਜਾਣ ਵਾਲੇ ਵਿੱਦਿਆ ਦੇ ਵਪਾਰੀ, ਵਿਦਿਆਰਥੀਆਂ ਨੂੰ ਖ਼ੁਦਕੁਸ਼ੀਆਂ ਕਰਨ ਅਤੇ ਹਨੇਰੇ ਭਵਿੱਖ ਦੇ ਖੂਹ 'ਚ ਧੱਕਾ ਦੇ ਰਹੇ ਹਨ।

ਉਹਨਾਂ ਕਿਹਾ ਕਿ ਜੰਤਰ-ਮੰਤਰ ਅਤੇ ਮੁਲਕ ਦੇ ਅਨੇਕਾਂ ਖਿੱਤਿਆਂ ਅੰਦਰ ਜੁਆਨੀ ਦੀ ਸੜਕਾਂ 'ਤੇ ਨਿੱਤਰੀ ਸੁਨਾਮੀ ਨੂੰ ਦਬਾਉਣ ਲਈ ਪੈਲੇਟ ਗੰਨਾਂ ਤੱਕ ਦੀ ਵਰਤੋਂ ਕੀਤੀ ਅਤੇ ਇਹਨਾਂ ਲਹਿਰਾਂ ਨੂੰ ਰੋਕਣ ਲਈ 'ਦਿਮਾਗੀ ਨਕਸਲ' ਵਰਗੇ ਠੱਪੇ ਮੜ੍ਹਕੇ ਦਹਿਸ਼ਤਜ਼ਦਾ ਮਾਹੌਲ ਸਿਰਜਕੇ ਲੋਕ ਆਵਾਜ਼ ਨੂੰ ਲਹੂ 'ਚ ਡਬੋਣ ਦਾ ਯਤਨ ਕੀਤਾ ਜਾ ਰਿਹੈ।

ਡਾ. ਪਰਮਿੰਦਰ ਨੇ ਜ਼ੋਰ ਦੇ ਕੇ ਕਿਹਾ ਕਿ ਚੌਤਰਫ਼ੇ ਹੱਲੇ ਜੁਆਨੀ ਨੂੰ ਗ਼ਦਰੀ, ਬੱਬਰ ਅਕਾਲੀ ਅਤੇ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ ਦੇ ਲੜ ਲੱਗਣ ਦੀ ਲੋੜ ਦੇ ਤਿੱਖੇ ਸੰਕੇਤ ਕਰ ਰਹੇ ਹਨ। ਵਿਦਿਆਰਥੀਆਂ ਨੂੰ ਵਕਤ ਦੀ ਆਵਾਜ਼ ਸੁਣਨ ਦੀ ਲੋੜ ਹੈ।

ਸੁਆਲ ਜੁਆਬ ਦੇ ਦੂਜੇ ਸੈਸ਼ਨ 'ਚ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥਣ ਰੀਆ, ਅਸੀਮ ਬਠਿੰਡਾ, ਆਕਾਸ਼ਦੀਪ ਬਠਿੰਡਾ, ਵਿਵੇਕ ਕੁਮਾਰ ਕੁੱਲੇਵਾਲ, ਗੁਰਲੀਨ ਕੌਰ ਬਠਿੰਡਾ, ਤਾਲਿਕਾ ਬਠਿੰਡਾ, ਧਰਮਿੰਦਰ ਮਸਾਣੀ, ਰਿਤਿਕਾ ਨੂਰਪੁਰ ਅਤੇ ਸੁਮਨ ਬਠਿੰਡਾ ਨੇ ਮਹੱਤਵਪੂਰਣ ਸੁਆਲ ਕੀਤੇ। ਡਾ. ਪਰਮਿੰਦਰ ਨੇ ਬਹੁਤ ਹੀ ਸਾਰਥਕ ਜਵਾਬ ਦਿੱਤੇ ਅਤੇ ਉਹਨਾਂ ਨੂੰ ਸਿਖਿਆਰਥੀਆਂ ਨੂੰ ਮੁੱਲਵਾਨ ਸੁਆਲ ਕਰਨ ਤੇ ਉਚੇਚੇ ਤੌਰ ਤੇ ਮੁਬਾਰਕ ਦਿੱਤੀ।

ਚੇਤਨਾ ਕੈਂਪ ਦੇ ਦੂਜੇ ਦਿਨ 29 ਅਕਤੂਬਰ ਨੂੰ ਰਾਜਿੰਦਰ ਭਦੌੜ, ਡਾ. ਕੁਲਦੀਪ ਦੀਪ ਦੇ ਭਾਸ਼ਣਾਂ ਤੋਂ ਇਲਾਵਾ 'ਹੋਪ' ਅਤੇ 'ਰਾਮ ਕੇ ਨਾਮ' ਦੇ ਫ਼ਿਲਮਾਂ ਦੀ ਸਕਰੀਨਿੰਗ ਹੋਵੇਗੀ।

ਇਸੇ ਦੌਰਾਨ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਚੱਲ ਰਹੇ ਸਿਖਿਆਰਥੀ ਚੇਤਨਾ ਕੈਂਪ ਦੇ ਦੂਜੇ ਦਿਨ 'ਸਮਾਜ ਅੰਦਰ ਫੈਲਾਏ ਜਾ ਰਹੇ ਅੰਧ-ਵਿਸ਼ਵਾਸ ਦੇ ਹਨੇਰੇ ਨੂੰ ਦੂਰ ਕਰਨ ਲਈ ਵਿਗਿਆਨਕ ਚੇਤਨਾ ਦੀ ਲੋੜ' ਵਿਸ਼ੇ 'ਤੇ ਬੋਲਦੇ ਹੋਏ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਗੈਬੀ ਸ਼ਕਤੀਆ ਦਾ ਅਡੰਬਰ ਰਚਕੇ ਅਸਲ 'ਚ ਲੋਕਾਂ ਖ਼ਿਲਾਫ਼ ਸਰਗਰਮ ਸ਼ਕਤੀਆਂ ਆਪਣੇ ਸੌੜੇ ਮੰਤਵਾਂ ਦੀ ਪੂਰਤੀ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਨੇ।

ਰਾਜਿੰਦਰ ਭਦੌੜ ਨੇ ਕਿਹਾ ਕਿ ਬੌਧਿਕ ਵਿਕਾਸ ਅਤੇ ਸਮਾਜਕ ਸਰੋਕਾਰਾਂ ਦੇ ਸੰਗੀ ਸਾਥੀ ਬਣ ਕੇ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਵਿਗਿਆਨਕ ਚੇਤਨਾ ਨਾਲ ਲੈਸ ਹੋਈਏ। ਅਸੀਂ ਸੁਆਲ ਕਰਨਾ, ਵਰਤਾਰਿਆਂ ਨੂੰ ਸਮਝਣ ਅਤੇ ਹਕੀਕਤਮੁਖੀ ਹੋ ਕੇ ਆਪਣੀ ਨਿੱਜੀ ਜ਼ਿੰਦਗੀ ਤੋਂ ਉੱਪਰ ਉੱਠਕੇ ਸਮਾਜਕ ਫ਼ਰਜ਼ਾਂ ਨੂੰ ਤਰਜੀਹ ਦੇਣ ਦੀ ਜਾਂਚ ਸਿੱਖਿਏ। ਉਹਨਾਂ ਕਿਹਾ ਕਿ ਸਮਾਜ ਦੀ ਆਲੋਚਨਾਤਮਕ ਦ੍ਰਿਸ਼ਟੀ ਨੂੰ ਫ਼ਨਾਹ ਕਰਨਾ ਅਜੋਕੇ ਪ੍ਰਬੰਧ ਦੀ ਅਣਸਰਦੀ ਲੋੜ ਹੈ ਕਿਉਂਕਿ ਇਹ ਸਿਸਟਮ ਕੂੜ ਅਤੇ ਅੰਧਵਿਸ਼ਵਾਸੀ ਦੀਆਂ ਥੋਦੀਆਂ ਨੀਹਾਂ ਉਪਰ ਡਿਕਡੋਲੇ ਖਾ ਰਿਹੈ ਜਿਸਨੂੰ ਡਿਗ ਜਾਣ ਦਾ ਭੈਅ ਵੱਢ-ਵੱਢ ਖਾ ਰਿਹੈ।

ਅੰਮ੍ਰਿਤਪਾਲ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, ਗੁਰਲੀਨ ਬਠਿੰਡਾ, ਰੀਆ ਚੰਡੀਗੜ੍ਹ, ਵਿਵੇਕ ਰੱਤੂ ਕੁਲੇਵਾਲ, ਪਾਵੇਲ ਸਿਹੌੜਾ, ਸੁਖਪ੍ਰੀਤ ਕੌਰ, ਵਿਵੇਕ ਕੁਮਾਰ ਅਤੇ ਗੁਰਵਿੰਦਰਪਾਲ ਬਠਿੰਡਾ ਨੇ ਬਹੁਤ ਹੀ ਮਹੱਤਵਪੂਰਣ ਸੁਆਲ ਕੀਤੇ ਜਿਨ੍ਹਾਂ ਦੇ ਠੋਸ ਉਦਾਹਰਣਾਂ ਦੇ ਹਵਾਲਿਆਂ ਨਾਲ ਰਾਜਿੰਦਰ ਭਦੌੜ ਨੇ ਜਵਾਬ ਦਿੰਦੇ ਹੋਏ ਉਹਨਾਂ ਨੇ ਸਿਖਿਆਰਥੀਆਂ ਵਿੱਚ ਵਧ ਫੁਲ ਰਹੀ ਸੂਝ-ਬੂਝ ਤੇ ਪ੍ਰਸੰਨਤਾ ਪ੍ਰਗਟ ਕੀਤੀ।

ਦੂਜੇ ਸੈਸ਼ਨ 'ਚ 'ਸੋਸ਼ਲ ਮੀਡੀਆ ਅਤੇ ਨੌਜਵਾਨ ਪੀੜ੍ਹੀ' ਵਿਸ਼ੇ ਉਪਰ ਬੋਲਦਿਆਂ ਡਾ. ਕੁਲਦੀਪ ਦੀਪ ਨੇ ਕਿਹਾ ਕਿ ਸੋਸ਼ਲ ਮੀਡੀਆ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ ਚੀਜ਼ਾਂ ਨੂੰ ਬਾਜ਼ਾਰ ਰੂਪੀ ਦ੍ਰਿਸ਼ਟੀ ਤੋਂ ਵਾਇਰਲ ਤਾਂ ਕਰ ਸਕਦਾ ਪਰ ਸੋਸ਼ਲ ਮੀਡੀਆ ਦੇ ਇਸ ਤੰਤਰ ਰਾਹੀਂ ਸਾਡੇ ਸਮਾਜ ਦੀ ਸਿਰਜਣਾਤਮਕਤਾ ਨੂੰ ਤਹਿਸ ਨਹਿਸ ਕੀਤਾ ਜਾ ਰਿਹਾ ਹੈ।

ਡਾ. ਕੁਲਦੀਪ ਦੀਪ ਨੇ ਆਪਣੇ ਭਾਸ਼ਣ ਨੂੰ ਮੂਲੋਂ ਹੀ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਦਿਆਂ ਸਿਖਿਆਰਥੀਆਂ ਨਾਲ ਸੁਆਲ-ਜਵਾਬ ਦੇ ਰੂਪ ਵਿੱਚ ਸੰਵਾਦ ਸਿਰਜਿਆ ਜਿਸ ਵਿੱਚ ਸਿਖਿਆਰਥੀ ਖੁਭ ਕੇ ਜੁੜੇ ਰਹੇ।

ਸੋਸ਼ਲ ਮੀਡੀਆ ਤੇ ਏ.ਆਈ. ਆਧੁਨਿਕ ਤਕਨੀਕ ਦੇ ਨਾਂਅ 'ਤੇ ਅਜਿਹੇ ਵਾਤਾਵਰਣ ਦਾ ਧੂੰਆਂ ਪੈਦਾ ਕਰ ਰਖਿਆ ਹੈ ਕਿ ਅਸੀਂ ਬੁਰੀ ਤਰ੍ਹਾਂ ਇਸਦੇ ਮੱਕੜ ਜਾਲ ਵਿੱਚ ਫਸ ਰਹੇ ਹਾਂ। ਬਾਜ਼ਾਰ, ਰਾਜਨੀਤੀ ਅਤੇ ਪ੍ਰਬੰਧਕੀ ਢਾਂਚਾ ਸਾਨੂੰ ਜ਼ਿੰਦਗੀ ਦੇ ਹਕੀਕੀ ਮਾਰਗ ਤੋਂ ਕੋਹਾਂ ਦੂਰ ਰੱਖਿਆ ਜਾ ਰਿਹਾ ਹੈ। ਹੁਣ ਬਹੁਤ ਕੁੱਝ ਜਾਣ ਬੁੱਝ ਕੇ ਭਰਮ ਭਰਿਆ ਅਤੇ ਗੁੰਮਰਾਹਕੁਨ ਗੁਬਾਰ ਖੜ੍ਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਦੀ ਹਕੀਕੀ ਲੜਾਈ ਮੱਛਰਦਾਨੀ ਤੋਂ ਬਾਹਰ ਆਕੇ ਲੜਨ ਲਈ ਕਾਵਿਕ ਬੋਲਾਂ ਨੂੰ ਹਕੀਕੀ ਰੂਪ ਦੇਣ ਦੀ ਲੋੜ ਹੈ ਕਿਉਂਕਿ ਜ਼ਿੰਦਗੀ ਦੇ ਮੂਲ ਮੁੱਦਿਆਂ ਦੀ ਜਦੋਂ ਜਹਿਦ ਸਿਰਫ਼ ਸੋਸ਼ਲ ਮੀਡੀਆ ਤੇ ਹੀ ਨਹੀਂ ਸਗੋਂ ਜ਼ਮੀਨ 'ਤੇ ਉੱਤਰ ਕੇ ਕਰਨੀ ਪਵੇਗੀ।

ਵਰਵਰਾ ਰਾਓ, ਗੋਬਿੰਦ ਪਨਸਾਰੇ, ਗੌਰੀ ਲੰਕੇਸ਼, ਸਫ਼ਦਰ ਹਾਸ਼ਮੀ, ਪਾਸ਼, ਸਵਿਤਰੀ ਬਾਈ ਫੂਲੇ ਵਰਗਿਆਂ ਨੂੰ ਜਾਨਣ ਲਈ ਝੰਜੋੜਵੇਂ ਬੋਲਾਂ ਨਾਲ ਡਾ. ਦੀਪ ਨੇ ਸਿਖਿਆਰਥੀਆਂ ਨੂੰ ਆਪਣੀਆਂ ਸਭ ਤੋਂ ਵੱਧ ਭਰੋਸੇਯੋਗ ਮਿੱਤਰ ਕਿਤਾਬਾਂ ਵੱਲ ਮੁਹਾਰਾਂ ਮੋੜਨ ਦੀ ਅਪੀਲ ਕੀਤੀ।

ਸਿਖਿਆਰਥੀ ਚੇਤਨਾ ਕੈਂਪ ਨੂੰ ਸੰਬੋਧਨ ਕਰਤਾ ਵਿਦਵਾਨਾਂ ਡਾ. ਪਰਮਿੰਦਰ, ਮਾਸਟਰ ਰਾਜਿੰਦਰ ਭਦੌੜ ਅਤੇ ਡਾ. ਕੁਲਦੀਪ ਦੀਪ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਗਿਆ।

ਸਮੂਹ ਸਿਖਿਆਰਥੀਆਂ ਨੂੰ ਪ੍ਰਮਾਣ-ਪੱਤਰ ਅਤੇ ਪੁਸਤਕਾਂ ਦੇ ਸੈੱਟ ਭੇਂਟ ਕਰਨ ਉਪਰੰਤ ਇੱਕ ਗਰੁੱਪ ਫੋਟੋ ਕਰਦਿਆਂ ਮੁਬਾਰਕਵਾਦ ਦਿੱਤੀ ਗਈ।

ਪੀਪਲਜ਼ ਵਾਇਸ ਵੱਲੋਂ ਡਾ. ਸੈਲੇਸ਼ ਅਤੇ ਬਲਜਿੰਦਰ ਹੋਰਾਂ ਨੇ ਗੁਰਪ੍ਰੀਤ ਆਰਟਿਸਟ ਬਠਿੰਡਾ ਦੇ ਫ਼ਿਲਮਸਾਜ਼ ਸਪੁੱਤਰ ਕੁੰਵਰ ਜੈ ਸਿੰਘ ਦੀ ਫ਼ਿਲਮ 'ਹੋਪ' ਅਤੇ ਆਨੰਦ ਪਟਵਰਧਨ ਦੀ ਦਸਤਾਵੇਜ਼ੀ ਫ਼ਿਲਮ 'ਰਾਮ ਕੇ ਨਾਮ' ਵੀ ਸਿਖਿਆਰਥੀਆਂ ਨੂੰ ਵਿਖਾਈ। ਅਜੋਕੇ ਫ਼ਿਰਕੂ ਫ਼ਾਸ਼ੀ ਦੌਰ ਅੰਦਰ ਇਹ ਫ਼ਿਲਮਾਂ ਅਤੇ ਸਮੁੱਚਾ ਸਿਖਿਆਰਥੀ ਚੇਤਨਾ ਕੈਂਪ ਸਿਖਿਆਰਥੀਆਂ ਦੀ ਅਭੁੱਲ ਯਾਦ ਬਣੀਆਂ ਰਹਿਣਗੀਆਂ।

ਚੇਤਨਾ ਕੈਂਪ ਵਿਚ ਮੰਚ ਸੰਚਾਲਨ ਦੀ ਭੂਮਿਕਾ ਅਮੋਲਕ ਸਿੰਘ ਵੱਲੋਂ ਨਿਭਾਈ ਗਈ।

ਅਮੋਲਕ ਸਿੰਘ<br>
ਸੰਪਰਕ: 98778 68710

# ਦਿਮਾਗ ਤੋਂ ਭੈਅ ਭੀਤ '56-ਇੰਚ' ਹਕੂਮਤ



ਬੂਟਾ ਸਿੰਘ
ਮਹਿਮੂਦਪੁਰ
94634-74342

ਆਰ.ਐੱਸ.ਐੱਸ.-ਭਾਜਪਾ ਵੱਲੋਂ ਹੱਕਾਂ ਲਈ ਜੂਝਣ ਵਾਲਿਆਂ ਅਤੇ ਹਕੂਮਤ ਦੀ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਣ ਨੂੰ 'ਅੰਦੋਲਨਜੀਵੀ', 'ਟੁਕੜੇ-ਟੁਕੜੇ ਗੈਂਗ', 'ਖ਼ਾਨ ਮਾਰਕੀਟ ਗੈਂਗ', 'ਦੇਸ਼ਧ੍ਰੋਹੀ', 'ਟੂਲ-ਕਿੱਟ ਗੈਂਗ', 'ਪ੍ਰੈਸਟੀਚਿਊਟ', 'ਸਿਕੂਲਰ', 'ਸ਼ਹਿਰੀ ਨਕਸਲੀ' ਆਦਿ ਕਰਾਰ ਦੇ ਕੇ ਜਬਰ ਦਾ ਨਿਸ਼ਾਨਾ ਬਣਾਉਣ ਤੋਂ ਬਾਅਦ ਹੁਣ ਨਫ਼ਰਤਜੀਵੀ 'ਨਿਊਰੋਵਿਗਿਆਨੀ' ਮੋਦੀ ਨੇ 'ਦਿਮਾਗੀ ਨਕਸਲੀ' ਦੀ ਨਵੀਂ ਖੋਜ ਪੇਸ਼ ਕੀਤੀ ਹੈ। ਪਹਿਲਾਂ ਵੱਖ-ਵੱਖ ਸਰਕਾਰਾਂ ਵੱਲੋਂ ਨਕਸਲੀ ਇਨਕਲਾਬੀਆਂ ਨੂੰ ਮੁਕਾਬਲਿਆਂ ਵਿਚ ਮਾਰਨ ਅਤੇ ਜੇਲ੍ਹਾਂ ਵਿਚ ਸਾੜਨ ਦਾ ਦਸਤੂਰ ਸੀ। ਫਿਰ, ਭਗਵਾ ਹਕੂਮਤ ਵੱਲੋਂ 2018 'ਚ ਜਬਰ ਦਾ ਘੇਰਾ ਵਧਾ ਕੇ 'ਸ਼ਹਿਰੀ ਨਕਸਲੀ' ਦੇ ਨਾਂ ਹੇਠ ਲੋਕ ਹੱਕਾਂ ਦੇ ਕਾਰਕੁਨਾਂ, ਲੇਖਕਾਂ-ਕਵੀਆਂ-ਬੁੱਧੀਜੀਵੀਆਂ ਨੂੰ ਵੀ ਜੇਲ੍ਹਾਂ ਵਿਚ ਡੱਕਣਾ ਸ਼ੁਰੂ ਕਰ ਦਿੱਤਾ ਗਿਆ। ਕੁਝ ਸਾਲ ਪਹਿਲਾਂ ਮੋਦੀ ਨੇ ਐਲਾਨ ਕੀਤਾ ਸੀ ਕਿ 'ਕਲਮਧਾਰੀ ਨਕਸਲੀ' ਬੰਦੂਕਾਂ ਵਾਲੇ ਨਕਸਲੀਆਂ ਤੋਂ ਵੀ ਖ਼ਤਰਨਾਕ ਹਨ। ਹੁਣ 'ਦਿਮਾਗੀ ਨਕਸਲੀ' ਨਾਂ ਦਾ ਨਵਾਂ ਹਊਆ ਖੜ੍ਹਾ ਕੀਤਾ ਗਿਆ ਹੈ। ਇਸਦਾ ਸਪਸ਼ਟ ਮਤਲਬ ਇਹ ਹੈ ਕਿ ਦਿਮਾਗ ਦੀ ਵਰਤੋਂ ਕਰਨ ਵਾਲੇ ਨਾਗਰਿਕ, ਸਰਕਾਰ ਦੀਆਂ ਨਜ਼ਰਾਂ 'ਚ ਖ਼ਤਰਨਾਕ ਮੁਜਰਿਮ ਹਨ। ਇਹ ਸਮਾਜ ਨੂੰ ਬਿਹਤਰ ਬਣਾਉਣ ਦੀ ਸੋਚ ਰੱਖਣ ਵਾਲੇ, ਦੱਬੇ-ਕੁਚਲੇ ਕਿਰਤੀ ਲੋਕਾਂ ਦੇ ਹੱਕਾਂ ਨਾਲ ਸਰੋਕਾਰ ਰੱਖਣ ਵਾਲੇ ਹਰ ਵਿਅਕਤੀ ਨੂੰ ਹਕੂਮਤੀ ਹਮਲੇ ਦੀ ਮਾਰ ਹੇਠ ਲਿਆਉਣ ਦਾ ਹਕੂਮਤੀ ਐਲਾਨ ਹੈ। ਆਰ.ਐੱਸ.ਐੱਸ.-ਭਾਜਪਾ ਚਾਹੁੰਦੀ ਹੈ ਕਿ ਨੌਜਵਾਨ ਅਧਿਕਾਰ ਨਾ ਮੰਗਣ ਸਗੋਂ ਕਾਂਵੜੀਏ ਬਣਕੇ ਸ਼ਰਧਾ ਦਾ ਬੋਝ ਢੋਂਦੇ ਰਹਿਣ।

ਇਸ ਵਾਰ ਵੀ 15 ਅਗਸਤ ਨੂੰ ਮੋਦੀ ਨੇ ਲਾਲ ਕਿਲ੍ਹੇ ਤੋਂ ਦਿੱਤੇ ਆਪਣੇ ਭਾਸ਼ਣ ਵਿਚ 2014 ਤੋਂ ਬਾਅਦ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਲੰਮਾ-ਚੌੜਾ ਵੇਰਵਾ ਦਿੱਤਾ। ਇਸ ਮੌਕੇ ਉਸਨੇ ਉਚੇਚੇ ਤੌਰ 'ਤੇ ਫਰਮਾਇਆ ਕਿ 'ਦਿਮਾਗੀ ਨਕਸਲ' ਭਾਰਤੀ ਸਮਾਜ ਲਈ ਖ਼ਤਰਾ ਹਨ ਅਤੇ ਉਨ੍ਹਾਂ ਨੂੰ 'ਲੱਭ ਕੇ ਅਲੱਗ-ਥਲੱਗ' ਕਰਨ ਦੀ ਜ਼ਰੂਰਤ ਹੈ। ਉਸਨੇ ਦਾਅਵਾ ਕੀਤਾ ਕਿ 'ਜੰਗਲਾਂ ਵਿਚਲੇ ਹਥਿਆਰਬੰਦ ਨਕਸਲੀ ਤਾਂ ਗਏ, ਦਿਮਾਗੀ ਨਕਸਲੀ ਅਜੇ ਬਾਕੀ ਹਨ ਜੋ ਗੜਬੜ ਕਰਨ ਲਈ ਮੌਕੇ ਦੀ ਭਾਲ 'ਚ ਰਹਿੰਦੇ ਹਨ'। ਉਸਨੇ ਹੋਰ ਕਿਹਾ ਕਿ 'ਅਜਿਹੇ ਵਿਅਕਤੀਆਂ ਨੇ ਸਾਲਾਂ ਤੋਂ ਸੱਤਾ ਦੇ ਗਲਿਆਰਿਆਂ ਵਿੱਚ ਆਪਣੀ ਥਾਂ ਬਣਾ ਰੱਖੀ ਹੈ ਅਤੇ ਸਰਕਾਰੀ ਕਮੇਟੀਆਂ ਦੇ ਸਲਾਹਕਾਰਾਂ ਵਜੋਂ ਕੰਮ ਕਰਨ ਸਮੇਤ ਨੀਤੀ-ਨਿਰਮਾਣ ਨੂੰ ਪ੍ਰਭਾਵਤ ਕਰ ਰਹੇ ਹਨ।' ਹਾਲਾਂਕਿ ਉਸਨੇ ਇਹ ਸਪਸ਼ਟ ਨਹੀਂ ਕੀਤਾ, ਅਤੇ ਸਪਸ਼ਟ ਕਰਨਾ ਉਸਦਾ ਮਕਸਦ ਵੀ ਨਹੀਂ ਹੈ, ਕਿ ਸੱਤਾ ਦੇ ਗਲਿਆਰਿਆਂ ਵਿਚ ਪੈਰ-ਜਮਾਈ ਬੈਠੇ ਉਹ ਸ਼ਖ਼ਸ ਕੌਣ ਹਨ।

ਇਸਦਾ ਰਾਜਨੀਤਕ ਲਾਹਾ ਲੈਣ ਲਈ ਪੀ.ਚਿਦੰਬਰਮ ਅਤੇ ਹੋਰ ਮੌਕਾਪ੍ਰਸਤ ਸਿਆਸਤਦਾਨਾਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ 'ਮੈਨੂੰ ਦਿਮਾਗੀ ਨਕਸਲ ਹੋਣ 'ਤੇ ਮਾਣ ਹੈ'। ਚਿਦੰਬਰਮ ਉਹ ਦੁਸ਼ਟ ਹੈ ਜਿਸਦੀ ਕਮਾਨ ਹੇਠ ਮਨਮੋਹਣ-ਸੋਨੀਆ ਗਾਂਧੀ ਸਰਕਾਰ ਵੱਲੋਂ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਆਦਿਵਾਸੀ ਲੋਕਾਂ ਦਾ ਕਤਲੇਆਮ ਅਤੇ ਉਜਾੜਾ ਕਰਨ ਲਈ 'ਓਪਰੇਸ਼ਨ ਗ੍ਰੀਨ ਹੰਟ' ਸ਼ੁਰੂ ਕੀਤਾ ਗਿਆ ਸੀ। ਜਦੋਂ ਇਸ ਮੁੱਦੇ ਉੱਪਰ ਮੋਦੀ ਸਰਕਾਰ ਘਿਰਨੀ ਸ਼ੁਰੂ ਹੋ ਗਈ ਤਾਂ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਪਸ਼ਟੀਕਰਨ ਦਿੱਤਾ ਕਿ ਮੋਦੀ ਜੀ ਨੇ 'ਦਿਮਾਗੀ ਨਕਸਲ' ਵਿਰੋਧੀ-ਧਿਰ ਨੂੰ ਨਹੀਂ ਕਿਹਾ, 'ਦਿਮਾਗੀ ਨਕਸਲ' ਤਾਂ ਉਹ ਹਨ ਜੋ 'ਮਾਓਵਾਦੀਆਂ ਦੀ ਹਮਾਇਤ ਕਰਦੇ ਹਨ ਅਤੇ ਭਾਰਤੀ ਸੰਵਿਧਾਨ ਨੂੰ ਰੱਦ ਕਰਦੇ ਹਨ। ਜੋ ਵੱਖਵਾਦੀਆਂ ਦਾ ਸਾਥ ਦਿੰਦੇ ਹਨ ਅਤੇ ਧਾਰਾ 370 ਦੀ ਹਮਾਇਤ ਕਰਦੇ ਹਨ।' ਭਾਜਪਾ ਦੇ ਐੱਮ.ਪੀ. ਸੁਧਾਂਸ਼ੂ ਤ੍ਰਿਵੇਦੀ ਨੇ ਇਸ ਪਰਿਭਾਸ਼ਾ ਵਿਚ ਇਹ ਵੀ ਜੋੜਿਆ ਹੈ ਕਿ ਜੋ 'ਵੰਨ ਇੰਡੀਆ, ਗਰੇਟ ਇੰਡੀਆ' ਨੂੰ ਨਹੀਂ ਮੰਨਦਾ, ਜੋ 'ਵੰਦੇ ਮਾਤਰਮ' ਗਾਉਣ ਤੋਂ ਬੇਅਰਾਮੀ ਮਹਿਸੂਸ ਕਰਦਾ ਜਾਂ ਇਨਕਾਰੀ ਹੈ, ਉਹ ਦਿਮਾਗੀ ਨਕਸਲੀ ਹੈ। ਅਜੇ ਪਤਾ ਨਹੀਂ, ਇਹੀ ਵਿਆਖਿਆ ਅੰਤਮ ਹੈ ਜਾਂ ਕੋਈ ਹੋਰ ਵੀ ਸੁਣਨ ਨੂੰ ਮਿਲੇਗੀ!

15 ਅਗਸਤ ਦਾ ਭਾਸ਼ਣ ਕੇਂਦਰ ਸਰਕਾਰ ਦੀ ਅਗਲੇ ਸਾਲ ਦੀ ਕਾਰਜ-ਯੋਜਨਾ ਵਾਂਗ ਹੁੰਦਾ ਹੈ। ਲਿਹਾਜ਼ਾ, ਫਾਸ਼ੀਵਾਦੀ ਹਕੂਮਤ ਨੇ ਹੁਣ ਵਿਚਾਰਾਂ ਦੇ ਆਧਾਰ 'ਤੇ ਨਾਗਰਿਕਾਂ ਨੂੰ ਅਲੱਗ-ਥਲੱਗ ਕਰਨ ਅਤੇ ਨਿਸ਼ਾਨਾ ਬਣਾਉਣ ਦਾ ਦਾਇਰਾ ਹੋਰ ਵੀ ਚੌੜਾ ਕਰ ਲਿਆ ਹੈ। ਹੁਣ ਆਰ.ਐੱਸ.ਐੱਸ.-ਭਾਜਪਾ ਦੀਆਂ ਸ਼ਾਖ਼ਾਵਾਂ ਬਣਕੇ ਕੰਮ ਕਰ ਰਹੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਜੰਗਲਾਂ, ਖੇਤਾਂ, ਯੂਨੀਵਰਸਿਟੀਆਂ, ਸੈਮੀਨਾਰਾਂ, ਨਿੱਜੀ ਲਾਇਬ੍ਰੇਰੀਆਂ ਵਿਚ ਜਾ ਕੇ ਨਕਸਲੀ ਹੋਣ ਦੇ ਸਬੂਤ ਲੱਭਣ ਦੀ ਜ਼ਰੂਰਤ ਨਹੀਂ ਹੈ, ਉਹ ਦਿਮਾਗ ਵਰਤਣ ਵਾਲੇ ਕਿਸੇ ਵੀ ਬੰਦੇ ਨੂੰ 'ਦਿਮਾਗੀ ਨਕਸਲੀ' ਕਰਾਰ ਦੇ ਸਕਦੇ ਹਨ। ਇਹ ਸੱਤਾ ਦਾ ਖ਼ੌਫ਼ ਪੈਦਾ ਕਰਨ ਲਈ ਹੈ। ਤਾਂ ਜੋ ਕਾਲਜ ਜਾਂ ਯੂਨੀਵਰਸਿਟੀ ਦਾ ਪ੍ਰੋਫੈਸਰ, ਲੇਖਕ, ਸੰਪਾਦਕ, ਹਰ ਕੋਈ ਆਲੋਚਨਾ ਦੇ ਜੋਖ਼ਮ ਨੂੰ ਧਿਆਨ ਵਿਚ ਰੱਖਕੇ ਸਵੈ-ਸੈਂਸਰਸ਼ਿੱਪ ਦੇ ਤਹਿਤ ਕੰਮ ਕਰਨ ਦੀ ਆਦਤ ਪਾ ਲਵੇ।

ਸਿੱਧੀ ਜਹੀ ਗੱਲ ਹੈ ਕਿ ਜਿਨ੍ਹਾਂ ਦੇ ਆਪਣੇ ਦਿਮਾਗਾਂ ਵਿਚ ਗੋਹਾ ਭਰਿਆ ਹੋਇਆ ਹੈ, ਉਹ ਭਲਾਂ ਸੋਚਣ ਵਾਲੇ ਦਿਮਾਗਾਂ ਨੂੰ ਪਸੰਦ ਕਿਉਂ ਕਰਨਗੇ! ਹੁਕਮਰਾਨਾਂ ਤੋਂ ਵਿਕਾਸ, ਤਰੱਕੀ ਦੇ ਦਾਅਵਿਆਂ ਦੇ ਸਬੂਤ ਮੰਗਣੇ, ਸਰਕਾਰੀ ਬਿਰਤਾਂਤਾਂ ਨੂੰ ਅੱਖਾਂ ਮੀਟਕੇ ਕਬੂਲ ਨਾ ਕਰਨਾ, ਹਕੂਮਤ ਦੀ ਜਵਾਬਦੇਹੀ ਤੇ ਕਾਰਵਿਹਾਰ ਵਿਚ ਪਾਰਦਰਸ਼ਤਾ ਦੀ ਮੰਗ ਕਰਨਾ, ਲੋਕ ਵਿਰੋਧੀ ਨੀਤੀਆਂ ਨੂੰ ਦਲੀਲਾਂ ਨਾਲ ਰੱਦ ਕਰਨਾ, ਇਤਿਹਾਸ ਦੀ ਤੋੜ-ਮਰੋੜ ਦਾ ਵਿਰੋਧ ਕਰਨਾ, ਇਹ ਮੁੱਢਲੀਆਂ ਜਮਹੂਰੀ ਚੀਜ਼ਾਂ ਵੀ ਜਾਹਲ ਦਿਮਾਗ ਹੁਕਮਰਾਨਾਂ ਨੂੰ ਅਸਹਿਜ ਕਰ ਰਹੀਆਂ ਹਨ ਅਤੇ ਉਹ ਦਲੀਲਾਂ ਤੇ ਤੱਥਾਂ ਦੇ ਆਧਾਰ 'ਤੇ ਜਵਾਬ ਦੇਣ ਦੇ ਝਮੇਲੇ 'ਚ ਪੈਣ ਦੀ ਬਜਾਏ ਸਵਾਲ ਉਠਾਉਣ ਦੇ ਹੱਕ ਨੂੰ ਹੀ ਦੇਸ਼ਧ੍ਰੋਹੀ ਐਲਾਨ ਰਹੇ ਹਨ। ਪੱਤਰਕਾਰਾਂ ਦੇ ਸਵਾਲਾਂ ਨਾਲ ਬੌਂਦਲ ਤੇ ਬੁਖਲਾ ਜਾਣ ਅਤੇ ਪ੍ਰੈੱਸ ਕਾਨਫਰੰਸਾਂ ਤੋਂ ਡਰਨ ਵਾਲੇ ਮੋਦੀ ਵੱਲੋਂ ਦਿਮਾਗ ਨੂੰ ਦੁਸ਼ਮਣ ਐਲਾਨਣਾ ਹੈਰਾਨੀਜਨਕ ਨਹੀਂ ਹੈ। ਨਾਗਰਿਕਾਂ ਨੂੰ ਫਾਸ਼ੀਵਾਦੀ ਦਹਿਸ਼ਤ ਨਾਲ ਖ਼ੌਫ਼ਜ਼ਦਾ ਕਰਕੇ ਦਬੂ ਪਰਜਾ 'ਚ ਬਦਲਣ ਦਾ ਹਿੰਦੂਤਵ ਪ੍ਰੋਜੈਕਟ ਮੁੱਢਲੇ ਜਮਹੂਰੀ ਮੁੱਲਾਂ ਦਾ ਨਿਖੇਧ ਹੈ। ਸੰਘ ਬਰਗੇਡ ਚਾਹੁੰਦਾ ਹੈ ਕਿ ਭਾਰਤ ਦੇ ਸੋਚਣ, ਸਵਾਲ ਕਰਨ ਵਾਲੇ ਲੋਕ ਫਾਸ਼ੀਵਾਦੀ ਹਕੂਮਤ ਦੇ ਖ਼ੌਫ਼ ਤੋਂ ਡਰਕੇ ਆਪਣੇ ਦਿਮਾਗ ਵਰਤਣੇ ਬੰਦ ਕਰ ਦੇਣ। ਉਹ ਸੋਚ ਵਿਹੂਣੀ 'ਸੰਸਕਾਰੀ' ਪਰਜਾ ਬਣਕੇ ਹਕੂਮਤ ਦੇ ਅਨੁਸ਼ਾਸਨ ਹੇਠ ਵਿਚਰਨ ਦੀ ਆਦਤ ਪਾ ਲੈਣ ਅਤੇ ਰਾਜ ਪ੍ਰਤੀ 'ਕਰਤੱਵਿਯਾ' ਨਿਭਾਉਣਾ ਸਿੱਖ ਲੈਣ।

ਇੱਥੇ ਇਕ ਬਨਾਉਟੀ ਵਿਰੋਧ ਪੈਦਾ ਹੋ ਗਿਆ: ਸਵਾਲਾਂ ਤੋਂ ਡਰਿਆ ਮੋਦੀ ਸੰਵਾਦ ਕਰਨ ਦੇ ਸਮਰੱਥ ਦਿਮਾਗਾਂ ਨੂੰ ਫ਼ਸਲ ਵਿੱਚੋਂ ਨਦੀਨ ਦੀ ਤਰ੍ਹਾਂ ਲੱਭ-ਲੱਭ ਕੇ ਨਿਸ਼ਾਨਾ ਬਣਾਉਣ ਦੇ ਐਲਾਨ ਕਰ ਰਿਹਾ ਹੈ ਅਤੇ ਕੁਝ ਦਿਨ ਬਾਅਦ ਉਸਦਾ ਵਿਚਾਰਧਾਰਕ ਸਰੋਤ, ਸੰਘ ਮੁਖੀ ਅਜੋਕੀ ਨੌਜਵਾਨ ਪੀੜ੍ਹੀ ਨਾਲ ਸੰਵਾਦ ਦੇ ਮਹੱਤਵ ਦਾ ਜ਼ਿਕਰ ਕਰਦਾ ਦੇਖਿਆ ਗਿਆ। ਇਨ੍ਹਾਂ ਵਿੱਚੋਂ ਕਿਸਦੀ ਗੱਲ ਸੱਚ ਮੰਨੀ ਜਾਵੇ? ਇਸਦਾ ਜਵਾਬ ਸੰਘ ਦੀ ਮੂਲ਼ ਖ਼ਸਲਤ ਦੇ ਦਿੰਦੀ ਹੈ। 'ਬਗਲ ਵਿਚ ਛੁਰੀ, ਮੂੰਹ 'ਚ ਰਾਮ-ਰਾਮ' ਦਾ ਮੁਜੱਸਮਾ ਸੰਘ ਕਹਿੰਦਾ ਕੁਝ ਹੋਰ ਅਤੇ ਕਰਦਾ ਕੁਝ ਹੋਰ ਹੈ। ਆਰ.ਐੱਸ.ਐੱਸ. ਦੀ 'ਖ਼ਾਸੀਅਤ' ਹੀ ਇਹ ਹੈ ਕਿ ਇਸ ਦੀਆਂ ਵੱਖ-ਵੱਖ ਜੀਭਾਂ ਇੱਕੋ ਸਮੇਂ ਕਈ ਤਰ੍ਹਾਂ ਦੇ ਰਾਗ ਅਲਾਪ ਸਕਦੀਆਂ ਹਨ। ਕਿਹਾ ਜਾਂਦਾ ਹੈ ਕਿ ਗਾਂਧੀ ਨੇ ਗੁਰੂ ਗੋਲਵਲਕਰ (ਤਤਕਾਲੀ ਸਰਸੰਘਚਾਲਕ) ਨਾਲ ਮੁਲਾਕਾਤ ਤੋਂ ਬਾਅਦ ਆਰ.ਐੱਸ.ਐੱਸ. ਦੇ ਦੰਭੀ ਕਿਰਦਾਰ ਉੱਪਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਆਰ.ਐੱਸ.ਐੱਸ. ਦੇ ਕਹੇ ਉੱਪਰ ਕਦੇ ਯਕੀਨ ਨਹੀਂ ਕਰਨਾ ਚਾਹੀਦਾ।

ਸੰਘ ਦੀ ਇਹ ਖ਼ਾਸੀਅਤ ਅੱਜਕੱਲ੍ਹ ਮੋਹਨ ਭਾਗਵਤ ਤੋਂ ਲੈ ਕੇ ਮੋਦੀ ਸਮੇਤ ਭਗਵਾ ਆਗੂਆਂ ਵੱਲੋਂ ਦਿੱਤੇ ਜਾ ਰਹੇ ਭਾਸ਼ਣਾਂ/ਬਿਆਨਾਂ ਵਿਚ ਸਾਫ਼ ਦੇਖੀ ਜਾ ਸਕਦੀ ਹੈ। ਜਦੋਂ ਸਾਮ-ਦੰਡ-ਭੇਦ ਦੀ ਮਾਹਰ ਭਗਵਾ ਹਕੂਮਤ ਦੀ 'ਕਾਕਰੋਚ' ਅੰਦੋਲਨ ਨੂੰ ਦਬਾਉਣ ਦੀ ਚਾਲ ਪੁੱਠੀ ਪੈ ਗਈ ਤਾਂ ਮੋਦੀ ਨੂੰ ਆਪਣੇ ਸਿੱਖਿਆ ਮੰਤਰੀ ਦਾ ਅਸਤੀਫ਼ਾ ਲੈਣਾ ਪਿਆ। ਸੰਘਰਸ਼ ਵਿਚ ਡਟੀ "ਜੈੱਨ-ਜ਼ੀ"ਦੇ ਰੋਹ ਨੂੰ ਠੰਡਾ ਕਰਨ ਲਈ ਮੋਦੀ ਨੂੰ ਇੰਸਟਾਗ੍ਰਾਮ ਉੱਪਰ ਜਾ ਕੇ "ਨੌਜਵਾਨਾਂ ਦਾ ਭਵਿੱਖ ਤਬਾਹ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣ" ਦੇ ਐਲਾਨ ਕਰਨੇ ਪਏ। ਮੋਦੀ ਨੇ ਲਾਈਵ ਹੋ ਕੇ "ਗ਼ਲਤੀਆਂ ਕਰਨ ਵਾਲੇ ਬੱਚਿਆਂ ਨੂੰ ਮਾਫ਼ ਕਰਨ" ਦੀ ਦਰਿਆਦਿਲੀ ਦਾ ਨਾਟਕ ਕੀਤਾ। ਨਾਲ ਹੀ ਪੁਲਿਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ ਕਿ ਅੰਦੋਲਨਕਾਰੀਆਂ ਨੂੰ ਪੁੱਛਗਿੱਛ, ਜਾਂਚ ਅਤੇ ਝੂਠੇ ਕੇਸਾਂ ਰਾਹੀਂ ਐਨਾ ਤੰਗ-ਪ੍ਰੇਸ਼ਾਨ ਕਰੋ ਕਿ ਹੋਰ ਬੱਚੇ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸੌ ਵਾਰ ਸੋਚਣ। ਜਦੋਂ "ਜੈੱਨ-ਜ਼ੀ" ਦੇ ਨਾਲ ਅਗਲੀ ਪੀੜ੍ਹੀ "ਜੈੱਨ-ਅਲਫਾ" ਨੇ ਵੀ ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦੇ ਉਠਾਉਣੇ ਸ਼ੁਰੂ ਕਰ ਦਿੱਤੇ, ਤਾਂ ਸੰਘ ਮੁਖੀ ਮੋਹਨ ਭਾਗਵਤ ਨੂੰ ਨੌਜਵਾਨੀ ਦੇ ਰੋਹ ਨੂੰ ਠੰਢਾ ਕਰਨ ਲਈ 'ਸੰਵਾਦ' ਰਚਾਉਣਾ ਜ਼ਰੂਰੀ ਲੱਗਿਆ।

6 ਅਗਸਤ ਨੂੰ ਸੰਘ ਦੇ ਮੁਖੀ ਨੇ ਮੁਲਕ ਦੇ 100 ਤੋਂ ਵੱਧ ਸ਼ਹਿਰਾਂ ਚੋਂ ਚੁਣਕੇ ਲਿਆਂਦੇ 15 ਤੋਂ 19 ਸਾਲ ਦੇ 2000 ਮੁੰਡੇ-ਕੁੜੀਆਂ ਨੂੰ ਜੋ ਭਾਸ਼ਣ ਦਿੱਤਾ ਉਸਦੀ ਸੁਰ "ਜੈੱਨ.ਜ਼ੀ"ਨੂੰ 'ਰਾਸ਼ਟਰ ਵਿਰੋਧੀ' ਕਰਾਰ ਦੇਣ ਦੇ ਭਗਵਾ ਬਿਰਤਾਂਤ ਤੋਂ ਵੱਖਰੀ ਰੱਖੀ ਗਈ। ਭਾਗਵਤ ਨੇ ਫਰਮਾਇਆ ਕਿ ਅੰਦੋਲਨ ਕਰਨ ਵਾਲੇ ਸਾਡੀ ਅਗਲੀ ਪੀੜ੍ਹੀ ਹਨ। ਉਸਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣਾਪਣ ਮਹਿਸੂਸ ਕਰਾਉਣ ਦੀ ਜ਼ਰੂਰਤ ਉੱਪਰ ਜ਼ੋਰ ਦਿੱਤਾ। ਉਸਨੇ ਲੋਕਤੰਤਰ ਵਿਚ ਵਿਰੋਧ ਪ੍ਰਦਰਸ਼ਨ ਨੂੰ ਸਹਿਮਤੀ ਬਣਾਉਣ ਦਾ ਮਾਧਿਅਮ ਦੱਸਿਆ। ਨੌਜਵਾਨਾਂ ਵੱਲੋਂ ਚੁੱਕੇ ਮਸਲਿਆਂ ਬਾਰੇ ਉਸਨੇ ਕਿਹਾ ਕਿ "ਜੈੱਨ.ਜ਼ੀ" ਇਸ ਕਾਰਨ ਆਵਾਜ਼ ਉਠਾ ਰਿਹਾ ਹੈ ਕਿ ਕੁਝ ਸਮੱਸਿਆਵਾਂ ਹਨ ਜਿਨ੍ਹਾਂ ਦਾ ਹੱਲ ਹੋਣਾ ਚਾਹੀਦਾ ਹੈ। ਭਾਰਤ ਦੀ ਸਿੱਖਿਆ ਪ੍ਰਣਾਲੀ ਜ਼ਰੂਰਤਾਂ ਦੇ ਅਨੁਸਾਰ ਨਾ ਹੋਣ ਕਾਰਨ ਮੁੱਦੇ ਉੱਠ ਰਹੇ ਹਨ। ਉਸਨੇ ਇਹ ਵੀ ਕਿਹਾ ਕਿ ਵਿਰੋਧ ਦੌਰਾਨ ਵੱਖ-ਵੱਖ ਵਿਚਾਰ




ਸਾਹਮਣੇ ਆਉਂਦੇ ਹਨ ਅਤੇ ਚਰਚਾ ਕਰਨ ਤੋਂ ਬਾਅਦ ਸਹਿਮਤੀ ਬਣਦੀ ਹੈ। ਸਹਿਮਤੀ ਸੰਵਾਦ ਜ਼ਰੀਏ ਬਣ ਸਕਦੀ ਹੈ। ਉਸਨੇ ਕਿਹਾ ਕਿ ਗੱਲ ਨਾ ਸੁਣੇ ਜਾਣ 'ਤੇ ਅੰਦੋਲਨ ਕੀਤਾ ਜਾ ਸਕਦਾ ਹੈ ਪਰ ਇਹ ਸਹਿਮਤੀ ਬਣਾਉਣ ਲਈ ਹੋਣਾ ਚਾਹੀਦਾ ਹੈ ਨਾ ਕਿ ਸਮਾਜ ਨੂੰ ਵੰਡਣ ਲਈ। ਭਾਗਵਤ ਨੇ ਮੰਨਿਆ ਕਿ "ਜੈੱਨ.ਜ਼ੀ" ਪੁਰਾਣੀ ਪੀੜ੍ਹੀ ਵਾਂਗ ਆਗਿਆਕਾਰੀ ਨਹੀਂ ਹੈ, ਉਹ ਸਵਾਲ ਕਰਦੀ ਹੈ ਅਤੇ ਜਵਾਬਦੇਹੀ ਦੀ ਮੰਗ ਕਰਦੀ ਹੈ।

ਜਿਵੇਂ ਆਪਣੀਆਂ ਇੰਸਟਾਗ੍ਰਾਮ ਰੀਲਾਂ ਵਿਚ ਮੋਦੀ ਨੇ ਆਪਣੀ ਸਰਕਾਰ ਵੱਲੋਂ ਨੌਜਵਾਨ ਅੰਦੋਲਨ ਨੂੰ ਦਬਾਉਣ ਲਈ ਪੁਰਅਮਨ ਪ੍ਰਦਰਸ਼ਨਕਾਰੀਆਂ ਉੱਪਰ ਪੁਲਿਸ ਅਤੇ ਗ਼ੈਰਵਰਦੀਧਾਰੀ ਲਾਠੀਧਾਰੀਆਂ ਵੱਲੋਂ ਬੇਤਹਾਸ਼ਾ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ, ਪੈਲੇਟ ਗੰਨਾਂ ਅਤੇ ਕਰੰਟ ਦੇ ਝਟਕੇ ਦੇਣ ਵਾਲੇ ਯੰਤਰਾਂ ਨਾਲ ਕੀਤੇ ਹਿੰਸਕ ਹਮਲਿਆਂ ਅਤੇ ਕੁੜੀਆਂ ਨਾਲ ਕੀਤੀ ਬਦਤਮੀਜ਼ੀ ਬਾਰੇ ਇਕ ਵੀ ਸ਼ਬਦ ਨਹੀਂ ਸੀ ਬੋਲਿਆ, ਉਸੇ ਤਰ੍ਹਾਂ ਸੰਘ ਮੁਖੀ ਨੇ ਆਪਣੇ ਭਾਸ਼ਣ ਵਿਚ ਬਿਲਕੁਲ ਜ਼ਿਕਰ ਨਹੀਂ ਕੀਤਾ ਕਿ ਮੋਦੀ ਸਰਕਾਰ ਵੱਲੋਂ ਜੰਤਰ-ਮੰਤਰ ਦਿੱਲੀ ਵਿਖੇ ਪੂਰਾ ਇਕ ਮਹੀਨਾ ਅੰਦੋਲਨਕਾਰੀ ਮੁੰਡੇ-ਕੁੜੀਆਂ ਨਾਲ ਜੋ ਸਲੂਕ ਕੀਤਾ ਗਿਆ, ਕੀ ਉਹ 'ਸੰਵਾਦ' ਸੀ? ਭਾਗਵਤ ਨੇ ਨਹਾਇਤ ਚਲਾਕੀ ਅਤੇ ਬੇਈਮਾਨੀ ਨਾਲ ਇਸ ਸਵਾਲ ਤੋਂ ਪਾਸਾ ਵੱਟ ਲਿਆ ਕਿਉਂਕਿ ਉਸਦੇ ਕਥਿਤ ਸੰਵਾਦ ਦਾ ਉਦੇਸ਼ ਹੀ ਭਗਵਾ ਹਕੂਮਤ ਦੀਆਂ ਫਾਸ਼ੀਵਾਦੀ ਕਰਤੂਤਾਂ ਤੋਂ ਧਿਆਨ ਭਟਕਾ ਕੇ ਆਪਣੇ ਹਿੰਦੂ ਸਮਾਜਿਕ ਆਧਾਰ ਨੂੰ ਇਹ ਜਚਾਉਣਾ ਸੀ ਕਿ ਦੇਖੋ, ਸੰਘ ਤਾਂ ਨੌਜਵਾਨਾਂ ਵੱਲੋਂ ਉਠਾਏ ਜਾ ਰਹੇ ਮਸਲਿਆਂ ਨੂੰ ਸੁਣਨ ਅਤੇ ਸੰਵਾਦ ਰਚਾਉਣ ਲਈ ਸੰਜੀਦਗੀ ਨਾਲ ਯਤਨ ਕਰ ਰਿਹਾ ਹੈ।

ਜਿੱਥੋਂ ਤੱਕ ਇਸ ਕਵਾਇਦ ਦੇ ਅਸਰਦਾਇਕ ਹੋਣ ਦਾ ਸਵਾਲ ਹੈ, ਇਹ ਕੁਝ ਵਕਤੀ ਪ੍ਰਭਾਵ ਤਾਂ ਪਾ ਸਕਦੀ ਹੈ ਪਰ ਇਹ ਆਮ ਲੋਕਾਂ ਨੂੰ ਹਮੇਸ਼ਾ ਲਈ ਭਗਵਾ ਪ੍ਰੋਜੈਕਟ ਦੇ ਅੰਨ੍ਹੇ-ਭਗਤ ਬਣਾਕੇ ਨਹੀਂ ਰੱਖ ਸਕਦੀ। ਪਹਿਲੀਆਂ ਸਰਕਾਰਾਂ ਦੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਨੂੰ ਆਰ.ਐੱਸ.ਐੱਸ.-ਭਾਜਪਾ ਵੱਲੋਂ ਹੋਰ ਵੀ ਕਰੂਰਤਾ ਨਾਲ ਥੋਪਣ ਨੇ ਅਵਾਮ ਦਾ ਜੀਵਨ-ਗੁਜ਼ਾਰਾ ਬਹੁਤ ਹੀ ਮੁਸ਼ਕਲ ਬਣਾ ਦਿੱਤਾ ਹੈ। ਜਿਸ ਕਾਰਨ ਹਕੂਮਤ ਵੱਲੋਂ ਵਰਤਾਏ ਜਾਂਦੇ ਝੂਠੇ ਬਿਰਤਾਂਤਾਂ ਦਾ ਪ੍ਰਭਾਵ ਫਿੱਕਾ ਪੈ ਰਿਹਾ ਹੈ ਅਤੇ ਲੋਕਾਂ ਦੇ ਵੱਖ-ਵੱਖ ਹਿੱਸਿਆਂ ਅੰਦਰ ਬੇਚੈਨੀ ਵਧ ਰਹੀ ਹੈ। ਨਵੀਂ ਪੀੜ੍ਹੀ ਸਿੱਖਿਆ ਅਤੇ ਰੁਜ਼ਗਾਰ ਦੇ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਨੂੰ ਹਿੰਦੂ-ਮੁਸਲਮਾਨ ਦਾ ਝੂਠਾ ਝਗੜਾ, 'ਹਿੰਦੂ ਖ਼ਤਰੇ 'ਚ ਹੈ', ਭਾਰਤ ਵਿਸ਼ਵ-ਗੁਰੂ ਬਣਨ ਜਾ ਰਿਹੈ, 'ਭਾਰਤ ਕਾ ਵਾਈਬਰੈਂਟ ਲੋਕਤੰਤਰ', 'ਭਾਰਤ ਕਾ ਮਜ਼ਬੂਤ ਨਿਆਏ ਤੰਤਰ' ਆਦਿ ਬਿਰਤਾਂਤਾਂ ਨਾਲ ਲੰਮਾ ਸਮਾਂ ਗੁੰਮਰਾਹ ਨਹੀਂ ਕੀਤਾ ਜਾ ਸਕਦਾ। ਜਾਣਕਾਰੀ ਦੇ ਵਿਆਪਕ ਸਰੋਤਾਂ ਤੋਂ ਜਾਣੂੰ ਹੋਣ ਕਾਰਨ ਨਵੀਂ ਪੀੜ੍ਹੀ ਝੂਠੇ ਦਾਅਵਿਆਂ ਨੂੰ ਪਰਖਣ ਦੇ ਕਾਬਿਲ ਹੈ। ਭਗਵਾ ਰਾਜ ਹੇਠ ਅਸੁਰੱਖਿਅਤ ਭਵਿੱਖ ਤੋਂ ਚਿੰਤਤ ਇਸ ਪੀੜ੍ਹੀ ਦਾ ਸੱਤਾ ਤੋਂ ਜਵਾਬ ਮੰਗਣ ਲਈ ਸੜਕਾਂ 'ਤੇ ਆਉਣਾ ਅਤੇ ਉਨ੍ਹਾਂ ਤੋਂ ਅਗਲੀ ਪੀੜ੍ਹੀ "ਜੈੱਨ-ਅਲਫਾ" ਦਾ ਵੀ ਸਵਾਲ ਉਠਾਉਣ ਲੱਗ ਜਾਣਾ ਸੰਘ ਲਈ ਸਭ ਤੋਂ ਵੱਡੀ ਚਿੰਤਾ ਹੈ।

ਆਰ.ਐੱਸ.ਐੱਸ.-ਭਾਜਪਾ ਦੀ ਸਮੱਸਿਆ ਇਹ ਹੈ ਕਿ ਐਨੇ ਵਿਆਪਕ ਪ੍ਰਚਾਰਤੰਤਰ, ਦਿਨ-ਰਾਤ ਧੂੰਆਂਧਾਰ ਜ਼ਹਿਰੀਲੇ ਨਫ਼ਰਤੀ ਪ੍ਰਚਾਰ ਦੇ ਬਾਵਜੂਦ ਇਹ ਮਨੁੱਖੀ ਦਿਮਾਗ ਨੂੰ ਹਮੇਸ਼ਾ ਲਈ ਕੰਟਰੋਲ ਨਹੀਂ ਕਰ ਸਕਦੀ। ਝੂਠੇ ਬਿਰਤਾਂਤ ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਤੋਂ ਮਨੁੱਖ ਦਾ ਧਿਆਨ ਲੰਮੇ ਸਮੇਂ ਤੱਕ ਭਟਕਾ ਕੇ ਨਹੀਂ ਰੱਖ ਸਕਦੇ। ਨਾਗਰਿਕ ਸਵਾਲ ਕਰੇਗਾ, ਜਵਾਬਦੇਹੀ ਦੀ ਮੰਗ ਕਰੇਗਾ ਅਤੇ ਜ਼ਿੰਦਗੀ ਦੇ ਬਿਹਤਰ ਹਾਲਾਤਾਂ ਲਈ ਲੜੇਗਾ। ਇਸੇ ਡਰ ਵਿੱਚੋਂ ਮੋਦੀ ਵੱਲੋਂ 15 ਅਗਸਤ ਨੂੰ 'ਦਿਮਾਗੀ ਨਕਸਲੀਆਂ' ਨੂੰ ਨਿਖੇੜਨ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਆਮ ਲੋਕਾਂ ਨੂੰ ਇਹ ਜਚਾਇਆ ਜਾ ਸਕੇ ਕਿ ਸਿੱਖਿਆ ਅਤੇ ਰੁਜ਼ਗਾਰ ਦੇ ਮੁੱਦਿਆਂ ਉੱਪਰ ਅੰਦੋਲਨ ਕਰਨ ਵਾਲੇ ਤਾਂ ਨਕਸਲੀ ਵਿਚਾਰਧਾਰਾ ਦੇ ਲੋਕ ਹਨ। ਇਹ ਸਵਾਲ ਉਠਾਉਣ ਨੂੰ ਜੁਰਮ ਦੇ ਰੂਪ 'ਚ ਪੇਸ਼ ਕਰਕੇ ਨਾਵਾਜਬ ਬਣਾ ਦੇਣ ਦੀ ਪੂਰੀ ਤਰ੍ਹਾਂ ਗਿਣ-ਮਿੱਥੀ ਚਾਲ ਹੈ। ਜੇ ਭਾਰਤ ਦੇ ਲੋਕਾਂ ਨੇ ਆਪਣੇ ਹਿਤ ਬਚਾਉਣੇ ਹਨ ਤਾਂ ਇਸ ਹਮਲੇ ਪਿੱਛੇ ਕੰਮ ਕਰਦੇ ਫਾਸ਼ੀਵਾਦੀ ਮਨਸ਼ੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਇਸਨੂੰ ਠੱਲ੍ਹ ਪਾਉਣ ਲਈ ਜੂਝਣਾ ਹੋਵੇਗਾ।

# ਜ਼ੈੱਨ ਜ਼ੀ ਸੜਕਾਂ 'ਤੇ : ਡਰ ਉੱਡਿਆ, ਨ਼ਫਰਤ ਭੱਜੀ

ਜਗਮੇਲ ਸਿੰਘ
9417224822

ਵਾਹ ਨੀਂ ਜਵਾਨੀਏ, ਕਰਤੀਆਂ ਕਮਾਲਾਂ! ਪਾਤੀਆਂ ਧਮਾਲਾਂ!! 'ਜਵਾਨੀ ਸੰਘਰਸ਼ ਵਿੱਚ ਨਹੀਂ ਆਉਂਦੀ। ਪੜ੍ਹੀ ਲਿਖੀ ਤਾਂ ਜਮਾਂ ਨੀਂ ਆਉਂਦੀ।' ਲਾਹਤੇ ਉਲਾਂਭੇ, ਜੰਤਰ ਮੰਤਰ ਅਤੇ ਸੂਬਿਆਂ ਵਿੱਚ ਹੋਏ ਇਕੱਠਾਂ ਨੇ। ਦਿਖਾਤੇ, ਜਵਾਨੀ ਦੀ ਹੋਂਦ ਤੇ ਸਮਰੱਥਾ ਦੇ ਰੰਗ। ਵੱਡੇ ਜੱਜ ਨੇ ਕਾਕਰੋਚ ਕਹਿ, ਲੈ ਲਿਆ ਪੰਗਾ। ਭੁਗਤਣਾ ਭਾਜਪਾ ਤੇ ਸਰਕਾਰ ਨੂੰ ਪਊ। ਧਰਨੇ ਦਾ ਸੱਦਾ, ਜਵਾਨੀ ਦੀ ਸੁਲਗਦੀ ਜਵਾਲਾ ਨੂੰ ਮੂੰਹਾਂ। ਸਰਕਾਰ ਤੇ ਪ੍ਰਬੰਧ ਨਾਲ ਔਖ, ਲਾਟਾਂ ਬਣ ਬਣ ਉੱਠੇ। ਜੰਤਰ ਮੰਤਰ ਵਿੱਚ ਜਵਾਨੀ ਦਾ ਹੜ੍ਹ, ਸੰਸਦ ਨੂੰ ਘੂਰੀਆਂ ਵੱਟੇ। ਸੂਬਿਆਂ ਦੀਆਂ ਸੜਕਾਂ, ਜਵਾਨੀ ਦੇ ਮੁਜ਼ਾਹਰੇ। ਸਿੱਖਿਆ ਮੰਤਰੀ ਦਾ ਅਸਤੀਫ਼ਾ, ਭਾਜਪਾ ਵਜ਼ੀਰਾਂ ਸ਼ਮੀਰਾਂ ਦੇ ਧੀਆਂ ਪੁੱਤਰ ਵੀ ਮੰਗਣ। ਟਵੀਟਾਂ 'ਤੇ ਲਿਖਣੋਂ, ਰੋਕੇ ਵੀ ਨਾ ਰੁਕਣ। ਕਿਸੇ ਨੂੰ ਕਿਸੇ ਗੱਲੋਂ, ਕਿਸੇ ਨੂੰ ਕਿਸੇ ਗੱਲੋਂ, ਸਰਕਾਰ ਪ੍ਰਤੀ ਗੁੱਸਾ ਉਬਾਲੇ ਮਾਰੇ ਕੋਈ ਨਿੱਤ ਹੁੰਦੇ ਪੇਪਰ ਲੀਕ ਤੋਂ ਔਖਾ। ਕਿਸੇ ਨੂੰ ਮਹਿੰਗੀ ਸਿੱਖਿਆ ਤੇ ਕੁਰੱਪਟ ਪ੍ਰਬੰਧ ਖਿਲਾ.ਫ ਰੋਸਾ। ਸਰਕਾਰੇ ਦਰਬਾਰੇ ਸੁਣਵਾਈ ਨਾ ਹੋਣ ਦੀ ਨਰਾਜ਼ਗੀ। ਲਿਆਕਤ ਦੀ ਹੁੰਦੀ ਬੇਕਦਰੀ ਦੀ ਪੀੜਾ। ਸਮਾਜਿਕ ਧੱਕੇ ਵਿਤਕਰੇ ਤੇ ਬੇਵੁੱਕਤੀ ਖਿਲਾ.ਫ ਗੁੱਸਾ ਬੇਰੁਜ਼ਗਾਰੀ ਕਾਰਨ ਮਨਾਂ ਵਿੱਚ ਬਣ ਰਹੀ ਬੇਚੈਨੀ। ਗਰੀਬੀ ਤੇ ਕਰਜ਼ੇ ਦੀਆਂ ਪੰਡਾਂ ਦਾ ਭਾਰ। ਸਰਕਾਰ ਦੇ ਰੁਜ਼ਗਾਰ ਤੇ ਵਿਕਾਸ ਦੇ ਦਾਅਵਿਆਂ ਤੋਂ ਉੱਠਿਆ ਭਰੋਸਾ।

ਭਾਜਪਾ ਹਕੂਮਤ ਸਦਾ ਹਿੰਦੂਤਵ ਦਾ ਫਿਰਕੂ ਪੱਤਾ ਖੇਡੇ। ਲੋਕ ਏਕੇ ਵਿੱਚ ਪਾੜਾ ਹੀ ਨਹੀਂ, ਦੰਗੇ ਫ਼ਸਾਦ ਕਰਾਵੇ। ਪਰ ਇਥੇ ਨੀਂ ਚੱਲਿਆ ਭਾਜਪਾਈ ਪੱਤਾ, ਸ਼ੁਰੂ ਵਿੱਚ ਹੀ ਡੂੰਗ ਸੁੱਟਿਆ। ਇਹ ਸੰਘਰਸ਼ ਦੀ ਵਿਸ਼ੇਸ਼ਤਾ ਰਹੀ। 'ਇਥੇ ਹਿੰਦੂ ਮੁਸਲਿਮ ਨਹੀਂ ਚਲੇਗਾ।' ਦੇ ਨਾਹਰੇ ਨੇ ਫਿਰਕੂ ਪੱਤਾ ਮਧੋਲ ਸਿੱਟਿਆ। ਇੱਕਸੁਰਤਾ ਤੇ ਇਕਮੱਤਤਾ ਦੇ ਝੰਡੇ ਝੂਲਦੇ ਰਹੇ। ਇੱਕ ਮੰਗ, ਜ਼ੁੰਮੇਵਾਰੀ ਤਹਿ ਕਰਵਾਉਣੀ। ਇੱਕ ਨਿਸ਼ਾਨਾ, ਅਸਤੀਫ਼ਾ ਲੈਣਾ। ਜਵਾਨੀ ਦੀ ਚੰਚਲਤਾ, ਜੁਝਾਰੂ ਰੌਂਅ ਤੇ ਰੋਹ, ਦਿਨ ਰਾਤ ਤਰੋਤਾਜ਼ਾ। ਹਰ ਨਾਹਰਾ, ਹਰ ਮੀਮ, ਮੰਤਰੀ ਪ੍ਰਧਾਨ ਦਾ ਅਸਤੀਫ਼ਾ ਮੰਗੇ। ਸਟੇਜ ਤੋਂ ਜੋ ਕਿਹਾ, ਹਰ ਕਿਸੇ ਪੂਰਿਆ। ਐਲਾਨ 'ਸੰਸਦ ਚੱਲੋ', ਜਵਾਨੀ ਦਾ ਸਮੁੰਦਰ ਵਹਿ ਤੁਰਿਆ। ਚੜ੍ਹਿਆ ਆਉਂਦਾ ਸਮੁੰਦਰ ਦੇਖ, ਹਾਕਮ ਭਮੱਤਰੇ। ਪੁਲਿਸ ਨੂੰ ਮੂਹਰੇ ਕਰ, ਆਪ ਪਿਛਲੇ ਦਰਵਾਜੇ ਭੱਜ ਨਿਕਲੇ। ਇਹ ਜ਼ਬਰ ਨਵਾਂ ਨਹੀਂ, ਨਾ ਪਹਿਲਾ। ਇਥੇ ਹਕੂਮਤਾਂ ਦਾ ਇਹ ਲੋਕ ਦੋਖੀ ਰਵੱਈਆ। ਪੱਕ ਚੁੱਕੀ ਰਵਾਇਤ ਐ ਹਕੂਮਤ ਕੋਈ ਹੋਵੇ, ਕਿਸੇ ਰਾਜੇ ਦੀ, ਅੰਗਰੇਜ਼ ਦੀ ਜਾਂ ਹੁਣ ਵਰਗੀ ਚੁਣੀ ਹੋਈ। ਲੋਕਾਂ ਨੂੰ ਲੁੱਟਣਾ ਤੇ ਕੁੱਟਣਾ, ਹਰ ਹਕੂਮਤ ਆਪਦਾ ਹੱਕ ਸਮਝੇ। ਵਾਜਬ ਮੰਗ ਲਈ ਹੋਇਆ ਕੱਠ, ਹਕੂਮਤ ਨੂੰ ਬ.ਗਾਵਤ ਲੱਗੇ। ਮੰਗ ਕਰਨ ਵਾਲੇ, ਦੇਸ਼ ਧ੍ਰੋਹੀ ਬਾ.ਗੀ ਲੱਗਣ। ਚਾਲਾਂ ਖੇਡੇ, ਸੰਘਰਸ਼ ਨੂੰ ਤਾਰਪੀਡੋ ਕਰਨ ਦੀਆਂ। ਹੱਲਾ ਬੋਲੇ, ਡਾਂਗਾਂ, ਗੋਲੀਆਂ, ਗੋਲਿਆਂ ਨਾਲ। ਪੁਲਿਸ ਕੇਸ, ਜੇਲ੍ਹਾਂ ਤੇ ਝੂਠੇ ਮੁਕਾਬਲੇ ਵੀ। ਭਾਜਪਾ ਹਕੂਮਤ ਵੀ ਏਸੇ ਰਾਹ, ਪਹਿਲੀਆਂ ਹਕੂਮਤਾਂ ਨਾਲੋਂ ਚਾਰ ਕਦਮ ਅੱਗੇ। ਪਹਿਲਾਂ ਸੰਘਰਸ਼ ਨੂੰ ਪਲੋਸਣ ਤੇ ਪਾੜਨ ਲਈ ਹੱਥ ਪੈਰ ਮਾਰੇ। 'ਹੱਥ ਨਾ ਪਹੁੰਚੇ, ਥੂ ਕੌੜੀ' ਉਹ ਤਾਂ ਲੂੰਬੜੀ ਸੀ। ਇਹ ਤਾਂ ਬਘਿਆੜ ਵਾਂਗੂੰ ਝਪਟ ਪਏ? ਪੈਲੇਟ ਗੰਨਾਂ ਦਾ ਬੇਦਰੇਗ ਹੱਲਾ, ਜਿਵੇਂ ਦੇਸ਼ ਦੀ ਜਵਾਨੀ ਨਹੀਂ, ਪਹਿਲਗਾਮ ਵਾਲੇ ਕਾਤਲ ਹੋਣ। ਸਦਕੇ ਜਾਈਏ ਜਵਾਨੀ ਦੇ, ਮੈਦਾਨ ਨਹੀਂ ਛੱਡਿਆ। ਇਸੇ ਨੂੰ ਕਹਿੰਦੇ ਐ, 'ਜੂਝਣ ਦਾ ਚਾਓ'। ਹਾਕਮ ਨੇ ਪੜ੍ਹਿਆ ਨਹੀਂ, ਜਵਾਨੀ ਤੂਤ ਦੀ ਛਟੀ ਵਰਗੀ, ਇਹ ਤਾਂ ਛਾਂਗਿਆਂ ਵੱਧਦੀ ਐ, ਦੂਣ ਸਵਾਈ, ਨਵੀਆਂ ਲਗਰਾਂ ਨਾਲ। ਨਿਕਲ ਆਏ ਜ਼ੈੱਨ ਅਲਫ਼ਾ, ਡਬਲ ਇੰਜਣਾਂ ਨੂੰ ਘੇਰਨ। ਨਿੱਡਰਤਾ ਨਾਲ ਸਪੱਸ਼ਟ ਮੰਗਾਂ ਰੱਖਣ। ਮੰਗਾਂ ਮੰਨਵਾਉਣ।

ਪੁਲਸੀ ਬਲ, ਮੁੱਢ ਕਦੀਮ ਤੋਂ ਰਾਜਿਆਂ ਦੀ ਰਾਖੀ ਦਾ ਸੰਦ। ਜਨਤਾ ਨੂੰ ਡਰਾਉਣ ਤੇ ਸੰਘਰਸ਼ਾਂ ਨੂੰ ਕੁਚਲਣ ਦਾ ਹਥਿਆਰ। ਸਭ ਤਰ੍ਹਾਂ ਦੀਆਂ ਹਕੂਮਤਾਂ ਨੇ ਖ਼ੂਬ ਵਰਤਿਆ। ਭਾਜਪਾ ਹਕੂਮਤ ਸਭ ਤੋਂ ਟੱਪੀ। ਇਹਨੂੰ ਫੌਜ ਚਾੜਨ ਤੋਂ ਵੀ ਗੁਰੇਜ਼ ਨਹੀਂ। ਕਾਰਪੋਰੇਟਾਂ ਤੋਂ ਜੰਗਲ ਬਚਾਉਂਦੇ ਆਦਿਵਾਸੀਆਂ 'ਤੇ ਚੜਾ ਰੱਖੀ ਐ। ਇਥੇ ਝਪਟਣ ਲਈ ਉਹ ਪਹਿਲਾਂ ਹੀ ਤਿਆਰ ਹੋ ਕੇ ਆਏ। ਆਪਣਾ ਨਾਂ ਤੇ ਮੂੰਹ ਲੁਕਾ ਕੇ ਆਏ, ਨਾਲ ਸਿਵਲ ਵਿੱਚ ਗੁੰਡੇ ਲਿਆਏ। ਪੈਲਟ ਗੰਨਾਂ, ਕਰੰਟ ਤੇ ਕਿੱਲਾਂ ਵਾਲੀਆਂ ਡਾਂਗਾਂ ਨਾਲ ਲੈਸ। ਆਉਂਦਿਆਂ ਹੀ ਟੁੱਟ ਕੇ ਪੈ ਗਏ। ਇਜ਼ਰਾਈਲ ਜਿਵੇਂ ਫ਼ਲਸਤੀਨੀ ਲੋਕਾਂ 'ਤੇ ਝਪਟਦੈ। ਜਿਵੇਂ ਅਮਰੀਕਾ ਈਰਾਨ 'ਤੇ ਧਾਵਾ ਬੋਲਦੈ। ਈਰਾਨ ਦੇ ਮੁਖੀ ਤੇ ਸਕੂਲੀ ਬੱਚੀਆਂ ਨੂੰ ਮਾਰਦੈ। ਪਰ ਇਥੇ ਵਿਲੱਖਣ ਹੋਇਆ, ਜਵਾਨੀ ਡਾਂਗਾਂ ਗੋਲੀਆਂ ਵਿੱਚ ਵੀ ਡਰੀ ਨਹੀਂ, ਦਬੀ ਨਹੀਂ। ਉਲਟਾ ਪੁਲਸੀ ਬਲਾਂ ਦਾ ਮੌਜੂ ਬਣਾਇਆ। ਸਰਕਾਰ ਨੇ ਪੁਲਸ ਦੀ ਜੱਗ ਹਸਾਈ ਕਰਵਾਈ।

ਪੁਲਸ ਜਬਰ, ਬਲਦੀ 'ਤੇ ਤੇਲ। ਜਵਾਨੀ ਦੀ ਜਵਾਲਾ ਲਟ ਲਟ ਬਲ ਉੱਠੀ ਪੂਰਾ ਮੁਲਕ ਜਵਾਨੀ ਨਾਲ ਆ ਖੜਾ। 'ਪੁਲਸ ਕਾਰਵਾਈ ਬਚਾਊ', ਭਾਜਪਾ ਹਕੂਮਤ ਦਾ ਭਰਮ ਚਕਨਾ ਚੂਰ। ਮੂੰਹ ਸੀਤੇ ਗਏ। ਮੰਤਰੀ ਪ੍ਰਧਾਨ ਡੌਰ ਭੌਰ। ਪ੍ਰਧਾਨ ਮੰਤਰੀ ਨੂੰ ਚੌਂਧੀ। ਨਾ ਦਿਨੇ ਚੈਨ, ਨਾ ਰਾਤਾਂ ਨੂੰ ਨੀਂਦ। ਬੜਾਅ ਬੜਾਅ ਉੱਠਣ, ਬੌੜ




ਮਾਰਨ। ਅੰਧ ਭਗਤਾਂ ਦੇ ਵਿਸ਼ਵ ਗੁਰੂ ਦਾ ਆਭਾ ਮੰਡਲ, ਅਸਤ ਵਿਅਸਤ। ਵਾਂਗਚੁੱਕ ਨੂੰ ਚੁੱਕ ਕੇ ਵੀ, ਸਰਕਾਰ ਦੀ ਗੱਲ ਨਾ ਬਣੀ। ਮੰਤਰੀ ਪ੍ਰਧਾਨ ਨੂੰ ਦੋਸ਼ੀ ਹੋਣ ਦਾ ਕੌੜਾ ਘੁੱਟ ਭਰਨਾ ਪਿਆ। ਅਸਤੀਫ਼ਾ ਦੇਣਾ ਪਿਆ। ਜਵਾਬਦੇਹੀ ਦੀ ਮੰਗ ਮੰਨਣੀ ਪਈ।

'ਇਹ ਯੂ ਪੀ ਏ ਨਹੀਂ, ਇਹ ਐਨ ਡੀ ਏ ਦੀ ਸਰਕਾਰ ਹੈ। ਇਸ ਵਿੱਚ ਅਸਤੀਫ਼ਾ ਨਹੀਂ ਹੁੰਦਾ।' ਇਸ ਹਕੂਮਤੀ ਫੌਜੀ ਹੱਠ ਨੂੰ, ਮੂਹਰੇ ਪੈਰ ਗੱਡੀ ਖੜੀ ਜ਼ੈੱਨ ਜ਼ੀ ਦੀ ਫੌਜ ਨਹੀਂ ਦਿਖੀ। ਮੰਤਰੀ ਪ੍ਰਧਾਨ ਦੀ ਹਕੂਮਤੀ ਕੁਰਸੀ ਗਈ। ਰੱਖਿਆ ਮੰਤਰੀ ਵੀ ਚਿੱਤ, ਆਪਦੇ ਕਹੇ ਦੀ ਰੱਖਿਆ ਨਾ ਹੋਈ। ਭਾਜਪਾ 'ਚ ਚਿੱਬ, ਹਕੂਮਤ ਦੀ ਫਜੀਹਤ, ਜੱਗ ਨੇ ਦੇਖੀ।

ਚਿੱਬ ਕੱਢਣ ਦੇ ਤਰਲੇ, ਲਾਤੇ ਫਿਰਕੂ ਕਾਤਲੀ ਟੋਲੇ ਤੇ ਆਈ ਟੀ ਸੈੱਲ। ਉਹਨਾਂ ਦੇ ਤੌਰ ਤਰੀਕੇ, ਚਿੱਬ ਕੱਢਣ ਵਾਲੇ ਨਹੀਂ, ਹੋਰ ਵਧਾਉਣ ਵਾਲੇ ਐ। ਇਹਨਾਂ ਵੱਡੇ ਚਤੁਰ ਚਲਾਕਾਂ ਨੇ ਤੋਤਕੜੇ ਘੜੇ, 'ਪਾਕਿਸਤਾਨੀ ਘੁਸਪੈਂਠੀਏ ਸੀ' ਨਹੀਂ ਚੱਲੇ। ਗੱਲਾਂ ਦੀਆਂ ਗਾਲਾਂ ਬਣਾਈਆਂ, ਉਹ ਵੀ ਫੁਸ਼। ਮੁੰਡਿਆਂ ਕੁੜੀਆਂ ਨੂੰ ਡਰਾਇਆ ਬਦਮਾਸ਼ੀ ਕੀਤੀ, ਬਦਨਾਮੀ ਖੱਟੀ। ਤੇਜ਼ ਤਰਾਰ ਮਾਹਰਾਂ ਨੇ ਵੀਡੀਓ ਬਣਾਈਆਂ, ਉਹਨਾਂ ਨੇ ਚਿੱਬ ਹੋਰ ਵਧਾਏ। ਪ੍ਰਧਾਨ ਦਾ ਸੁਆਗਤ, ਅਸਤੀਫ਼ੇ ਦੀ ਚੀਸ ਘਟਾਉਣ ਦੀ ਥਾਂ ਭਾਜਪਾ ਦੀ ਚੀਸ ਹੋਰ ਵਧਾ ਗਿਐ।

ਕੁੱਲ ਮਿਲਾਕੇ ਕਹਿਣਾ ਹੋਵੇ ਤਾਂ, ਪੁਲਸੀ ਬਲਾਂ ਦਾ ਬਣਿਆ ਡਰ, ਉਡੰਤ। ਬੇਸ਼ਰਮ ਜਿਹੀ ਹਾਸੀ ਹੱਸਦਾ, ਮੂੰਹ ਲੁਕਾਉਂਦਾ ਉਡਾਰੀ ਮਾਰ ਗਿਐ। ਇਸੇ ਤਰ੍ਹਾਂ ਧਰਮ ਜਾਤੀ ਦੀ ਨ਼ਫਰਤ ਦੀ ਵੀ ਦੌੜ ਲਵਾਈ। ਮੁੜ ਮੂੰਹ ਨੀਂ ਕੀਤਾ। ਇਹੀ ਸਾਂਝੀਆਂ ਮੰਗਾਂ ਸਾਂਝੇ ਘੋਲ, ਇਹੀ ਆ ਰਾਹ ਫ਼ਿਰਕੂ ਨ਼ਫਰਤਾਂ ਨੂੰ ਭਜਾਉਣ ਦਾ।

ਸਿੱਖਿਆ ਪ੍ਰੀਖਿਆ ਸੁਧਾਰਾਂ ਦਾ ਮਸਲਾ, ਗੰਭੀਰ ਐ। ਏਹਨੂੰ ਰੋਗ ਐ, ਨਿੱਜੀਕਰਨ, ਵਪਾਰੀਕਰਨ ਤੇ ਭ੍ਰਿਸ਼ਟਾਚਾਰ ਦਾ। ਏਹਦਾ ਇਲਾਜ, ਇਸ ਰੋਗ ਤੋਂ ਖਹਿੜਾ ਛੁਡਾਉਣਾ। ਇਹ ਸੰਘਰਸ਼ ਦੇ ਏਜੰਡੇ 'ਤੇ ਆਊ, ਤਾਂ ਰੋਗ ਮੁਕਤ ਹੋਊ।

# ਵੀਰ ! ਜੇ ਰੋਟੀ 'ਕੱਠੀ ਖਾਣੀ ਸੀ ਤਾਂ ਸਾਨੂੰ ਕੱਢਣਾ ਕਾਹਨੂੰ ਸੀ ਉੱਥੋਂ

ਇੱਸ ਗੱਲ ਨੂੰ ਹੋਏ-ਬੀਤੇ ਸਾਢੇ ਚਾਰ ਦਹਾਕੇ ਹੋ ਗਏ ਨੇ।

ਮੈਨੂੰ ਇਹ ਵਾਰਤਾ ਗੁਰਮੀਤ ਸਿੰਘ ਢੱਡੇ (ਹੁਣ ਸਵਰਗੀ) ਨੇ ਸੁਣਾਈ ਸੀ, ਜੋ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਸੀ। (ਬਾਅਦ ਵਿਚ ਢੱਡਾ ਕਮੇਟੀ ਦੇ ਪ੍ਰਧਾਨ ਚੁਣੇ ਗਏ)

ਉਦੋਂ ਗੁਰਮੀਤ ਦਾ ਛੋਟਾ ਭਰਾ ਨਿੰਮਾ ਜਥੇ ਨਾਲ ਨਨਕਾਣੇ ਸਾਹਿਬ ਗਿਆ ਸੀ। ਨਨਕਾਣੇ ਸਾਹਿਬ ਗੁਰਦੁਆਰੇ ਦੇ ਮੁੱਖ ਗੇਟ ਦੇ ਬਾਹਰ ਸਦਾ ਵਾਂਗ ਮੁਸਲਮਾਨਾਂ ਦੀ ਭੀੜ ਇੱਕਠੀ ਸੀ। ਇਧਰੋਂ ਗਏ ਸਿੱਖ ਲਾਊਡ ਸਪੀਕਰ ਉਤੇ ਆਪਣੇ ਆਉਣ ਬਾਰੇ ਤੇ ਆਪਣੇ ਪਿੰਡਾਂ ਦੇ ਕਿਸੇ ਬੰਦੇ ਦੇ ਬਾਹਰ ਆਏ ਹੋਣ ਬਾਰੇ ਪੁੱਛ ਰਹੇ ਸਨ। ਬਾਹਰ ਖਲੋਤੀ ਭੀੜ ਵਿਚੋਂ ਵੀ ਮੁਸਲਮਾਨ ਭਰਾ ਵੱਖੋ-ਵੱਖਰੇ ਸਿੱਖ ਭਰਾਵਾਂ ਨੂੰ ਉਨ੍ਹਾਂ ਦੇ ਜ਼ਿਲੇ ਤੇ ਪਿੰਡ ਦਾ ਨਾਮ ਪੁੱਛ ਰਹੇ ਸਨ।

ਗੁਲਾਮ ਨਬੀ ਨੇ ਆਵਾਜ਼ ਦਿੱਤੀ, "ਭਰਾਵੋ! ਤੁਹਾਡੇ 'ਚੋਂ ਕੋਈ ਜਲੰਧਰ ਜ਼ਿਲੇ ਦਾ ਹੋਵੇ?" ਨਿੰਮੇ ਨੇ ਹਾਮੀ ਭਰੀ ਤਾਂ ਉਸ ਨੇ ਪਿੰਡ ਦਾ ਨਾਂ ਪੁੱਛਿਆ। 'ਢੱਡਾ' ਸੁਣ ਕੇ ਗੁਲਾਮ ਨਬੀ ਨੇ ਉਤੇਜਿਤ ਹੋ ਕੇ ਉਸ ਦੀ ਬਾਂਹ ਘੁੱਟ ਕੇ ਫੜ ਲਈ। "ਕਮਾਲ ਹੋ ਗਿਆ", ਕਹਿ ਕੇ ਉਸ ਨੇ ਨਿੰਮੇ ਨੂੰ ਬਾਹੋਂ ਫੜ ਕੇ ਭੀੜ ਤੋਂ ਪਾਸੇ ਕਰ ਲਿਆ।

ਨਾਨਕ ਸਿੰਘ ਦੇ ਨਾਵਲਾਂ ਵਾਲੀ ਮੌਕਾ-ਮੇਲ ਦੀ ਜੁਗਤ ਹਕੀਕਤ ਵਿਚ ਵਾਪਰ ਗਈ।

ਪਿਤਾ ਤੇ ਦਾਦੇ ਦਾ ਨਾਂ ਪੁੱਛਿਆ ਤਾਂ ਜਵਾਬ ਸੁਣ ਕੇ ਗੁਲਾਮ ਨਬੀ ਨੇ ਨਿੰਮੇ ਨੂੰ ਲਿਸ਼ਕਦੀਆਂ ਅੱਖਾਂ ਨਾਲ ਗਹੁ ਨਾਲ ਨਿਹਾਰਿਆ। ਇਕ ਚੌੜੀ ਤਰਲ ਮੁਸਕਰਾਹਟ ਉਸ ਦੇ ਹੋਠਾਂ ਉਤੇ ਫੈਲ ਗਈ।

ਉਸ ਨੇ ਅੰਦਾਜ਼ਾ ਲਾ ਕੇ ਪੁੱਛਿਆ।

"ਓ ਤੂੰ ਮੀਤੇ ਤੋਂ ਛੋਟਾ ਨਿੰਮਾ ਏਂ?"

ਨਿੰਮਾ ਹੈਰਾਨ!

ਇਹ ਉਸ ਦਾ ਜਾਣੂ ਕਿਧਰੋਂ ਨਿਕਲ ਆਇਆ! ਉਹ ਤਾਂ ਪਾਕਿਸਤਾਨ ਬਣਨ ਵੇਲੇ ਮਸਾਂ ਡੇਢ ਦੋ ਸਾਲ ਦਾ ਸੀ।

ਨਿੰਮੇ ਨੇ 'ਹਾਂ' ਵਿਚ ਸਿਰ ਹਿਲਾਇਆ ਹੀ ਸੀ ਕਿ ਗੁਲਾਮ ਨਬੀ ਨੇ ਦੋਵਾਂ ਬਾਹਵਾਂ ਦਾ ਜੱਫਾ ਮਾਰ ਕੇ ਉਸ ਨੂੰ ਜ਼ਮੀਨ ਤੋਂ ਚੁੱਕ ਲਿਆ।

"ਓ ਭਲਿਆ ਲੋਕਾ! ਓ ਭਲਿਆ ਲੋਕਾ! ਰੱਬਾ ਤੇਰੇ ਰੰਗ ਨਿਆਰੇ ਨੇ!"

ਗੁਲਾਮ ਨਬੀ ਬੋਲੀ ਜਾ ਰਿਹਾ ਸੀ। ਉਸ ਨੂੰ ਅਚਨਚੇਤ ਜਿਵੇਂ ਕੋਈ ਦੱਬਿਆ ਖ਼ਜ਼ਾਨਾ ਮਿਲ ਗਿਆ ਸੀ ਜਿਸ ਦੀ ਚਮਕ ਵੇਖ ਕੇ ਉਹ ਚੁੰਧਿਆਇਆ ਗਿਆ।

ਉਹ ਉਸ ਨੂੰ ਖਿੱਚ ਕੇ ਦੁਕਾਨ 'ਤੇ ਲੈ ਗਿਆ। ਮਿੱਟੀ ਦੇ ਭਾਂਡਿਆਂ ਵਿਚ ਇਕ ਸਾਫ ਥਾਂ 'ਤੇ ਬਿਠਾਇਆ। ਚਾਹ ਤੇ ਬਰਫ਼ੀ ਮੰਗਵਾ ਲਈ। ਉਹ ਇਕੱਲੇ ਇਕੱਲੇ ਜੀਅ ਦਾ ਹਾਲ ਪੁੱਛ ਰਿਹਾ ਸੀ। ਦੱਸ ਰਿਹਾ ਸੀ ਕਿ ਉਨ੍ਹਾਂ ਦਾ ਘਰ ਤਾਂ ਨਿੰਮੇ ਹੁਰਾਂ ਦੇ ਘਰ ਦੇ ਨਾਲ ਹੰਦਾ ਸੀ। ਐਨ ਉਨ੍ਹਾਂ ਦੇ ਗੁਆਂਢ ਵਿਚ। ਉਹਦੀ ਛੋਟੀ ਭੈਣ ਫ਼ਜ਼ਲਾਂ ਨਿੰਮੇ ਨੂੰ ਕੁੱਛੜ ਚੁੱਕ ਕੇ ਖਿਡਾਉਂਦੀ ਰਹੀ ਸੀ, ਆਪਣੇ ਛੋਟੇ ਭਾਰ ਖ਼ੁਸ਼ੀਏ ਦੇ ਨਾਲ।

"ਤੈਨੂੰ ਤਾਂ ਫ਼ਜ਼ਲਾਂ ਅਜੇ ਵੀ ਯਾਦ ਕਰਕੇ ਰੋਂਦੀ ਰਹਿੰਦੀ ਐ।"

ਫ਼ਜ਼ਲਾਂ ਨਨਕਾਣੇ ਤੋਂ ਅੱਠ ਦਸ ਮੀਲ ਦੂਰ ਵਿਆਹੀ ਹੋਈ ਸੀ। ਗੁਲਾਮ ਨਬੀ ਨੇ ਦੁਕਾਨ ਨੂੰ ਤਾਲਾ ਲਾਇਆ ਤੇ ਫ਼ਜ਼ਲਾਂ ਨੂੰ ਦੱਸਣ ਉਹਦੇ ਸਹੁਰਿਆਂ ਦੇ ਪਿੰਡ ਨੂੰ ਤੁਰ ਪਿਆ।

ਗੁਰਦੁਆਰੇ ਵਾਪਸ ਪਰਤ ਰਹੇ ਨਿੰਮੇ ਦੇ ਦਿਲ-ਦਿਮਾਗ ਵਿਚ ਗੁਲਾਮ ਨਬੀ ਦਾ ਵੇਰਵਾ ਘੁੰਮ ਰਿਹਾ ਸੀ।

"ਤੂੰ ਤੇ ਖ਼ੁਸ਼ੀਆ ਹਾਣੀ ਸਾਓ। ਫਜ਼ਲਾਂ ਉਦੋਂ ਅੱਠਾਂ-ਦਸਾਂ ਸਾਲਾਂ ਦੀ ਸੀ। ਤੇਰੀ ਮਾਂ ਚੰਨੋ ਨੇ ਖੇਤਾਂ ਨੂੰ ਜਾਣਾ ਤਾਂ ਤੈਨੂੰ ਸਾਡੇ ਘਰ ਫੜਾ ਜਾਣਾ। ਫਜ਼ਲਾਂ ਨੇ ਤੁਹਾਨੂੰ ਦੋਹਾਂ ਨੂੰ ਢਾਕੇ ਲਾਈ ਫਿਰਨਾਂ। ਜਦੋਂ ਰੌਲਿਆਂ ਵਿਚ ਤੇਰੇ ਵਡੇਰੇ ਸਾਨੂੰ ਕਾਕੀ ਪਿੰਡ ਕੈਂਪ ਵਿਚ ਛੱਡ ਗਏ ਤਾਂ ਫਜ਼ਲਾਂ ਰੋਇਆ ਕਰੇ। ਅਖੇ, "ਮੈਂ ਨਿੰਮੇ ਨੂੰ ਮਿਲਣ ਜਾਣੈ...।" ਅੱਗੋਂ ਕਹਿਰ ਇਹ ਹੋਇਆ ਕਿ ਪਾਕਿਸਤਾਨ ਆਉਂਦਿਆਂ ਖ਼ੁਸ਼ੀਆ ਬਿਮਾਰ ਹੋ ਕੇ ਰਾਹ ਵਿਚ ਹੀ ਮਰ ਗਿਆ ਤਾਂ ਫਜ਼ਲਾਂ ਨੇ ਦੁੱਖ ਆਪਣੀ ਹਿੱਕ ਨਾਲ ਲਾ ਲਿਆ। ਰੋਇਆ ਕਰੇ ਤੇ ਆਖਿਆ ਕਰੇ, ਇਕ ਮੇਰਾ ਵੀਰ ਰੱਬ ਨੇ ਖੋਹ ਲਿਆ। ਦੂਜਾ ਮੈਥੋਂ ਵਿਛੜ ਗਿਆ। ਰੱਬ ਵੱਲੋਂ ਖੋਹਿਆ ਵੀਰ ਤਾਂ ਮਿਲ ਨਹੀਂ ਸਕਦਾ। ਮੇਰਾ ਵਿਛੜਿਆ ਵੀਰ ਹੀ ਮੈਨੂੰ ਮਿਲਾ ਦਿਓ!"

ਨਿੰਮੇ ਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ। ਮੁਸਲਮਾਨਾਂ ਦੇ ਗੁਆਂਢੀ ਹੋਣ ਤੇ ਆਪਸੀ ਸਾਂਝ ਦੀਆਂ ਗੱਲਾਂ ਤਾਂ ਉਸ ਨੇ ਸੁਣੀਆਂ ਹੋਈਆਂ ਸਨ ਪਰ ਕੋਈ ਉਸ ਵਾਸਤੇ ਇੰਜ ਵੀ ਲੁੱਛਦਾ ਤੜਪਦਾ ਹੋਵੇਗਾ, ਉਹਦੇ ਤਾਂ ਸੁਪਨੇ ਵਿਚ ਵੀ ਚਿੱਤ-ਖ਼ਿਆਲ ਨਹੀਂ ਸੀ ਆਇਆ।

ਗੁਲਾਮ ਨਬੀ ਨੇ ਫਜ਼ਲਾਂ ਦੇ ਪਿੰਡ ਜਾ ਕੇ ਦੱਸਿਆ ਕਿ ਢੱਡੇ ਤੋਂ ਤੇਰਾ ਵੀਰ ਨਿੰਮਾ ਆਇਆ ਹੈ ਤਾਂ ਉਹ ਉਸੇ ਵੇਲੇ ਉੱਡਦੀ ਹੋਈ ਆਪਣੇ ਪਤੀ ਨੂੰ ਲੱਭਣ ਦੌੜੀ। ਉਸ ਦਾ ਪਤੀ ਟਾਂਗਾ ਵਾਹੁੰਦਾ ਸੀ। ਟਾਂਗਾ ਸਵਾਰੀਆਂ ਨਾਲ ਭਰਿਆ ਖੜੋਤਾ ਸੀ।

ਕਹਿਣ ਲੱਗੀ, "ਸਵਾਰੀਆਂ ਲਾਹ ਦੇ ਤੇ ਟਾਂਗਾ ਹੁਣੇ ਨਨਕਾਣੇ ਨੂੰ ਮੋੜ।"

ਸਵਾਰੀਆਂ ਜ਼ਿਦ ਕਰਨ ਲੱਗੀਆਂ ਤਾਂ ਕਹਿੰਦੀ "ਮੇਰਾ ਪੁੱਤ ਆਇਆ...ਸਦੀਆਂ ਦੇ ਵਿਛੋੜੇ ਪਿੱਛੋਂ, ਮੈਂ ਉਹਨੂੰ ਮਿਲਣੈ।"

ਨਨਕਾਣੇ ਪਹੁੰਚ ਕੇ ਪੁਲੀਸ ਨੂੰ ਆਖ ਕੇ ਨਿੰਮੇ ਨੂੰ ਗੁਰਦੁਆਰੇ ਤੋਂ ਬਾਹਰ ਬੁਲਾ ਲਿਆ। ਛਮ ਛਮ ਅੱਥਰੂ ਕੇਰਦੀ ਫ਼ਜ਼ਲਾਂ ਨੇ ਪਹਿਲਾਂ ਤਾਂ ਨਿੰਮੇ ਨੂੰ ਆਪਣੇ ਕਲੇਜੇ ਨਾਲ ਘੁੱਟਿਆ ਤੇ ਫਿਰ ਸੜਕ 'ਤੇ ਹੀ ਇਕ ਪਾਸੇ ਬੈਠ ਕੇ ਨਿੰਮੇ ਨੂੰ ਆਪਣੀ ਗੋਦ ਵਿਚ ਬਿਠਾ ਲਿਆ।

ਇਕ ਅਜੀਬ ਝਾਕੀ ਸੀ ਵੇਖਣ ਵਾਲਿਆਂ ਲਈ। ਲੰਮਾ-ਝੰਮਾਂ ਮਰਦ-ਮਾਹਣੂ ਇਕ ਔਰਤ ਦੀ ਗੋਦ ਵਿਚ ਬੈਠਾ ਹੋਇਆ। ਨਿੰਮੇ ਨੂੰ ਪਿਆਰ ਵੀ ਆਇਆ। ਸੰਗ ਵੀ ਆਈ।

ਕਹਿਣ ਲੱਗਾ, "ਭੈਣ! ਤੈਨੂੰ ਭਾਰ ਨਹੀਂ ਲੱਗਦਾ!"

ਫ਼ਜ਼ਲਾਂ ਨੇ ਨਿੰਮੇ ਦਾ ਮੱਥਾ ਚੁੰਮਿਆ, "ਨਹੀਂ ਵੇ! ਮੇਰੇ ਚੰਨਾ! ਮੈਨੂੰ ਤਾਂ ਤੂੰ ਅਜੇ ਵੀ ਓਡਾ-ਕੇਡਾ ਲੱਗਦਾ ਏਂ। ਫੁੱਲਾਂ ਵਰਗਾ। ਮੇਰਾ ਨਿੱਕਾ ਜਿਹਾ ਛਿੰਦਾ ਵੀਰ।"

ਗੁਲਾਬ ਨਬੀ ਨੇ ਉਠਾਇਆ ਤੇ ਉਨ੍ਹਾਂ ਨੂੰ ਲੈ ਕੇ ਦੁਕਾਨ 'ਤੇ ਆ ਗਿਆ। ਫ਼ਜ਼ਲਾਂ ਕੋਲ ਪੁੱਛਣ ਲਈ ਹਜ਼ਾਰਾ ਸਵਾਲ ਸਨ। ਨਿੰਮੇ ਦੇ ਪਰਿਵਾਰ ਬਾਰੇ, ਆਂਢ-ਗੁਆਂਢ ਬਾਰੇ, ਪਿੰਡ ਬਾਰੇ। ਆਪਣੀਆਂ ਉਸ ਵੇਲੇ ਦੀਆਂ ਸਹੇਲੀਆਂ ਬਾਰੇ। ਤੇ ਫਿਰ ਉਹ ਉਨ੍ਹਾਂ ਸਮਿਆਂ ਵਿਚ ਗੁਆਚ ਗਈ।

"ਭਾਬੀ ਚੰਨੋ ਨੇ ਤੈਨੂੰ ਫੜਾ ਜਾਣਾ ਪਰ ਨਾਲ ਪੱਕੀ ਕਰਨੀ ਕਿ ਤੈਨੂੰ ਖਾਣ ਨੂੰ ਕੁਝ ਦਿਆਂ ਨਾ। ਪਰ ਮੈਂ ਖ਼ੁਸ਼ੀਏ ਨੂੰ ਖਾਣ ਨੂੰ ਦੇਣਾ ਤਾਂ ਤੈਨੂੰ ਵੀ ਦੇ ਦੇਣਾ। ਪਿੱਛੋਂ ਤੇਰਾ ਮੂੰਹ ਸਾਫ ਕਰ ਦੇਣਾ। ਇਕ ਵਾਰ ਕੀ ਹੋਇਆ! ਮੈਂ ਤੈਨੂੰ ਖੁਆ ਕੇ ਹਟੀ ਕਿ ਭਾਬੀ ਚੰਨੋ ਆ ਗਈ। ਤੇਰਾ ਮੂੰਹ ਲਿੱਬੜਿਆ ਰਹਿ ਗਿਆ। ਚੰਨੋ ਨੂੰ ਪਤਾ ਲੱਗ ਗਿਆ। ਇਸ ਗੱਲੋਂ ਚੰਨੋ ਨੇ ਮੈਨੂੰ ਕੁੱਟਿਆ", ਫਜ਼ਲਾਂ ਉੱਚੀ ਉੱਚੀ ਹੱਸਣ ਲੱਗੀ।

ਨਿੰਮਾ ਪਿੰਡ ਆਇਆ ਤਾਂ ਉਹਦੀਆਂ ਗੱਲਾਂ ਸੁਣਨ ਲਈ ਆਂਢ-ਗੁਆਂਢ 'ਕੱਠਾ ਹੋ ਗਿਆ। ਸਭ ਨੂੰ ਉਹ ਪੁਰਾਣੇ ਦਿਨ ਯਾਦ ਆ ਗਏ। "ਨਿੰਮਾ ਆਇਆ, ਉਸ ਨੇ ਨਬੀ ਤੇ ਫਜ਼ਲਾਂ ਬਾਰੇ ਦੱਸਿਆ ਤਾਂ ਸਾਡਾ ਵੀ ਜਾਣ ਨੂੰ ਜੀ ਕਰ ਆਇਆ। ਮੇਰੀ ਉਨ੍ਹੀਂ ਦਿਨੀਂ ਸੂਬਾ ਕਮੇਟੀ ਦੀ ਮੀਟਿੰਗ ਆ ਗਈ। ਮੈਂ ਤਾਂ ਜਾ ਨਾ ਸਕਿਆ ਪਰ ਮੇਰੀ ਘਰਵਾਲੀ ਗਈ ਜਥੇ ਨਾਲ। ਉਹ ਫਜ਼ਲਾਂ ਲਈ ਸ਼ਾਲ ਤੇ ਹੋਰ ਚੀਜ਼ਾਂ ਲੈ ਕੇ ਗਈ। ਉਸ ਨੇ ਤੁਰਨ ਲੱਗੀ ਮੇਰੀ ਘਰਵਾਲੀ ਨੂੰ ਕੜਾਹ ਬਣਾ ਕੇ ਦਿੱਤਾ। ਪਿੰਡ ਦੀਆਂ ਗੱਲਾਂ ਕਰ ਕਰ ਰੋਂਦੀ ਰਹੀ। ਅਖੇ ਮੇਰਾ ਪਿੰਡ ਮੈਨੂੰ ਸੁਪਨੇ ਵਿਚ ਵੀ ਨਹੀਂ ਭੁੱਲਿਆ।"

ਗੁਰਮੀਤ ਸਿੰਘ ਢੱਡੇ ਨੇ ਮੈਨੂੰ ਦੱਸਿਆ-

"ਅਗਲੀ ਵਾਰ ਮੇਰਾ ਵੀ ਜੀ ਕਰ ਆਇਆ। ਮੈਂ ਚਿੱਠੀਆਂ ਲਿਖ ਦਿੱਤੀਆਂ ਆਉਣ ਦੀਆਂ। ਜਾਣ ਲੱਗਾ ਤਾਂ ਮੇਰੇ ਇਕ ਸਾਥੀ ਮਾਸਟਰ ਨੇ ਆਪਣਾ ਬਜ਼ੁਰਗ ਪਿਓ ਮੇਰੇ ਨਾਲ ਅਟੈਚ ਕਰ ਦਿੱਤਾ। ਬਜ਼ੁਰਗ ਅੱਸੀ ਸਾਲ ਦੇ ਨੇੜੇ। ਹੱਥ ਵਿਚ ਡਾਂਗ ਫੜੀ ਹੋਈ। ਮੈਂ ਡਰਾਂ ਕਿ ਹੁਣ ਮੈਂ ਤਾਂ ਇਹਦੇ ਨਾਲ ਗੁਰਦੁਆਰਿਆਂ 'ਚ ਬੱਝਾ ਰਹੂੰ ਪਰ ਗੱਡੀ ਚੜ੍ਹਨ-ਚੜ੍ਹਾਉਣ ਵਿਚ ਬੁੱਢਾ ਹਿੰਮਤੀ ਲੱਗਾ। ਲਾਹੌਰ ਅਸੀਂ ਆਪਣੇ ਪਿੰਡ ਦੇ ਕਰਮ ਸਿੰਘ ਢੱਡਾ ਦੇ ਜਾਣੂ ਪਰਿਵਾਰ ਕੋਲ ਠਹਿਰੇ। ਇਹ ਬਹੁਤ ਅਮੀਰ ਪਰਿਵਾਰ ਸੀ। ਉਨ੍ਹਾਂ ਦੀ ਨਨਕਾਣੇ ਸਾਹਿਬ ਦੇ ਬੈਂਕ ਮੈਨੇਜਰ ਨਾਲ ਵਾਕਫੀ ਸੀ। ਉਸ ਨੂੰ ਉਨ੍ਹਾਂ ਫੋਨ ਵੀ ਕਰ ਦਿੱਤਾ ਤੇ ਸਾਨੂੰ ਚਿੱਠੀ ਵੀ ਦੇ ਦਿੱਤੀ।"

"ਨਨਕਾਣੇ ਅਸੀਂ ਰੇਲਵੇ ਸਟੇਸ਼ਨ ਤੋਂ ਉਤਰ ਕੇ ਜਦੋਂ ਗੁਰਦੁਆਰੇ ਵੱਲ ਤੁਰੇ ਤਾਂ ਮੈਂ ਦੱਸੀਆਂ ਨਿਸ਼ਾਨੀਆਂ ਮੁਤਾਬਕ ਗੁਲਾਮ ਨਬੀ ਦੀ ਦੁਕਾਨ ਟੋਲਣ ਲੱਗਾ। ਉਹਦੀ ਦੁਕਾਨ ਦੇ ਅੱਗੇ ਪਿੱਪਲ ਹੈ। ਅਸੀਂ ਵੀ ਤਾੜਦੇ ਪਏ ਸਾਂ ਤੇ ਉਹ ਵੀ ਜਥੇ ਦੇ ਬੰਦਿਆਂ ਵੱਲ ਵੇਖ ਰਿਹਾ ਸੀ। ਸੁਰਮੇ ਵਾਲੀਆਂ ਅੱਖਾਂ 'ਤੇ ਨਜ਼ਰ ਗਈ ਤਾਂ ਮੈਂ ਗੁਲਾਮ ਨਬੀ ਨੂੰ ਪਛਾਣ ਲਿਆ। ਮੈਂ ਅਜੇ ਮਾੜਾ ਜਿਹਾ ਰੁਕਿਆ ਹੀ ਸਾਂ ਕਿ ਉਹਨੇ ਆਣ ਕੇ ਮੈਨੂੰ ਜੱਫੀ ਪਾ ਲਈ।

ਕਹਿੰਦਾ, "ਮੀਤਾ ਲੱਗਦਾ ਏਂ?"

ਉਹ ਸਾਥੋਂ ਉਮਰ ਵਿਚ ਵੱਡਾ ਹੁੰਦਾ ਸੀ। ਮੈਂ ਪੁੱਛਿਆ, "ਭੈਣ ਕਿੱਥੇ ਆ?" ਕਹਿੰਦਾ, "ਸਵੇਰੇ ਆਊਗੀ।"

"ਅਗਲੇ ਦਿਨ ਫ਼ਜ਼ਲਾਂ ਆਈ। ਬੜੀ ਉੱਚੀ ਲੰਮੀ ਦਾਨਾਅ ਜ਼ਨਾਨੀ। ਜੱਫੀ ਪਾ ਕੇ ਮਿਲੀ। ਅਸੀਂ ਕੱਚੇ ਭਾਂਡਿਆਂ ਵਿਚ ਬਹਿ ਗਏ। ਕਹਿਣ ਲੱਗੀ, "ਤੇਰੀ ਸ਼ਕਲ ਤੇਰੇ ਪਿਓ ਨਾਲ ਬੜੀ ਮਿਲਦੀ ਏ। ਮੈਂ ਤਾਂ ਵਿੰਹਦਿਆਂ ਪਛਾਣ ਲਈ ਸਾਂ।"

ਮੈਂ ਉਸ ਲਈ ਲਿਆਂਦਾ ਸੂਟ, ਸ਼ਾਲ, ਚਾਹ ਅਤੇ ਬਿੰਦੀਆਂ ਦਿੱਤੀਆਂ ਤਾਂ ਆਖਣ ਲੱਗੀ, "ਆਹ ਵੇਖ ਖਾਂ ਮੇਰੀ ਭਾਬੀ ਮੈਨੂੰ ਦੇ ਕੇ ਗਈ ਸੀ ਪਿਛਲੀ ਵਾਰੀ।" ਉਸ ਨੇ ਉਤੇ ਲਿਆ ਸ਼ਾਲ ਵਿਖਾਇਆ।

ਅਸੀਂ ਰਾਤ ਨੂੰ ਗੁਰਦੁਆਰੇ ਨਹੀਂ ਸਾਂ ਠਹਿਰਦੇ। ਬੈਂਕ ਮੈਨੇਜਰ ਨੇ ਸਾਨੂੰ ਬੈਂਕ ਉਪਰਲੇ ਚੁਬਾਰੇ ਵਿਚ ਠਹਿਰਾ ਲਿਆ ਸੀ ਪਰ ਰੋਟੀ ਅਸੀਂ ਰਾਤ ਨੂੰ ਗੁਲਾਮ ਨਬੀ ਦੇ ਘਰ ਹੀ ਖਾਂਦੇ। ਉਸ ਰਾਤ ਰੋਟੀ ਤੋਂ ਪਹਿਲਾਂ ਨਬੀ ਮੈਨੂੰ ਪੁੱਛਦਾ, "ਮਾਸਟਰ! ਪੀਣੀ ਆਂ?"

ਮੈਂ ਕਿਹਾ, "ਤੁਹਾਡੇ ਤਾਂ ਮਿਲਦੀ ਨਹੀਂ। ਮਿਲ ਜੂ?" "ਤੂੰ ਹਾਂ ਕਰ।"

ਉਹ ਅਧੀਆ ਦੇਸੀ ਸ਼ਰਾਬ ਦਾ ਲੈ ਆਇਆ। ਅਸੀਂ ਉਹਲੇ ਹੋ ਕੇ ਬੈਠ ਕੇ ਪੀਂਦੇ ਗੱਲਾਂ ਕਰਦੇ ਰਹੇ। ਰੋਟੀ ਖਾਣ ਲੱਗੇ ਤਾਂ ਫਜ਼ਲਾਂ ਸਾਡੇ ਕੋਲ ਆਈ। ਮੈਂ ਪਿਆਰ ਨਾਲ ਆਖਿਆ, "ਆ ਭੈਣ ਰੋਟੀ 'ਕੱਠਿਆਂ ਖਾਈਏ।"

ਕਹਿਣ ਲੱਗੀ, "ਵੀਰ! ਜੇ ਰੋਟੀ 'ਕੱਠੀ ਖਾਣੀ ਸੀ ਤਾਂ ਸਾਨੂੰ ਕੱਢਣਾ ਕਾਹਨੂੰ ਸੀ ਉੱਥੋਂ।"

ਮੇਰੇ ਅੰਦਰ ਬੋਲ ਰਿਹਾ ਗੁਰਮੀਤ ਢੱਡਾ ਖ਼ਾਮੋਸ਼ ਹੋ ਗਿਆ। ਉਸ ਨੂੰ ਉਦੋਂ ਵੀ ਕੋਈ ਗੱਲ ਨਹੀਂ ਸੀ ਅਹੁੜੀ ਜਦੋਂ ਫ਼ਜ਼ਲਾਂ ਨੇ ਇਹ ਸਵਾਲ ਪਾਇਆ ਸੀ। ਇਸ ਸਵਾਲ ਦਾ ਜਵਾਬ ਲੱਭਦਿਆਂ ਹੀ ਇਕ ਤੋਂ ਦੋ ਮੁਲਕ ਬਣ ਗਏ ਹਨ ਜੋ ਅਜੇ ਵੀ ਇਕ ਦੂਜੇ ਵੱਲ ਤੋਪਾਂ ਤਾਣੀ ਖਲੋਤੇ ਸਨ। 'ਹਿੰਦੂ ਪਾਣੀ' ਤੇ 'ਮੁਸਲਮਾਨ ਪਾਣੀ' ਇਕ ਦੂਜੇ ਦਾ ਖ਼ੂਨ ਪੀਣ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ ਤੇ ਮੌਕਾ ਮਿਲਦਿਆਂ ਦੂਜੇ ਦੇ ਲਹੂ ਦਾ ਘੱਟ ਭਰ ਵੀ ਲੈਂਦੇ ਸਨ।

ਜਵਾਬ ਤਾਂ ਪੰਜ ਸੌ ਸਾਲ ਪਹਿਲਾਂ ਹੀ ਲੱਭ ਲਿਆ ਸੀ ਬਾਬੇ ਨਾਨਕ ਨੇ : ਨਾ ਹਮ ਹਿੰਦੂ ਨਾ ਮੁਸਲਮਾਨ!

ਪਰ ਅਸੀਂ ਉਸ ਦੀ ਸੁਣੀ ਹੀ ਕਦੋਂ ਸੀ! ਉਹਦੇ ਚਿਹਰੇ ਦੇ ਮਾਨਵ-ਮੁਹੱਬਤ ਦੇ ਨੂਰ ਵੱਲ ਝਾਤ ਹੀ ਕਦੋਂ ਮਾਰੀ ਸੀ! ਉਹਦੀ ਬਾਣੀ ਵਿਚਲੇ ਸੱਚ ਨੂੰ ਅੱਖਾਂ ਖੋਲ੍ਹ ਕੇ ਪੜ੍ਹਿਆ ਹੀ ਕਦੋਂ ਸੀ! ਅਸੀਂ ਤਾਂ ਬਸ ਸ਼ਰਧਾ ਵਿਚ ਅੱਖਾਂ ਮੁੰਦ ਕੇ ਸੀਸ ਝੁਕਾ ਛੱਡਿਆ ਸੀ।

**'ਵਗਦੀ ਏ ਰਾਵੀ' ਵਿੱਚੋਂ**
**(ਪਹਿਲਾ ਛਪਣ ਸਾਲ-2001)**
**ਲੇਖਕ : ਵਰਿਆਮ ਸਿੰਘ ਸੰਧੂ**

# ਪੁਲਾੜ ਦਾ ਫ਼ੌਜੀਕਰਨ ਸਾਡੇ ਸਾਰਿਆਂ ਲਈ ਖ਼ਤਰਾ

ਲੇਖਕ: ਵਿਲੀਅਮ ਜੇ ਐਸਟੋਰ
ਅਨੁਵਾਦ: ਸੁਖਵੰਤ ਹੁੰਦਲ

**'15 ਖਰਬ (ਇੱਕ ਪੁਆਇੰਟ ਪੰਜ ਟ੍ਰਿਲੀਅਨ) ਡਾਲਰ।'**

ਰਾਸ਼ਟਰਪਤੀ ਡੌਨਾਲਡ ਟਰੰਪ ਨੂੰ ਮੀਡੀਆ ਅਦਾਰਿਆਂ ਅਤੇ ਹੋਰਾਂ ਤੋਂ 'ਡਾਕਟਰ ਈਵਿਲ' ਦੀ ਸ਼ੈਲੀ ਵਿੱਚ ਹੈਰਾਨ ਕਰਨ ਵਾਲੀਆਂ ਮੰਗਾਂ ਕਰਨ ਦਾ ਸ਼ੌਕ ਹੈ: ਪਿਛਲੇ ਸਾਲ ਬੀ. ਬੀ. ਸੀ. ਖਿਲਾਫ਼ 'ਦੱਸ ਅਰਬ ਡਾਲਰ' ਦਾ ਦਾਅਵਾ ਕਰਨਾ, ਉਨ੍ਹਾਂ ਦੀਆਂ ਅਜਿਹੀਆਂ ਕਈ ਮੰਗਾਂ ਦੀ ਲੜੀ ਵਿੱਚੋਂ ਸਿਰਫ਼ ਇੱਕ ਸੀ।

ਉਹ ਫੌਜੀ ਖਰਚਿਆਂ ਲਈ ਅਮਰੀਕੀ ਜਨਤਾ ਤੋਂ ਜਿਸ ਚੈੱਕ ਦੀ ਮੰਗ ਕਰ ਰਿਹਾ ਹੈ, ਉਹ ਇਸ ਤੋਂ ਕਿਤੇ ਜ਼ਿਆਦਾ ਵੱਡਾ ਹੈ। ਪਿਛਲੇ ਸਾਲ ਅਮਰੀਕਾ ਦਾ ਰੱਖਿਆ ਬਜਟ ਪਹਿਲੀ ਵਾਰ 10 ਖਰਬ (1 ਟ੍ਰਿਲੀਅਨ) ਡਾਲਰ ਤੋਂ ਪਾਰ ਹੋ ਗਿਆ ਸੀ। ਅਜੇ ਵੀ ਅਸੰਤੁਸ਼ਟ, ਇਸ ਸਾਲ ਟਰੰਪ 15 ਖਰਬ (1.5 ਟ੍ਰਿਲੀਅਨ) ਡਾਲਰ ਦੀ ਮੰਗ ਨਾਲ ਅਮਰੀਕਾ ਦੀ ਕਾਂਗਰਸ ਕੋਲ ਵਾਪਸ ਗਿਆ ਹੈ, ਜਿਹੜਾ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਰੱਖਿਆ ਖਰਚਿਆਂ ਵਿੱਚ ਸਭ ਤੋਂ ਵੱਡਾ ਵਾਧਾ ਹੈ।

ਇਸ ਵਿੱਚੋਂ ਇੱਕ ਵੱਡਾ ਹਿੱਸਾ, 17.5 ਅਰਬ (ਬਿਲੀਅਨ) ਡਾਲਰ, ਟਰੰਪ ਵਲੋਂ ਪ੍ਰਸਤਾਵਿਤ 'ਗੋਲਡਨ ਡੋਮ ਮਿਜ਼ਾਇਲ ਸ਼ੀਲਡ' ਪ੍ਰਣਾਲੀ ਦੇ ਵਿਕਾਸ ਲਈ ਖਰਚਿਆ ਜਾਵੇਗਾ - ਇਸ ਪ੍ਰਣਾਲੀ ਦਾ ਨਾਮ ਇਜ਼ਰਾਈਲ ਦੇ 'ਆਇਰਨ ਡੋਮ' ਐਂਟੀ-ਮਿਜ਼ਾਈਲ ਸਿਸਟਮ ਤੋਂ ਪ੍ਰੇਰਿਤ ਹੈ। ਮੁੱਖ ਤੌਰ 'ਤੇ ਜ਼ਮੀਨ-ਆਧਾਰਿਤ ਇੰਟਰਸੈਪਟਰਾਂ ਅਤੇ ਪੁਲਾੜ-ਆਧਾਰਿਤ ਸੈਂਸਰਾਂ ਨਾਲ ਲੈਸ, ਇਸ ਵਿਸ਼ਾਲ ਮਿਜ਼ਾਈਲ ਸ਼ੀਲਡ ਨੂੰ ਬਚਾਅ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਦੀ ਕੁੱਲ ਲਾਗਤ ਦੇ ਅੰਦਾਜ਼ੇ ਕਾਫ਼ੀ ਵੱਖਰੇ-ਵੱਖਰੇ ਹਨ - ਸਰਕਾਰੀ ਅੰਕੜੇ ਇਸ ਨੂੰ 185 ਅਰਬ (ਬਿਲੀਅਨ) ਡਾਲਰ ਦੱਸਦੇ ਹਨ, ਜਦੋਂ ਕਿ ਅਜ਼ਾਦ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ 'ਤੇ 36 ਖਰਬ (3.6 ਟ੍ਰਿਲੀਅਨ) ਡਾਲਰ ਤੱਕ ਦਾ ਖਰਚਾ ਆ ਸਕਦਾ ਹੈ।

ਪੁਲਾੜ ਦਾ ਹੋਰ ਫ਼ੌਜੀਕਰਨ ਹੋਣਾ ਬਿਲਕੁਲ ਤੈਅ ਹੈ। ਇਸ ਸੰਬੰਧ ਵਿੱਚ ਡੋਮ ਪ੍ਰਸਤਾਵ ਦੇ ਸਭ ਤੋਂ ਚਿੰਤਾਜਨਕ ਪਹਿਲੂਆਂ ਵਿੱਚੋਂ ਇੱਕ ਇਹ ਸੁਝਾਅ ਹੈ ਕਿ ਇਸ ਵਿੱਚ 'ਪੁਲਾੜ-ਆਧਾਰਿਤ ਇੰਟਰਸੈਪਟਰ' ਸ਼ਾਮਲ ਹੋ ਸਕਦੇ ਹਨ - ਯਾਨੀ ਪੁਲਾੜ ਦੇ ਔਰਬਿਟ (ਗ੍ਰਹਿ-ਪੱਥ) ਵਿੱਚ ਤਾਇਨਾਤ ਮਿਜ਼ਾਈਲਾਂ, ਜੋ ਧਰਤੀ ਤੋਂ ਛੱਡੀਆਂ ਗਈਆਂ ਮਿਜ਼ਾਈਲਾਂ ਨੂੰ ਡੇਗਣ ਲਈ ਤਿਆਰ ਰਹਿਣਗੀਆਂ। ਇਹ ਇਸ ਖ਼ਤਰੇ ਨੂੰ ਜਨਮ ਦਿੰਦਾ ਹੈ ਕਿ ਉਹਨਾਂ ਨੂੰ ਪੁਲਾੜ-ਆਧਾਰਿਤ ਬੰਬਾਂ ਦੇ ਰੂਪ ਵਿੱਚ ਬਦਲਿਆ ਜਾ ਸਕਦਾ ਹੈ, ਜੋ ਬਿਨਾਂ ਕਿਸੇ ਪੂਰਵ ਸੂਚਨਾ ਦੇ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਤਬਾਹੀ ਮਚਾ ਸਕਦੇ ਹਨ।

ਇਹ ਇਕ ਅਜੀਬ ਵਿਚਾਰ ਜਾਪਦਾ ਹੈ ਕਿ ਇਹ ਇੰਟਰਸੈਪਟਰ ਅਮਰੀਕਾ ਨੂੰ ਅਸਲ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ: ਇਸ ਲਈ ਸਾਡੇ ਅਸਮਾਨਾਂ ਵਿੱਚ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਇੰਟਰਸੈਪਟਰਾਂ ਨੂੰ ਤਾਇਨਾਤ ਕਰਨ ਦੀ ਲੋੜ ਹੋਵੇਗੀ। ਇਸ ਦਾ ਇੱਕ ਹੋਰ ਸੰਭਾਵੀ ਨਤੀਜਾ ਸੁਰੱਖਿਆ ਮੁਕਾਬਲੇ ਵਿੱਚ ਵਾਧਾ ਹੋ ਸਕਦਾ ਹੈ, ਜਿਸ ਵਿੱਚ ਪੁਲਾੜ ਉੱਤੇ ਆਪਣਾ ਦਬਦਬਾ ਬਣਾਉਣ ਲਈ ਹਰ ਦੇਸ਼ ਵਲੋਂ ਕੀਤੀਆਂ ਕੋਸ਼ਿਸ਼ਾਂ ਦੂਜਿਆਂ ਵੱਲੋਂ ਜਵਾਬੀ ਕਾਰਵਾਈਆਂ ਨੂੰ ਉਕਸਾਣਗੀਆਂ।

**'ਪੁਲਾੜ ਦੀ ਦੌੜ' (ਸਪੇਸ ਰੇਸ)**

ਟਰੰਪ ਦੀ 'ਗੋਲਡਨ ਡੋਮ' ਯੋਜਨਾ ਫ਼ੌਜਾਂ - ਜਿਨ੍ਹਾਂ ਵਿੱਚ ਅਮਰੀਕਾ ਸਭ ਤੋਂ ਅੱਗੇ ਹੈ - ਵੱਲੋਂ ਦਹਾਕਿਆਂ ਤੋਂ ਪੁਲਾੜ ਵੱਲ ਵੇਖਣ ਦੇ ਸਿਲਸਿਲੇ ਦਾ ਹੀ ਹਿੱਸਾ ਹੈ। ਅਮਰੀਕਾ ਦੇ ਪਹਿਲੇ ਪੁਲਾੜ ਯਾਤਰੀਆਂ ਦੀ ਭਰਤੀ ਮੁੱਖ ਤੌਰ 'ਤੇ ਫ਼ੌਜੀ ਟੈਸਟ ਪਾਇਲਟਾਂ ਵਿੱਚੋਂ ਕੀਤੀ ਗਈ ਸੀ, ਅਤੇ ਨਾਸਾ - ਭਾਵੇਂ ਇਹ ਇੱਕ ਸਿਵਲੀਅਨ ਸੰਸਥਾ ਸੀ - ਨੂੰ ਵੀ ਅਰਧ-ਫੌਜੀ ਢਾਂਚੇ ਦੇ ਆਧਾਰ 'ਤੇ ਹੀ ਸੰਗਠਿਤ ਕੀਤਾ ਗਿਆ ਸੀ।

ਇਤਿਹਾਸ ਵਿੱਚ ਹੋਰ ਪਿੱਛੇ ਜਾਈਏ ਤਾਂ, ਅਮਰੀਕਾ ਅਤੇ ਸੋਵੀਅਤ ਯੂਨੀਅਨ, ਦੋਵਾਂ, ਦੇ ਪੁਲਾੜ ਪ੍ਰੋਗਰਾਮਾਂ ਦੀਆਂ ਤਕਨੀਕੀ ਨੀਹਾਂ ਜੰਗ ਦੇ ਸਮੇਂ ਦੀ ਰੌਕੇਟਰੀ (ਰਾਕਟ ਤਕਨਾਲੋਜੀ) ਵਿੱਚੋਂ ਨਿਕਲੀਆਂ ਸਨ। ਸ਼ੁਰੂ ਵਿੱਚ 1944 ਵਿੱਚ ਜੰਗ ਦੌਰਾਨ ਵਰਤੀਆਂ ਗਈਆਂ ਨਾਜ਼ੀ ਜਰਮਨੀ ਦੀਆਂ



ਵੀ-2 ਬੈਲਿਸਟਿਕ ਮਿਜ਼ਾਈਲਾਂ ਪੁਲਾੜ ਵਿੱਚ ਪਹੁੰਚਣ ਵਾਲੀਆਂ ਮਨੁੱਖ ਵਲੋਂ ਬਣਾਈਆਂ ਪਹਿਲੀਆਂ ਵਸਤੂਆਂ ਸਨ। ਇਹਨਾਂ ਨੇ ਸਾਬਤ ਕਰ ਦਿੱਤਾ ਸੀ ਕਿ ਰਾਕਟ ਲੰਬੀ ਦੂਰੀ ਤੱਕ ਵਿਸਫੋਟਕ ਸਮੱਗਰੀ ਪਹੁੰਚਾ ਸਕਦੇ ਹਨ। ਦੂਜੇ ਵਿਸ਼ਵ ਯੁੱਧ ਦੌਰਾਨ ਅਤੇ ਉਸ ਤੋਂ ਬਾਅਦ, ਦੋਵਾਂ ਮਹਾਸ਼ਕਤੀਆਂ ਨੇ ਜਰਮਨ ਇੰਜਨੀਅਰਾਂ ਨੂੰ ਕੈਦ ਕੀਤਾ ਜਾਂ ਆਪਣੇ ਨਾਲ ਮਿਲਾ ਲਿਆ ਸੀ, ਜਿਹਨਾਂ ਵਿੱਚ ਵਰਨਹਰ ਵਾਨ ਬ੍ਰੌਨ ਵੀ ਸ਼ਾਮਲ ਸੀ, ਜਿਸ ਦੀ ਮੁਹਾਰਤ ਨੇ ਅਮਰੀਕਾ ਦੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਅਜਿਹੇ ਲਾਂਚ ਵਾਹਨਾਂ (ਵਿਹੀਕਲਜ਼) ਵਿੱਚ ਬਦਲਣ ਵਿੱਚ ਮਦਦ ਕੀਤੀ ਜੋ ਪੁਲਾੜ ਦੇ ਔਰਬਿਟ ਤੱਕ ਪਹੁੰਚਣ ਦੇ ਸਮਰੱਥ ਸਨ।

ਪੁਲਾੜ ਨੂੰ ਮਿਜ਼ਾਇਲੀ ਹਮਲੇ ਕਰਨ ਲਈ ਰਣਨੀਤਕ ਥਾਂ ਵਜੋਂ ਦੇਖਣ ਦੀ ਹਮਲਾਵਰ ਸੋਚ 'ਪੁਲਾੜ ਦੀ ਦੌੜ (ਸਪੇਸ ਰੇਸ)' ਦੇ ਸ਼ੁਰੂਆਤੀ ਦਿਨਾਂ ਤੋਂ ਹੀ ਚੱਲੀ ਆ ਰਹੀ ਹੈ। 1958 ਵਿੱਚ, ਸੋਵੀਅਤ ਯੂਨੀਅਨ ਵਲੋਂ ਧਰਤੀ ਦੀ ਪਰਿਕਰਮਾ ਕਰਨ ਵਾਲੇ ਪਹਿਲੇ ਮਨੁੱਖ-ਨਿਰਮਿਤ ਉਪਗ੍ਰਹਿ 'ਸਪੁਤਨਿਕ' ਦੇ ਲਾਂਚ ਤੋਂ ਤੁਰੰਤ ਬਾਅਦ, ਅਮਰੀਕਾ ਦੀ ਏਅਰ ਫੋਰਸ ਦੇ ਬ੍ਰਿਗੇਡੀਅਰ ਜਨਰਲ ਹੋਮਰ ਬੋਸ਼ੇ ਨੇ ਚੰਦਰਮਾ ਨੂੰ 'ਬੇਮਿਸਾਲ ਫਾਇਦੇ ਵਾਲੇ ਜਵਾਬੀ ਹਮਲੇ ਦੇ ਅੱਡੇ' ਵਜੋਂ ਦਰਸਾਇਆ ਸੀ, ਜਿੱਥੋਂ ਅਮਰੀਕਾ ਸੰਭਾਵੀ ਤੌਰ 'ਤੇ ਪਰਮਾਣੂ ਹਮਲੇ ਲਾਂਚ ਕਰ ਸਕਦਾ ਸੀ। 1990 ਦੇ ਦਹਾਕੇ ਦੇ ਸ਼ੁਰੂ ਤੱਕ ਚੱਲੀ ਠੰਢੀ ਜੰਗ ਦੌਰਾਨ ਪੁਲਾੜ ਇੱਕ ਤਿੱਖੇ ਮੁਕਾਬਲੇ ਦਾ ਖੇਤਰ ਬਣ ਗਿਆ।

1975 ਵਿੱਚ ਔਰਬਿਟ ਵਿੱਚ ਅਪੋਲੋ-ਸੋਯੂਜ਼ ਦੇ ਲਿੰਕ-ਅੱਪ ਰਾਹੀਂ ਦੋਵਾਂ ਮਹਾਂਸ਼ਕਤੀਆਂ ਵਿਚਕਾਰ ਸਹਿਯੋਗ ਦੇ ਪਲ, ਲਗਾਤਾਰ ਰਣਨੀਤਕ ਦੁਸ਼ਮਣੀ ਅਤੇ ਸਰਦਾਰੀ ਦੀਆਂ ਵੱਡੀਆਂ ਯੋਜਨਾਵਾਂ ਵਿੱਚ ਬਦਲ ਗਏ। 2006 ਵਿੱਚ, ਅਮਰੀਕਾ ਦੀ ਏਅਰ ਫੋਰਸ ਸਪੇਸ ਕਮਾਂਡ ਦੇ ਕਮਾਂਡਰ ਜਨਰਲ ਲਾਂਸ ਲਾਰਡ ਨੇ ਪੁਲਾੜ ਦੀ ਸ੍ਰੇਸ਼ਟਤਾ (ਸੁਪੀਰੀਔਰਟੀ) ਨੂੰ 'ਜੰਗ ਦਾ ਭਵਿੱਖ' ਅਤੇ ਉਹ ਜ਼ਰੂਰੀ 'ਹਾਈ ਗਰਾਊਂਡ' ਦੱਸਿਆ ਜਿਸ ਤੋਂ ਬਿਨਾਂ ਜੰਗਾਂ ਜਿੱਤੀਆਂ ਨਹੀਂ ਜਾ ਸਕਣਗੀਆਂ।

ਦੂਜੇ ਪਾਸੇ, 1960 ਦੇ ਦਹਾਕੇ ਵਿੱਚ ਸ਼ੁਰੂ ਕੀਤੇ ਗਏ ਤਥਾਕਥਿਤ ਜਾਸੂਸੀ ਸੈਟੇਲਾਈਟਾਂ (ਜਿਨ੍ਹਾਂ ਨੇ ਸ਼ੁਰੂ ਵਿੱਚ ਫਿਲਮ ਅਤੇ ਬਾਅਦ ਵਿੱਚ ਡਿਜੀਟਲ ਫੋਟੋਗ੍ਰਾਫੀ ਦੀ ਵਰਤੋਂ ਕੀਤੀ) ਨੇ ਗਲਤਫਹਿਮੀਆਂ ਅਤੇ ਭੁੱਲਾਂ ਨੂੰ ਭਿਆਨਕ ਜੰਗਾਂ ਵਿੱਚ ਬਦਲਣ ਤੋਂ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ। ਨਿਗਰਾਨੀ ਦੇ ਇਹ ਨੈੱਟਵਰਕ ਡਿਫੈਂਸ ਸੁਪੋਰਟ ਪ੍ਰੋਗਰਾਮ (ਡੀ ਐਸ ਪੀ) ਵਰਗੇ ਸੈਟਾਲਾਈਟਾਂ ਨਾਲ ਜੋੜੇ ਜਾ ਸਕਦੇ ਸਨ, ਜੋ ਪਹਿਲੀ ਵਾਰ 1970 ਵਿੱਚ ਲਾਂਚ ਕੀਤੇ ਗਏ ਸਨ। ਇਹ ਸੈਟਾਲਾਈਟ ਮਿਜ਼ਾਈਲਾਂ ਦੇ ਲਾਂਚ ਹੁੰਦੇ ਹੀ ਉਨ੍ਹਾਂ ਤੋਂ ਨਿਕਲਣ ਵਾਲੀ ਗਰਮੀ (ਹੀਟ ਪਲੂਮ) ਦਾ ਪਤਾ ਲਗਾਉਣ ਲਈ ਇਨਫਰਾਰੈੱਡ ਸੈਂਸਰਾਂ ਦੀ ਵਰਤੋਂ ਕਰਦੇ ਸਨ। ਇਹ ਮਿਜ਼ਾਈਲ ਹਮਲਿਆਂ ਦੀਆਂ ਝੂਠੀਆਂ ਚੇਤਾਵਨੀਆਂ ਨੂੰ ਪਰਮਾਣੂ ਯੁੱਧ ਵਿੱਚ ਬਦਲਣ ਤੋਂ ਰੋਕ ਸਕਦਾ ਸੀ ਅਤੇ ਹਥਿਆਰ ਨਿਯੰਤਰਣ ਸੰਧੀਆਂ ਦੀ ਪਾਲਣਾ ਦੀ ਪੁਸ਼ਟੀ ਕਰਨ ਵਿੱਚ ਮਦਦ ਕਰ ਸਕਦਾ ਸੀ - ਜੋ ਕਿ ਨਿਸ਼ਚਿਤ ਤੌਰ 'ਤੇ ਪੁਲਾੜ ਦੇ ਫੌਜੀਕਰਨ ਦਾ ਇੱਕ ਹਾਂ-ਪੱਖੀ ਪਹਿਲੂ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਸੈਟਾਲਾਈਟ ਆਧੁਨਿਕ ਯੁੱਧ ਪ੍ਰਣਾਲੀ ਲਈ ਅਤਿ-ਜ਼ਰੂਰੀ ਬਣ ਗਏ ਹਨ। ਖਾਸ ਤੌਰ 'ਤੇ ਅਮਰੀਕਾ ਨਿਗਰਾਨੀ, ਸੰਚਾਰ, ਨੈਵੀਗੇਸ਼ਨ, ਨਿਸ਼ਾਨੇਬਾਜ਼ੀ (ਟਾਰਗਟਿੰਗ) ਅਤੇ ਮਿਜ਼ਾਈਲਾਂ ਬਾਰੇ ਚੇਤਾਵਨੀ ਲਈ ਪੁਲਾੜ-ਆਧਾਰਿਤ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਇਹ ਸਿਸਟਮ ਪੈਂਟਾਗਨ ਦੀ 'ਗਲੋਬਲ ਪਹੁੰਚ, ਗਲੋਬਲ ਤਾਕਤ' ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮਨਸ਼ਾ ਨੂੰ ਪੂਰਾ ਕਰਦੀਆਂ ਹਨ। ਫੌਜੀ ਭਾਸ਼ਾ ਵਿੱਚ, ਸੈਟਾਲਾਈਟ 'ਫੋਰਸ ਮਲਟੀਪਲਾਇਰ' (ਸ਼ਕਤੀ ਨੂੰ ਕਈ ਗੁਣਾ ਵਧਾਉਣ ਵਾਲੇ) ਵਜੋਂ ਕੰਮ ਕਰਦੇ ਹਨ, ਜੋ ਫੌਜਾਂ ਨੂੰ ਅਸਧਾਰਨ ਰਫ਼ਤਾਰ ਅਤੇ ਸਟੀਕ ਢੰਗ (ਪ੍ਰੀਸੀਜ਼ਨ) ਨਾਲ ਦੁਨੀਆ ਭਰ ਵਿੱਚ ਆਪਣੀਆਂ ਕਾਰਵਾਈਆਂ ਦਾ ਤਾਲਮੇਲ ਕਰਨ ਦੇ ਯੋਗ ਬਣਾਉਂਦੇ ਹਨ। 2019 ਵਿੱਚ ਟਰੰਪ ਵਲੋਂ ਵਿਸਤ੍ਰਿਤ ਨਿਗਰਾਨੀ, ਜਾਸੂਸੀ, ਸਟੀਕ ਨਿਸ਼ਾਨੇਬਾਜ਼ੀ (ਪ੍ਰੀਸੀਜ਼ਨ ਟਾਰਗੇਟਿੰਗ) ਅਤੇ ਸੰਚਾਰ 'ਤੇ ਕੇਂਦਰਿਤ 'ਸਪੇਸ ਫੋਰਸ' ਦੀ ਰਸਮੀ ਸਥਾਪਨਾ ਦਹਾਕਿਆਂ ਪੁਰਾਣੀ ਨੀਤੀ ਦਾ ਹੀ ਇੱਕ ਵਿਸਥਾਰ ਸੀ।

**ਔਰਬਿਟ ਵਿਚਲਾ ਮਲਬਾ**

ਪੁਲਾੜ ਵਿੱਚ ਹਥਿਆਰਾਂ ਦੀ ਦੌੜ ਨੂੰ ਰੋਕਣ ਲਈ ਪਹਿਲਾਂ ਯਤਨ ਕੀਤੇ ਗਏ ਸਨ। 1967 ਦੀ 'ਆਊਟਰ ਸਪੇਸ ਟ੍ਰੀਟੀ' ਨੇ ਔਰਬਿਟ ਵਿੱਚ ਜਾਂ 'ਅਕਾਸ਼ੀ ਗ੍ਰਹਿਆਂ' (ਸੀਲੈਸਟੀਅਲ ਬੌਡੀਜ਼) 'ਤੇ ਪਰਮਾਣੂ ਹਥਿਆਰਾਂ ਜਾਂ ਤਬਾਹੀ ਮਚਾਉਣ ਵਾਲੇ ਹੋਰ ਹਥਿਆਰਾਂ ਦੀ ਤਾਇਨਾਤੀ 'ਤੇ ਰੋਕ ਲਗਾ ਦਿੱਤੀ ਸੀ ਅਤੇ ਪੁਲਾੜ ਨੂੰ 'ਸਮੁੱਚੀ ਮਾਨਵਤਾ ਦੀ ਜਾਇਦਾਦ' ਘੋਸ਼ਿਤ ਕੀਤਾ ਸੀ — ਜਿਸ ਨੇ ਪਰਮਾਣੂ ਹਮਲਿਆਂ ਲਈ ਚੰਦਰਮਾ ਦੀ ਵਰਤੋਂ ਕਰਨ ਦੇ ਅਮਰੀਕਾ ਦੇ ਪੁਰਾਣੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਸੀ।

ਫਿਰ ਵੀ, ਇਸ ਸੰਧੀ ਵਿੱਚ ਕੁਝ ਕਮੀਆਂ ਸਨ: ਇਹ ਰਵਾਇਤੀ ਹਥਿਆਰਾਂ ਜਾਂ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਸਿਸਟਮਾਂ 'ਤੇ ਰੋਕ ਨਹੀਂ ਲਗਾਉਂਦੀ ਸੀ। ਜਿਵੇਂ-ਜਿਵੇਂ ਸੈਟੇਲਾਈਟ ਫੌਜੀ ਕਾਰਵਾਈਆਂ ਲਈ ਬਹੁਤ ਮਹੱਤਵਪੂਰਨ ਹੁੰਦੇ ਗਏ, ਉਹ ਹਮਲੇ ਦੇ ਮੁੱਖ ਨਿਸ਼ਾਨੇ ਵੀ ਬਣਦੇ ਗਏ। ਪੁਲਾੜ ਤੋਂ ਮਿਲਣ ਵਾਲੇ ਨੈਵੀਗੇਸ਼ਨ ਸਿਗਨਲ (ਸਭ ਤੋਂ ਪ੍ਰਸਿੱਧ, ਜੀ ਪੀ ਐੱਸ - ਗਲੋਬਲ ਪੋਜ਼ੀਸ਼ਨਿੰਗ ਸਿਸਟਮ) ਅਸਲੇ ਨੂੰ ਸੇਧ ਦਿੰਦੇ ਹਨ; ਜਾਸੂਸੀ ਸੈਟਾਲਾਈਟ ਨਿਰੰਤਰ ਖੁਫੀਆ ਜਾਣਕਾਰੀ ਪ੍ਰਦਾਨ ਕਰਦੇ ਹਨ; ਅਤੇ ਸੰਚਾਰ ਸੈਟਾਲਾਈਟ ਕਮਾਂਡਰਾਂ ਨੂੰ ਦੁਨੀਆ ਭਰ ਵਿੱਚ ਫੈਲੀਆਂ ਆਪਣੀਆਂ ਫੌਜਾਂ ਨਾਲ ਜੋੜਦੇ ਹਨ।

ਕਿਉਂਕਿ ਆਧੁਨਿਕ ਫੌਜਾਂ ਇਹਨਾਂ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ, ਇਸ ਲਈ ਸੈਟਾਲਾਈਟਾਂ ਨੂੰ ਤਬਾਹ ਕਰਨਾ ਜਾਂ ਬੇਕਾਰ ਕਰਨਾ ਵਿਰੋਧੀ ਦੀ ਲੜਨ ਦੀ ਸਮਰੱਥਾ ਨੂੰ ਅਪਾਹਜ ਕਰ ਸਕਦਾ ਹੈ। ਇਸ ਲਈ, ਹੁਣ ਤੱਕ ਕਈ ਦੇਸ਼ਾਂ ਨੇ ਐਂਟੀ-ਸੈਟਾਲਾਈਟ (ਏ ਐੱਸ ਏ ਟੀ) ਹਥਿਆਰ ਵਿਕਸਿਤ ਕਰ ਲਏ ਹਨ। 2007 ਵਿੱਚ ਚੀਨ ਨੇ ਜ਼ਮੀਨ ਤੋਂ ਦਾਗੀ ਜਾਣ ਵਾਲੀ ਮਿਜ਼ਾਈਲ ਨਾਲ ਆਪਣੇ ਹੀ ਇੱਕ ਮੌਸਮ ਦੱਸਣ ਵਾਲੇ ਸੈਟਾਲਾਈਟ ਨੂੰ ਨਸ਼ਟ ਕਰ ਦਿੱਤਾ ਸੀ—ਜਿਸ ਨਾਲ ਮਲਬੇ ਦੇ 3,000 ਤੋਂ ਵੱਧ ਟੁਕੜੇ ਪੈਦਾ ਹੋ ਗਏ ਸਨ। 2008 ਵਿੱਚ ਅਮਰੀਕਾ ਨੇ ਇਕ ਅਜਿਹਾ ਹੀ ਇੰਟਰਸੈਪਸ਼ਨ (ਰੋਕਣ ਵਾਲਾ ਕਾਰਜ) ਕੀਤਾ ਸੀ — ਅਤੇ ਉਸ ਨੇ ਇਸ ਤੋਂ ਪਹਿਲਾਂ ਵੀ ਅਜਿਹੇ ਪ੍ਰੀਖਣ ਕੀਤੇ ਸਨ। 2019 ਵਿੱਚ ਭਾਰਤ ਨੇ ਇੱਕ ਏ ਐੱਸ ਏ ਟੀ ਮਿਜ਼ਾਈਲ ਦਾ ਪ੍ਰੀਖਣ ਕੀਤਾ ਸੀ, ਜਦੋਂ ਕਿ ਰੂਸ ਨੇ 2021 ਵਿੱਚ ਇੱਕ ਤਬਾਹੀ ਭਰਿਆ ਪ੍ਰੀਖਣ ਕੀਤਾ ਸੀ ਜਿਸ ਕਾਰਨ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਇੰਟਰਨੈਸ਼ਨਲ ਸਪੇਸ ਸਟੇਸ਼ਨ) ਵਿੱਚ ਮੌਜੂਦ ਐਸਟਰੋਨੋਟਸ (ਪੁਲਾੜ ਯਾਤਰੀਆਂ) ਨੂੰ ਮਲਬੇ ਤੋਂ ਬਚਣ ਲਈ ਓਟ ਲੈਣੀ ਪਈ ਸੀ।

ਅਜਿਹੇ ਪ੍ਰੀਖਣ ਪੁਲਾੜ ਯੁੱਧ ਦੇ ਇੱਕ ਖਤਰਨਾਕ ਸਿੱਟੇ-ਔਰਬਿਟ ਦੇ ਮਲਬੇ- ਨੂੰ ਉਜਾਗਰ ਕਰਦੇ ਹਨ। ਤਬਾਹ ਹੋਏ ਸੈਟਾਲਾਈਟਾਂ ਦੇ ਟੁਕੜੇ 27,000 ਕਿਲੋਮੀਟਰ ਪ੍ਰਤੀ ਘੰਟਾ (7-8 ਕਿਲੋਮੀਟਰ ਪ੍ਰਤੀ ਸੈਕਿੰਡ) ਤੋਂ ਵੀ ਵੱਧ ਦੀ ਰਫ਼ਤਾਰ ਨਾਲ ਘੁੰਮਦੇ ਹਨ। ਇਹਨਾਂ ਦੇ ਛੋਟੇ-ਛੋਟੇ ਕਣ ਵੀ ਮਹੱਤਵਪੂਰਨ ਸੈਟਾਲਾਈਟਾਂ, ਇੱਥੋਂ ਤੱਕ ਕਿ ਪੁਲਾੜ ਸਟੇਸ਼ਨਾਂ ਨੂੰ ਵੀ ਨਸ਼ਟ ਕਰ ਸਕਦੇ ਹਨ ਜਾਂ ਨੁਕਸਾਨ ਪਹੁੰਚਾ ਸਕਦੇ ਹਨ, ਜਿਸ ਦੇ ਨਤੀਜੇ ਵਜੋਂ ਅਣਗਿਣਤ ਨਵੇਂ ਟੁਕੜੇ ਪੈਦਾ ਹੋ ਸਕਦੇ ਹਨ। ਵਾਰ-ਵਾਰ ਹੋਣ ਵਾਲੀਆਂ ਇਹ ਟੱਕਰਾਂ 'ਕੈਸਲਰ ਸਿੰਡ੍ਰੋਮ' ਵਜੋਂ ਜਾਣੀ ਜਾਂਦੀ ਇੱਕ ਲੜੀਵਾਰ ਪ੍ਰਤੀਕਿਰਿਆ (ਚੇਨ ਰੀਐਕਸ਼ਨ) ਨੂੰ ਜਨਮ ਦੇ ਸਕਦੀਆਂ ਹਨ, ਜਿਸ ਨਾਲ ਨਵੇਂ ਮਲਬੇ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਵੇਗਾ ਅਤੇ ਪੁਲਾੜ ਦੇ ਔਰਬਿਟ ਵਰਤੋਂ ਦੇ ਅਯੋਗ ਹੋ ਜਾਣਗੇ।

ਅਤੇ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਜੰਗ ਹੁਣ ਸਿਰਫ਼ ਮਿਜ਼ਾਈਲਾਂ 'ਤੇ ਹੀ ਨਿਰਭਰ ਨਹੀਂ ਹੈ। ਜੰਗ ਦੇ ਇਲੈਕਟ੍ਰੌਨਿਕ ਸਿਸਟਮ ਸੈਟਾਲਾਈਟਾਂ ਦੇ ਸਿਗਨਲਾਂ ਨੂੰ ਜਾਮ ਕਰ ਸਕਦੇ ਹਨ। ਸਾਈਬਰ ਹਮਲੇ ਸੈਟਾਲਾਈਟ ਨੈੱਟਵਰਕਾਂ ਜਾਂ ਜ਼ਮੀਨੀ ਕੰਟਰੋਲ ਸਟੇਸ਼ਨਾਂ ਵਿੱਚ ਸੰਨ੍ਹ ਲਾ ਸਕਦੇ ਹਨ। ਲੇਜ਼ਰ ਵਰਗੇ ਡਾਇਰੈਕਟਿਡ-ਐਨਰਜੀ ਹਥਿਆਰ ਸੈਟਾਲਾਈਟ ਦੇ ਸੈਂਸਰਾਂ ਨੂੰ ਅਸਥਾਈ ਤੌਰ 'ਤੇ ਅੰਨ੍ਹਾ ਕਰਨ ਦੇ ਸਮਰੱਥ ਹੋ ਸਕਦੇ ਹਨ। ਹੁਣ ਕੁਝ ਸੈਟਾਲਾਈਟਾਂ ਵਿੱਚ ਦਿਸ਼ਾ ਬਦਲਣ (ਮਨਿਊਵਰਿੰਗ) ਦੀਆਂ ਅਜਿਹੀਆਂ ਸਮਰੱਥਾਵਾਂ ਹਨ ਜੋ ਉਹਨਾਂ ਨੂੰ ਦੂਜੇ ਪੁਲਾੜ ਯਾਨਾਂ (ਸਪੇਸ ਕਰਾਫਟਸ) ਦੇ ਨੇੜੇ ਜਾਣ ਜਾਂ ਉਹਨਾਂ ਦੀ ਜਾਂਚ ਕਰਨ ਦੇ ਸਮਰੱਥ ਬਣਾਉਂਦੀਆਂ ਹਨ, ਜਿਸ ਨਾਲ ਇਹ ਚਿੰਤਾਵਾਂ ਵੱਧ ਰਹੀਆਂ ਹਨ ਕਿ ਉਹ ਉਹਨਾਂ ਨੂੰ ਬੇਕਾਰ ਵੀ ਕਰ ਸਕਦੇ ਹਨ। ਸੈਟਾਲਾਈਟਾਂ ਦੀ ਲਗਾਤਾਰ ਹੁੰਦੀ ਇਹ ਤਬਾਹੀ (ਕੈਸਕੇਡਿੰਗ ਫੇਲਿਅਰ) ਨਾ ਸਿਰਫ਼ ਫੌਜੀ ਸਿਸਟਮਾਂ ਲਈ ਖਤਰਾ ਬਣ ਸਕਦੀ ਹੈ ਸਗੋਂ ਸੰਚਾਰ ਨੈੱਟਵਰਕ, ਬੈਂਕਿੰਗ ਲੈਣ-ਦੇਣ, ਨੈਵੀਗੇਸ਼ਨ, ਮੌਸਮ ਦੀ ਭਵਿੱਖਬਾਣੀ ਅਤੇ ਵਿਗਿਆਨਿਕ ਨਿਗਰਾਨੀ ਨੂੰ ਠੱਪ ਜਾਂ ਨਸ਼ਟ ਕਰਕੇ ਆਧੁਨਿਕ ਸੱਭਿਅਤਾ ਨੂੰ ਵੀ ਖਤਰੇ ਵਿੱਚ ਪਾ ਸਕਦੀ ਹੈ। ਜਲਵਾਯੂ ਵਿੱਚ ਤਬਦੀਲੀ ਨਾਲ ਨਜਿੱਠਣ ਦੇ ਵਿਸ਼ਵ ਪੱਧਰ ਦੇ ਯਤਨਾਂ ਨੂੰ ਵੀ ਪੂਰਾ ਨਾ ਕੀਤਾ ਜਾ ਸਕਣ ਵਾਲਾ ਨੁਕਸਾਨ ਪਹੁੰਚ ਸਕਦਾ ਹੈ।

**ਸਪੇਸ-ਇੰਡਸਟਰੀਅਲ ਕੰਪਲੈਕਸ**

ਮੈਂ 1986 ਵਿੱਚ ਅਮਰੀਕਾ ਦੀ ਏਅਰ ਫੋਰਸ ਦੇ ਸਪੇਸ ਸਰਵੇਲੈਂਸ ਸੈਂਟਰ (ਪੁਲਾੜ ਨਿਗਰਾਨੀ ਕੇਂਦਰ) ਵਿੱਚ ਕੰਮ ਕੀਤਾ ਸੀ, ਜਦੋਂ ਔਰਬਿਟ ਵਿੱਚ 5000 ਦੇ ਕਰੀਬ ਟਰੈਕ ਕੀਤੀਆਂ ਜਾ ਸਕਣ ਵਾਲੀਆਂ ਵਸਤੂਆਂ ਧਰਤੀ ਦੁਆਲੇ ਘੁੰਮਦੀਆਂ ਸਨ। ਚਾਲੀ ਸਾਲਾਂ ਬਾਅਦ ਇਹ ਗਿਣਤੀ ਨੌਂ ਗੁਣਾਂ ਵੱਧ ਕੇ 45,000 ਤੋਂ ਵੱਧ ਗਈ ਹੈ। ਭਾਰੀ ਮੁਕਾਬਲੇਬਾਜ਼ੀ ਦਾ ਕੇਂਦਰ ਹੋਣ ਦੇ ਬਾਵਜੂਦ ਪੁਲਾੜ ਵਿੱਚ ਲਗਾਤਾਰ ਭੀੜ ਵਧ ਰਹੀ ਹੈ।

ਚੀਨ ਦੀ 'ਨੈਸ਼ਨਲ ਸਪੇਸ ਐਡਮਿਨਿਸਟ੍ਰੇਸ਼ਨ' ਅਤੇ 'ਤੁਰਕੀ ਦੀ ਸਪੇਸ ਏਜੰਸੀ' ਦੇ ਨਾਲ ਨਾਲ ਬਹੁ-ਰਾਸ਼ਟਰੀ 'ਯੂਰਪੀਅਨ ਸਪੇਸ ਏਜੰਸੀ' (ਈ ਐੱਸ ਏ), ਨਾਸਾ ਵਾਂਗ ਸਿਵਲੀਅਨ ਅਤੇ ਮਿਲਟਰੀ ਦੀ ਵਰਤੋਂ ਲਈ 'ਦੋਹਰੀ ਵਰਤੋਂ' ਵਾਲੀਆਂ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਦੀ ਹੈ। ਨੈਵੀਗੇਸ਼ਨ ਸੈਟਾਲਾਈਟਾਂ ਦਾ ਚੱਲ ਰਿਹਾ 'ਗੈਲੀਲੀਓ' ਨੈੱਟਵਰਕ ਈ ਐੱਸ ਏ ਦਾ ਹੀ ਇੱਕ ਉਤਪਾਦ ਹੈ।

ਇਸ ਦੇ ਨਾਲ ਹੀ, ਫਰਾਂਸ ਨੇ ਫੌਜੀ ਜਾਸੂਸੀ ਅਤੇ ਨਿਗਰਾਨੀ ਲਈ ਤਿੰਨ-ਸੈਟਾਲਾਈਟਾਂ ਦਾ ਇੱਕ ਸਿਸਟਮ ਲਾਂਚ ਕੀਤਾ ਹੈ। ਚੀਨ ਦਾ 'ਬੇਈਡੂ' ਨੈਵੀਗੇਸ਼ਨ ਸਿਸਟਮ ਉਸ ਦੀ ਫੌਜ ਲਈ ਮਿਜ਼ਾਈਲਾਂ ਬਾਰੇ ਸੇਧ ਅਤੇ ਸੁਰੱਖਿਅਤ ਸੰਚਾਰ ਪ੍ਰਦਾਨ ਕਰਦਾ ਹੈ, ਜਦੋਂ ਕਿ ਤੁਰਕੀ ਦੇ ਸੈਟਾਲਾਈਟਾਂ ਨਾਲ ਸੰਬੰਧਿਤ ਯਤਨ ਸੁਰੱਖਿਅਤ ਸੰਚਾਰ ਅਤੇ ਧਰਤੀ ਦੀ ਜਾਸੂਸੀ 'ਤੇ ਕੇਂਦਰਿਤ ਹਨ। 'ਫੌਜੀ' ਅਤੇ 'ਸਿਵਲ' ਵਰਤੋਂ ਵਿਚਕਾਰਲੀ ਰੇਖਾ ਦਿਨੋ-ਦਿਨ ਹੋਰ ਧੁੰਦਲੀ ਹੁੰਦੀ ਜਾ ਰਹੀ ਹੈ। ਹਾਲ ਹੀ ਦੇ ਦਹਾਕਿਆਂ ਵਿੱਚ ਇੱਕ ਵੱਡਾ ਬਦਲਾਅ ਪੁਲਾੜ ਵਿੱਚ ਨਿੱਜੀ ਕੰਪਨੀਆਂ ਦੀ ਵਧਦੀ ਭੂਮਿਕਾ ਹੈ।

1990ਵਿਆਂ ਤੱਕ, ਪੁਲਾੜ ਗਤੀਵਿਧੀਆਂ ਵਿੱਚ ਸਰਕਾਰਾਂ ਦਾ ਦਬਦਬਾ ਸੀ। ਅੱਜ, ਵਪਾਰਕ ਕੰਪਨੀਆਂ ਜ਼ਿਆਦਾਤਰ ਸੈਟਾਲਾਈਟ ਲਾਂਚ ਕਰਦੀਆਂ ਹਨ, ਭਾਵੇਂ ਕਿ ਅਜੇ ਵੀ ਪੁਲਾੜ ਵਿੱਚ ਰਣਨੀਤਕ ਸਮੱਗਰੀ (ਪੇਅਲੋਡਜ਼) ਭੇਜਣ ਵਿੱਚ ਸਰਕਾਰਾਂ ਦੀ ਸਰਦਾਰੀ ਹੈ। ਫਿਰ ਵੀ ਇਹ ਜ਼ਰੂਰੀ ਨਹੀਂ ਕਿ

ਪੁਲਾੜ ਯਤਨਾਂ ਦਾ ਹੋ ਰਿਹਾ ਨਿਜੀਕਰਨ ਫੌਜੀ ਪ੍ਰਭਾਵ ਵਿੱਚ ਕਮੀ ਲਿਆਵੇ। ਅਮਰੀਕਾ ਰੱਖਿਆ ਖੇਤਰ (ਡਿਫੈਂਸ ਸੈਕਟਰ) ਤੋਂ ਮਿਲਣ ਵਾਲੀ ਮੋਟੀ ਫੰਡਿੰਗ ਇਸ ਦਾ ਮੁੱਖ ਉਦੇਸ਼ ਸਥਾਪਤ ਕਰਦੀ ਹੈ, ਜੋ ਕਿ ਇਸ ਅਖਾਣ ਨਾਲ ਬਿਲਕੁਲ ਮੇਲ ਖਾਂਦੀ ਹੈ: 'ਜਿਹੜਾ ਪੈਸਾ ਲਾਵੇ, ਉਹੀ ਮਰਜ਼ੀ ਚਲਾਵੇ'। ਸੈਟਾਲਾਈਟਾਂ ਦੀਆਂ ਵਪਾਰਕ ਤਸਵੀਰਾਂ ਖੁਫੀਆ ਜਾਣਕਾਰੀ ਦਾ ਇੱਕ ਮਹੱਤਵਪੂਰਨ ਸ੍ਰੋਤ ਬਣੀਆਂ ਹੋਈਆਂ ਹਨ, ਪਰ ਇਹਨਾਂ ਤੱਕ ਪਹੁੰਚ ਦਾ ਸਵਾਲ ਅਜੇ ਵੀ ਬਰਕਰਾਰ ਹੈ। ਅਮਰੀਕਾ ਦੀ ਫੌਜ ਜਿੱਥੇ ਚਾਹੇ ਉੱਥੇ ਇਹਨਾਂ ਤਸਵੀਰਾਂ 'ਤੇ ਕੰਟਰੋਲ ਕਰ ਸਕਦੀ ਹੈ: ਵਪਾਰ ਅਤੇ ਯੁੱਧ ਵਿਚਕਾਰ ਇੱਕ ਬਹੁਤ ਹੀ ਬਾਰੀਕ ਰੇਖਾ ਹੈ। ਮਾਰਚ ਤੋਂ, 200 ਤੋਂ ਵੱਧ ਸੈਟਾਲਾਈਟਾਂ ਵਾਲੀ ਇਮੇਜਿੰਗ ਕੰਪਨੀ 'ਪਲੈਨੈਟ ਲੈਬਜ਼' ਸਮੇਤ ਕਈ ਕੰਪਨੀਆਂ ਨੇ ਅਮਰੀਕਾ ਦੀ ਸਰਕਾਰ ਦੀ ਇੱਕ 'ਵਾਲੰਟੀਅਰ' ਬੇਨਤੀ ਦੇ ਪ੍ਰਤੀਕਰਮ ਵਿੱਚ ਗਾਜ਼ਾ ਅਤੇ ਲੈਬਨਾਨ ਸਮੇਤ ਮੱਧ ਪੂਰਬ ਦੇ ਵੱਡੇ ਹਿੱਸਿਆਂ ਦੀਆਂ ਤਸਵੀਰਾਂ ਰੋਕ ਕੇ ਰੱਖੀਆਂ ਹੋਈਆਂ ਹਨ।


ਇਸੇ ਦੌਰਾਨ, ਐਲਨ ਮਸਕ ਦੀ ਸਪੇਸਐਕਸ ਨੇ ਲਾਂਚ ਸੇਵਾਵਾਂ ਅਤੇ ਸੈਟਾਲਾਈਟ ਤਾਇਨਾਤੀ (ਡਿਪਲੋਏਮੈਂਟ) ਨੂੰ ਵਪਾਰ ਵਜੋਂ ਸ਼ੁਰੂ ਕਰ ਲਿਆ ਹੈ, ਐਮਾਜ਼ੌਨ ਦੇ ਸੰਸਥਾਪਕ ਜੈਫ ਬੇਜ਼ੋਸ ਦੀ ਬਲੂ ਓਰਿਜਿਨ ਨੇ ਹੈਵੀ-ਲਫਟ ਰੌਕੇਟ (ਵੱਡਾ ਭਾਰ ਢੋਣ ਲਈ ਰਾਕਟ) ਅਤੇ ਪੁਲਾੜ ਸੰਚਾਲਨ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਹੈ। ਮਸਕ ਅਤੇ ਬੇਜ਼ੋਸ ਦੀ ਅਮਰੀਕਾ ਦੇ ਸਰਕਾਰੀ ਫੰਡਾਂ 'ਤੇ ਨਿਰਭਰਤਾ ਵਪਾਰਕ ਅਤੇ ਫੌਜੀ ਉੱਦਮਾਂ ਵਿਚਕਾਰਲੇ ਫਰਕ ਨੂੰ ਧੁੰਦਲਾ ਕਰਦੀ ਹੈ। ਫਲਸਤੀਨ ਸਪੇਸ ਇੰਸਟੀਚਿਊਟ ਨੇ ਪੁਲਾੜ ਸੈਕਟਰ ਅਤੇ ਗਾਜ਼ਾ ਨਸਲਕੁਸ਼ੀ ਵਿਚਕਾਰਲੇ ਸਾਂਝੇ ਸਬੰਧਾਂ ਨੂੰ ਟ ?ਰੈਕ ਕੀਤਾ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਨਾਸਾ ਦੇ ਠੇਕਿਆਂ ਨੇ ਇਜ਼ਰਾਈਲ ਨੂੰ ਸਪਲਾਈ ਕਰਨ ਵਾਲੀਆਂ ਕੰਪਨੀਆਂ ਨੂੰ ਘੱਟੋ ਘੱਟ 39 ਅਰਬ (ਬਿਲੀਅਨ) ਡਾਲਰਾਂ ਦਾ ਭੁਗਤਾਨ ਕੀਤਾ ਹੈ।

ਇਸ ਹੀ ਸਮੇਂ, ਲੌਕਹੀਡ ਮਾਰਟਿਨ, ਬੋਇੰਗ, ਅਤੇ ਨੌਰਥਰੋਪ ਗਰੁਮੈਨ ਵਰਗੇ ਸ਼ਕਤੀਸ਼ਾਲੀ ਡਿਫੈਂਸ ਕੰਟਰੈਕਟਰ ਪੁਲਾੜ ਦੇ ਹਥਿਆਰਾਂ 'ਤੇ ਹੋਰ ਖਰਚ ਕਰਨ ਲਈ ਲੌਬੀ ਕਰ ਰਹੇ ਹਨ; ਜਿਸ ਦੇ ਨਤੀਜੇ ਵਜੋਂ ਇੱਕ ਵਧੇਰੇ ਸ਼ਕਤੀਸ਼ਾਲੀ 'ਸਪੇਸ-ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ' ਸਾਹਮਣੇ ਆ ਰਿਹਾ ਹੈ। ਪੁਲਾੜ ਦਾ ਨਿਜੀਕਰਨ ਪੁਲਾੜ ਦੇ ਫੌਜੀਕਰਨ ਨੂੰ ਤੇਜ਼ ਕਰ ਸਕਦਾ ਹੈ, ਅਤੇ ਜੇਕਰ ਨਿੱਜੀ ਕਾਰਪੋਰੇਸ਼ਨਾਂ ਪੁਲਾੜ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਯੰਤਰਿਤ ਕਰਦੀਆਂ ਹਨ, ਤਾਂ ਮੰਡੀ ਦੇ ਦਬਦਬੇ ਅਤੇ ਵਧੇਰੇ ਮੁਨਾਫੇ ਦੀਆਂ ਮੰਗਾਂ ਫੌਜੀ ਹਮਲਾਵਾਰੀ (ਮਿਲਟਰੀ ਅਗ੍ਰੈਸ਼ਨ) ਨੂੰ ਬੜਾਵਾ ਦੇਣ ਵਿੱਚ ਮਦਦ ਕਰ ਸਕਦੀਆਂ ਹਨ।

ਪੁਲਾੜ ਨੂੰ ਫੌਜੀਕਰਨ ਤੋਂ ਮੁਕਤ ਕਰਨ ਲਈ ਨਵੇਂ ਅੰਤਰਰਾਸ਼ਟਰੀ ਸਮਝੌਤਿਆਂ ਦੀ ਤੁਰੰਤ ਲੋੜ ਹੈ। ਮੌਜੂਦਾ ਸੰਧੀਆਂ ਉਸ ਸਮੇਂ ਦੀਆਂ ਹਨ ਜਦੋਂ ਬਹੁਤ ਘੱਟ ਸਰਕਾਰਾਂ ਧਰਤੀ ਦੇ ਵਾਯੂਮੰਡਲ ਤੋਂ ਅਗਾਂਹ ਕੰਮ ਕਰਦੀਆਂ ਸਨ। ਅੱਜ, ਦਰਜਨਾਂ ਦੇਸ਼ ਅਤੇ ਨਿੱਜੀ ਅਦਾਰੇ ਸੈਟਾਲਾਈਟ ਲਾਂਚ ਕਰ ਰਹੇ ਹਨ ਅਤੇ ਪੁਲਾੜ ਦੀ ਨੀਤੀ ਨੂੰ ਪ੍ਰਭਾਵਿਤ ਕਰ ਰਹੇ ਹਨ; ਪੁਲਾੜ ਨੂੰ ਨਿਯੰਤਰਿਤ ਕਰਨ ਵਾਲਾ ਕਾਨੂੰਨੀ ਢਾਂਚਾ ਇਸ ਦੀ ਰਫ਼ਤਾਰ ਨਾਲ ਨਹੀਂ ਚੱਲ ਸਕਿਆ ਹੈ।

ਆਪਣੀ ਖਿੱਚ ਦੇ ਬਾਵਜੂਦ, ਪੁਲਾੜ ਆਪਣੇ ਆਪ ਵਿੱਚ ਇੱਕ ਬਹੁਤ ਹੀ ਚੁਣੌਤੀਪੂਰਨ ਵਾਤਾਵਰਣ ਹੈ। ਮਨੁੱਖਾਂ ਨੂੰ ਔਰਬਿਟ ਵਿੱਚ ਭੇਜਣਾ ਅਤੇ ਉੱਥੇ ਉਨ੍ਹਾਂ ਨੂੰ ਰੱਖਣਾ ਬਹੁਤ ਮਹਿੰਗਾ ਅਤੇ ਤਕਨੀਕੀ ਤੌਰ 'ਤੇ ਔਖਾ ਕਾਰਜ ਹੈ। ਇਸ ਕਰਕੇ, ਆਉਣ ਵਾਲੇ ਦਹਾਕਿਆਂ ਵਿੱਚ ਮਨੁੱਖੀ 'ਸਪੇਸ ਵਾਰੀਅਰਜ਼' ਜਾਂ 'ਸਟਾਰਸ਼ਿਪ ਟਰੂਪਰਜ਼' ਦੇ ਦਿਖਾਈ ਦੇਣ ਦੀ ਸੰਭਾਵਨਾ ਨਹੀਂ ਹੈ। ਇਸ ਦੇ ਬਾਵਜੂਦ, ਪੁਲਾੜ ਬਹੁਤ ਜ਼ਿਆਦਾ ਮਹੱਤਵ ਅਤੇ ਵਧਦੀ ਮੁਕਾਬਲੇਬਾਜ਼ੀ ਦਾ ਖੇਤਰ ਬਣਿਆ ਹੋਇਆ ਹੈ, ਜਿਸ ਦੇ ਵਧਦੇ ਫੌਜੀਕਰਨ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

# ਗਰੀਬ ਬੱਚਿਆਂ ਤੋਂ ਸਿੱਖਿਆ ਦਾ ਬੁਨਿਆਦੀ ਅਧਿਕਾਰ ਖੋਹਣ ਦੀ ਕੋਝੀ ਸਾਜ਼ਿਸ਼



ਮਲਿਕਾ ਮੰਡ
9464010906

ਹਾਲ ਹੀ ਵਿੱਚ ਪੰਜਾਬ ਸਰਕਾਰ ਨੇ ਸਰਕਾਰੀ ਮੈਡੀਕਲ ਪੜ੍ਹਾਈ ਐਮ.ਬੀ.ਬੀ.ਐਸ. ਦੀ ਫੀਸ ਵਿੱਚ 8.5 ਫੀਸਦੀ ਅਤੇ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਦੀ ਫੀਸ ਵਿੱਚ 17.4 ਫੀਸਦੀ ਵਾਧੇ ਨੂੰ ਮਨਜ਼ੂਰੀ ਦੇਣ ਵਾਲਾ ਫੁਰਮਾਨ ਜਾਰੀ ਕੀਤਾ ਹੈ। ਪੰਜਾਬ ਦੀਆਂ ਲਗਭਗ ਸਾਰੀਆਂ ਹੀ ਯੂਨੀਵਰਸਿਟੀਆਂ ਨੇ ਫੀਸਾਂ ਵਿੱਚ ਵਾਧਾ ਕਰਨ ਦਾ ਐਲਾਨ ਕਰ ਦਿੱਤਾ ਹੈ ਜਿਸ ਦੇ ਵਿਰੁੱਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਵਿਦਿਆਰਥੀ ਲਗਾਤਾਰ ਮੁਜ਼ਾਹਰੇ ਕਰ ਰਹੇ ਹਨ। ਸਰਕਾਰਾਂ ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਵਿੱਚ ਰੈਗੂਲਰ ਭਰਤੀਆਂ ਕਰਨ ਤੋਂ ਅਤੇ ਵਿੱਤੀ ਗਰਾਂਟਾਂ ਜਾਰੀ ਕਰਨ ਤੋਂ ਲਗਾਤਾਰ ਹੱਥ ਪਿਛਾਂਹ ਖਿੱਚ ਰਹੀਆਂ ਹਨ। ਇੰਜ ਇੱਕ ਪਾਸੇ ਅਧਿਆਪਕਾਂ ਦੀ ਭਾਰੀ ਅਣਹੋਂਦ ਨਾਲ ਜੂਝਦੇ ਖੰਡਰ ਬਣਦੇ ਜਾ ਰਹੇ ਇਹ ਸਰਕਾਰੀ ਸਿੱਖਿਆ ਅਦਾਰੇ ਬੰਦ ਹੋਣ ਦੀ ਕਗਾਰ ਤੇ ਪਹੁੰਚਾ ਦਿੱਤੇ ਗਏ ਹਨ। ਜਿਸ ਕਾਰਨ ਲੱਖਾਂ ਗਰੀਬ ਪਰ ਲਾਇਕ ਵਿਦਿਆਰਥੀ ਸਸਤੀ ਮਿਆਰੀ ਸਿੱਖਿਆ ਤੋਂ ਵਾਂਝੇ ਹੋ ਰਹੇ ਹਨ। ਦੂਜੇ ਪਾਸੇ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਪੂਰੇ ਧੜੱਲੇ ਨਾਲ ਵੱਧ -ਫੁੱਲ ਰਹੀਆਂ ਹਨ। ਜਿਨਾਂ ਵਿੱਚ ਮੋਟੀਆਂ ਮਨਆਈਆਂ ਫੀਸਾਂ ਵਸੂਲ ਕੇ ਵਿਦਿਆਰਥੀਆਂ ਅਤੇ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਨ ਲਈ ਮਜਬੂਰ ਕਰਕੇ ਅਧਿਆਪਕਾਂ ਦਾ ਬੌਧਿਕ ਤੇ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਸਸਤੀ ਮਿਆਰੀ ਸਿੱਖਿਆ ਦੀ ਅਣਹੋਂਦ ਵਿੱਚ ਵਿਦਿਆਰਥੀ ਮਹਿੰਗੇ ਪ੍ਰਾਈਵੇਟ ਅਦਾਰਿਆਂ ਵਿੱਚ ਪੜ੍ਹਨ ਲਈ ਮਜਬੂਰ ਕਰ ਦਿੱਤੇ ਗਏ ਹਨ ਜ਼ਨਤਕ ਸਿੱਖਿਆ ਖੇਤਰ ਨੂੰ ਬਰਬਾਦ ਕਰਕੇ ਇੰਜ ਜਾਪਦਾ ਹੈ ਕਿ ਅਜੋਕੀਆਂ ਸਰਕਾਰਾਂ ਨੇ ਸਿੱਖਿਆ ਨੂੰ ਨਿਰੋਲ ਮੁਨਾਫੇ ਤੇ ਅਧਾਰਿਤ ਕਾਰਪੋਰੇਟੀ ਬਾਜ਼ਾਰ ਦੇ ਹੱਥਾਂ ਵਿੱਚ ਸੌਂਪ ਦੇਣ ਦਾ ਫੈਸਲਾ ਕਰ ਲਿਆ ਹੈ।

ਅਜਿਹਾ ਕਰਦਿਆਂ ਸਿੱਖਿਆ ਹਾਸਿਲ ਕਰਨ ਨਾਲ ਪੈਸਿਆਂ ਦੀ ਸ਼ਰਤ ਨੂੰ ਸਿੱਧੇ ਢੰਗ ਜੋੜ ਕੇ ਬਹੁਗਿਣਤੀ ਗਰੀਬ ਤੇ ਮੱਧ ਵਰਗੀ ਲੋਕਾਂ ਦੇ ਬੱਚਿਆਂ ਦੇ ਹੱਥਾਂ ਵਿੱਚੋਂ ਸਿੱਖਿਆ ਹਾਸਿਲ ਕਰਨ ਦਾ ਬੁਨਿਆਦੀ ਸੰਵਿਧਾਨਿਕ ਅਧਿਕਾਰ ਖੋਹਣ ਦੀ ਕੋਝੀ ਸਾਜਿਸ਼ ਹੋ ਰਹੀ ਹੈ ਜਿਸ ਬਾਰੇ ਅੱਜ ਸੰਜੀਦਗੀ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ।

ਇਸ ਸਾਜ਼ਿਸ਼ ਨੂੰ ਲੰਬੇ ਸਮੇਂ ਤੋਂ ਚਲਦੀਆਂ ਆ ਰਹੀਆਂ ਸਰਕਾਰੀ ਨੀਤੀਆਂ ਦੇ ਪ੍ਰਸੰਗ ਵਿੱਚ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਰਾਹੀਂ ਪੰਜਾਬ ਦੇ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਗਿਣੇ-ਮਿੱਥੇ ਤਰੀਕੇ ਨਾਲ ਬਰਬਾਦ ਕੀਤਾ ਗਿਆ। ਪੰਜਾਬ ਦੇ ਤਕਰੀਬਨ 800 ਸਕੂਲ ਪਿਛਲੇ ਕੁਝ ਸਾਲਾਂ ਵਿੱਚ ਬੰਦ ਕਰ ਦਿੱਤੇ ਜਾਂ ਮਰਜ ਕਰ ਦਿੱਤੇ ਜਾ ਚੁੱਕੇ ਹਨ। ਸਕੂਲਾਂ ਵਿੱਚ ਅਧਿਆਪਕਾਂ ਦੀਆਂ 31,000 ਦੇ ਕਰੀਬ ਅਸਾਮੀਆਂ ਖਾਲੀ ਪਈਆਂ ਹਨ। ਜਿਹੜੇ ਨੌਕਰੀ ਕਰ ਰਹੇ ਹਨ ਉਹਨਾਂ ਨੂੰ ਕਦੀ ਮਰਦਮਸ਼ੁਮਾਰੀ, ਕਦੀ ਐਸ.ਆਈ.ਆਰ., ਕਦੀ ਚੋਣਾਂ ਵਿੱਚ ਬੀ.ਐਲ.ਓ., ਚੋਣ ਡਿਊਟੀਆਂ, ਮਿੱਡ-ਡੇ ਮੀਲ, ਆਦਿ ਵਰਗੇ ਗੈਰ ਅਧਿਆਪਨ ਦੇ ਕੰਮਾਂ ਵਿੱਚ ਉਲਝਾ ਕੇ ਰੱਖਿਆ ਜਾਂਦਾ ਹੈ। ਜਿਸ ਨਾਲ ਉਹਨਾਂ ਅਧਿਆਪਕਾਂ ਦੇ ਪੜ੍ਹਾਉਣ ਉੱਪਰ ਕਿਹੋ ਜਿਹਾ ਨਾਂਹ-ਪੱਖੀ ਪ੍ਰਭਾਵ ਪੈਂਦਾ ਹੋਵੇਗਾ ਇਸ ਦਾ ਅੰਦਾਜ਼ਾ ਅਸੀਂ ਸਹਿਜੇ ਹੀ ਲਗਾ ਸਕਦੇ ਹਾਂ।

ਉਚੇਰੀ ਸਿੱਖਿਆ ਸੰਸਥਾਵਾਂ ਦੀ ਕਹਾਣੀ ਤਾਂ ਇਸ ਤੋਂ ਵੀ ਭਿਆਨਕ ਹੈ। ਰਾਜ ਦੀਆਂ ਲਗਭਗ ਤਿੰਨੋਂ ਹੀ ਸਰਕਾਰੀ ਯੂਨੀਵਰਸਿਟੀਆਂ, ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ), ਪੰਜਾਬੀ ਯੂਨੀਵਰਸਿਟੀ (ਪਟਿਆਲਾ) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਸਰਕਾਰ ਤੋਂ ਮਿਲਦੀ ਗਰਾਂਟ ਵਿੱਚ ਕਟੌਤੀ ਕਾਰਨ ਲਗਾਤਾਰ ਭਾਰੀ ਵਿੱਤੀ ਸੰਕਟ ਨਾਲ ਜੂਝ ਰਹੀਆਂ ਹਨ । ਰਾਜ ਦੇ 136 ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੀ ਗ੍ਰਾਂਟ 95 ਪ੍ਰਤੀਸ਼ਤ ਤੋਂ ਘਟਾ ਕੇ 75 ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਅਤੇ ਉਹ ਵੀ ਕਈ ਕਈ ਮਹੀਨੇ ਬਾਦ ਤਰਸਾ-ਤਰਸਾ ਕੇ ਜਾਰੀ ਕੀਤੀ ਜਾਂਦੀ ਹੈ।

ਸਰਕਾਰੀ ਕਾਲਜਾਂ ਦੀ ਹਾਲਤ ਤਾਂ ਇਸ ਤੋਂ ਵੀ ਤਰਸਯੋਗ ਬਣੀ ਹੋਈ ਹੈ। ਪੰਜਾਬ ਦੇ 64 ਸਰਕਾਰੀ ਕਾਲਜਾਂ ਵਿੱਚ ਪਿਛਲੇ 27 ਸਾਲਾਂ ਤੋਂ ਕੋਈ ਰੈਗੂਲਰ ਭਰਤੀ ਹੀ ਨਹੀਂ ਕੀਤੀ ਗਈ। ਇਹਨਾਂ ਕਾਲਜਾਂ ਦੀ ਹੋਣੀ ਨੂੰ ਉਹਨਾਂ ਕੱਚੇ ਐਡਹਾਕ ਸਿਸਟਮ ਨੂੰ ਹੀ ਸਾਲਾਂ ਬੱਧੀ ਚਲਾਈ ਜਾਣਾ ਹਜ਼ਾਰਾਂ ਗਰੀਬ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਬੁਨਿਆਦੀ ਅਧਿਕਾਰ ਤੋਂ ਵਾਂਝੇ ਕਰਨ ਦੇ ਨਾਲ-ਨਾਲ ਉਹਨਾਂ ਕਾਬਿਲ ਨੌਜਵਾਨਾਂ ਨਾਲ ਵੀ ਧਰੋਹ ਹੈ ਜੋ ਪੂਰੀ ਯੋਗਤਾ ਰੱਖਦਿਆਂ ਵੀ ਅੱਧੀ-ਪੌਣੀ ਤਨਖਾਹ ਤੇ ਪ੍ਰਾਈਵੇਟ ਕੱਚੀ ਨੌਕਰੀ ਦਾ ਅੱਕ ਚੱਬਣ ਲਈ ਮਜਬੂਰ ਹਨ।

ਇਸ ਦੇ ਉਲਟ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਨੂੰ ਮਨ ਆਈਆਂ ਕਰਨ ਦੀ ਪੂਰੀ ਖੁੱਲੀ ਛੁੱਟੀ ਮਿਲੀ ਹੋਈ ਹੈ। ਉਹ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਉਗਰਾਹੁੰਦੇ ਹਨ। ਹਜ਼ਾਰਾਂ ਰੁਪਈਆ ਪੇਪਰਾਂ ਨੇੜੇ ਰੋਲ ਨੰਬਰ ਦੇਣ ਲੱਗਿਆਂ ਜੁਰਮਾਨੇ ਦੀ ਆੜ ਹੇਠ ਵਸੂਲਦੇ ਹਨ। ਕਈ ਕਾਲਜਾਂ ਵਿੱਚ ਤਾਂ ਵਿਦਿਆਰਥੀਆਂ ਨੂੰ




ਅਧਿਆਪਕਾਂ ਦੇ ਆਸਰੇ ਛੱਡ ਦਿੱਤਾ ਗਿਆ ਜਿਨ੍ਹਾਂ ਵਿਚੋਂ ਬਹੁ ਗਿਣਤੀ ਯੂ.ਜੀ.ਸੀ. ਦੀਆਂ ਕਾਲਜ ਅਧਿਆਪਕਾਂ ਲਈ ਮਿੱਥੀਆਂ ਮੁਢਲੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਕਰਦੇ। 2021 ਵਿੱਚ ਸਰਕਾਰੀ ਕਾਲਜਾਂ ਵਿੱਚ ਹੋਈ 1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਅਨਾ ਦੀ ਭਰਤੀ ਸਰਕਾਰ ਦੇ ਪੱਖ ਤੇ ਰਹੀਆਂ ਕੁਝ ਤਕਨੀਕੀ ਖ਼ਾਮੀਆਂ ਦਾ ਹਵਾਲਾ ਦੇ ਕੇ ਸੁਪਰੀਮ ਕੋਰਟ ਵਿੱਚੋਂ ਰੱਦ ਹੋਣ ਕਰਕੇ ਅਜੇ ਤੱਕ ਅੱਧ ਵਿਚਕਾਰ ਲਟਕ ਰਹੀ ਹੈ, ਜਿਸ ਨੂੰ ਸਰਕਾਰ ਲੋਕ ਹਿਤ ਵਿਚ ਫ਼ੈਸਲਾ ਕਰਦਿਆਂ ਇਕ ਰੀਵੈਲਿਡੇਸ਼ਨ ਐਕਟ ਬਣਾ ਕੇ ਸੁਰੱਖਿਅਤ ਕਰ ਸਕਦੀ ਹੈ। ਇਹ ਕਦਮ ਪੰਜਾਬ ਦੀ ਉਚੇਰੀ ਸਿੱਖਿਆ ਨੂੰ ਬਚਾਉਣ ਵਿਚ ਨਿਰਣਾਇਕ ਭੂਮਿਕਾ ਨਿਭਾ ਸਕਦਾ ਹੈ। ਪਰ ਅਜੇ ਤਕ ਸਰਕਾਰ ਦੀ ਅਜਿਹੀ ਕੋਈ ਨੀਅਤ ਵਿਖਾਈ ਨਹੀਂ ਦੇ ਰਹੀ। ਪ੍ਰਾਈਵੇਟ ਯੂਨੀਵਰਸਿਟੀਆਂ ਦੇ ਮਾਲਕਾਂ ਨੂੰ ਰਾਜ ਸਭਾ ਮੈਂਬਰਾਂ ਦੀਆਂ ਸੀਟਾਂ ਤੇ ਭੇਜਣ ਵਾਲੀ ਸਰਕਾਰ ਤੋਂ ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਨੂੰ ਬਚਾਉਣ ਲਈ ਕੋਸ਼ਿਸ਼ਾਂ ਕਰਨ ਦੀਆਂ ਉਮੀਦਾਂ ਕਰਨਾ ਹੀ ਸ਼ਾਇਦ ਬੇਕਾਰ ਹੈ।

ਅੱਜ ਹਾਲਾਤ ਇਹ ਹਨ ਕਿ ਪੰਜਾਬ ਦੇ ਕੁੱਲ 64 ਸਰਕਾਰੀ ਕਾਲਜਾਂ ਵਿਚਲੀਆਂ 2353 ਸੈਂਕਸ਼ਨਡ ਪੋਸਟਾਂ ਉੱਪਰ ਕੇਵਲ 136 ਰੈਗੂਲਰ ਅਧਿਆਪਕ ਕੰਮ ਕਰ ਰਹੇ ਹਨ। ਜੋ ਕਿ ਕੁੱਲ ਅਸਾਮੀਆਂ ਦਾ 6 ਪ੍ਰਤੀਸ਼ਤ ਬਣਦੇ ਹਨ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਪੰਜਾਬੀ ਵਿਸ਼ੇ ਦੇ ਕੇਵਲ ਪੰਜ ਪੱਕੇ ਪ੍ਰੋਫੈਸਰ ਰਹਿ ਗਏ ਹਨ। ਇਸ ਦੇ ਨਾਲ ਹੀ ਕਾਲਜਾਂ ਵਿਚ ਨਾਨ-ਟੀਚਿੰਗ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਵੀ ਭਾਰੀ ਘਾਟ ਹੈ। ਇਹ ਯੂ.ਜੀ.ਸੀ. ਦੀਆਂ ਗਾਈਡਲਾਈਨਜ ਦੀ ਸ਼ਰੇਆਮ ਘੋਰ ਉਲੰਘਣਾ ਹੈ ਜਿਸ ਅਨੁਸਾਰ ਕਾਲਜ ਵਿੱਚ ਰੈਗੂਲਰ ਅਤੇ ਕੱਚੇ ਅਧਿਆਪਕਾਂ ਦਾ ਅਨੁਪਾਤ 90:10 ਦਾ ਹੋ ਸਕਦਾ ਹੈ। ਨਤੀਜਤਨ ਪੰਜਾਬ ਦੇ ਸਰਕਾਰੀ ਕਾਲਜਾਂ ਉੱਪਰ ਯੂ.ਜੀ.ਸੀ ਵੱਲੋਂ ਮਾਨਤਾ ਰੱਦ ਹੋਣ ਵਰਗੀ ਕਾਰਵਾਈ ਹੋ ਸਕਦੀ ਹੈ। ਪੱਕੇ ਯੋਗ ਅਧਿਆਪਕ ਭਰਤੀ ਕਰਨ ਦੀ ਬਜਾਏ ਯੂਨੀਵਰਸਿਟੀ ਵੱਲੋਂ ਮੁਫਤ ਆਉਂਦੇ ਡੀ.ਐਮ.ਸੀ (detail marks card) ਦੇਣ ਲੱਗਿਆਂ ਵੀ ਪੈਸੇ ਜਮਾਂ ਕਰਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਦੂਜੇ ਪਾਸੇ ਅਧਿਆਪਕਾਂ ਦੀਆਂ ਤਨਖਾਹਾਂ, ਬਣਦੇ ਬਕਾਏ, ਗ੍ਰੇਡ, ਰਿਟਾਇਰਮੈਂਟ ਵੇਲੇ ਮਿਲਦੇ ਲਾਭ ਦੇਣ ਤੋਂ ਇਹ ਕਾਲਜ ਪੈਂਦੀ ਸੱਟੇ ਕਸੀਸ ਵੱਟੀ ਰੱਖਦੇ ਹਨ। ਸਰਕਾਰ ਦਾ ਕੋਈ ਵੀ ਅਜਿਹਾ ਮਹਿਕਮਾ ਨਹੀਂ ਜੋ ਇਹਨਾਂ ਨੂੰ ਪੁੱਛਣ ਵਾਲਾ ਹੋਵੇ।

ਸਿੱਖਿਆ ਨੂੰ ਇਨਸਾਨ ਦਾ 'ਤੀਜਾ ਨੇਤਰ' ਕਿਹਾ ਗਿਆ ਹੈ ਜੋ ਇਨਸਾਨ ਨੂੰ ਚੇਤੰਨ ਬਣਾ ਕੇ ਆਪਣੇ ਆਲੇ-ਦੁਆਲੇ ਦੀ ਅਤੇ ਆਪਣੀ ਹੋਂਦ ਦੀ ਸੋਝੀ ਕਰਾਉਣ ਦੇ ਰਾਹ ਤੋਰਦੀ ਹੈ ।
'ਬ੍ਰਿਹਦਾਰਣਿਅਕ ਉਪਨਿਸ਼ਦ' ਵਿੱਚ ਗਿਆਨ ਨੂੰ
'ਅਸਤੋ ਮਾ ਸਦਗਮਯ।
ਤਮਸੋ ਮਾ ਜੋਤਿਰਗਮਯ।
ਮਤ੍ਰੋਮ੍ਰਮਾ ਅਮਿਤ੍ਰਿੰ ਗਮਯ।। (1.3.28)

ਭਾਵ ਝੂਠ ਤੋਂ ਸੱਚ ਵੱਲ, ਹਨੇਰੇ ਤੋਂ ਪ੍ਰਕਾਸ਼ ਵੱਲ ਅਤੇ ਮੌਤ ਤੋਂ ਅਮਰਤਾ ਵੱਲ ਲਿਜਾਣ ਵਾਲਾ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ, "ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ"॥ ਕਹਿ ਕੇ ਗਿਆਨ ਰੂਪੀ ਚਾਨਣ ਨਾਲ ਰੂ-ਬਰੂ ਕਰਾਉਣ ਵਾਲੇ ਅਧਿਆਪਕ ਨੂੰ ਵਡਿਆਉਂਦੇ ਹਨ ।

ਗਿਆਨ ਦਾ ਰਾਹ ਹੀ ਇਨਸਾਨ ਦੀ ਹੋਣੀ ਬਦਲਣ ਦਾ ਰਾਹ ਹੈ, ਉਸਦੀ ਮੁਕਤੀ ਦਾ ਰਾਹ ਹੈ। ਗਿਆਨ ਤਾਂ ਇਨਸਾਨੀ ਸਮਾਜ ਦਾ ਸਾਂਝਾ ਸਰਮਾਇਆ ਹੈ, ਸਾਡੀ ਸਾਂਝੀ ਵਿਰਾਸਤ। ਚਾਹੀਦਾ ਤਾਂ ਇਹ ਸੀ ਕਿ ਹਰ ਇਨਸਾਨ ਨੂੰ ਇਹ ਅਧਿਕਾਰ ਮਿਲਦਾ ਕਿ ਗਿਆਨ ਹਾਸਿਲ ਕਰ ਸਕੇ। ਪਰ ਸਦੀਆਂ ਤੋਂ ਸਥਾਪਤੀ ਦੀਆਂ ਤਾਕਤਾਂ ਨੇ ਕਦੀ ਜਾਤ-ਪਾਤ ਅਤੇ ਕਦੀ ਪੈਸਿਆਂ ਦੀ ਸ਼ਰਤ ਲਾ ਕੇ ਇਸ ਗਿਆਨ ਉੱਪਰ ਆਪਣਾ ਏਕਾ ਅਧਿਕਾਰ ਸਥਾਪਿਤ ਕਰੀ ਰੱਖਿਆ ਤਾਂ ਕਿ ਅਸਿੱਖਿਅਤ ਜਾਹਿਲ ਲੋਕਾਂ ਨੂੰ ਕਦੀ ਸਰੀਰਕ ਅਤੇ ਕਦੀ ਮਾਨਸਿਕ ਤੌਰ ਤੇ ਗੁਲਾਮ ਬਣਾਕੇ ਉਨ੍ਹਾਂ ਉੱਪਰ ਰਾਜ ਕੀਤਾ ਜਾ ਸਕੇ। ਜੇਕਰ ਕਿਸੇ ਸ਼ੂਦਰ ਦੇ ਕੰਨੀਂ ਵੈਦਿਕ ਗਿਆਨ ਦਾ ਕੋਈ ਲਫਜ਼ ਪੈ ਗਿਆ ਤਾਂ ਓਹਨਾਂ ਦੇ ਕੰਨਾਂ ਵਿੱਚ ਪਿਘਲਿਆ ਹੋਇਆ ਸੀਸਾ ਪਾਇਆ ਗਿਆ। ਸਾਡੇ 'ਰਮਾਇਣ' ਤੇ 'ਮਹਾਂਭਾਰਤ' ਵਰਗੇ ਮਹਾਂ-ਕਾਵਾਂ ਵਿੱਚ ਇਸ ਬੇਇਨਸਾਫੀ ਦੀਆਂ ਅਣਗਿਣਤ ਉਦਾਹਰਨਾਂ ਪਈਆਂ ਹਨ। ਦਰੋਣਾਚਾਰੀਆ ਦਾ ਇੱਕ ਆਦੀਵਾਸੀ ਭੀਲ ਮੁੰਡੇ ਏਕਲਵਯ ਦੀ ਆਪ ਮੁਹਾਰੀ ਧਨੁਰ ਵਿੱਦਿਆ ਦੀ ਪਰਬੀਨਤਾ ਤੋਂ ਭੈਅ ਖਾ ਕੇ ਆਪਣੇ ਰਾਜਕੁਮਾਰ ਸ਼ਿਸ਼ ਅਰਜੁਨ ਦੇ ਰਾਹ ਵਿੱਚੋਂ ਹਟਾਉਣ ਲਈ ਉਹਦੇ ਸੱਜੇ ਹੱਥ ਦਾ ਅੰਗੂਠਾ ਮੰਗ ਲੈਣਾ ਤਾਂ ਕਿ ਉਹ ਫਿਰ ਕਦੀ ਤੀਰ ਨਾ ਚਲਾ ਸਕੇ, ਦਰੋਣਾਚਾਰੀਆ ਦਾ ਇੱਕ ਸਾਰਥੀ ਦਾ ਪੁੱਤਰ ਹੋਣ ਕਰਕੇ ਕਰਣ ਨੂੰ ਸ਼ਸਤਰ ਵਿੱਦਿਆ ਸਿਖਾਉਣ ਤੋਂ ਨਾਂਹ ਕਰ ਦੇਣਾ, ਕਰਣ ਦੀ ਅਸਲੀ ਜਾਤ ਬਾਰੇ ਜਾਨਣ ਤੋਂ ਬਾਅਦ ਪਰਸ਼ੂਰਾਮ ਵੱਲੋਂ ਉਸ ਨੂੰ ਸਭ ਤੋਂ ਵਧੇਰੇ ਲੋੜ ਪੈਣ ਤੇ ਵਿੱਦਿਆ ਭੁੱਲ ਜਾਣ ਦਾ ਸਰਾਪ ਦੇਣਾ, ਰਾਜਾ ਰਾਮ ਚੰਦਰ ਵੱਲੋਂ ਬ੍ਰਾਹਮਣਾਂ ਦੀ ਸ਼ਿਕਾਇਤ ਉੱਪਰ ਕੇਵਲ ਉੱਚ ਜਾਤੀਆਂ ਲਈ ਰਾਖਵੇਂ ਵੈਦਿਕ ਗਿਆਨ ਦੇ ਕੁਝ ਸੂਤਰ ਜੰਗਲ ਚੋਂ ਲੰਘਦੇ ਰਿਸ਼ੀਆਂ ਕੋਲੋਂ ਸੁਣ ਕੇ ਤਪੱਸਿਆ ਕਰ ਰਹੇ ਇੱਕ ਸ਼ੂਦਰ ਸ਼ੰਬੂਕ ਦਾ ਸਿਰ ਵੱਢ ਕੇ ਕਤਲ ਕਰ ਦੇਣ ਵਰਗੀਆਂ ਘਟਨਾਵਾਂ ਸਦੀਆਂ ਤੋਂ ਚਲਦੀ ਆ ਰਹੀ ਨਾਇਨਸਾਫੀ ਦੀ ਗਵਾਹੀ ਦਿੰਦੀਆਂ ਹਨ।

ਫਿਰ ਸਮਾਂ ਬਦਲਿਆ, ਮੁਲਕ ਆਜ਼ਾਦ ਹੋਇਆ ਅਤੇ ਸਾਡੇ ਸੰਵਿਧਾਨ ਘਾੜਿਆਂ ਨੇ ਸਿੱਖਿਆ ਦਾ ਇਨਸਾਨੀ ਸਮਾਜ ਦੇ ਵਿਕਾਸ ਵਿੱਚ ਮਹੱਤਵ ਸਮਝਦਿਆਂ ਇਸ ਨੂੰ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ। ਪ੍ਰੰਤੂ ਸਿੱਖਿਆ ਦੇ ਇਸ ਸੰਵਿਧਾਨਿਕ ਅਧਿਕਾਰ ਉਪਰ ਹਮਲਾ ਕਰਦਿਆਂ ਅੱਜ ਦੀਆਂ ਸਰਕਾਰਾਂ ਨੇ ਸਰਕਾਰੀ ਸਿੱਖਿਆ ਪ੍ਰਬੰਧ ਦਾ ਭੱਠਾ ਬਿਠਾ ਕੇ, ਇਸ ਨਾਲ ਮੋਟੀਆਂ ਫੀਸਾਂ ਦੀ ਸ਼ਰਤ ਲਾ ਕੇ ਇੱਕ ਵਾਰ ਫਿਰ ਤੋਂ ਇਸ ਨੂੰ ਕੇਵਲ ਧਨਾਢ ਲੋਕਾਂ ਲਈ ਰਾਖਵਾਂ ਕਰਦਿਆਂ ਉਹਨਾਂ ਲੱਖਾਂ ਗਰੀਬ ਬੱਚਿਆਂ ਨੂੰ ਇਹਦੇ ਤੋਂ ਵਿਰਵਿਆਂ ਕਰਨ ਦਾ ਫੈਸਲਾ ਕਰ ਲਿਆ ਹੈ ਜਿਨ੍ਹਾਂ ਕੋਲ ਮਹਿੰਗੀਆਂ ਫੀਸਾਂ ਭਰਨ ਜੋਗੇ ਪੈਸੇ ਨਹੀਂ ਇਹ ਵਰਤਾਰਾ ਸਦੀਆਂ ਪੁਰਾਣੀ ਉਸ ਜਾਤੀ ਤੇ ਜਮਾਤੀ ਹਿੰਸਾ ਦਾ ਹੀ ਬਦਲਿਆ ਹੋਇਆ ਰੂਪ ਜਾਪਦਾ ਹੈ ਜਿਸ ਤਹਿਤ ਗਿਣੇ-ਮਿੱਥੇ ਢੰਗ ਨਾਲ ਇਕ ਵਰਗ ਵਿਸ਼ੇਸ਼ ਨੂੰ ਸਿੱਖਿਆ ਤੋਂ ਵਿਰਵਿਆਂ ਕਰਕੇ ਫਿਰ ਤੋਂ ਅਗਿਆਨਤਾ ਦੇ ਹਨੇਰੇ ਵਿੱਚ ਧੱਕਦਿਆਂ ਹਾਸ਼ੀਏ ਤੇ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ।

ਇਸ ਖਤਰਨਾਕ ਵਰਤਾਰੇ ਵਿਚ ਬਹੁਗਿਣਤੀ ਦੇ ਹਿੱਤਾਂ ਵੱਲ ਪਿੱਠ ਕਰੀ ਖਲੋਤੀਆਂ ਸਰਕਾਰਾਂ ਦੀ ਭੂਮਿਕਾ ਸੰਦੇਹਜਨਕ ਹੈ। ਸਿੱਖਿਆ ਅਤੇ ਸਿਹਤ ਦੇ ਜਨਤਕ ਖੇਤਰਾਂ ਨੂੰ ਸਿਰਫ ਵਿੱਤੀ ਬੋਝ ਸਮਝ ਕੇ ਹੱਥ ਪਿਛਾਂਹ ਖਿੱਚਦੀਆਂ ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿੱਖਿਆ ਹੀ ਮੁਲਕ ਅਤੇ ਸਮਾਜ ਦੀ ਨੀਂਹ ਹੁੰਦੀ ਹੈ ਜਿਸ ਵਿੱਚੋਂ ਮੁਲਕ ਪ੍ਰਤੀ ਜ਼ਿੰਮੇਵਾਰ ਨਾਗਰਿਕਾਂ ਦੇ ਚਰਿੱਤਰ ਦੀ ਘਾੜਤ ਘੜੀ ਜਾਣੀ ਹੁੰਦੀ ਹੈ। ਸਰਕਾਰਾਂ ਵੱਲੋਂ ਲੋਕਾਂ ਨੂੰ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਾਉਣਾ ਕੋਈ ਅਹਿਸਾਨ ਨਹੀਂ ਬਲਕਿ ਸਮਾਜ ਪ੍ਰਤੀ ਨੈਤਿਕ ਜਿੰਮੇਵਾਰੀ ਹੈ। ਹਰ ਨਾਗਰਿਕ ਤੱਕ ਇਹਨਾਂ ਦੀ ਪਹੁੰਚ ਦੀ ਅਣਹੋਂਦ ਵਿੱਚ ਅਸੀਂ ਸਹੀ ਅਰਥਾਂ ਵਿੱਚ ਸੱਭਿਅਕ ਸਮਾਜ ਕਿਵੇਂ ਅਖਵਾ ਸਕਦੇ ਹਾਂ?

ਅੱਜ ਪੰਜਾਬ ਦੀਆਂ ਵਿਦਿਆਰਥੀ, ਜਨਤਕ ਜੱਥੇਬੰਦੀਆਂ, ਚਿੰਤਨਸ਼ੀਲ, ਸੁਹਿਰਦ ਅਤੇ ਸਿਆਣੇ ਲੋਕਾਂ ਨੂੰ ਚਾਹੀਦਾ ਹੈ ਕਿ ਇਸ ਨਾਇਨਸਾਫੀ ਦੇ ਵਿਰੁੱਧ ਆਵਾਜ਼ ਉਠਾਉਣ। ਇਹ ਸਾਡਾ ਸਭ ਦਾ ਇਨਸਾਨੀ ਤੇ ਇਖਲਾਕੀ ਫਰਜ਼ ਬਣਦਾ ਹੈ।

**ਅਸਿਸਟੈਂਟ ਪ੍ਰੋਫੈਸਰ (ਅੰਗਰੇਜ਼ੀ)**
**ਸਰਕਾਰੀ ਕਾਲਜ, ਕਪੂਰਥਲਾ (ਪੰਜਾਬ)**

## ਡਾਲਰ ਹੀ ਮਾਈ-ਬਾਪ ਹੈ

ਯਾਰੋ ਇੱਥੇ ਤਾਂ ਬਣੇ ਇਹ ਹਾਲਾਤ ਨੇ
ਭੁੱਲੇ ਆਪਣੇ ਲੋਕ, ਭੁੱਲੇ ਜਮਾਤ ਨੇ
ਤਨ-ਮਨ ਵੀ ਗੈਰ ਹੋਇਆ
ਬੱਸ ਡਾਲਰ ਨਾਲ ਹੋਇਆ ਆਤਮਸਾਤ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਯਾਰੋ ਇੱਥੇ ਸੱਭ ਕੁੱਝ ਰੁਲਿਆ
ਸਭਨਾਂ ਨੂੰ ਆਪਣਾ ਆਪਾ ਭੁੱਲਿਆ
ਚੱਤੋ ਪਹਿਰ ਦੌੜ-ਭੱਜਦਾ
ਕਿਹਾ ਲੱਗਿਆ ਜਿੰਦ ਨੂੰ ਸਰਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਹੋਣਹਾਰ ਧੀਆਂ-ਪੁੱਤ ਵਾਹੋਦਾਹੀ ਆਉਂਦੇ ਨੇ
ਰੋਟੀ-ਰੋਜ਼ੀ ਲਈ ਬੂਹੇ ਤੇ ਬੂਹਾ ਖੜਕਾਉਂਦੇ ਨੇ
ਰੁਲ ਰਹੀਆਂ ਸੋਹਲ ਸੱਧਰਾਂ
ਬਾਲ-ਵਰੇਸ ਸੁਫਨਿਆਂ ਦੀ
ਉੱਡ ਰਹੀ ਖ਼ਾਕ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਭਾਵੇਂ ਸ਼ਾਮ ਐ ਭਾਵੇਂ ਸਵੇਰ ਐ
ਜਿੰਦ ਬਣੀ ਮੁਸ਼ੱਕਤ ਦਾ ਕੋਹਲੂ-ਗੇੜ ਐ
ਸੱਭ ਫੁਰਸਤ ਲਈ ਤਰਸਦੇ
ਹੰਢਾ ਰਹੇ ਡਾਲਰ ਦਾ ਪ੍ਰਤਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਕੁੱਝ ਆਪਣਿਆਂ ਗਲ ਵੀ ਛੁਰੀ ਚਲਾਉਂਦੇ ਨੇ
ਠੱਗੀ-ਠੋਰੀ ਕਰਕੇ ਲਾਟ ਕਹਾਉਂਦੇ ਨੇ
ਰਿਸ਼ਤਿਆਂ ਦਾ ਵਰਕਾ ਪਾੜਿਆ
ਐਸਾ ਡਾਲਰ ਦਾ ਚੜਿਆ ਤਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਇੱਥੇ ਲਿਆਕਤ ਵੀ ਡੰਡੌਤ ਕਰਦੀ ਐ
ਡਾਲਰ ਦਾ ਪਾਣੀ ਭਰਦੀ ਐ
ਸੱਭ ਕੁੱਝ ਦਾ ਡਾਲਰ ਪੈਮਾਨਾ ਐ
ਡਾਲਰ ਹੀ ਪੁੰਨ , ਡਾਲਰ ਹੀ ਪਾਪ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ
ਧਰਤ ਬੇਗਾਨੀ 'ਤੇ ਜਵਾਨੀ
ਰੁੜ੍ਹੀ ਫਿਰਦੀ ਐ
ਪੰਜ ਪਾਣੀਆਂ ਦੀ ਤਕਦੀਰ
ਰੁਲੀ ਫਿਰਦੀ ਐ
ਉੱਥੇ ਬੂਹਿਆਂ ਨੂੰ ਵੱਜ ਰਹੇ ਜੰਦਰੇ
ਗਲੀਆਂ 'ਚ ਦਹਾੜ ਰਿਹਾ ਵਿਨਾਸ਼ ਐ
ਇੱਥੇ ਕੋਈ ਕਿਸੇ ਦਾ ਸਕਾ ਨਹੀਂ
ਬੱਸ ਡਾਲਰ ਹੀ ਮਾਈ-ਬਾਪ ਐ

-ਗੁਰਤੇਜ ਸਿੰਘ ਖੋਖਰ

## ਦਰਦ ਦੀ ਲਾਟ

ਆਇਸ਼ੀ ਘੋਸ਼ ਦੇ ਨਾਂਅ
ਨਕਾਬਪੋਸ਼ਾਂ ਹੱਥੋਂ ਇਹ ਲੋਹੇ ਦੇ
ਰਾਡ ਤੇਰੇ ਸਿਰ 'ਤੇ
ਨਹੀਂ ਵਰ੍ਹੇ
ਮੇਰੀ ਭੈਣ!
ਦੇਸ਼ ਦੀ ਜਮਹੂਰੀਅਤ ਦੇ
ਕੁੱਲ ਰਾਖਿਆਂ ਦੇ ਸਿਰਾਂ
ਉੱਤੇ ਵਰ੍ਹੇ ਹਨ
ਤੇਰੇ ਸਿਰ 'ਚੋਂ ਜੋ ਵਗਦਾ ਖੂਨ
ਕੇਵਲ ਤੇਰਾ ਖੂਨ ਨਹੀਂ
ਹਜ਼ਾਰਾਂ, ਉਨ੍ਹਾਂ ਯੋਧਿਆਂ
'ਸ਼ਹਿਰੀ ਨਕਸਲੀਆਂ' ਦਾ ਖੂਨ ਹੈ
ਜਿਨ੍ਹਾਂ ਦੇਸ਼ ਦੀ ਆਜ਼ਾਦੀ ਦੀ ਮਾਂਗ
ਵਿਚ ਸੰਧੂ ਭਰਿਆ ਸੀ
ਉਨ੍ਹਾਂ 'ਟੋਟੇ ਟੋਟੇ ਗੈਂਗ' ਹਿੰਦੂਆਂ,
ਸਿੱਖਾਂ ਅਤੇ ਮੁਸਲਮਾਨਾਂ ਦਾ
ਸਾਂਝਾ ਖੂਨ ਹੈ
ਜਿਨ੍ਹਾਂ ਜਲ੍ਹਿਆਂਵਾਲੇ ਬਾਗ ਦੀ
ਧਰਤੀ ਨੂੰ ਰੰਗਿਆ ਸੀ
ਇਹ, ਤੇਰੀ ਤੋੜੀ ਬਾਂਹ 'ਤੇ ਲੱਗਾ ਪਲਸਤਰ
ਕੇਵਲ ਤੇਰੀ ਬਾਂਹ 'ਤੇ ਲੱਗਾ
ਪਲਸਤਰ ਨਹੀਂ ਮੇਰੀ ਭੈਣ!
ਕੁੱਲ ਦੁਨੀਆਂ ਦੇ ਮਨੁੱਖੀ ਹੱਕਾਂ
ਲਈ ਜੂਝਦੇ ਯੋਧਿਆਂ
ਦੀਆਂ ਬਾਹਾਂ ਉਤੇ ਲੱਗਾ ਪਲਸਤਰ ਹੈ
ਜੋ ਚੁੱਪ ਕਰਕੇ ਹਰਗਿਜ਼ ਨਹੀਂ ਬਹਿਣਗੇ
ਹਾਂ, ਤੂੰ!
ਉਨ੍ਹਾਂ ਦੇ ਦਰਦ ਦੀ ਲਾਟ ਜਗਦੀ ਰੱਖੀਂ,
ਜਿਸ ਧਰਤੀ ਉਤੇ ਤੇਰਾ ਖੂਨ ਡੁੱਲ੍ਹਿਆ ਹੈ
ਮੇਰੀ ਭੈਣ!
ਓਥੇ ਇਕ ਦਿਨ ਖੂਬਸੂਰਤ ਗੁਲਜ਼ਾਰ ਖਿੜੇਗੀ
ਫ਼ਜ਼ਾ ਵਿਚ ਪਰਿੰਦੇ ਚਹਿਕਣਗੇ।
ਗੁਲਾਬ ਦੇ ਫੁੱਲ ਮਹਿਕਣਗੇ।

- ਗੁਰਨਾਮ ਢਿੱਲੋਂ

## Gen Zee ਕਾਕਰੋਚ

ਭਾਵੇਂ 'ਸੰਨੀ ਡੇਅ' ਹੋਵੇ
ਜਾਂ ਮੀਂਹ ਪੈਂਦਾ ਹੋਵੇ
ਸੂਰਜ ਦਿਸੇ ਜਾਂ ਨਾ ਦਿਸੇ
ਅਸੀਂ Gen Zee ਹਾਂ
ਅਸੀਂ ਜ਼ਰੂਰ ਆਵਾਂਗੇ
ਮੰਗਾਂ ਮਨਵਾਉਣ ਲਈ
ਤੈਨੂੰ ਅੱਧੀ ਰਾਤ ਨੂੰ ਜਗਾਵਾਂਗੇ

ਖੁੱਡਾਂ ਵਿੱਚੋਂ ਨਿੱਕਲ
ਕਾਕਰੋਚਾਂ ਵਾਂਗ ਹੌਲੀ ਹੌਲੀ ਤੁਰਦੇ
ਆਪਣੇ ਟਿਕਾਣੇ ਤੇ ਪਹੁੰਚ ਜਾਵਾਂਗੇ
ਗੁਰੂਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ
ਆਪਣੇ ਮਨ ਮਸਤਕ ਵਿੱਚ ਲਿਆਵਾਂਗੇ

ਧਰਮ, ਜਾਤ-ਪਾਤ, ਰੰਗ 'ਤੇ ਬੋਲੀ
ਸਭ ਭੁੱਲ ਜਾਵਾਂਗੇ
ਤੂੰ ਸਾਨੂੰ ਵੰਡਣ ਦਾ ਕੋਈ ਵੀ
ਤਰੀਕਾ ਵਰਤ ਲਈਂ
ਪਰ ਅਸੀਂ ਸਭ ਇਕੱਠੇ ਹੋ ਜਾਵਾਂਗੇ
ਤੇਰੀਆਂ ਲੂੰਬੜ ਚਾਲਾਂ ਨੂੰ
ChatGPT ਵਰਤਣ ਤੋਂ ਬਿਨਾਂ ਹੀ
ਸਮਝ ਜਾਵਾਂਗੇ

ਭਾਵੇਂ ਤੂੰ ਇੰਟਰਨੈੱਟ ਬੰਦ ਕਰ ਦੇਵੀਂ
ਭਾਵੇਂ ਬੱਸਾਂ ਟਰੇਨਾਂ ਕੈਂਸਲ ਕਰ ਦੇਵੀਂ
ਭਾਵੇਂ ਤੂੰ ਸੜਕਾਂ ਤੇ ਕਿੱਲ ਬੀਜ ਦੇਵੀਂ
ਭਾਵੇਂ ਤੂੰ ਪਾਣੀ ਦੀਆਂ ਬੁਛਾੜਾਂ ਮਾਰੀਂ
ਭਾਵੇਂ ਤੂੰ ਸਾਨੂੰ ਛੱਲੀਆਂ ਵਾਂਗ ਕੁੱਟੀਂ
ਭਾਵੇਂ ਤੂੰ ਸਾਡੇ ਪ੍ਰਾਈਵੇਟ ਅੰਗਾਂ ਨੂੰ
ਆਪਣੀ ਭੁੱਖ ਦਾ ਸ਼ਿਕਾਰ ਬਣਾਈਂ
ਸਾਨੂੰ ਕੋਈ ਫ਼ਰਕ ਨਹੀਂ ਪੈਂਦਾ

ਅਸੀਂ ਜ਼ਰੂਰ ਆਵਾਂਗੇ
ਹਨੇਰੀ ਤੋਂ ਵਾਵਰੋਲਾ ਬਣ ਜਾਵਾਂਗੇ
ਅਸੀਂ ਆਪਣੀ ਆਵਾਜ਼ ਉਠਾਵਾਂਗੇ
ਆਪਣੀਆਂ ਮੰਗਾਂ ਮਨਵਾਉਣ ਲਈ
ਦਿਨ ਰਾਤ ਇੱਕ ਕਰ ਵਿਖਾਵਾਂਗੇ

ਪਰ! ਪਰ!
ਮੈਨੂੰ ਤੇਰੀ ਇੱਕ ਗੱਲ ਦੀ
ਸਮਝ ਨਹੀਂ ਆਉਂਦੀ
ਸਾਨੂੰ ਬੇਪਤ ਕਰਕੇ
ਤੂੰ ਆਪਣੀ
ਮਾਂ, ਭੈਣ, ਧੀ, 'ਤੇ ਘਰਵਾਲੀ ਨੂੰ
ਕਿਹੜਾ ਮੂੰਹ ਦਿਖਾਏਗਾ
ਉਹ ਵੀ ਤੇਰੇ ਮੂੰਹ ਉੱਪਰ ਥੁੱਕਣਗੀਆਂ
ਤੇਰੇ ਮੂੰਹ ਤੇ ਕਾਲਖ਼ ਲਾਉਣਗੀਆਂ
ਜੇ ਉਨ੍ਹਾਂ ਕੋਲ ਥੋੜੀ ਬਹੁਤ
ਇਨਸਾਨੀਅਤ ਹੋਈ
ਤੈਨੂੰ ਘਰ ਤੋਂ ਬਾਹਰ ਦਾ
ਰਸਤਾ ਦਿਖਾਉਣਗੀਆਂ

ਚੇਤਾ ਰੱਖੀਂ
ਅਸੀਂ Gen Zee ਹਾਂ
ਅਸੀਂ ਆਵਾਂਗੇ
ਭਾਵੇਂ 'ਸੰਨੀ ਡੇਅ' ਹੋਵੇ ਜਾਂ ਨਾਂਹ
ਅਸੀਂ ਜ਼ਰੂਰ ਆਵਾਂਗੇ
ਤੇਰੇ ਨਾਸੀਂ ਧੂੰਆਂ ਲਿਆਵਾਂਗੇ
ਤੈਨੂੰ ਸੁਪਨਿਆਂ ਵਿੱਚ ਵੀ ਡਰਾਵਾਂਗੇ
ਆਪਣੀਆਂ ਮੰਗਾਂ ਮਨਵਾਵਾਂਗੇ
ਆਪਣੀਆਂ ਮੰਗਾਂ ਮਨਵਾਵਾਂਗੇ।

-ਸੰਨੀ ਧਾਲੀਵਾਲ ਐਡਮਿੰਟਨ

## ਮੇਰੀ ਆਸਥਾ...

ਮੇਰੀ ਆਸਥਾ ਹੈ
ਕਿ ਪੱਥਰ ਨੂੰ
ਪੱਥਰ ਹੀ ਕਿਹਾ ਜਾਏ

ਚਾਹੇ ਉਹ ਪੱਥਰ
ਮੰਦਰ ਦਾ ਹੋਵੇ
ਜਾਂ ਮਜ਼ਾਰ ਦਾ
ਚਾਹੇ ਕਿਸੇ ਪਹਾੜ ਦਾ

ਮੇਰੀ ਆਸਥਾ
ਮੇਰੀ ਨਿੱਜੀ ਹੈ

ਇਹ ਧਾਰਮਿਕ ਲੋਕ
ਪੱਥਰ ਨੂੰ
ਭਗਵਾਨ ਦੱਸ ਕੇ
ਠੇਸ ਪਹੁੰਚਾਉਂਦੇ ਨੇ
ਮੇਰੀ ਆਸਥਾ ਨੂੰ

-ਸੰਦੀਪ

ਅਨੁ: ਯਸ਼ ਪਾਲ ਵਰਗ ਚੇਤਨਾ

## ਭਾਵਨਾਵਾਂ..

ਕੱਚ
ਸਭ ਤੋਂ ਨਾਜ਼ੁਕ ਨਹੀਂ ਹੁੰਦਾ
ਨਾ ਫੁੱਲ
ਨਾ ਬੱਚਾ ਹੁੰਦਾ ਹੈ
ਸਭ ਤੋਂ ਨਾਜ਼ੁਕ

ਸਭ ਤੋਂ ਨਾਜ਼ੁਕ
ਹੁੰਦੀਆਂ ਨੇ
ਧਾਰਮਿਕ ਭਾਵਨਾਵਾਂ

ਅੱਜ ਦੇ ਦੌਰ ਅੰਦਰ
ਹਵਾ ਦੇ ਬੁੱਲੇ ਨਾਲ
ਜਾਂ ਪਾਣੀ ਦੇ ਛਿੱਟੇ ਨਾਲ
ਕਿਸੇ ਗੀਤ ਨਾਲ
ਜਾਂ ਕਿਸੇ ਸੁਪਨੇ ਨਾਲ ਵੀ
ਠੇਸ ਲੱਗ ਜਾਂਦੀ ਹੈ
ਧਾਰਮਿਕ ਭਾਵਨਾਵਾਂ ਨੂੰ

ਅਸੀਂ ਜਦ ਸੁਬ੍ਹਾ
ਸੌਂ ਕੇ ਉਠਦੇ ਹਾਂ
ਤਾਂ ਟੀਵੀ ਦਸਦਾ ਹੈ-
ਜਦ ਤੁਸੀਂ ਰਾਤ ਨੂੰ
ਸੌਂ ਰਹੇ ਸੀ
ਠੇਸ ਲੱਗ ਗਈ ਹੈ
ਤੁਹਾਡੀਆਂ ਭਾਵਨਾਵਾਂ ਨੂੰ

ਅਸੀਂ ਸੋਚਦੇ ਹਾਂ
ਟੀਵੀ ਦੱਸ ਰਿਹਾ ਹੈ
ਸੱਚ ਹੀ ਹੋਵੇਗਾ

ਅਸੀਂ ਪਹਿਲਾਂ ਤਾਂ
ਸ਼ਰਮਸਾਰ ਹੁੰਦੇ ਹਾਂ
ਆਪਣੇ ਨਾਦਾਨ ਹੋਣ 'ਤੇ
ਫਿਰ ਤੁਰੰਤ
ਗਰਵ ਕਰਦੇ ਹਾਂ
ਆਪਣੇ ਹਿੰਦੂ
ਜਾਂ ਮੁਸਲਮਾਨ ਹੋਣ 'ਤੇ

ਅਸੀਂ ਝਟ ਦੇਣੇ
ਸੰਭਾਲਦੇ ਹਾਂ
ਕਿਸੇ ਖੂੰਜੇ 'ਚ ਪਏ
ਖ਼ੰਜਰ 'ਤੇ ਕਿਰਪਾਨ
ਤੇ ਜੁਟ ਜਾਂਦੇ ਹਾਂ
ਭਾਵਨਾਵਾਂ ਨੂੰ ਸ਼ਾਂਤ ਕਰਾਉਣ

ਹਰਭਗਵਾਨ ਚਾਵਲਾ
(ਕਾਵਿ-ਸੰਗ੍ਰਹਿ 'ਇੰਤਜ਼ਾਰ ਦੀ ਉਮਰ' 'ਚੋਂ )
ਅਨੁਵਾਦ : ਯਸ਼ ਪਾਲ ਵਰਗ ਚੇਤਨਾ
(98145 35005)

## ਮੁਰਦਾਰ !



-ਨੀਲੇ ਅਕਾਸ਼ ਥੱਲੇ
ਅਠਖੇਲੀਆਂ ਪਾਉਂਦਾ।
ਖੁਸ਼ੀ ਮਨਾਉਂਦਾ,
ਪਲ ਦੇ ਅੰਦਰ ਫੁੰਡਣ ਲਈ,
ਸ਼ਿਕਾਰ ਦਾ ਮਾਸ ਨੋਚਣ ਲਈ,
ਮਿਜ਼ਾਈਲ ਵਾਂਗੂੰ ਝਪਟਣਾ ਛੱਡਕੇ,
ਹੋਂਦ ਭੁਲਾ ਕੇ, ਗੈਰਤ ਛੱਡਕੇ
ਪਰਾਏ ਆਲ੍ਹਣੇ ਅੰਦਰ ਬਹਿ ਕੇ,
ਦੂਜੇ ਦੇ ਪੈਰੀਂ ਪੈ ਕੇ,
ਅੱਖਾਂ ਮੀਚ ਕੇ ਬੈਠਣ ਲੱਗੇ।
ਹੋਂਦ ਆਪਣੀ ਛੱਡਣ ਲੱਗੇ।
ਅੱਗੇ-ਪਿੱਛੇ ਵੇਖਣਾ ਛੱਡੇ।
ਸੀਨੇ ਅੰਦਰ ਅੱਗ ਨਾ ਮੱਚੇ।
ਆਪਣੇ ਖੰਭ ਖਿਲਾਰਨਾ ਛੱਡੇ।
ਉੱਚੀ ਉਡਾਰੀ ਮਾਰਨਾ ਛੱਡੇ।
ਪਰਾਇਆਂ ਕੋਲੋਂ ਸਹਾਰਾ ਲੱਭੇ।
ਧੌਣ ਟੰਗਾਂ ਵੱਲ ਨੂੰ ਸੁੱਟੇ।
ਅੰਦਰੋਂ ਟੁੱਟਿਆ, ਜਾਨ ਬਚਾਉਂਦੈ।
ਉਹ ਬਾਜ਼ ਨਹੀਂ, ਮੁਰਦਾਰ ਕਹਾਉਂਦੈ।

-ਸੁਖਦੇਵ ਸਲੇਮਪੁਰੀ
9780620233

## ਦੋ ਕਵਿਤਾਵਾਂ

### ਭਾਨ ਦਾ ਸੱਚ

ਉਸਦੇ ਖੀਸੇ ਵਿੱਚ ਭਾਨ ਛਣਕਦਾ
ਮੱਥੇ 'ਚੋਂ ਪੈਲੀਆਂ ਦੀ ਮਿੱਟੀ ਕਿਰਦੀ
ਸੁਪਨੇ ਵਿੱਚ ਬੀਤਿਆ ਜਾਗਦਾ
ਪੈਰਾਂ ਹੇਠ ਪੁਰਖੇ ਮਿੱਧੇ ਜਾਂਦੇ
ਅੰਦਰਲੇ ਖ਼ਲਾਅ ਵਿੱਚ
ਪਛਤਾਵਾ ਅੰਗੜੀ ਲੈਂਦਾ
ਤੇ ਉਹ ਸਿਰ ਤੋਂ ਲੰਘਦੇ ਜਹਾਜ਼ਾਂ ਨੂੰ
ਅੱਖਾਂ ਦੀ ਆਖ਼ਰੀ ਲੋਅ 'ਚ ਸਾਂਭਦਾ

ਉਸ ਨੂੰ ਯਾਦ ਹੈ ਜਦ ਪਹਿਲੀ ਵਾਰ
ਜਹਾਜ਼ 'ਚ ਚੜ੍ਹਦਿਆਂ ਉਸ ਦਾ ਸੀਨਾ
ਹਰ ਮਾਪ ਤੋਂ ਬਾਹਰ ਹੋ ਗਿਆ ਸੀ
ਏਅਰਪੋਰਟ ਦੇ ਬਾਹਰ ਉਡੀਕਦੇ
ਪੁੱਤ ਦੇ ਸੀਨੇ ਲੱਗ ਸਵਰਗ ਜਿਵੇਂ
ਉਸਦੀ ਮੁੱਠੀ ਵਿੱਚ ਆ ਗਿਆ ਸੀ

ਬਿਗਾਨੀਆਂ ਪੈਲੀਆਂ 'ਚ ਬੇਰੀਆਂ ਤੋੜਦਿਆਂ
ਉਹ ਉਦਾਸ ਤਾਂ ਹੋਇਆ ਸੀ
ਪਰ ਆਪਣੀਆਂ ਪੈਲੀਆਂ ਦਾ ਧਰਵਾਸ
ਅਜੇ ਉਸਦੇ ਕੋਲ ਸੀ
ਜਿਸ ਦਿਨ ਉਸਦੀ ਪੈਨਸ਼ਨ ਲੱਗ ਗਈ
ਇਹ ਧਰਵਾਸ ਹੋਰ ਪੱਕਾ ਹੋ ਗਿਆ

ਉਹ ਜਦ ਕਦੀ ਵੀ ਆਪਣੇ ਵਤਨ ਵਿਚਲੇ ਪਿੰਡ
ਗੇੜਾ ਮਾਰਨ ਦੀ ਗੱਲ ਕਰਦਾ
ਮੁੰਡਾ ਇਹ ਕਹਿ ਕੇ ਟਾਲ ਦਿੰਦਾ ਕਿ
ਅਸੀਂ ਤਾਂ ਇਥੇ ਹਾਂ ਭਾਪਾ

ਤੂੰ ਕੀ ਲੈਣ ਜਾਣਾ ਉਥੇ
ਯਾਰ! ਮੇਰਾ ਪਿੰਡ, ਮੇਰਾ ਘਰ, ਮੇਰੀਆਂ ਪੈਲੀਆਂ
ਉਹ ਚਾਹੁੰਦਿਆਂ ਵੀ ਕਹਿ ਨਾ ਸਕਦਾ

ਤੇ ਫਿਰ ਇੱਕ ਦਿਨ ਜਦ
ਪੁੱਤ ਨੇ ਪਿੰਡ ਵਾਲੀ ਜ਼ਮੀਨ ਵੇਚਣ ਲਈ ਕਿਹਾ
ਉਸ ਦੀਆਂ ਜੜ੍ਹਾਂ 'ਤੇ
ਬੇਰਹਿਮ ਕੁਹਾੜਾ ਚੱਲਿਆ
ਸੁਪਨਿਆਂ ਨੂੰ ਨਿਲਾਮ ਕਰ ਦਿੱਤਾ ਗਿਆ
ਉਸਦਾ ਧਰਵਾਸ ਖੇਰੂ-ਖੇਰੂ ਹੋ ਗਿਆ
ਸਵਰਗ ਦੇ ਸੁਪਨਿਆਂ ਦਾ ਅਸਲੀ ਸੱਚ
ਉਸ ਦੇ ਗਲ਼ ਲੱਗ ਰੋਇਆ
ਉਸ ਪੁਰਖਿਆਂ ਦੇ ਪ੍ਰਵਾਹ ਦਿੱਤੇ ਗਏ ਫੁੱਲਾਂ ਨਾਲ਼
ਧਾਹਾਂ ਮਾਰਨ ਵਰਗੀਆਂ ਗੱਲਾਂ ਕੀਤੀਆਂ
ਉਸ ਦਿਨ ਪਿੰਡ, ਘਰ ਤੇ ਪੈਲੀਆਂ ਦੇ
ਉਸਨੂੰ ਅਸਲੀ ਅਰਥ ਸਮਝ ਆਏ
ਉਸ ਦਿਨ ਖੀਸੇ ਵਿਚੋਂ ਨਿਕਲ
ਪਹਿਲੀ ਵਾਰ ਉਸਦੇ ਦਿੱਲ ਵਿੱਚ ਭਾਨ ਛਣਕਿਆ

ਇਹ ਭਾਨ ਵਾਲਾ ਸੱਚ ਸ਼ਾਇਦ
ਖੀਸੇ ਵਿੱਚ ਹੀ ਦਮ ਤੋੜ ਦਿੰਦਾ
ਜੇਕਰ ਘਰ ਦੀ ਕੱਢੀ ਦੇ ਜ਼ਾਇਕੇ ਦਾ ਚੇਤਾ
ਉਸਨੂੰ ਆਪਣੇ ਸਾਥੀ ਪਿਆਰਾ ਸਿੰਘ ਨਾਲ਼
ਐਲ ਸੀ ਬੀ ਓ ਦੇ ਦਰ ਨਾ ਲੈ ਗਿਆ ਹੁੰਦਾ

ਐਲ ਸੀ ਬੀ ਓ ਦਾ ਸਟੋਰ ਘੁੰਮਦਿਆਂ
ਉਹ ਜਿਵੇਂ ਨਸ਼ਿਆ ਜਿਹਾ ਗਿਆ ਸੀ
ਉਸ ਕੁੰਡੇ ਵਾਲੀ ਵੱਡੀ ਬੋਤਲ ਚੁੱਕੀ
ਤੇ ਕਾਊਂਟਰ 'ਤੇ ਆ ਕੇ
ਸਿੱਕਿਆਂ ਦੀ ਭਾਨ ਖਲਾਰ ਦਿੱਤੀ
ਪਿਆਰਾ ਸਿੰਘ ਨੇ ਸ਼ੰਸਾ ਜ਼ਾਹਰ ਕੀਤਾ
'ਵਤਨ ਸਿਹਾਂ ਇਹ ਕੀ
ਕਈ ਵੱਡਾ ਨੋਟ ਕੱਢ'
ਵਤਨ ਸਿੰਘ ਨੇ ਡੂੰਘਾ ਹੌਕਾ ਲਿਆ
ਤੇ ਸਟੋਰ ਤੋਂ ਬਾਹਰ ਆ ਕੇ
ਭਾਨ ਦਾ ਰਹੱਸ ਦੱਸਿਆ
'ਪਿਆਰਾ ਸਿਹਾਂ ਪੈਨਸ਼ਨ ਵਾਲੇ ਦਿਨ ਮੈਨੂੰ
ਮੁੰਡਾ ਇੱਕ ਸਿੱਕਾ ਦਿੰਦਾ ਹੈ
ਇੱਕ ਤੇ ਕਦੀ ਦੋ ਡਾਲਰ ਦਾ ਸਿੱਕਾ
ਮੈਂ ਭਰੇ ਮਨ ਨਾਲ਼ ਉਹ ਸਿੱਕਾ
ਖੀਸੇ ਵਿੱਚ ਸਾਂਭ ਲੈਂਦਾ ਹਾਂ
ਇਹ ਉਸੇ ਬਚਤ ਦਾ ਸਰਮਾਇਆ ਹੈ'
ਦੱਸਦਿਆਂ ਵਤਨ ਸਿੰਘ ਭੁੱਬਾਂ ਮਾਰ ਰੋ ਪਿਆ
ਭਾਨ ਦਾ ਰਹੱਸ ਉਸਦੇ ਸੀਨੇ ਦੀ
ਪੀੜ ਬਣ ਕੇ ਰਹਿ ਗਿਆ

ਕਿਤਿਉਂ ਆਕਾਸ਼ਬਾਣੀ ਹੋਈ
'ਆਪਣੇ ਵਤਨਾਂ ਨੂੰ ਜਾਓ ਯਾਰੋ
ਪੈਲੀਆਂ ਨਾਲ਼ ਹੱਸੋ-ਖੇਡੋ
ਗਲੀਆਂ ਜੋ ਹਿਰਦੇ ਵੱਸੀਆਂ
ਉਨ੍ਹਾਂ ਦੇ ਦੁਖ-ਸੁਖ ਪੁੱਛੋ
ਬਾਹਰਲੀ ਫਿਰਨੀ ਟੱਪ ਗਏ
ਸਵਰਗ ਨੂੰ ਵਾਪਸ ਬੁਲਾਓ
ਝੂਠੇ ਭਰਮਾਂ 'ਚ ਐਵੇਂ
ਜਿੰਦ ਨਾ ਰੁਲਾਓ ਯਾਰੋ
ਆਪਣਿਆਂ ਨੂੰ ਛੱਡੋ ਨੇੜੇ
ਆਪਣੇ ਹੀ ਆਓ ਯਾਰੋ....'
ਇਹ ਕਥਾ ਦਾ ਆਖ਼ਰੀ ਦ੍ਰਿਸ਼ ਨਹੀਂ ਹੈ
ਕਥਾ ਅਜੇ ਚੱਲਦੀ ਹੈ...

• • •

### ਨਿੱਜੀ ਮਾਲਕੀਅਤ ਵਾਲੀ ਸਭਾ

ਭਰਮ ਦੀ ਬਜ਼ੁਰਗੀ ਜਦ
ਸਿਰ ਚੜ੍ਹ ਬੋਲਦੀ
ਹਾਲ 'ਚ ਸੰਨਾਟਾ ਛਾ ਜਾਂਦਾ
ਕੰਧਾਂ ਨੂੰ ਟਕਰਾਉਂਦੇ ਸ਼ਬਦ
ਗੁੰਗੇ ਕੰਨ ਹੋ ਜਾਂਦੇ
ਸਿਰ ਵਿਹੂਣੇ ਧੜ
ਮਾਲਕੀਅਤ ਦਾ ਰੋਹਬ ਜਤਾਉਂਦੇ
ਕਵਿਤਾ ਦੁਹੱਥੜਾਂ ਮਾਰ ਚੁੱਪ ਹੋ ਜਾਂਦੀ
ਕੋਈ ਇੱਕ ਧੜ
ਹਾਲ ਦੀ ਮਰਿਆਦਾ ਭੰਗ ਕਰਦਾ
ਰੁਖ਼ਸਤ ਹੋ ਜਾਂਦਾ
ਹਾਲ ਖ਼ੁਸ਼ਾਮਦੀਆਂ ਨਾਲ਼ ਭਰਿਆ ਰਹਿੰਦਾ

ਇਹ ਇੱਕ ਦ੍ਰਿਸ਼ ਹੈ ਦੋਸਤੋ
ਅਗਲੇ ਦ੍ਰਿਸ਼ 'ਚ
ਕਵਿਤਾ ਮਿਹਣਿਆਂ 'ਤੇ ਉਤਰ ਆਉਂਦੀ
ਇਰਾਦੇ ਬਾਹਾਂ ਟੰਗ ਲੈਂਦੇ
ਸੰਨਾਟਾ ਸਾਹਿਤ ਹੋ ਜਾਂਦਾ
ਗੁਣਗਾਨ ਘੜੀ-ਪਲ ਠਹਿਰ ਜਾਂਦਾ
ਠੰਡੀ ਹੋ ਰਹੀ ਚਾਹ
ਤੇ ਮਸਤਾਨੇ ਹੋ ਗਏ ਸਮੋਸੇ
ਸਿਰ ਸੁੱਟੀ ਆਪਾ ਪਰੋਸਦੇ
ਦ੍ਰਿਸ਼ ਦਾ ਹਿਸਕ ਛਿਣ ਸਮੇਟਦੇ

ਲਹੂ-ਲੁਹਾਨ ਹੋਈ ਕਵਿਤਾ
ਮਾਲਕੀ ਦੀ ਹਉਮੈਂ ਮੂਹਰੇ ਸਿਰ ਝੁਕਾਈ
ਦ੍ਰਿਸ਼ ਤੋਂ ਲਾਪਤਾ ਹੋਣ ਲੱਗਦੀ
ਹਉਮੈਂ ਜੈਕਾਰੇ ਲਾਉਂਦੀ
ਸੰਚਾਲਕ ਜਿੱਤ ਦਾ ਪਰਚਮ ਲਹਿਰਾਉਂਦਾ
ਸਭਾ ਦਾ ਅਗਲਾ ਸ਼ੈਸ਼ਨ
ਤਾੜੀਆਂ ਦੀ ਗੂੰਜ 'ਚ ਗਵਾਚ ਜਾਂਦਾ

ਉਡੀਕ ਦੀ ਕਤਾਰ 'ਚ ਖਲੋਤੀ ਵਿਚਾਰਗੀ
ਹਰ ਘੋਸ਼ਣਾ ਵਿੱਚੋਂ ਆਪਣਾ ਨਾਂ ਬੋਚਦੀ
ਉਡੀਕ ਨੂੰ ਹੰਭਣ ਨਾ ਦਿੰਦੀ
ਵਕਤ ਨੂੰ ਲੰਘਣ ਨਾ ਦਿੰਦੀ
ਬੋਝੇ 'ਚ ਪਈ ਕਵਿਤਾ ਨੂੰ ਪਲੋਸਦੀ
ਕਵੀਆਂ ਦੀ ਸੂਚੀ ਬਣਨਾ ਲੋਚਦੀ


ਇਹ ਵਿਸ਼ਵ-ਵਿਆਪੀ ਵਰਤਾਰਾ ਹੈ
ਹਰ ਮੱਥੇ 'ਚ ਇਸਦਾ ਝਲਕਾਰਾ ਹੈ
ਘਰੋਂ ਤੁਰਨ ਤੋਂ ਪਹਿਲਾਂ ਜੇਕਰ
ਹੋਣ ਵਾਲੇ ਹਸ਼ਰ ਦਾ ਇਲਮ ਹੋਵੇ
ਪਿਛਲੀ ਕਤਾਰ 'ਚ ਬੈਠਿਆਂ ਵਿਰ
ਖਿਸਕਣ ਦੀ ਸਹੂਲਤ ਤੁਹਾਡੇ ਕੋਲ਼ ਹੁੰਦੀ ਹੈ
ਕਵਿਤਾ ਤਾਂ ਹਵਾ ਵਿੱਚ ਵੀ ਉਡਾਈ ਜਾ ਸਕਦੀ ਹੈ
ਬੋਲ਼ੀਆਂ ਕੰਧਾਂ ਦੇ ਖੁੱਲ੍ਹੇ ਕੰਨਾਂ ਨੂੰ ਵੀ
ਸੁਣਾਈ ਜਾ ਸਕਦੀ ਹੈ।

-ਮਲਵਿੰਦਰ
+1 365 994 6744

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਉਮੀਦਾਂ ਤੋਂ ਵੱਧ ਸਫਲ ਰਿਹਾ ਡਾ. ਨਰਿੰਦਰ ਦਭੋਲਕਰ ਯਾਦਗਾਰੀ ਤਿੰਨ ਰੋਜ਼ਾ ਪੁਸਤਕ ਮੇਲਾ











**ਜਸਵੰਤ ਜੀਰਖ**

ਪੁਸਤਕਾਂ ਮਨੁੱਖ ਨੂੰ ਗਿਆਨ, ਵਿਗਿਆਨ ਅਤੇ ਚਿੰਤਨ ਰਾਹੀਂ ਕੁਦਰਤ, ਜ਼ਿੰਦਗੀ ਅਤੇ ਸਮੁੱਚੇ ਬ੍ਰਹਿਮੰਡ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਸਮਝਣ ਅਤੇ ਸਹੀ ਜਾਣਕਾਰੀ ਹਾਸਿਲ ਕਰਨ ਦੀ ਹੀ ਸਿਰਫ ਸੋਝੀ ਨਹੀਂ ਦਿੰਦੀਆਂ ਬਲਕਿ ਇਕ ਬਿਹਤਰ ਜ਼ਿੰਦਗੀ, ਸਿਹਤਮੰਦ ਸਮਾਜ ਅਤੇ ਸੱਭਿਆਚਾਰ ਲਈ ਵਿਅਕਤੀ ਨੂੰ ਉਸਦੇ ਜਮਹੂਰੀ ਤੇ ਮੌਲਿਕ ਅਧਿਕਾਰਾਂ ਦੀ ਰਾਖੀ ਅਤੇ ਲੋਕ ਵਿਰੋਧੀ ਰਾਜ ਪ੍ਰਬੰਧ ਬਦਲਣ ਲਈ ਸੰਘਰਸ਼ ਕਰਨ ਲਈ ਵੀ ਪ੍ਰੇਰਿਤ ਕਰਦੀਆਂ ਹਨ। ਮਿਆਰੀ ਪੁਸਤਕਾਂ ਮਨੁੱਖ ਦੀਆਂ ਸਭ ਤੋਂ ਵੱਧ ਸੁਹਿਰਦ ਅਤੇ ਸਦੀਵੀਂ ਸਾਥੀ ਵੀ ਹੁੰਦੀਆਂ ਹਨ। ਇਸਦੇ ਇਲਾਵਾ ਉਸਦੇ ਹਰ ਦੁੱਖ, ਬਿਮਾਰੀ ਅਤੇ ਇੱਥੋਂ ਤੱਕ ਪ੍ਰਵਾਸ ਅਤੇ ਮੌਤ ਦੇ ਸਦਮੇ ਵਿੱਚ ਵੀ ਉਸਦਾ ਵਿਗਿਆਨਕ ਸੋਚ, ਸਵੈ ਵਿਸ਼ਵਾਸ਼ ਤੇ ਸੰਘਰਸ਼ ਰਾਹੀਂ ਮਾਰਗ ਦਰਸ਼ਨ ਕਰਦਿਆਂ ਉਸ ਸੰਕਟ ਸਮੇਂ ਦਾ ਹੌਂਸਲੇ ਨਾਲ ਟਾਕਰਾ ਕਰਨ, ਸਮੱਸਿਆ ਦਾ ਹਲ ਲੱਭਣ ਅਤੇ ਉਨ੍ਹਾਂ ਨੂੰ ਮਾਤ ਦੇ ਕੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਊਰਜਾ ਪ੍ਰਦਾਨ ਕਰਦੀਆਂ ਹਨ।

ਲੋਕ ਪੱਖੀ ਸਿਹਤਮੰਦ ਸਮਾਜ ਅਤੇ ਪੁਸਤਕ ਸੱਭਿਆਚਾਰ ਦੀ ਉਸਾਰੀ ਦੇ ਵਡੇਰੇ ਮਕਸਦ ਨੂੰ ਮੁੱਖ ਰੱਖਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਲੱਖਣ ਤਜਰਬੇ ਦੇ ਤੌਰ ਤੇ ਪਹਿਲਾ ਤਰਕਸ਼ੀਲ ਪੁਸਤਕ ਮੇਲਾ 21 ਅਗਸਤ ਤੋਂ 23 ਅਗਸਤ ਤੱਕ ਤਰਕਸ਼ੀਲ ਭਵਨ ਬਰਨਾਲੇ ਵਿਖੇ ਲਗਾਇਆ ਗਿਆ। ਇਹ ਪੁਸਤਕ ਮੇਲਾ ਮਹਾਂਰਾਸ਼ਟਰ ਦੀ ਤਰਕਸ਼ੀਲ ਸੰਸਥਾ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਸੰਸਥਾਪਕ ਅਤੇ ਚਿੰਤਕ ਡਾ. ਨਰਿੰਦਰ ਦਾਭੋਲਕਰ ਜਿਨ੍ਹਾਂ ਨੂੰ ਕੁੱਝ ਫਿਰਕੂ ਅਨਸਰਾਂ ਵੱਲੋਂ 20 ਅਗਸਤ 2013 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ,ਦੀ ਯਾਦ ਨੂੰ ਸਮਰਪਿਤ ਕੀਤਾ ਗਿਆ।

ਇਸ ਤਿੰਨ ਰੋਜ਼ਾ ਪੁਸਤਕ ਮੇਲੇ ਦਾ ਉਦਘਾਟਨ 21 ਅਗਸਤ ਨੂੰ ਸਥਾਨਕ ਤਰਕਸ਼ੀਲ ਭਵਨ ਵਿਖੇ ਆਸਟ੍ਰੇਲੀਆ ਦੇ ਤਰਕਸ਼ੀਲ ਚਿੰਤਕ ਮਨਜੀਤ ਬੋਪਾਰਾਏ ਵੱਲੋਂ ਕੀਤਾ ਗਿਆ। ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪੰਜਾਬ ਵਿੱਚ ਅਜਿਹੇ ਪੁਸਤਕ ਮੇਲੇ ਲਾਉਣ ਦੀ ਲੋੜ ਤੇ ਜ਼ੋਰ ਦਿੱਤਾ।

ਇਸ ਪੁਸਤਕ ਮੇਲੇ ਵਿੱਚ ਕਿਸੇ ਕਾਰਨ ਨਾ ਪਹੁੰਚ ਸਕਣ ਕਰਕੇ ਪਹਿਲੇ ਸੈਸ਼ਨ ਵਿੱਚ 'ਡਾ.ਨਰਿੰਦਰ ਦਾਭੋਲਕਰ ਅਤੇ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਕਾਰਜ, ਚੁਣੌਤੀਆਂ ਅਤੇ ਪ੍ਰਾਪਤੀਆਂ' ਵਿਸ਼ੇ ਤੇ ਆਨਲਾਈਨ ਸੰਬੋਧਿਤ ਹੁੰਦੇ ਹੋਏ ਡਾ. ਮੁਕਤਾ ਦਾਭੋਲਕਰ ਨੇ ਦੱਸਿਆ ਕਿ ਡਾ. ਨਰਿੰਦਰ ਦਾਭੋਲਕਰ ਨੇ ਮਹਾਂਰਾਸ਼ਟਰ ਵਿੱਚ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੀ ਸਥਾਪਨਾ ਕਰਕੇ ਅੰਧ ਵਿਸ਼ਵਾਸ਼ਾਂ, ਜਾਤ ਪਾਤ, ਨਸ਼ਿਆਂ, ਮੂਰਤੀ ਵਿਸਰਜਨ ਵਿਰੁੱਧ ਵੱਡੇ ਪੱਧਰ ਤੇ ਜਾਗਰੂਕਤਾ ਮੁਹਿੰਮ ਚਲਾਈ। ਉਨ੍ਹਾਂ ਨੇ ਡਾ. ਦਾਭੋਲਕਰ ਦੇ ਕਤਲ ਬਾਅਦ ਮਹਾਂਰਾਸ਼ਟਰ ਵਿੱਚ ਕਾਲਾ ਜਾਦੂ ਟੂਣਾ ਵਿਰੋਧੀ ਕਾਨੂੰਨ ਪਾਸ ਕਰਵਾ ਕੇ ਲਾਗੂ ਕਰਵਾਉਣ ਨੂੰ ਸੰਸਥਾ ਦੀ ਸਭ ਤੋਂ ਵੱਡੀ ਪ੍ਰਾਪਤੀ ਦੱਸਿਆ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਵੀ ਪੰਜਾਬ ਵਿੱਚ ਅਜਿਹਾ ਕਾਨੂੰਨ ਪਾਸ ਕਰਵਾਉਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਧਾਰਮਿਕ ਆਸਥਾ ਦੀ ਆੜ ਹੇਠ ਵੱਧ ਰਹੇ ਅੰਧ ਵਿਸ਼ਵਾਸ਼ਾਂ, ਪਾਖੰਡਵਾਦ ਅਤੇ ਰੂੜ੍ਹੀਵਾਦ ਵਿਰੁੱਧ ਆਮ ਲੋਕਾਂ ਨੂੰ ਵਿਗਿਆਨਕ ਚੇਤਨਾ ਰਾਹੀਂ ਜਾਗਰੂਕ ਕੀਤਾ ਜਾਣਾ ਬਹੁਤ ਜਰੂਰੀ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਫ਼ਿਰਕੂ ਤਾਕਤਾਂ ਵੱਲੋਂ ਵਿਗਿਆਨਕ ਵਿਚਾਰਧਾਰਾ ਉਤੇ ਕੀਤੇ ਜਾ ਰਹੇ ਹਮਲਿਆਂ ਅਤੇ ਚੁਣੌਤੀਆਂ ਦਾ ਟਾਕਰਾ ਜਮਹੂਰੀ ਅਤੇ ਤਰਕਸ਼ੀਲ ਸੰਸਥਾਵਾਂ ਵੱਲੋਂ ਇਕਜੁੱਟ ਹੋ ਕੇ ਹੀ ਕੀਤਾ ਜਾ ਸਕਦਾ ਹੈ।

ਇਸ ਮੌਕੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਨੇ ਡਾ. ਮੁਕਤਾ ਨੂੰ ਸਰੋਤਿਆਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਲੈਣ ਸਮੇਂ ਸਟੇਜ ਦਾ ਸੰਚਾਲਨ ਕੀਤਾ।

ਅਗਲੇ ਸੈਸ਼ਨ ਵਿੱਚ ਪ੍ਰਸਿੱਧ ਸਿਹਤ ਮਾਹਿਰਾਂ ਅਤੇ "ਸਾਡਾ ਡਾਕਟਰ" ਗਰੁੱਪ ਦੇ ਐਡਮਿਨ ਡਾ. ਅੰਮ੍ਰਿਤਪਾਲ ਸਿੰਘ, ਡਾ. ਜਗਰੂਪ ਸਿੰਘ, ਡਾ. ਜਸ਼ਨਪ੍ਰੀਤ ਸਿੰਘ ਅਤੇ ਡਾ.ਸਮਰੀਨ ਦੇ ਪੈਨਲ ਵੱਲੋਂ 'ਆਮ ਬਿਮਾਰੀਆਂ ਨਾਲ ਜੁੜੇ ਮਿੱਥ ਅਤੇ ਉਨ੍ਹਾਂ ਦਾ ਵਿਗਿਆਨਕ ਸੱਚ' ਬਾਰੇ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦੇ ਇਲਾਜ ਲਈ ਪੁਰਾਤਨ ਟੂਣੇ ਟੋਟਕਿਆਂ ਅਤੇ ਧਾਗੇ ਤਵੀਤਾਂ ਦੀਆਂ ਮਿੱਥਾਂ ਵਿਰੁੱਧ ਲੋਕਾਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨੀ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸਾਮਰਾਜੀ ਸਰਕਾਰਾਂ ਅਤੇ ਦਵਾਈ ਮਾਫੀਆ ਦੀ ਮਿਲੀਭੁਗਤ ਨਾਲ ਲੋਕਾਂ ਨੂੰ ਇਲਾਜ ਦੇ ਨਾਂਅ ਹੇਠ ਲੁੱਟਿਆ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਵੱਲੋਂ ਸਰੋਤਿਆਂ ਦੇ ਕਈ ਬਿਮਾਰੀਆਂ ਨਾਲ ਸੰਬੰਧਿਤ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਵੀ ਦਿੱਤੇ।ਇਸ ਮੌਕੇ ਉਨ੍ਹਾਂ ਦੀ ਟੀਮ ਵਿੱਚ ਡਾ.ਮਨਦੀਪ ਬਾਤਿਸ਼, ਡਾ. ਸੰਦੀਪ ਸਿੰਘ ਅਤੇ ਡਾ. ਸੰਜੇ ਭਾਟੀਆ ਵੀ ਹਾਜ਼ਰ ਸਨ। 22 ਅਗਸਤ ਨੂੰ ਪਹਿਲੇ ਸੈਸ਼ਨ ਵਿੱਚ 'ਪੰਜਾਬੀ ਸਾਹਿਤ ਅਤੇ ਵਿਗਿਆਨਕ ਚੇਤਨਾ' ਵਿਸ਼ੇ ਦੇ ਮੁੱਖ ਬੁਲਾਰੇ ਸਾਬਕਾ ਪ੍ਰੋ.ਅਤੇ ਡੀਨ ਡਾ.ਰਾਜਿੰਦਰ ਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਸਾਹਿਤ ਵਿਗਿਆਨਕ ਚੇਤਨਾ ਨਾਲ ਭਰਿਆ ਪਿਆ ਹੈ ਅਤੇ ਅਜਿਹੇ ਅਗਾਂਹਵਧੂ ਸਾਹਿਤ ਨੇ ਪੰਜਾਬ ਸਮੇਤ ਸਮੁੱਚੀ ਦੁਨੀਆਂ ਵਿੱਚ ਕਈ ਲੋਕ ਪੱਖੀ ਕਿਰਤੀ, ਇਨਕਲਾਬੀ ਅਤੇ ਸਮਾਜਿਕ ਅੰਦੋਲਨਾਂ ਰਾਹੀਂ ਲੋਕ ਵਿਰੋਧੀ ਰਾਜ ਪ੍ਰਬੰਧ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪ੍ਰਧਾਨਗੀ ਭਾਸ਼ਣ ਵਿੱਚ ਪ੍ਰਸਿੱਧ ਵਿਦਵਾਨ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਤਰਕਸ਼ੀਲਤਾ ਸਵਾਲ ਖੜੇ ਕਰਦੀ ਹੈ ਜਦਕਿ ਵਿਗਿਆਨ ਉਨ੍ਹਾਂ ਸਵਾਲਾਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਵਾਬ ਲੱਭ ਕੇ ਇਸਨੂੰ ਵਿਗਿਆਨਕ ਸਾਹਿਤ ਰਾਹੀਂ ਆਮ ਲੋਕਾਂ ਦੇ ਰੂਬਰੂ ਕਰਦਾ ਹੈ।

ਦੂਜੇ ਸੈਸ਼ਨ ਦੌਰਾਨ ਮਰਹੂਮ ਪੱਤਰਕਾਰ ਗੌਰੀ ਲੰਕੇਸ਼ ਨੂੰ ਸਮਰਪਿਤ ਸੈਮੀਨਾਰ ਵਿੱਚ ਪੱਤਰਕਾਰ ਸ਼ਿਵਇੰਦਰ ਦੀ ਸੰਚਾਲਨਾ ਹੇਠ ਲੋਕ ਪੱਖੀ ਨਿਧੜਕ ਪੱਤਰਕਾਰਾਂ ਜਤਿੰਦਰ ਕੌਰ ਤੁੜ, ਨੇਹਾ ਦੀਕਸ਼ਿਤ ਅਤੇ ਅੰਸ਼ੁਲ ਛਤਰਪਤੀ ਦੇ ਮੀਡੀਆ ਪੈਨਲ ਵੱਲੋਂ 'ਮੀਡੀਆ ਅਤੇ ਫਿਰਕਾਪ੍ਰਸਤੀ' ਸੰਬੰਧੀ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਚਰਚਾ ਦੌਰਾਨ ਇਹ ਰਾਏ ਮੁੱਖ ਰੂਪ ਵਿੱਚ ਸਾਹਮਣੇ ਆਈ ਕਿ ਮੀਡੀਏ ਦਾ ਵੱਡਾ ਹਿੱਸਾ ਆਪਣੇ ਵਪਾਰਕ ਹਿੱਤਾਂ ਲਈ ਕਾਰਪੋਰੇਟ ਘਰਾਣਿਆਂ, ਸੱਤਾਧਾਰੀ ਜਮਾਤਾਂ ਅਤੇ ਸਿਆਸੀ ਪਾਰਟੀਆਂ ਦੀ ਸੇਵਾ ਵਿੱਚ ਫ਼ਿਰਕੂ ਮੁੱਦਿਆਂ ਨੂੰ ਉਭਾਰ ਕੇ ਸਮਾਜ ਵਿੱਚ ਫ਼ਿਰਕੂ ਵੰਡੀਆਂ ਪਾਉਣ ਦੀ ਨਾਂਹ ਪੱਖੀ ਭੂਮਿਕਾ ਨਿਭਾ ਰਿਹਾ ਹੈ ਅਤੇ ਆਮ ਲੋਕਾਂ ਦੇ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਨੂੰ ਬਿਲਕੁਲ ਵਿਸਾਰ ਕੇ ਆਪਣੀ ਭਰੋਸੇਯੋਗਤਾ ਗੰਵਾ ਚੁੱਕਾ ਹੈ। ਇਸ ਮੌਕੇ ਪਾਸ ਕੀਤੇ ਇਕ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਮਨਿੰਦਰਜੀਤ ਸਿੱਧੂ ਉਤੇ ਪਾਏ ਝੂਠੇ ਕੇਸ ਰੱਦ ਕਰਨ ਦੀ ਮੰਗ ਵੀ ਕੀਤੀ ਗਈ।

ਤੀਜੇ ਸੈਸ਼ਨ 'ਨੌਜਵਾਨ ਪੀੜੀ ਦਾ ਪ੍ਰਵਾਸ ਅਤੇ ਮਾਪਿਆਂ ਦਾ ਸੰਕਟ' ਵਿੱਚ ਪ੍ਰਗਤੀਸ਼ੀਲ ਵਿਦਵਾਨ ਡਾ. ਕੁਲਦੀਪ ਦੀਪ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਬੇਬਸੀ ਵਿੱਚ ਕੀਤੇ ਜਾਂਦੇ ਪ੍ਰਵਾਸ ਲਈ ਸਾਮਰਾਜੀ ਹਕੂਮਤਾਂ ਦੇ ਦਬਾਅ ਹੇਠ ਭਾਰਤੀ ਹਕੂਮਤ ਵੱਲੋਂ ਲਾਗੂ ਕੀਤੀਆਂ ਨਿੱਜੀਕਰਨ ਦੀਆਂ ਨੀਤੀਆਂ ਜ਼ਿੰਮੇਵਾਰ ਹਨ ਪਰ ਸਾਨੂੰ ਅਜਿਹੇ ਪ੍ਰਵਾਸ ਕਰਨ ਦੀ ਥਾਂ ਮੌਜੂਦਾ ਲੋਕ ਵਿਰੋਧੀ ਰਾਜ ਪ੍ਰਬੰਧ ਨੂੰ ਬਦਲਣ ਲਈ ਹਕੂਮਤਾਂ ਉਤੇ ਜੱਥੇਬੰਦਕ ਜਨਤਕ ਦਬਾਅ ਪਾਉਣਾ ਚਾਹੀਦਾ ਹੈ। ਪ੍ਰੋ. ਚਰਨਜੀਤ ਕੌਰ ਨੇ ਕਿਹਾ ਕਿ ਇਹ ਸਾਡੇ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਬੱਚਿਆਂ ਦੇ ਪ੍ਰਵਾਸ ਨੇ ਮਾਪਿਆਂ ਲਈ ਇਕੱਲਤਾ, ਉਦਾਸੀ, ਬਿਮਾਰੀ ਅਤੇ ਅਸੁਰੱਖਿਆ ਦਾ ਬਹੁਤ ਵੱਡਾ ਸੰਕਟ ਖੜਾ ਕੀਤਾ ਹੈ। ਆਖਰੀ ਦਿਨ ਦੇ ਪਹਿਲੇ ਸੈਸ਼ਨ ਵਿੱਚ ਸਭ ਤੋਂ ਪਹਿਲਾਂ ਉੱਘੇ ਲੋਕ ਪੱਖੀ ਗਾਇਕ ਧਰਮਿੰਦਰ ਮਸਾਣੀ ਨੇ ਅਵਤਾਰ ਪਾਸ਼, ਸੰਤ ਰਾਮ ਉਦਾਸੀ, ਮਹਿੰਦਰ ਸਾਥੀ ਅਤੇ ਅਮੋਲਕ ਸਿੰਘ ਦੇ ਲਿਖੇ ਗੀਤਾਂ ਨੂੰ ਆਪਣੀ ਬੁਲੰਦ ਆਵਾਜ਼ ਨਾਲ ਮਾਹੌਲ ਨੂੰ ਇਨਕਲਾਬੀ ਰੰਗ ਵਿੱਚ ਰੰਗਿਆ।

ਉੱਘੇ ਵਿਗਿਆਨੀ ਤੇ ਸ਼ਾਇਰ ਡਾ.ਗੌਹਰ ਰਜ਼ਾ ਨੇ 'ਮੌਜੂਦਾ ਦੌਰ ਵਿੱਚ ਵਿਗਿਆਨਕ ਸੋਚ ਅੱਗੇ ਚੁਣੌਤੀਆਂ ਅਤੇ ਸਾਡੇ ਕਾਰਜ' ਵਿਸ਼ੇ ਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੇਸ਼ ਵਿੱਚ ਇਸ ਵਕਤ ਵਿਗਿਆਨਕ ਵਿਚਾਰਧਾਰਾ ਨੂੰ ਮੁੱਖ ਖਤਰਾ ਆਰ ਐਸ ਐਸ ਵਰਗੀਆਂ ਉਨ੍ਹਾਂ ਫ਼ਿਰਕੂ ਫਾਸ਼ੀ ਤਾਕਤਾਂ ਤੋਂ ਹੈ ਜਿਹੜੀਆਂ ਸਿੱਖਿਆ ਅਤੇ ਵਿਦਿਅਕ ਸੰਸਥਾਵਾਂ ਦਾ ਭਗਵਾਂਕਰਨ, ਵਪਾਰੀਕਰਨ, ਨਿੱਜੀਕਰਨ ਕਰਕੇ ਅੰਧ ਵਿਸ਼ਵਾਸ਼ ਫੈਲਾਉਣ ਲੱਗੀਆਂ ਹੋਈਆਂ ਹਨ ਜਿਸ ਸਦਕਾ ਧਾਰਮਿਕ ਆਸਥਾ/ਅਧਿਆਤਮਿਕਾ ਦੀ ਆੜ ਹੇਠ ਦੇਸ਼ ਵਿੱਚ ਡੇਰਾਵਾਦ, ਬਾਬਾਵਾਦ ਅਤੇ ਅੰਧ ਵਿਸ਼ਵਾਸ਼ ਦਾ ਕਾਲਾ ਧੰਦਾ ਵੱਧ ਰਿਹਾ ਹੈ ਜਿਸ ਨੂੰ ਮਾਤ ਦੇਣ ਲਈ ਵਿਗਿਆਨਕ ਚੇਤਨਾ ਦੀ ਮਸ਼ਾਲ ਨੂੰ ਹਰ ਦਰ ਅਤੇ ਖਾਸ ਕਰਕੇ ਵਿਦਿਅਕ ਅਦਾਰਿਆਂ ਵਿੱਚ ਲਿਜਾਣ ਦੀ ਲੋੜ ਹੈ। ਉਨ੍ਹਾਂ ਤਰਕਸ਼ੀਲ ਸੁਸਾਇਟੀ ਵੱਲੋਂ ਲਗਾਏ ਪੁਸਤਕ ਮੇਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਲੋਕ ਪੱਖੀ ਸਾਹਿਤ ਦਾ ਸਮਾਜ ਨੂੰ ਬਦਲਣ ਵਿੱਚ ਅਹਿਮ ਰੋਲ ਰਿਹਾ ਹੈ ਅਤੇ ਤਰਕਸ਼ੀਲ ਸੁਸਾਇਟੀ ਆਪਣੇ ਸੀਮਤ ਸਾਧਨਾਂ ਅਤੇ ਫ਼ਿਰਕੂ ਤਾਕਤਾਂ ਦੇ ਹਮਲਿਆਂ ਦੇ ਬਾਵਜੂਦ ਸਮਾਜ ਵਿੱਚ ਵਿਗਿਆਨਕ ਚੇਤਨਾ ਦਾ ਚਾਨਣ ਲਗਾਤਾਰ ਫੈਲਾ ਰਹੀ ਹੈ।

ਪੁਸਤਕ ਮੇਲੇ ਦੌਰਾਨ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ ਅਤੇ 'ਅੰਧ ਵਿਸ਼ਵਾਸ਼ ਅਤੇ ਸਮਾਜ' ਵਿਸ਼ੇ ਉਤੇ ਪੋਸਟਰ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਤਰਕਸ਼ੀਲ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦੇ ਨਿਰੀਖਣ ਕਰਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ, ਕੁਲਜੀਤ ਫ਼ਾਜ਼ਿਲਕਾ ਅਤੇ ਤੇਜਿੰਦਰ ਸਿੰਘ ਨੇ ਨਿਭਾਈ।

ਸਮਾਗਮ ਦੌਰਾਨ ਤਰਕਸ਼ੀਲ ਲਹਿਰ 'ਤੇ ਕੰਵਲ ਢਿੱਲੋਂ ਅਤੇ ਪੀਪਲ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਦੀ ਖੋਜ ਭਰਪੂਰ ਰਿਪੋਰਟ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਪੰਜਾਬੀ 'ਚ ਅਨੁਵਾਦ ਕੀਤੀ 'ਦਿੱਲੀ 1984 ਪਿੱਛੋਂ ਦਾ ਲੰਮਾ ਸੰਘਰਸ਼' ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਸਮਾਰੋਹ ਵਿੱਚ ਨੁੱਕੜ ਨਾਟਕਾਂ ਦੀ ਪੇਸ਼ਕਾਰੀ ਤੋਂ ਇਲਾਵਾ ਨਾਟਕਕਾਰ ਕੀਰਤੀ ਕ੍ਰਿਪਾਲ ਦੀ ਨਿਰਦੇਸ਼ਨਾ ਵਿੱਚ ਨਾਟਿਅਮ ਪੰਜਾਬ ਵੱਲੋਂ ਨਾਟਕ 'ਸੁਕਰਾਤ' ਅਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਦੀ ਟੀਮ ਵੱਲੋਂ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ 'ਠੱਗੀ' ਨਾਟਕਾਂ ਦਾ ਸਫਲ ਮੰਚਨ ਕੀਤਾ ਗਿਆ। ਵੱਖ ਵੱਖ ਸੈਮੀਨਾਰਾਂ ਦੌਰਾਨ ਅਜਮੇਰ ਅਕਲੀਆ, ਕਸਤੂਰੀ ਲਾਲ, ਇਕਬਾਲ ਕੌਰ ਉਦਾਸੀ, ਅਮੀਸ਼ ਬਾਗਪੁਰ ਆਦਿ ਨੇ ਇਨਕਲਾਬੀ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਝੰਜੋੜਿਆ। ਅਖੀਰ ਵਿੱਚ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪੁਸਤਕ ਮੇਲੇ ਦੀ ਸਫ਼ਲਤਾ ਲਈ ਆਏ ਹੋਏ ਵਿਦਵਾਨਾਂ, ਮਹਿਮਾਨਾਂ, ਸਰੋਤਿਆਂ, ਸਾਹਿਤ ਪ੍ਰੇਮੀਆਂ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਮੁਖੀਆਂ, ਸਾਹਿਤਕ, ਜਨਤਕ ਜਮਹੂਰੀ ਜਥੇਬੰਦੀਆਂ, ਟਰੇਡ ਯੂਨੀਅਨਾਂ, ਭਾਗ ਲੈਣ ਵਾਲੇ ਪ੍ਰਕਾਸ਼ਕਾਂ, ਪਬਲਿਸ਼ਰਾਂ ਅਤੇ ਵਿਸ਼ੇਸ਼ ਕਰਕੇ ਪ੍ਰਿੰਟ, ਬਿਜਲਈ ਅਤੇ ਸੋਸ਼ਲ ਮੀਡੀਆ ਚੈਨਲਾਂ ਦੇ ਪੱਤਰਕਾਰਾਂ ਦੀ ਸ਼ਮੂਲੀਅਤ ਅਤੇ ਮਿਲੇ ਵਿੱਤੀ ਸਹਿਯੋਗ ਦਾ ਧੰਨਵਾਦ ਕਰਦਿਆਂ ਹਰ ਸਾਲ ਇਹ ਪੁਸਤਕ ਮੇਲਾ ਲਗਾਉਣ ਦਾ ਭਰੋਸਾ ਦਿੱਤਾ।

ਸਮਾਰੋਹ ਵਿੱਚ ਪਾਸ ਕੀਤੇ ਇਕ ਮਤੇ ਰਾਹੀਂ ਡਾ. ਨਰਿੰਦਰ ਦਾਭੋਲਕਰ ਦੇ ਕਾਤਲ ਸਚਿਨ ਅੰਧੂਰੇ ਦੀ ਸਜ਼ਾ ਮੁਅੱਤਲ ਕਰਨ ਅਤੇ ਜ਼ਮਾਨਤ ਦੇਣ ਦੇ ਫੈਸਲੇ ਨੂੰ ਰੱਦ ਕਰਨ ਅਤੇ ਇਸ ਕਤਲ ਕਾਂਡ ਦੇ ਮੁੱਖ ਸਾਜਿਸ਼ ਘਾੜੇ ਵਰਿੰਦਰ ਤਾਵੜੇ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ। ਇਸਦੇ ਨਾਲ ਹੀ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਲਾਗੂ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਦੋ ਗ਼ੌਰਤਲਬ ਕਿਤਾਬਾਂ – ਤਰਕਸ਼ੀਲ ਲਹਿਰ ਬਾਰੇ ਕੰਵਲ ਢਿੱਲੋਂ ਦੀ ਕਿਤਾਬ ਅਤੇ ਬੂਟਾ ਸਿੰਘ ਮਹਿਮੂਦਪੁਰ ਵਲੋਂ ਅਨੁਵਾਦਤ ਦਿੱਲੀ ਕਤਲੇਆਮ ਬਾਰੇ ਪੀ.ਯੂ.ਡੀ.ਆਰ. ਦੀ ਅੱਪਡੇਟ ਰਿਪੋਰਟ – 'ਦਿੱਲੀ 1984: ਪਿੱਛੋਂ ਦਾ ਲੰਮਾ ਸੰਘਰਸ਼' – ਲੋਕ-ਅਰਪਣ ਕੀਤੀਆਂ ਗਈਆਂ।

ਇਸ ਪੁਸਤਕ ਮੇਲੇ ਦੀ ਇਹ ਖਾਸੀਅਤ ਰਹੀ ਕਿ ਤਿੰਨੇ ਦਿਨ ਚਲਦੇ ਸਾਰੇ ਸੈਮੀਨਾਰਾਂ ਦੌਰਾਨ ਤਰਕਸ਼ੀਲ ਭਵਨ ਦਾ ਉਪਰਲਾ ਹਾਲ ਸਰੋਤਿਆਂ ਨਾਲ ਪੂਰੀ ਤਰਾਂ ਭਰਿਆ ਰਿਹਾ ਅਤੇ ਬੁਲਾਰਿਆਂ ਨੂੰ ਪੂਰੀ ਦਿਲਚਸਪੀ ਨਾਲ ਸੁਣਿਆ ਗਿਆ। ਬਹੁਤ ਸਾਰੇ ਜਨਤਕ ਆਗੂਆਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਤਰਕਸ਼ੀਲ ਭਵਨ ਵਿੱਚ ਸਿਹਤਮੰਦ ਪੁਸਤਕ ਸਭਿਆਚਾਰ ਅਤੇ ਵਿਗਿਆਨਕ ਜੀਵਨ ਜਾਚ ਉਸਾਰਨ ਦਾ ਹੋਕਾ ਦਿੰਦੇ ਦਿਲਚਸਪ ਫਲੈਕਸ ਲਗਾਉਣ ਲਈ ਤਰਕਸ਼ੀਲ ਸੁਸਾਇਟੀ ਦੀ ਸਰਾਹਨਾ ਕੀਤੀ ਗਈ। ਇਹ ਪੁਸਤਕ ਮੇਲਾ ਆਪਣੀਆਂ ਕੁਝ ਘਾਟਾਂ ਅਤੇ ਸੀਮਾਵਾਂ ਦੇ ਬਾਵਜੂਦ ਸਿਹਤਮੰਦ ਪੈੜਾਂ ਸਿਰਜਦਾ ਹੋਇਆ ਲੱਖਾਂ ਲੋਕਾਂ ਅਤੇ ਪਾਠਕਾਂ ਤੱਕ ਲੋਕ ਪੱਖੀ ਪੁਸਤਕ ਸਭਿਆਚਾਰ ਉਸਾਰਨ ਦਾ ਹੋਕਾ ਦੇਣ ਵਿੱਚ ਤਰਕਸ਼ੀਲ ਸੁਸਾਇਟੀ ਦੀਆਂ ਆਸਾਂ ਤੋਂ ਵੀ ਕਿਤੇ ਵੱਧ ਸਫਲ ਰਿਹਾ।

ਪੁਸਤਕ ਮੇਲੇ ਦੇ ਸੁਚਾਰੂ ਪ੍ਰਬੰਧਾਂ ਦੀ ਸਮੁੱਚੀ ਜ਼ਿੰਮੇਵਾਰੀ ਪ੍ਰਬੰਧਕੀ ਟੀਮ ਦੇ ਮਾਸਟਰ ਰਾਜਿੰਦਰ ਭਦੌੜ, ਦੀਪ ਦਿਲਬਰ, ਅਮਿਤ ਮਿੱਤਰ, ਵਰਿੰਦਰ ਦਿਵਾਨਾ, ਗੁਰਪ੍ਰੀਤ ਸ਼ਹਿਣਾ, ਬਿੰਦਰ ਧਨੌਲਾ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ, ਜਰਨੈਲ ਧੌਲਾ, ਰਾਜੇਸ਼ ਅਕਲੀਆ, ਖੁਸ਼ਵੰਤ ਬਰਗਾੜੀ, ਪਰਮਜੀਤ ਕੌਰ ਜੋਧਪੁਰ ਅਤੇ ਸੰਦੀਪ ਕੁਮਾਰ ਵੱਲੋਂ ਬਹੁਤ ਵਧੀਆ ਨਿਭਾਈ ਗਈ ਜਦਕਿ ਤਰਕਸ਼ੀਲ ਸੁਸਾਇਟੀ ਦੇ ਸਟਾਲ ਉਤੇ ਜਸਵੀਰ ਸੋਨੀ ਅਤੇ ਸਹਿਯੋਗੀਆਂ ਗਿਆਨ ਸਿੰਘ ਬਠਿੰਡਾ ਅਤੇ ਕੁਲਵੰਤ ਸਿੰਘ ਨੇ ਜ਼ਿੰਮੇਵਾਰੀ ਨਿਭਾਈ।

ਪੁਸਤਕ ਮੇਲੇ ਵਿੱਚ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ, ਜਸਵੰਤ ਮੁਹਾਲੀ, ਸੁਖਵਿੰਦਰ ਬਾਗਪੁਰ, ਜੋਗਿੰਦਰ ਕੁੱਲੇਵਾਲ, ਕੁਲਜੀਤ ਫ਼ਾਜ਼ਿਲਕਾ, ਮੋਹਨ ਬਡਲਾ, ਜੁਝਾਰ ਲੌਂਗੋਵਾਲ, ਜਸਵਿੰਦਰ ਫਗਵਾੜਾ, ਸੁਰਜੀਤ ਟਿੱਬਾ, ਪਰਮ ਵੇਦ ਸੰਗਰੂਰ, ਜਸਵੰਤ ਜੀਰਖ, ਜਿੰਦਰ ਬਾਗਪੁਰ, ਪ੍ਰਵੀਨ ਜੰਡਵਾਲਾ, ਬਲਜਿੰਦਰ ਕੌਰ, ਪਰਮਜੀਤ ਕੌਰ, ਜਸਵੀਰ ਸੋਨੀ, ਰਣਧੀਰ ਗਿਲਪਤੀ, ਸਤਪਾਲ ਸਲੋਹ, ਸੁਖਦੇਵ ਫਗਵਾੜਾ, ਚੰਨਣ ਵਾਂਦਰ, ਅਜਾਇਬ ਜਲਾਲਆਣਾ, ਵਿਨੋਦ ਕੁਮਾਰ, ਰਾਜਿੰਦਰ ਕੌਰ ਅੰਬਾਲਾ, ਪਾਲ ਬਾਗਪੁਰ, ਗਿਆਨ ਸਿੰਘ ਬਠਿੰਡਾ, ਡਾ.ਤਰਲੋਕ ਬੰਧੂ, ਪੱਤਰਕਾਰ ਪੁਰਸ਼ੋਤਮ ਬੱਲੀ, ਹਰਮੇਸ਼ ਮਾਲੜੀ, ਪ੍ਰਿੰ ਹਰਿੰਦਰ ਕੌਰ, ਡਾ.ਜਸਬੀਰ ਔਲਖ, ਪਵਨ ਪਰਿੰਦਾ, ਗੋਪਾਲ ਕਾਉਂਕੇ, ਗੁਰਮੀਤ ਖਰੜ, ਰਾਮ ਸਿੰਘ ਬੰਗ, ਗਿਆਨ ਸੈਦਪੁਰੀ, ਹਰਚੰਦ ਭਿੰਡਰ, ਜਗਦੀਸ਼ ਨਵਾਂ ਸ਼ਹਿਰ, ਗੁਰਮੀਤ ਅੰਬਾਲਾ, ਅਨੁਪਮ ਅੰਬਾਲਾ, ਮੈਡਮ ਅਨੁਪਮਾ ਸ਼ਰਮਾ, ਰਾਜੇਸ਼ ਬਿੰਦਰਾ, ਜੈਪਾਲ, ਰਾਮ ਕੁਮਾਰ ਪਟਿਆਲਾ, ਬਲਬੀਰ ਲੌਂਗੋਵਾਲ, ਸੋਹਣ ਸਿੰਘ ਮਾਝੀ, ਮੇਘ ਰਾਜ ਮਿੱਤਰ, ਹਰਚਰਨ ਚਹਿਲ, ਅਮੀਸ਼ ਬਾਗਪੁਰ, ਜਸਪਾਲ ਮਾਨਖੇੜਾ, ਭੂਰਾ ਸਿੰਘ ਮਹਿਮਾਸਰਜਾ, ਧਰਮਪਾਲ ਸਿੰਘ, ਰਾਜਿੰਦਰ ਜੰਡਿਆਲੀ, ਜੋਰਾ ਸਿੰਘ ਨਸਰਾਲੀ, ਸੁਖਵਿੰਦਰ ਗੋਗਾ, ਡਾ. ਰਾਜਿੰਦਰ ਪਾਲ, ਗੁਰਮੁਖ ਭਦੌੜ, ਕੁਲਦੀਪ ਨੇਣੇਵਾਲ, ਅਜੀਤ ਪ੍ਰਦੇਸੀ, ਰਾਜਾ ਰਾਮ ਹੰਡਿਆਇਆ ਤੋਂ ਇਲਾਵਾ ਵੱਡੀ ਗਿਣਤੀ ਸਾਹਿਤ ਪ੍ਰੇਮੀਆਂ ਤੋਂ ਇਲਾਵਾ ਵੱਖ ਵੱਖ ਜਨਤਕ ਤੇ ਜਮਹੂਰੀ, ਸਾਹਿਤਕ, ਅਧਿਆਪਕ ਜਥੇਬੰਦੀਆਂ ਦੇ ਆਗੂ ਤੇ ਕਾਰਕੁਨ ਮੌਜੂਦ ਸਨ।

# ਅਵਤਾਰ ਪਾਸ਼ ਦੇ 76ਵੇਂ ਜਨਮ ਦਿਹਾੜੇ ਮੌਕੇ ਸਮਾਗਮ ਲਈ ਤਲਵੰਡੀ ਸਲੇਮ 'ਚ ਇਕੱਤਰਤਾ

## • ਲੋਕ ਜਥੇਬੰਦੀਆਂ ਵੱਲੋਂ ਹੱਥ ਪਰਚਾ ਅਤੇ ਇਸ਼ਤਿਹਾਰ ਲੋਕ ਅਰਪਣ
## • ਪਾਸ਼ ਲਾਇਬ੍ਰੇਰੀ ਲਈ ਦੇਸ਼ ਭਗਤ ਹਾਲ ਵੱਲੋਂ ਕਿਤਾਬਾਂ ਭੇਟ

ਮੱਲੀਆਂ ਕਲਾਂ, (ਬਲਜਿੰਦਰ ਸਿੰਘ ਪਟਿਆਲਾ) : ਉੱਚ ਕੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਦੇ 76ਵੇਂ ਜਨਮ ਦਿਹਾੜੇ ਮੌਕੇ 9 ਸਤੰਬਰ ਨੂੰ ਪਾਸ਼ ਹੰਸ ਰਾਜ ਯਾਦਗਾਰੀ ਕੰਪਲੈਕਸ 'ਚ ਸਮਾਗਮ ਕਰਨ ਲਈ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿਖੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਸਾਂਝੀ ਮੀਟਿੰਗ ਹੋਈ।



ਮੀਟਿੰਗ ਦੌਰਾਨ ਸਮਾਗਮ ਦੀਆਂ ਤਿਆਰੀਆਂ ਲਈ ਜਿਥੇ ਠੋਸ ਵਿਉਂਤ ਬੰਦੀ ਬਣਾਈ ਗਈ ਉੱਥੇ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਵਿਖੇ ਸਮਾਗਮ ਦਾ ਪੋਸਟਰ ਅਤੇ ਪ੍ਰਚਾਰ ਲਈ ਹੱਥ ਪਰਚਾ ਜਾਰੀ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁਹੰਚੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰਸਟੀ ਸੁਰਿੰਦਰ ਕੁਮਾਰੀ ਕੋਛੜ, ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ, ਦੇਸ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਵਲੋਂ ਪਾਸ਼ ਯਾਦਗਾਰੀ ਲਾਇਬ੍ਰੇਰੀ ਵਾਸਤੇ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਭੇਜੀਆਂ ਕਿਤਾਬਾਂ ਵੀ ਭੇਟ ਕੀਤੀਆਂ ਗਈਆਂ।


ਮੀਟਿੰਗ ਵਿੱਚ ਸ਼ਾਮਲ ਪਾਸ਼ ਹੰਸ ਰਾਜ ਸ਼ਹੀਦੀ ਯਾਦਗਾਰ ਕਮੇਟੀ ਦੇ ਕਨਵੀਨਰ ਮੋਹਨ ਸਿੰਘ ਬੱਲ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਸੁਖਵਿੰਦਰ ਬਾਗਪੁਰ, ਐਡਵੋਕੇਟ ਸੁਰਿੰਦਰ ਖੀਵਾ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਹਰ ਸਾਲ ਸਾਹਿਤਕਾਰਾਂ ਬੁੱਧੀਜੀਵੀਆਂ ਵਲੋਂ 9 ਸਤੰਬਰ, ਪਾਸ਼ ਦਾ ਜਨਮ ਦਿਨ 'ਕਵਿਤਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਵਾਰ ਇਹ ਸਮਾਗਮ, ਲੇਖਕਾਂ, ਬੁੱਧੀਜੀਵੀਆਂ, ਮਜ਼ਦੂਰਾਂ ਕਿਸਾਨਾਂ, ਮੁਲਾਜ਼ਮਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਵਲੋਂ ਇਕੱਠਿਆਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ ਇਸ ਮੌਕੇ ਵੱਡਾ ਜਨਤਕ ਇਕੱਠ, ਪਾਸ਼ -ਹੰਸ ਰਾਜ ਯਾਦਗਾਰੀ ਕੰਪਲੈਕਸ ਤਲਵੰਡੀ ਸਲੇਮ ਵਿਖੇ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੌਕੇ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਅਤੇ ਨਾਟਕਕਾਰ ਅਤੇ ਵਿਦਵਾਨ ਡਾਕਟਰ ਸਵਰਾਜਬੀਰ ਵਲੋਂ ਪਾਸ਼ ਦੀਆਂ ਕਵਿਤਾਵਾਂ ਦੇ ਅਧਾਰਤ ਨਾਟਕ ਖੇਡਿਆ ਜਾਵੇਗਾ ਅਤੇ ਪੰਜਾਬ ਦੀਆਂ ਪ੍ਰਸਿੱਧ ਸੰਗੀਤ ਮੰਡਲੀਆਂ ਵਲੋਂ ਪਾਸ਼ ਦੀ ਸ਼ਾਇਰੀ ਨੂੰ ਗੀਤਾਂ ਰਾਹੀਂ ਪੇਸ਼ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਇਸ ਮੌਕੇ ਲੇਖਕਾਂ/ਬੁੱਧੀਜੀਵੀਆਂ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਵਲੋਂ ਮੌਜੂਦਾ ਦੌਰ ਦੀਆਂ ਚੁਣੌਤੀਆਂ ਬਾਰੇ ਵਿਚਾਰ ਸਾਂਝੇ ਕੀਤੇ ਜਾਣਗੇ।

ਸਮਾਗਮ ਦੀ ਸਫ਼ਲਤਾ ਲਈ ਇਲਾਕੇ ਦੇ ਪਿੰਡਾਂ, ਕਸਬਿਆਂ ਵਿੱਚ ਜ਼ੋਰਦਾਰ ਮੁਹਿੰਮ ਚਲਾਈ ਜਾਵੇਗੀ।

ਅੱਜ ਦੀ ਮੀਟਿੰਗ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਪਿੰਡ ਦੇ ਕੁਝ ਲੋਕਾਂ ਵਲੋਂ ਕੰਪਲੈਕਸ ਅੰਦਰ ਲਾਈ ਓਪਨ ਜਿੰਮ ਨੂੰ ਤੁਰੰਤ ਉਥੋਂ ਹਟਾਇਆ ਜਾਵੇ ਅਤੇ ਯਾਦਗਾਰ ਨੂੰ ਸ਼ਹੀਦੀ ਯਾਦਗਾਰ ਵਜੋਂ ਮਾਨਤਾ ਦਿੱਤੀ ਜਾਵੇ।

ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਤਨਾਮ ਉੱਗੀ, ਹਰਪਾਲ ਬਿੱਟੂ, ਮਾਸਟਰ ਬਲਦੇਵ ਸਿੰਘ ਉੱਗੀ, ਤਲਵੰਡੀ ਸਲੇਮ ਦੇ ਸਾਬਕਾ ਸਰਪੰਚ ਮਨਜਿੰਦਰ ਸਿੰਘ, ਸੁਖਵਿੰਦਰ ਸਿੰਘ ਸੁੱਚਾ, ਮਲਕੀਅਤ ਸਿੰਘ ਈਦਾ, ਅਵਤਾਰ ਉੱਗੀ, ਬਲਦੇਵ ਰਾਜ ਮਾਲੜੀ, ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੇ ਸਕੱਤਰ ਡਾ.ਮੰਗਤ ਔਜਲਾ ਅਤੇ ਗੁਰਮੀਤ ਸਿੰਘ ਕੋਟਲੀ ਵੀ ਹਾਜ਼ਰ ਸਨ।

ਸਮਾਗਮ ਦੀ ਸਫ਼ਲਤਾ ਲਈ ਸ਼ੁੱਭ ਕਾਮਨਾਵਾਂ ਭੇਜਣ ਵਾਲਿਆਂ 'ਚ ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦੇ ਕਨਵੀਨਰ ਸੁਰਿੰਦਰ ਧੰਜਲ (ਡਾ.), ਦੇਸ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਅਵਤਾਰ ਪਾਸ਼ ਯਾਦਗਾਰੀ ਟਰਸਟ ਦੇ ਪਾਵੇਲ ਕੁੱਸਾ ਅਤੇ ਡਾ. ਪਰਮਿੰਦਰ ਸ਼ਾਮਲ ਹਨ।










## ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕੋਆਰਡੀਨੇਟਰ ਗੋਪਾਲ ਸਿੰਘ ਕਾਉਂਕੇ +14039703588 ਕੈਲਗਰੀ
ਦਵਿੰਦਰ ਸਿੰਘ ਤੂਰ +1 (416) 902-9372
ਬਲਵਿੰਦਰ ਸਿੰਘ +16475338980 ਐਬਟਸਫੋਰਡ
ਸੂਬਾ ਸਿੰਘ ਬਾਜਵਾ +1 416-666-4959
ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911
ਕਰਮਜੀਤ ਸਿੰਘ ਪੁਰਬਾ 6047632435 ਵੈਨਕੂਵਰ
ਹਰਦਿਆਲ ਸਿੰਘ +17785526422 ਐਬਟਸਫੋਰਡ
ਲਵਪ੍ਰੀਤ ਸਿੰਘ +1 (204) 999-0418 ਵਿੰਨੀਪੈਂਗ

# Hans
## Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834

3822 Marine Way
Burnaby, B.C. V5J 3H4

# Galaxy Kitchen Cabinets Ltd.
## Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

# ZOLO
## Mandeep Dhaliwal
Sales Representative



416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2



# Baljinder Singh
## Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

# Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange*
*Decoration*
*Party Rentals*

Customer satisfaction is our pride!

| Video | Photography | Music |
| --- | --- | --- |
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary

# Hiring Drivers/Owners/Operators

GALAXY Frightline inc.

**We Offer:**
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

**We Require:**
* 2 Years Experience
* Clean Current Abstract
* Ability to Cross Border
* Positive, Professional Attitude

**For:**
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# DM TRANSPORT

ace ACI US & Canada Bonded

**Bob Dhaliwal**
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

# Hiring AZ drivers and owner operator



**Description**
We're currently hiring AZ drivers and O/O for Long haul to California and Midwest ( Flatbed) and Dryvan and reefer (Midwest)

**What we are offering:**
• Great Pay • Great work environment • Consistent work & and miles! • Scale bypass

**Requirements for our AZ Truck Driver positions:**
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.

For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੇ 29ਵੇਂ ਯਾਦਗਾਰੀ ਸਮਾਗਮ 'ਚ ਜੁੜੇ ਹਜ਼ਾਰਾਂ ਜੁਝਾਰੂਆਂ ਦੇ ਕਾਫ਼ਲੇ

*• ਔਰਤਾਂ ਦੀ ਮੁਕੰਮਲ ਮੁਕਤੀ ਲਈ ਨਵੇਂ ਸਮਾਜ ਦੀ ਸਿਰਜਣਾ ਜ਼ਰੂਰੀ : ਰਾਖੀ ਸਹਿਗਲ • ਕੌਮੀ ਅਤੇ ਕੌਮਾਂਤਰੀ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਖਿਲਾਫ ਡਟਣ ਦੀ ਲੋੜ : ਪ੍ਰੋ. ਜਗਮੋਹਨ ਸਿੰਘ • ਹਕੂਮਤੀ ਜ਼ਬਰ ਦੇ ਬਾਵਜੂਦ ਮਹਿਲਕਲਾਂ ਦਾ ਜੇਤੂ ਲੋਕ ਘੋਲ, ਇਤਿਹਾਸ ਦੀ ਸ਼ਾਨਮੱਤਾ ਵਿਰਾਸਤ : ਕੰਵਲਜੀਤ ਖੰਨਾ • ਭਾਰਤ-ਅਮਰੀਕਾ ਵਪਾਰ ਵਾਰਤਾ ਰੱਦ ਕਰਨ ਲਈ ਵੱਡੇ ਸੰਘਰਸ਼ ਦੀ ਵਿਉਂਤਬੰਦੀ- ਗੁਰਦੀਪ ਰਾਮਪੁਰਾ*





ਮਹਿਲਕਲਾਂ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦਾ 29ਵਾਂ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲਕਲਾਂ ਵਿਖੇ ਗੁਰਬਿੰਦਰ ਸਿੰਘ ਕਲਾਲਾ ਦੀ ਅਗਵਾਈ ਹੇਠ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਗੂੰਜ ਪੰਜਾਬ, ਦਿੱਲੀ ਅਤੇ ਯੂਪੀ ਆਦਿ ਰਾਜਾਂ ਤੱਕ ਵੀ ਸੁਣਾਈ ਦਿੱਤੀ। ਦਿੱਲੀ, ਯੂਪੀ ਦੇ ਨਾ ਸਿਰਫ਼ ਸ਼ਾਮਿਲ ਹੋਏ ਸਗੋਂ ਕੁੱਝ ਨੌਜਵਾਨ ਦੋ ਦਿਨ ਲਈ ਪਿੰਡਾਂ ਦੀ ਪ੍ਰਚਾਰ ਮੁਹਿੰਮ ਦਾ ਹਿੱਸਾ ਬਣੇ। ਸਮਾਗਮ ਦੀ ਸ਼ੁਰੂਆਤ ਅਜਮੇਰ ਅਕਲੀਆ ਵੱਲੋਂ ਗਾਏ ਸ਼ਰਧਾਂਜਲੀ ਗੀਤ ਨਾਲ ਕਰਦਿਆਂ ਸ਼ਹੀਦ ਕਿਰਨਜੀਤ ਕੌਰ, ਅਮਰੀਕੀ-ਇਜਰਾਈਲੀ ਜੰਗਬਾਜ਼ਾਂ ਵੱਲੋਂ ਬੰਬਾਰੀ ਕਰਕੇ ਕਤਲ ਕੀਤੀਆਂ 168 ਸਕੂਲੀ ਬੱਚੀਆਂ ਅਤੇ 14 ਅਧਿਆਪਕਾਵਾਂ ਅਤੇ ਸਦੀਵੀ ਵਿਛੋੜਾ ਦੇ ਗਏ ਐਕਸ਼ਨ ਕਮੇਟੀ ਦੇ ਪੰਜ ਆਗੂਆਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਯਾਦਗਾਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੇ 29ਵੇਂ ਯਾਦਗਾਰੀ ਸਮਾਗਮ ਤੱਕ ਇਸ ਲੋਕ ਘੋਲ ਨੇ ਅਨੇਕਾਂ ਮੋੜਾਂ-ਘੋੜਾਂ ਦਾ ਸਫ਼ਲ ਸਫ਼ਰ ਤਹਿ ਕਰਦਿਆਂ 'ਜਬਰ ਜ਼ੁਲਮ ਖਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ-ਮਹਿਲਕਲਾਂ ਲੋਕ ਘੋਲ' ਨੇ ਸੂਹਾ ਇਤਿਹਾਸ ਸਿਰਜਿਆ ਹੈ। ਸੂਰਜ ਦੀ ਲੋਅ ਬਣੇ ਇਸ ਇਤਿਹਾਸਕ ਘੋਲ ਦੀਆਂ ਅਨੇਕਾਂ ਜਿੱਤਾਂ ਤੇ ਪ੍ਰਾਪਤੀਆਂ ਦੇ ਬਾਵਜੂਦ ਸਮਾਜ ਵਿੱਚ ਚੁਣੌਤੀਆਂ ਅੱਜ ਵੀ ਬਰਕਰਾਰ ਹਨ। ਔਰਤਾਂ ਖਿਲਾਫ਼ ਹਰ ਕਿਸਮ ਦੀ ਹਿੰਸਾ ਦਾ ਸੰਸਾਰ ਪੱਧਰਾ ਸ਼ਰਮਨਾਕ, ਕਰੂਰ ਵਰਤਾਰਾ ਜਾਰੀ ਹੈ। ਇਸ ਦੇ ਨਾਲ ਹੀ ਦੁਨੀਆਂ ਦੇ ਕੁਦਰਤੀ ਮਾਲ ਖ਼ਜਾਨਿਆਂ ਉੱਪਰ ਕਬਜ਼ਾ ਕਰਨ ਅਤੇ ਸੰਸਾਰ ਚੌਧਰ ਲਈ ਸਾਮਰਾਜੀ ਤਾਕਤਾਂ ਅੰਦਰ ਤਿੱਖੇ ਹੋਏ ਵਪਾਰਕ ਖਹਿ-ਭੇੜ ਤੋਂ ਸੰਸਾਰ ਅਮਨ ਲਈ ਗੰਭੀਰ ਖ਼ਤਰਾ ਬਣਿਆ ਹੋਇਆ ਹੈ।

ਇਸ ਵਾਰ ਦੇ ਸਮਾਗਮ ਦੀ ਮੁੱਖ ਵਕਤਾ ਮਜ਼ਦੂਰਾਂ ਅਤੇ ਔਰਤਾਂ ਲਈ ਖੋਜ ਭਰਪੂਰ ਕਾਰਜ ਕਰ ਰਹੀ ਉੱਘੀ ਪੱਤਰਕਾਰ ਰਾਖ਼ੀ ਸਹਿਗਲ ਨੇ ਕਿਹਾ ਕਿ ਜਿਸ ਤਰ੍ਹਾਂ ਭਾਰਤ ਅੰਦਰ ਔਰਤਾਂ ਖ਼ਿਲਾਫ਼, ਜਬਰ ਅਤੇ ਹਿੰਸਾ ਬੇਰੋਕ ਜਾਰੀ ਹੈ, ਇਸੇ ਤਰ੍ਹਾਂ ਕੌਮਾਂਤਰੀ ਪੱਧਰ 'ਤੇ ਅਮਰੀਕੀ-ਇਜ਼ਰਾਈਲੀ ਧਾੜਵੀਆਂ ਵੱਲੋਂ ਇਰਾਨੀ ਅਤੇ ਫ਼ਲਸਤੀਨੀ ਲੋਕਾਂ, ਔਰਤਾਂ ਅਤੇ ਬੱਚਿਆਂ ਦੀ ਨਸਲਕੁਸ਼ੀ ਦਾ ਤਾਂਡਵ ਨਾਚ ਨੱਚਿਆ ਜਾ ਰਿਹਾ ਹੈ। ਮੋਦੀ ਹਕੂਮਤ ਇਸ ਨਸਲਕੁਸ਼ੀ ਨੂੰ ਚੁੱਪ ਹਮਾਇਤ ਦੇ ਰਹੀ ਹੈ। ਉਨ੍ਹਾਂ ਆਪਣੇ ਵਿਚਾਰਾਂ ਰਾਹੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਕਿਰਤ ਕੋਡ ਲਾਗੂ ਕਰਨ ਨਾਲ ਕਿਰਤੀਆਂ ਦੀ ਤਿੱਖੀ ਲੁੱਟ ਮਚਾਉਣ ਦੀ ਗੱਲ ਕੀਤੀ। ਭਾਕਿਯੂ ਏਕਤਾ ਡਕੌਂਦਾ ਦੇ ਪ੍ਰਧਾਨ ਮਨਜੀਤ ਧਨੇਰ ਅਤੇ ਸੀ: ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਕਿਸਾਨੀ ਅਤੇ ਖੇਤੀ ਸੱਭਿਆਚਾਰ 'ਤੇ ਲਗਾਤਾਰ ਤਿੱਖੇ ਹੋ ਰਹੇ ਕਾਰਪੋਰੇਟੀ ਹਮਲੇ ਬਾਰੇ ਦੱਸਦਿਆਂ ਕਿਹਾ ਕਿ ਭਾਰਤ ਦੇ ਹਾਕਮ ਅਮਰੀਕੀ ਸਾਮਰਾਜੀਆਂ ਨਾਲ ਮੁਕਤ ਵਪਾਰ ਸਮਝੌਤਾ ਕਰਨ ਰਾਹੀਂ ਖੇਤੀਬਾੜੀ ਖੇਤਰ ਦੇ ਮੌਤ ਦੇ ਵਾਰੰਟ ਜਾਰੀ ਕਰ ਰਹੇ ਹਨ। ਲੈਂਡ ਪੂਲਿੰਗ ਪਾਲਿਸੀ ਰਾਹੀਂ ਪੰਜਾਬ ਦੀਆਂ ਉਪਜਾਊ ਜ਼ਮੀਨਾਂ ਉੱਪਰ ਕਬਜ਼ਾ ਕਰਕੇ ਪੇਂਡੂ ਸੱਭਿਆਚਾਰ ਦਾ ਉਜਾੜਾ ਕਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਜ਼ਮੀਨਾਂ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਖੇਤੀ ਅਤੇ ਪੀਣ ਲਈ ਪਾਣੀ ਦੀ ਸਮੱਸਿਆ ਤੇ ਪ੍ਰਦੂਸ਼ਣ ਦਾ ਸੰਕਟ ਗੰਭੀਰ ਹੋ ਰਿਹਾ ਹੈ। ਭਾਰਤੀ ਹਾਕਮ ਅਮਰੀਕਾ ਨਾਲ ਵਪਾਰਕ ਸਮਝੌਤਾ ਇਸੇ ਕੜੀ ਦਾ ਹਿੱਸਾ ਹੈ।

ਯਾਦਗਾਰ ਕਮੇਟੀ ਮਹਿਲਕਲਾਂ ਵੱਲੋਂ ਬੋਲਦਿਆਂ ਨਰਾਇਣ ਦੱਤ ਨੇ ਕਿਹਾ ਕਿ ਮਹਿੰਗਾਈ, ਬੇਰੁਜਗਾਰੀ, ਗਰੀਬੀ, ਭੁੱਖਮਰੀ, ਕੁਪੋਸ਼ਣ ਹੱਦਾਂ ਬੰਨੇ ਪਾਰ ਕਰ ਰਿਹਾ ਹੈ। ਸਾਮਰਾਜੀ ਕਾਰਪੋਰੇਟੀ ਵਿਕਾਸ ਮਾਡਲ ਕਾਰਨ ਵਧ ਰਹੀ ਆਲਮੀ ਤਪਸ਼ ਨਾਲ ਮਨੁੱਖੀ ਜ਼ਿੰਦਗੀ ਲਈ ਵੱਡੇ ਖ਼ਤਰੇ ਦਰਪੇਸ਼ ਹਨ। ਇਸ ਦੇ ਨਾਲ ਹੀ ਹੱਕਾਂ ਲਈ ਜੂਝਦੇ ਲੋਕਾਂ ਖਿਲਾਫ਼ ਮੋਦੀ ਅਤੇ ਭਗਵੰਤ ਮਾਨ ਸਰਕਾਰ ਦਾ ਜਾਬਰ ਹੱਲਾ ਤੇਜ਼ ਕੀਤਾ ਹੋਇਆ ਹੈ। ਅਪ੍ਰੇਸ਼ਨ 'ਕਗਾਰ' ਰਾਹੀਂ ਆਦਿਵਾਸੀਆਂ-ਮਾਓਵਾਦੀਆਂ ਦਾ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਕਤਲੇਆਮ ਰਚਾਕੇ ਜਲ, ਜੰਗਲ, ਜ਼ਮੀਨ ਨੂੰ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀਆਂ ਗੋਂਦਾਂ ਗੁੰਦੀਆਂ ਦਾ ਰਹੀਆਂ ਹਨ।

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਨੇ ਬਰਤਾਨਵੀ ਸਾਮਰਾਜੀਆਂ ਖਿਲਾਫ਼ ਜੂਝ ਮਰਨ ਵਾਲੀ ਬੱਬਰ ਅਕਾਲੀ ਲਹਿਰ ਦੀ ਸ਼ਾਨਾਮੱਤੀ ਵਿਰਾਸਤ ਦੀ ਸ਼ਤਾਬਦੀ ਮੌਕੇ ਯਾਦ ਕਰਦਿਆਂ ਕਿਹਾ ਕਿ ਭਾਵੇਂ 1947 ਵਿੱਚ ਸੱਤਾ ਬਦਲ ਗਈ ਸੀ ਪਰ ਮੌਜੂਦਾ ਸਮੇਂ ਆਰਐੱਸਐੱਸ ਦੀ ਅਗਵਾਈ ਵਾਲੀ ਹਿੰਦੂਤਵੀ ਫਾਸ਼ੀ ਹਕੂਮਤ ਨੇ ਬੁੱਧੀਜੀਵੀ, ਸਮਾਜਿਕ ਕਾਰਕੁੰਨ, ਚਿੰਤਕ ਜਬਰ ਦੀ ਮਾਰ ਹੇਠ ਲਿਆਂਦੇ ਹੋਏ ਹਨ। ਸਜ਼ਾ ਪੂਰੀ ਕਰ ਚੁੱਕੇ ਕੈਦੀ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ 'ਚ ਬੰਦ ਹਨ। ਨੌਜਵਾਨ ਆਗੂਆਂ ਹਰਪ੍ਰੀਤ ਕੌਰ, ਤਾਨੀਆ ਨੇ ਕਿਹਾ ਕਿ ਜਵਾਨੀ ਨੂੰ ਨਸ਼ੇ, ਗੈਂਗਵਾਰ ਅਤੇ ਅਸ਼ਲੀਲਤਾ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਇਸ ਤਸਵੀਰ ਦਾ ਦੂਜਾ ਮਾਣ ਮੱਤਾ ਪਾਸਾ ਇਹ ਹੈ ਕਿ ਯਾਦਗਾਰ ਕਮੇਟੀ ਮਹਿਲਕਲਾਂ ਦੀ ਅਗਵਾਈ ਵਿੱਚ ਨੌਜਵਾਨ ਮੁੰਡੇ ਕੁੜੀਆਂ ਨੇ 10 ਰੋਜ਼ਾ ਵਿਉਂਤਬੱਧ ਪ੍ਰਚਾਰ ਮੁਹਿੰਮ ਰਾਹੀਂ ਮਹਿਲਕਲਾਂ ਲੋਕ ਘੋਲ ਦੇ ਵਿਗਿਆਨ ਨੂੰ ਦਰਜਣਾਂ ਪਿੰਡਾਂ ਦੇ ਘਰ ਘਰ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਸਕੂਲਾਂ, ਕਾਲਜਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਮੁਹਿੰਮ ਦੌਰਾਨ ਸੰਬੋਧਿਤ ਹੁੰਦਿਆਂ ਲੋਕ ਇਤਿਹਾਸ ਦੇ ਵਿਗਿਆਨ ਤੋਂ ਜਾਣੂ ਕਰਵਾਇਆ ਹੈ। ਦੋਵੇਂ ਨੌਜਵਾਨ ਆਗੂਆਂ ਨੇ ਸ਼ਾਮਿਲ ਮਰਦ-ਔਰਤਾਂ ਨੂੰ ਇਸ ਲੋਕ ਘੋਲ ਦਾ ਹਿੱਸਾ ਬਨਾਉਣ ਦੀ ਅਪੀਲ ਕੀਤੀ। ਡੀਟੀਐੱਫ ਦੇ ਸੂਬਾ ਆਗੂ ਰਾਜੀਵ ਕੁਮਾਰ ਨੇ ਲਿਖਣ, ਬੋਲਣ, ਵਿਚਾਰ ਪ੍ਰਗਟਾਉਣ ਦੀ ਹਰ ਆਵਾਜ਼ ਨੂੰ ਦਬਾਉਣ ਲਈ ਜਾਬਰ ਕਾਲੇ ਕਾਨੂੰਨਾਂ ਦੀ ਬੇਦਰੇਗ ਵਰਤੋਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ 'ਤੂੰ ਮਸ਼ਾਲ ਬਾਲ ਕੇ ਰੱਖੀਂ' ਪੇਸ਼ ਕੀਤਾ ਗਿਆ। ਮਜ਼ਦੂਰ ਏਕਤਾ ਕੇਂਦਰ ਲੁਧਿਆਣਾ ਦੇ ਨੌਜਵਾਨ ਬੱਚਿਆਂ ਨੇ ਰਵਿਤਾ ਦੀ ਅਗਵਾਈ ਹੇਠ 'ਸਲਾਮ ਨੀ ਜਵਾਨੀਏ' ਕੋਰਿਓਗ੍ਰਾਫੀ ਪੇਸ਼ ਕੀਤੀ। ਸਟੇਜ ਸਕੱਤਰ ਦੇ ਫਰਜ਼ ਗੁਰਮੀਤ ਸੁਖਪੁਰਾ ਅਤੇ ਨਿਰਮਲ ਸਿੰਘ ਚੁਹਾਨਕੇ ਨੇ ਬਾਖ਼ੂਬੀ ਨਿਭਾਏ। ਖੋਜੀ ਪੱਤਰਕਾਰ ਰਾਖ਼ੀ ਸਹਿਗਲ, ਕਵੀਸ਼ਰੀ ਜਥਾ ਰਸੂਲਪੁਰ ਅਤੇ ਲੋਕ ਗਾਇਕ ਅਜਮੇਰ ਅਕਲੀਆ ਦਾ ਉਨ੍ਹਾਂ ਦੀ ਘਾਲਣਾ ਸਦਕਾ ਸਨਮਾਨ ਕੀਤਾ ਗਿਆ।

ਗੁਰਦੇਵ ਸਿੰਘ ਮਾਂਗੇਵਾਲ ਨੇ ਮਤੇ ਪੇਸ਼ ਕੀਤੇ। ਇਨ੍ਹਾਂ ਮਤਿਆਂ ਰਾਹੀਂ ਇਕੱਠ ਨੇ ਦੇਸ਼ ਦੀਆਂ ਪਹਿਲਵਾਨ ਬੱਚੀਆਂ ਦੇ ਸਰੀਰਕ ਸ਼ੋਸ਼ਣ ਦੇ ਮੁਲਜ਼ਮ ਅਤੇ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਨੂੰ ਕੋਰਟ ਵਲੋਂ ਬਰੀ ਕਰਨ ਖ਼ਿਲਾਫ਼ ਮਤਾ ਪਾਸ ਕਰਨ ਤੋਂ ਇਲਾਵਾ ਇਲਾਹਾਬਾਦ ਅਤੇ ਦਿੱਲੀ ਹਾਈਕੋਰਟ ਦੇ ਜੱਜਾਂ ਵਲੋਂ ਔਰਤਾਂ ਵਿਰੋਧੀ ਬੇਹੂਦਾ ਟਿੱਪਣੀਆਂ ਦੀ ਨਿੰਦਾ ਕੀਤੀ। ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰਿਆ ਕਾਂਤ ਵੱਲੋਂ ਨੌਜਵਾਨ ਵਰਗ ਦੀ ਤੁਲਨਾ ਕੌਕਰੋਚ ਨਾਲ ਕਰਨ ਅਤੇ ਜੰਤਰ ਮੰਤਰ ਤੇ ਸੰਘਰਸ਼ੀ ਵਿਦਿਆਰਥੀਆਂ ਅਤੇ ਨੌਜਵਾਨਾਂ ਤੇ ਢਾਹੇ ਜਬਰ ਅਤੇ ਜ਼ਲੀਲ ਕਰਨ ਦੀ ਸਖਤ ਨਿਖੇਧੀ ਕੀਤੀ। ਬਿਹਾਰ, ਬੰਗਾਲ, ਝਾਰਖੰਡ 'ਚ ਉਠੇ ਨੌਜਵਾਨ ਵਿਦਰੋਹ ਤੇ ਢਾਹੇ ਪੁਲਸ ਜਬਰ, ਝੂਠੇ ਕੇਸ ਅਤੇ ਰਾਂਚੀ ਵਿਖੇ ਵਿਦਿਆਰਥੀ ਆਗੂ ਨੇਹਾ ਬੋਰਾ ਉਪਰ ਸੰਘੀ ਗੁੰਡਿਆਂ ਵੱਲੋਂ ਸਿਆਹੀ ਸੁੱਟਣ ਦੀ ਬੇਹੂਦਾ ਹਰਕਤ ਦੀ ਨਿੰਦਾ ਕੀਤੀ। ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਸੰਘਰਸ਼ ਸ਼ੀਲ ਤਬਕਿਆਂ ਦੇ ਘੋਲਾਂ ਦੀ ਹਮਾਇਤ ਕਰਦਿਆਂ ਉਨ੍ਹਾਂ ਉਪਰ ਜਬਰ ਦੀ ਨਿਖੇਧੀ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਫੈਕਲਟੀ ਟੀਚਰਾਂ ਸਮੇਤ ਸੰਘਰਸ਼ ਕਰ ਰਹੇ ਤਬਕਿਆਂ ਦੇ ਹੱਕੀ ਸੰਘਰਸ਼ ਦੀ ਹਮਾਇਤ ਕੀਤੀ। ਭਾਰਤ ਸਰਕਾਰ ਵਲੋਂ ਅਮਰੀਕਾ ਨਾਲ ਕੀਤੇ ਜਾ ਰਹੀ ਮੁਕਤ ਵਪਾਰ ਸਮਝੌਤਾ ਵਾਰਤਾ ਨੂੰ ਤੁਰੰਤ ਰੱਦ ਕਰਨ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਗ਼ਜ਼ਾ, ਇਰਾਨ, ਲਿਬਨਾਨ 'ਚ ਕੀਤੇ ਜਾ ਰਹੇ ਮਨੁੱਖੀ ਕਤਲੇਆਮ ਦੀ ਸਖ਼ਤ ਨਿਖੇਧੀ ਕਰਦਿਆਂ ਨਿਹੱਕੀਆਂ ਜੰਗਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਉਮਰ ਖ਼ਾਲਿਦ, ਸ਼ਰਜੀਲ ਇਮਾਮ ਸਮੇਤ ਬਿਨਾਂ ਕੇਸ ਚਲਾਏ ਜੇਲ੍ਹਾਂ ਵਿੱਚ ਬੰਦ ਅਤੇ ਸਜ਼ਾਵਾਂ ਭੁਗਤ ਚੁੱਕੇ ਸਿਆਸੀ ਕੈਦੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਅਤੇ ਨੋਇਡਾ, ਗੁੜਗਾਓਂ, ਪਾਣੀਪਤ ਆਦਿ ਥਾਵਾਂ ਤੇ ਉੱਠੇ ਮਜ਼ਦੂਰ ਵਿਦਰੋਹ ਸਮੇਂ ਝੂਠੇ ਕੇਸਾਂ ਵਿੱਚ ਜੇਲ੍ਹ 'ਚ ਬੰਦ ਮਜ਼ਦੂਰ ਆਗੂਆਂ ਅਤੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਸਤਲੁਜ ਫਿਲਮ ਉੱਤੇ ਲਾਈ ਪਾਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਤਿੰਦਰਪਾਲ ਸਿੰਘ ਜੱਸੜ, ਸਿੰਦਰ ਧੌਲਾ, ਰਜਿੰਦਰ ਭਦੌੜ, ਕਾ ਸੁਰਿੰਦਰ ਸਿੰਘ, ਹਰਜਿੰਦਰ ਕੌਰ, ਧੰਨਾ ਮੱਲ, ਬਲਦੇਵ ਧੌਲਾ, ਪ੍ਰੇਮ ਕੁਮਾਰ, ਜਰਨੈਲ ਸਿੰਘ ਚੰਨਣਵਾਲ, ਗੁਰਮੇਲ ਸਿੰਘ ਠੁੱਲੀਵਾਲ, ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਜਗਰਾਜ ਸਿੰਘ ਹਰਦਾਸਪੁਰਾ, ਡਾ ਅਮਰਜੀਤ ਸਿੰਘ ਕਾਲਸਾਂ, ਜੱਗਾ ਸਿੰਘ ਮਹਿਲਕਲਾਂ, ਪਰਮਜੀਤ ਸਿੰਘ ਦਰਦੀ, ਪ੍ਰੀਤਮ ਸਿੰਘ ਮਹਿਲਕਲਾਂ, ਕੁਲਵੀਰ ਸਿੰਘ ਔਲਖ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਨਾਮ ਸਿੰਘ ਮੂੰਮ, ਪ੍ਰੇਮ ਪਾਲ ਕੌਰ, ਅਮਰਜੀਤ ਕੌਰ, ਡਾ ਰਜਿੰਦਰ ਪਾਲ, ਸੁਖਵਿੰਦਰ ਠੀਕਰੀਵਾਲਾ, ਲਖਵੀਰ ਸਿੰਘ ਠੁੱਲੀਵਾਲ, ਕੁਲਦੀਪ ਸਿੰਘ ਸੰਘੇੜਾ ਆਦਿ ਆਗੂਆਂ ਨੇ ਅਹਿਮ ਫ਼ਰਜ਼ ਨਿਭਾਏ।

# ਲੋਕ ਮੋਰਚਾ ਤੇ ਇਨਕਲਾਬੀ ਕੇਂਦਰ ਵੱਲੋਂ ਭਾਰਤ ਅਮਰੀਕਾ ਵਪਾਰ ਵਾਰਤਾ ਸਬੰਧੀ ਸੂਬਾਈ ਕਨਵੈਨਸ਼ਨ

## *ਨਵਾਂ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਜਮਾਤੀ ਸੰਘਰਸ਼ ਉਸਾਰਨ ਅਤੇ ਤੇਜ਼ ਕਰਨ ਦਾ ਸੱਦਾ*






ਬਰਨਾਲਾ, (**ਬਲਜਿੰਦਰ ਸਿੰਘ ਪਟਿਆਲਾ**) : ਅਗਸਤ ਇਨਕਲਾਬੀ ਜਥੇਬੰਦੀਆਂ ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਅੱਜ ਸਾਂਝੇ ਤੌਰ 'ਤੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਭਾਰਤ ਅਮਰੀਕਾ ਵਪਾਰ ਸਮਝੌਤਾ ਅਤੇ ਨਕਲੀ ਆਜ਼ਾਦੀ ਦੀ ਹਕੀਕਤ ਵਿਸ਼ੇ ਉੱਤੇ ਸੂਬਾ ਪੱਧਰੀ ਕਨਵੈਨਸ਼ਨ ਜਥੇਬੰਦ ਕੀਤੀ ਗਈ। ਇਸ ਕਨਵੈਨਸ਼ਨ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ ਅਤੇ ਬੁੱਧੀਜੀਵੀ ਹਿੱਸਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਇਕੱਠ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਵੱਲੋਂ ਭਾਰਤ ਅਤੇ ਅਮਰੀਕਾ ਦਰਮਿਆਨ ਚੱਲ ਰਹੀ ਵਪਾਰ ਵਾਰਤਾ ਦੇ ਲੋਕਾਂ ਉੱਪਰ ਪੈਣ ਵਾਲੇ ਮਾਰੂ ਅਸਰਾਂ ਦੀ ਚਰਚਾ ਕੀਤੀ ਗਈ ਅਤੇ ਦੱਸਿਆ ਕਿ ਇਸ ਇੱਕਤਰਫਾ ਸਮਝੌਤੇ ਰਾਹੀਂ ਸਾਮਰਾਜੀ ਹਿਤਾਂ ਲਈ ਭਾਰਤੀ ਹਕੂਮਤ ਵੱਲੋਂ ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਵੱਡੇ ਪੱਧਰ ਉੱਤੇ ਬਲੀ ਦਿੱਤੀ ਜਾ ਰਹੀ ਹੈ। ਭਾਰਤ ਸਰਕਾਰ ਵੱਲੋਂ ਪੂਰੀ ਤਰ੍ਹਾਂ ਲਿਫ਼ ਕੇ ਇਸ ਵਾਰਤਾ ਨੂੰ ਜਾਰੀ ਰੱਖਿਆ ਜਾ ਰਿਹਾ ਹੈ। ਲੋਕ ਮੋਰਚਾ ਦੀ ਸੂਬਾਈ ਆਗੂ ਸ਼ੀਰੀਂ ਨੇ ਦੱਸਿਆ ਕਿ ਅਜਿਹੇ ਕੌਮ ਧ੍ਰੋਹੀ ਸਮਝੌਤੇ ਦਾ ਕਾਰਨ 1947 ਤੋਂ ਭਾਰਤ ਵਿੱਚ ਜਾਰੀ ਰਹਿ ਰਿਹਾ ਸਾਮਰਾਜੀ ਦਾਬਾ ਹੈ, ਜਿਸ ਸਦਕਾ ਪਿਛਲੇ ਦਹਾਕਿਆਂ ਦੌਰਾਨ ਭਾਰਤੀ ਹਾਕਮਾਂ ਵੱਲੋਂ ਅਜਿਹੇ ਕਈ ਮਾਰੂ ਸਮਝੌਤੇ ਸੰਧੀਆਂ ਕੀਤੇ ਗਏ ਹਨ ਅਤੇ ਭਾਰਤ ਦੇ ਅਰਥਚਾਰੇ ਦਾ ਹਰੇਕ ਖੇਤਰ ਸਾਮਰਾਜੀ ਲੁੱਟ ਲਈ ਖੋਲ੍ਹਿਆ ਗਿਆ ਹੈ। ਸਾਮਰਾਜਵਾਦ ਤੋਂ ਮੁਕਤੀ ਦੇ ਭਗਤ ਸਿੰਘ ਦੇ ਨਾਅਰੇ ਨੂੰ ਪੂਰਾ ਕਰਨ ਅਤੇ ਹਕੀਕੀ ਆਜ਼ਾਦੀ ਹਾਸਿਲ ਕਰਨ ਦਾ ਕਾਰਜ ਅਜੇ ਵੀ ਭਾਰਤੀ ਲੋਕਾਂ ਦੇ ਦਰਪੇਸ਼ ਹੈ।

ਇਨਕਲਾਬੀ ਕੇਂਦਰ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਦੇਸੀ ਵਿਦੇਸ਼ੀ ਕਾਰਪੋਰੇਟ ਲੁੱਟ ਦੇ ਪਿਛਲੇ ਦਹਾਕਿਆਂ ਦੌਰਾਨ ਜ਼ੋਰ ਫੜ ਰਹੇ ਅਮਲਾਂ ਦੀ ਚਰਚਾ ਕੀਤੀ, ਇਨ੍ਹਾਂ ਦੇ ਪਿਛੋਕੜ ਬਾਰੇ ਦੱਸਿਆ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੇ ਸਾਧਨ ਵਜੋਂ ਵੇਲੇ ਦੀਆਂ ਹਕੂਮਤਾਂ ਵੱਲੋਂ ਕਾਲੇ ਕਾਨੂੰਨਾਂ ਦੀ ਥੋਕ ਵਰਤੋਂ ਦਾ ਪੱਖ ਉਭਾਰਿਆ।

ਲੋਕ ਮੋਰਚੇ ਦੇ ਸੂਬਾ ਸਕੱਤਰ ਸ਼੍ਰੀ ਜਗਮੇਲ ਸਿੰਘ ਨੇ ਮੌਜੂਦਾ ਵਪਾਰ ਵਾਰਤਾ ਅਤੇ ਪਹਿਲਾਂ ਹੋਈਆਂ ਸਾਮਰਾਜ ਪੱਖੀ ਸਮਝੌਤੇ ਸੰਧੀਆਂ ਉੱਤੇ ਸਭਨਾਂ ਹਾਕਮ ਜਮਾਤੀ ਪਾਰਟੀਆਂ ਦੀ ਬੁਨਿਆਦੀ ਸਹਿਮਤੀ ਅਤੇ ਇਸ ਦਿਸ਼ਾ ਵਿੱਚ ਚੁੱਕੇ ਕਦਮਾਂ ਦੀ ਚਰਚਾ ਕੀਤੀ। ਅਜਿਹੇ ਕਦਮਾਂ ਨੂੰ ਵਾਪਸ ਕਰਵਾਉਣ ਲਈ ਹਾਕਮ ਜਮਾਤੀ ਚੋਣ ਦੰਗਲ ਵਿੱਚ ਉਲਝਣ ਦੀ ਥਾਂ ਨਵਾਂ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਜਮਾਤੀ ਸੰਘਰਸ਼ ਉਸਾਰਨ ਅਤੇ ਤੇਜ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਭਾਰਤ ਅਮਰੀਕਾ ਵਪਾਰ ਵਾਰਤਾ ਰੱਦ ਕਰਨ, ਸਾਮਰਾਜੀ ਦਬਾਅ ਹੇਠ ਕੀਤੇ ਸਭ ਸਮਝੌਤੇ ਮਨਸੂਖ਼ ਕਰਨ ਅਤੇ ਮੋਦੀ ਹਕੂਮਤ ਵੱਲੋਂ ਸਾਮਰਾਜੀ ਦਬਾਅ ਹੇਠ ਲਿਫ਼ਣਾ ਬੰਦ ਕਰਨ ਦੀਆਂ ਮੰਗਾਂ ਉਭਾਰੀਆਂ ਗਈਆਂ। ਹਾਜ਼ਰ ਇਕੱਠ ਵੱਲੋਂ 'ਦਿਮਾਗੀ ਨਕਸਲ' ਦਾ ਲਕਬ ਵਰਤ ਕੇ ਅਸਹਿਮਤੀ ਦੀ ਹਰ ਆਵਾਜ਼ ਕੁਚਲਣ ਦੀ ਨਿਖੇਧੀ ਕਰਨ, ਦਿੱਲੀ ਝਾਰਖੰਡ ਅਤੇ ਹੋਰਨਾਂ ਥਾਵਾਂ ਦੇ ਵਿਦਿਆਰਥੀਆਂ ਉੱਤੇ ਲਾਠੀ ਚਾਰਜ ਦੇ ਮੁਜਰਮ ਟਿੱਕਣ, ਵਿਦਿਆਰਥੀਆਂ ਖਿਲਾਫ਼ ਬਦਲਾ ਲਊ ਕਾਰਵਾਈਆਂ ਬੰਦ ਕਰਨ, ਉਨ੍ਹਾਂ ਉੱਤੇ ਪਾਏ ਕੇਸ ਵਾਪਸ ਲੈਣ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਹੋਰ ਤਬਕਿਆਂ ਉੱਤੇ ਲਾਠੀਚਾਰਜ ਕਰਨ ਦੀ ਨਿਖੇਧੀ ਤੇ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਕਰਨ ਸਬੰਧੀ ਮਤੇ ਪਾਸ ਕੀਤੇ ਗਏ। ਮੰਦਰ ਜੱਸੀ, ਨਰਿੰਦਰ ਸਿੰਗਲਾ, ਨਿਰਮਲ ਸਿਵੀਆਂ ਅਤੇ ਰਾਮ ਹਠੂਰ ਵੱਲੋਂ ਇਨਕਲਾਬੀ ਗੀਤ ਕਵਿਤਾਵਾਂ ਪੇਸ਼ ਕੀਤੇ ਗਏ। ਸਟੇਜ ਦਾ ਸੰਚਾਲਨ ਸੁਖਵਿੰਦਰ ਸਿੰਘ ਵੱਲੋਂ ਕੀਤਾ ਗਿਆ। ਜਸਵੰਤ ਜੀਰਖ ਨੇ ਪ੍ਰਧਾਨਗੀ ਮੰਡਲ ਦੀ ਤਰਫੋਂ ਇਸ ਗੰਭੀਰ ਚਰਚਾ ਨੂੰ ਇਕਾਗਰਤਾ ਨਾਲ ਸੁਣਨ ਲਈ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ।

# ਸਾਡਾ ਪਹਿਰਾਵਾ

ਜਸਵਿੰਦਰ ਸੰਧੂ, ਬ੍ਰੈਂਪਟਨ
416-558-7359
jaswindersandhu@rogers.com



ਸਾਰੇ ਜੀਵਾਂ ਵਿੱਚੋਂ ਸਿਰਫ਼ ਅਸੀਂ ਮਨੁੱਖ ਹੀ ਕੱਪੜੇ ਪਹਿਨਦੇ ਹਾਂ। ਸਾਡੇ ਕੱਪੜੇ ਮੂਲ ਤੌਰ 'ਤੇ ਸਾਡੇ ਸਰੀਰ ਨੂੰ ਗਰਮੀ-ਸਰਦੀ ਤੋਂ ਬਚਾਉਣ ਲਈ ਪਾਏ ਜਾਂਦੇ ਹਨ ਤਾਂ ਜੋ ਅਸੀਂ ਅਰਾਮ ਨਾਲ਼ ਆਪਣੇ ਕੰਮ ਕਰ ਸਕੀਏ ਜਾਂ ਅਰਾਮ ਕਰ ਸਕੀਏ। ਹਾਂ, ਕੁੱਝ ਸਮਾਜਿਕ ਰੀਤਾਂ ਰਿਵਾਜਾਂ ਕਾਰਨ ਵੀ ਕਈ ਤਰਾਂ ਦੇ ਬਦਲਾਅ ਦੇਖਣ ਨੂੰ ਮਿਲਦੇ ਹਨ ਜਿਨ੍ਹਾਂ ਦੀ ਕੋਈ ਜ਼ਰੂਰਤ ਤਾਂ ਨਹੀਂ, ਪਰ ਸਾਡੇ ਸਮਾਜ ਨੇ ਉਹ ਰੀਤਾਂ ਸਾਡੇ ਲਈ ਜ਼ਰੂਰੀ ਬਣਾ ਰੱਖੀਆਂ ਹਨ। ਜਿਵੇਂ ਕੁੜੀਆਂ ਨੂੰ ਚੁੰਨੀ ਲੈਣੀ ਪੈਂਦੀ ਹੈ ਤੇ ਮੁੰਡਿਆਂ ਨੂੰ ਸਿਰ ਢਕਣ ਲਈ ਪੱਗ ਬੰਨ੍ਹਣੀ ਪੈਂਦੀ ਹੈ ਜਾਂ ਟੋਪੀ ਆਦਿ ਲੈਣੀ ਪੈਂਦੀ ਹੈ। ਇਸਲਾਮਿਕ ਸਮਾਜਿਕ ਰੀਤ ਤਾਂ ਕੁੜੀਆਂ-ਔਰਤਾਂ ਨੂੰ ਬੁਰਕੇ 'ਚ ਢਕੇ ਹੋਏ ਹੀ ਬਾਹਰ ਨਿੱਕਲਣ ਦੀ ਇਜਾਜ਼ਤ ਦਿੰਦੀ ਹੈ। ਇੱਕ ਏ ਆਈ ਝਾਤ (AI Overview) ਤੋਂ ਤਾਂ ਇਹ ਪਤਾ ਲਗਦਾ ਹੈ ਕਿ ਬੇਸ਼ੱਕ ਮਨੁੱਖ ਨੇ ਜਾਨਵਰਾਂ ਦੀਆਂ ਖੱਲਾਂ ਬਗੈਰਾ ਦੇ ਵਸਤਰ ਬਣਾ ਕੇ ਆਪਣੇ ਸਰੀਰ ਢਕਣੇ ਤਕਰੀਬਨ ਚਾਰ ਲੱਖ ਸਾਲ ਪਹਿਲਾਂ ਸ਼ੁਰੂ ਕਰ ਦਿੱਤੇ ਸੀ, ਪਰ ਕੱਪੜੇ ਦੀ ਕਾਢ ਕਾਫ਼ੀ ਮਗਰੋਂ ਕਿਤੇ 83000 ਤੋਂ 170000 ਸਾਲ ਦੌਰਾਨ ਵਿੱਚ ਕੀਤੀ ਗਈ। ਕੱਪੜੇ ਦੀ ਕਾਢ ਦਾ ਖਾਸ ਕਾਰਨ ਸੀ ਸ੍ਰੋਤ ਢੂੰਡਦੇ ਹੋਏ ਠੰਢੇ ਮੌਸਮ ਤੋਂ ਬਚਣ ਲਈ ਕੁੱਝ ਚਾਹੀਦਾ ਸੀ ਜੋ ਇਸਦੀ ਜ਼ਰੂਰਤ ਬਣ ਗਿਆ। ਪਰ ਹੱਡੀਆਂ ਦੀਆਂ ਬਣੀਆਂ ਸੂਈਆਂ ਬਹੁਤ ਬਾਅਦ 'ਚ ਜਾਣੀ ਕਿ 40 000 ਕੁ ਸਾਲ ਪਹਿਲਾਂ ਬਣਾਈਆਂ ਮਿਲੀਆਂ ਹਨ। ਕੱਪੜੇ ਦੇ ਵਿਕਸਣ ਦੀ ਕਹਾਣੀ ਕਾਫ਼ੀ ਦਿਲਚਸਪ ਤੇ ਲੰਬੀ ਹੋ ਸਕਦੀ ਹੈ, ਪਰ ਇਸ ਆਰਟੀਕਲ ਦਾ ਵਿਸ਼ਾ ਸਿਰਫ਼ ਆਪਣੇ ਅੱਜ ਦੇ ਪਹਿਰਾਵੇ ਬਾਰੇ ਹੈ।

ਕੱਪੜੇ ਦੀਆਂ ਕਾਢਾਂ ਜਾਂ ਉਸਤੋਂ ਬਣੇ ਪਹਿਰਾਵੇ ਹਰ ਵੱਖਰੀ ਥਾਂ-ਇਲਾਕੇ ਦੀ ਲੋੜ ਮੁਤਾਬਿਕ ਬਣਾਏ ਜਾਂਦੇ ਸਨ ਜੋ ਓਥੋਂ ਦੇ ਮੌਸਮ ਮੁਤਾਬਕ ਹੁੰਦੇ ਸਨ। ਸਰਦੀ ਜਾਂ ਗਰਮੀ ਬਗੈਰਾ ਅਨੁਸਾਰ ਕੱਪੜਿਆਂ ਦੀ ਚੋਣ ਵੀ ਕਰੀ ਜਾਂਦੀ ਸੀ/ਹੈ। ਕੱਪੜੇ ਸਿਊਣ (ਸੀਣ) ਦੇ ਢੰਗ ਤਰੀਕੇ ਇੱਕ ਦੂਜੇ ਤੋਂ ਵੀ ਸਿੱਖੇ ਜਾਂਦੇ ਰਹੇ ਹਨ। ਹੌਲ਼ੀ ਹੌਲ਼ੀ ਮਸ਼ੀਨਾਂ ਦੀ ਕਾਢ ਕੱਢ ਲਈ ਗਈ ਅਤੇ ਕੱਪੜੇ ਸਿਊਣ ਦਾ ਕੰਮ ਤੇਜ਼ ਵੀ ਹੋ ਗਿਆ। ਪੰਦਰਵੀਂ ਸਦੀ ਤੱਕ ਇਹ ਕਿਹਾ ਜਾ ਸਕਦਾ ਹੈ ਕਿ ਜ਼ਿਆਦਾਤਰ ਮਨੁੱਖ ਆਪਣੇ ਇਲਾਕੇ ਤੱਕ ਹੀ ਸੀਮਤ ਰਹਿੰਦੇ ਹੋਏ ਆਪਣੀ ਜ਼ਿੰਦਗੀ ਗੁਜ਼ਾਰਦੇ ਸਨ। ਪਰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਸ੍ਰੋਤਾਂ ਦੀ ਭਾਲ਼ ਜਾਂ ਆਪਣੇ ਸ੍ਰੋਤ ਵਧਾਉਣ ਦੀ ਇੱਛਾ ਵਿੱਚ ਇੱਕ ਕਬੀਲਾ ਜਾਂ ਦੇਸ਼ ਦੂਜੇ ਤੇ ਕਬਜ਼ਾ ਕਰਨ ਜਾਂ ਓਥੋਂ ਲੁੱਟ-ਖਸੁੱਟ ਕਰਨ ਦੀ ਨੀਅਤ ਨਾਲ਼ ਹਮਲੇ ਬਗੈਰਾ ਵੀ ਕਰਦੇ ਰਹੇ ਹਨ। ਅਸਲ ਵਿੱਚ ਤਾਂ ਅਜੋਕੀਆਂ ਲੜਾਈਆਂ ਦਾ ਮੁੱਖ ਕਾਰਨ ਵੀ ਤਕੜੇ ਅਰਥਚਾਰੇ ਵਾਲ਼ੇ ਦੇਸ਼ਾਂ ਦਾ ਕਮਜ਼ੋਰ ਅਰਥਚਾਰੀ ਦੇਸ਼ਾਂ ਦੇ ਕੁਦਰਤੀ ਸ੍ਰੋਤ ਹੜੱਪਣ ਜਾਂ ਸਸਤੇ ਭਾ ਖ਼੍ਰੀਦਣ ਲਈ ਹੀ ਹੁੰਦਾ ਹੈ ਭਾਵੇਂ ਇਸ ਲਈ ਬਹਾਨੇ ਘੜਨ ਲਈ ਕਈ ਵਾਰੀ ਉਨ੍ਹਾਂ ਕਮਜ਼ੋਰ ਅਰਥਚਾਰੀ ਦੇਸ਼ਾਂ 'ਚ ਤਕੜਿਆਂ ਵੱਲੋਂ ਗੜਬੜਾਂ ਬਗੈਰਾ ਕਰਵਾ ਕੇ ਅਸ਼ਾਂਤੀ ਵੀ ਫੈਲਾਈ ਜਾਂਦੀ ਹੈ। ਦੱਖਣ-ਪੱਛਮੀ ਏਸ਼ੀਆ ਦੇ ਕਈ ਦੇਸ਼, ਬਹੁਤ ਸਾਰੇ ਅਫ਼ਰੀਕਣ ਦੇਸ਼ ਸਭ ਉਦਾਹਰਣਾਂ ਨੇ ਅਜਿਹੇ ਕਾਰਨਾਮਿਆਂ-ਕੁਕਰਮਾਂ ਦੀਆਂ। ਤਾਜ਼ਾ ਉਦਾਹਰਣ ਦੱਖਣੀ ਅਮਰੀਕਾ ਦੇ ਵੈਂਜ਼ੁਏਲਾ ਦੇਸ਼ ਦੀ ਹੈ ਜਿੱਥੇ ਓਥੋਂ ਦੇ ਸ੍ਰੋਤਾਂ ਤੇ ਕਬਜ਼ਿਆਂ ਲਈ ਲੜਾਈਆਂ ਕੀਤੀਆਂ ਜਾਂ ਕਰਵਾਈਆਂ ਜਾ ਰਹੀਆਂ ਹਨ। ਵੈਂਜ਼ੁਏਲਾ ਦੇ ਤੇਲ ਭੰਡਾਰਾਂ ਤੇ ਤਾਂ ਸੰਯੁਕਤ ਰਾਜ ਅਮਰੀਕਾ ਦੇ ਧਾਕੜ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਧੱਕੇ ਨਾਲ਼ ਕਬਜ਼ਾ ਹੀ ਕਰ ਲਿਆ ਗਿਆ ਕਿਹਾ ਜਾ ਸਕਦਾ ਹੈ।



### ਵਿਕਾਸ ਦੇ ਕੁੱਝ ਨੁਕਸਾਨਦੇਹ ਸਿੱਟੇ

ਮਾਰੂ ਹਥਿਆਰਾਂ ਤੇ ਆਵਾਜਾਈ ਦੇ ਵਿਕਸਿਤ ਸਾਧਨਾਂ ਦੀਆਂ ਕਾਢਾਂ ਨੇ ਪੱਛਮ ਨੂੰ ਪੂਰਬ ਅਤੇ ਦੱਖਣ ਤੋਂ ਕਾਫ਼ੀ ਅੱਗੇ ਲੈ ਆਂਦਾ ਸੀ। ਇਨ੍ਹਾਂ ਕਾਢਾਂ ਤੇ ਵਿਕਸਤ ਵਸਤੂਆਂ ਦੇ ਸਹਾਰੇ ਪੱਛਮੀ ਦੇਸ਼ਾਂ ਨੇ ਦੁਨੀਆਂ ਦੇ ਬਾਕੀ ਦੇਸ਼ਾਂ ਤੇ ਕਬਜੇ ਕਰਨੇ ਸ਼ੁਰੂ ਕਰ ਦਿੱਤੇ। ਦੁਨੀਆਂ ਦਾ ਮੱਧਯੁੱਗੀ ਇਤਿਹਾਸ ਖਾਸ ਕਰਕੇ ਅਖੀਰਲੇ ਮੱਧਯੁੱਗ ਦਾ ਇਤਿਹਾਸ ਇਨ੍ਹਾਂ ਕਹਾਣੀਆਂ ਨਾਲ਼ ਭਰਿਆ ਪਿਆ ਹੈ। ਇਹ ਯੁੱਗ ਦੁਨੀਆਂ ਦੇ ਮਸ਼ੀਨੀਕਰਣ ਦਾ ਵੀ ਯੁੱਗ ਕਿਹਾ ਸਕਦਾ ਹੈ ਜਿਸ ਵਿਕਾਸ ਕਾਰਨ ਚੀਜ਼ਾਂ ਦੀ ਉਪਜ ਵਿੱਚ ਬਹੁਤ ਤੇਜ਼ੀ ਨਾਲ਼ ਵਾਧਾ ਹੋਇਆ। ਇਹ ਵਾਧਾ ਇੰਨਾ ਜ਼ਿਆਦਾ ਸੀ ਕਿ ਆਪਣੇ ਦੇਸ਼ ਵਾਸੀਆਂ ਦੀਆਂ ਲੋੜਾਂ ਤੋਂ ਵੀ ਕਿਤੇ ਵੱਧ ਉਪਜ ਸੀ। ਅਜਿਹੇ ਸਮਾਨ ਨੂੰ ਵੇਚਣ ਲਈ ਹੋਰ ਮੰਡੀਆਂ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਉਨ੍ਹਾਂ ਦੇਸ਼ਾਂ ਨੇ ਗਵਾਂਢੀ ਮੁਲਕਾਂ ਤੇ ਕਬਜ਼ਿਆਂ ਦੀ ਸ਼ੁਰੂਆਤ ਕਰ ਦਿੱਤੀ। ਅਜਿਹੇ ਕਬਜ਼ਿਆਂ ਕਾਰਨ ਹਰ ਸੱਭਿਆਚਾਰ ਵਿੱਚ ਤਬਦੀਲੀਆਂ ਆਉਂਦੀਆਂ ਹਨ। ਪੱਛਮੀ ਜਾਂ ਕਹਿ ਲਓ ਕਿ ਯੂਰਪੀ ਸੱਭਿਆਚਾਰ ਅਤੇ ਅਰਥਚਾਰੇ ਦਾ ਅਸਰ ਦੁਨੀਆਂ 'ਚ ਹਰ ਪਾਸੇ ਦੇਖਿਆ ਜਾ ਸਕਦਾ ਹੈ। ਪਰ ਛੇਤੀ ਹੀ ਇਨ੍ਹਾਂ ਕਬਜ਼ਿਆਂ ਦਾ ਦਾਇਰਾ ਅੱਗੇ ਅੱਗੇ ਪਸਰਦਾ ਹੋਇਆ ਸਾਰੀ ਦੁਨੀਆਂ ਤੱਕ ਅੱਪੜ ਗਿਆ। ਏਸ਼ੀਆ ਤੇ ਅਫਰੀਕਾ ਦੇ ਬਹੁਤੇ ਦੇਸ਼ਾਂ ਤੇ ਯੂਰਪੀ ਦੇਸ਼ਾਂ ਦੇ ਕਬਜੇ ਹੋ ਗਏ। ਨਾਲ਼ ਹੀ ਅਸਟ੍ਰੇਲੀਆ ਤੇ ਅਮਰੀਕਾ ਦੇ ਨਵੇਂ (ਵਿਕਸਿਤ ਦੇਸ਼ਾਂ ਲਈ) ਮਹਾਂਦੀਪ ਵੀ ਲੱਭ ਲਏ ਗਏ। ਓਥੇ ਵੀ ਉਨ੍ਹਾਂ ਦੇ ਆਦਿਵਾਸੀਆਂ ਦੀ ਆਮ ਜ਼ਿੰਦਗੀ ਤਬਾਹ ਕਰਕੇ ਆਪਣੇ ਤਰੀਕਿਆਂ ਵਾਲ਼ੇ ਪ੍ਰਬੰਧ ਲਾਗੂ ਕਰ ਦਿੱਤੇ। ਖ਼ੈਰ ਇਹ ਵੀ ਇੱਕ ਵੱਡਾ ਤੇ ਵੱਖਰਾ ਵਿਸ਼ਾ ਹੈ। ਮੈਂ ਮੁੜ ਪਹਿਰਾਵਿਆਂ ਦੀ ਗੱਲ ਤੇ ਆਉਂਦਾ ਹਾਂ ਜੋ ਇਨ੍ਹਾਂ ਕਬਜ਼ਿਆਂ ਕਾਰਨ ਕਾਫ਼ੀ ਬਦਲ ਗਏ। ਅਜਿਹੇ ਹਮਲੇ ਜਾਂ ਕਲੋਨੀ ਬਣਾ ਕੇ ਕੀਤੇ ਕਬਜੇ ਵਾਲ਼ੇ ਖੇਤਰਾਂ ਵਿੱਚ ਰਾਜ-ਪਾਜ ਕਰਨ ਦੀਆਂ ਨੀਤੀਆਂ-ਕੁਰੀਤੀਆਂ ਦੇ ਨਾਲ਼ ਹੀ ਹੋਰ ਬਹੁਤ ਕੁੱਝ ਵੀ ਆ ਜਾਂਦਾ ਹੈ। ਜ਼ਰੂਰੀ ਤਕਨੌਲੋਜੀ ਦੇ ਨਾਲ਼ ਹੀ ਉਨ੍ਹਾਂ ਲੋਕਾਂ ਦਾ ਪਹਿਰਾਵਾ ਵੀ ਆਪਣਾ ਅਸਰ ਪਾਉਣੋਂ ਪਿੱਛੇ ਨਹੀਂ ਰਹਿੰਦਾ।

ਇਨ੍ਹਾਂ ਕਬਜ਼ਿਆਂ ਦਾ ਖਾਸ ਮਨੋਰਥ ਤਾਂ ਓਥੋਂ ਦੇ ਸ੍ਰੋਤਾਂ ਨੂੰ ਕਾਬੂ ਕਰਕੇ ਵਰਤਣਾ ਅਤੇ ਉਦਯੋਗੀਕਰਨ ਕਾਰਨ ਪੈਦਾ ਕੀਤਾ ਆਪਣਾ ਫਾਲਤੂ ਉਪਜ ਵਾਲ਼ਾ ਸਮਾਨ ਵੇਚਣਾ ਹੁੰਦਾ ਸੀ, ਪਰ ਸ਼ਾਇਦ ਓਥੋਂ ਦੇ ਆਮ ਵਾਸ਼ਿੰਦਿਆਂ ਨੂੰ ਇਹ ਵੀ ਅਹਿਸਾਸ ਕਰਵਾਉਣਾ ਫਾਇਦੇਮੰਦ ਰਹਿੰਦਾ ਸੀ ਕਿ ਉਨ੍ਹਾਂ ਦੀ ਹਰ ਕਾਢ, ਲੱਭਤ ਜਾਂ ਸ੍ਰੋਤਾਂ ਦੀ ਵਰਤੋਂ ਨੂੰ ਘਟੀਆ ਗਰਦਾਨ ਕੇ ਉਨ੍ਹਾਂ ਦਾ ਮਨੋਬਲ ਨੀਵਾਂ ਕੀਤਾ ਤੇ ਰੱਖਿਆ ਜਾਵੇ। ਪੰਜਾਬੀਆਂ ਦਾ ਰੁਝਾਨ ਤਾਂ ਬਹੁਤ ਜਲਦੀ ਹੀ ਆਪਣਾ ਸਭ ਕੁੱਝ ਨਕਾਰ ਕੇ ਰਾਜ ਕਰਨ ਵਾਲ਼ਿਆਂ ਦੇ ਤੌਰ-ਤਰੀਕੇ ਅਪਨਾਉਣ ਪਾਸੇ ਲੱਗਣ ਵਾਲ਼ਾ ਰਿਹਾ ਹੈ। ਪਰ ਹੋਰ ਸਾਰੀ ਦੁਨੀਆਂ ਵਿੱਚ ਵੀ ਅਜਿਹਾ ਵਰਤਾਰਾ ਹੀ ਕੁੱਝ ਹੱਦ ਤੱਕ ਤਾਂ ਚਲਦਾ ਰਿਹਾ ਹੈ। ਆਪਣੀ ਮਾਂ-ਬੋਲੀ ਨੂੰ ਨਕਾਰ ਕੇ ਰਾਜ ਕਰਨ ਵਾਲ਼ਿਆਂ ਦੀ ਭਾਸ਼ਾ ਨੂੰ ਪਹਿਲ ਦੇਣੀ ਸਾਡਾ ਸੁਭਾਅ ਹੀ ਬਣ ਗਿਆ ਹੈ। ਇੱਥੇ ਮੁੱਦੇ ਤੇ ਕੇਂਦ੍ਰਿਤ ਰਹਿੰਦਿਆਂ ਮੈਂ ਆਪ ਸਭ ਦੀ ਨਜ਼ਰ ਪਹਿਰਾਵੇ ਤੇ ਹੀ ਰੱਖਣੀ ਚਾਹੁੰਦਾ ਹਾਂ। ਸਾਡਾ ਕੁੜਤਾ-ਪਜਾਮਾ ਜਾਂ ਕੁੜਤੀ ਸਲਵਾਰ ਸਦੀਆਂ ਤੋਂ ਚੰਗਾ ਭਲਾ ਚਲਦਾ ਆ ਰਿਹਾ ਹੈ, ਪਰ ਕਿਉਂਕਿ ਸਾਡੇ ਤੇ




ਰਾਜ ਕਰਨ ਆਏ ਗੋਰੇ ਜਾਂ ਕਹਿ ਲਓ ਅੰਗਰੇਜ਼ ਕੋਟ-ਪੈਂਟ ਬਗੈਰਾ ਪਾਉਂਦੇ ਸਨ ਤਾਂ ਅਸੀਂ ਉਨ੍ਹਾਂ ਵਰਗੇ ਬਣਨ ਦੀ ਕੋਸ਼ਿਸ਼ ਵਿੱਚ ਆਪਣਾ ਅਰਾਮਦੇਹ ਕੁੜਤਾ-ਪਜਾਮਾ ਬਗੈਰਾ ਛੱਡ ਕੇ ਉਨ੍ਹਾਂ ਵੱਲੋਂ ਪਹਿਨੇ ਜਾਂਦੇ ਬੇਅਰਾਮੀ ਵਾਲ਼ੇ ਕੋਟ-ਪੈਂਟਾਂ ਵੱਲ ਉੱਲਰ ਗਏ। ਪਜਾਮੇ ਦੇ ਨਾਲ਼ੇ ਦੀ ਥਾਂ ਪੈਂਟਾਂ ਨਾਲ਼ ਚਮੜੇ ਦੀ ਵੱਧਰੀ (ਬੈੱਲਟ) ਪਾਉਣੀ ਮਨਜ਼ੂਰ ਕਰ ਲਈ ਭਾਵੇਂ ਇਹ ਅਤਿਅੰਤ ਬੇਅਰਾਮੀ ਵਾਲ਼ਾ ਪਹਿਰਾਵਾ ਹੀ ਸੀ/ਹੈ। ਪਜਾਮੇ ਦੇ ਨਾਲ਼ੇ ਨੂੰ ਤੁਸੀਂ ਢਿੱਲਾ ਜਾਂ ਕਸਣ ਲਈ ਖੁਰਦਬੀਨੀ ਪੱਧਰ ਤੱਕ ਕਰ ਸਕਦੇ ਹੋ, ਪਰ ਪੈਂਟ ਦੀ ਵੱਧਰੀ 'ਚ ਤਾਂ ਜਿੰਨੀਆਂ ਮੋਰੀਆਂ ਹਨ ਉਸੇ ਤਰਤੀਬ ਨਾਲ਼ ਕਸੀ ਜਾਂ ਢਿੱਲੀ ਕੀਤੀ ਜਾ ਸਕਦੀ ਹੈ। ਇਸਦੇ ਨਾਲ਼ ਹੀ ਪੈਂਟ ਪਾ ਕੇ ਬੈਠਣ ਜਾਂ ਕੰਮ ਕਰਨ ਲਈ ਅੜਚਣ ਪੈਦਾ ਹੁੰਦੀ ਹੈ। ਕੋਟ ਤਾਂ ਮੋਢਿਆਂ ਨੂੰ ਬੰਨ੍ਹ ਹੀ ਲੈਂਦਾ ਹੈ ਅਤੇ ਨਾ ਹੀ ਠੰਢ ਰੋਕ ਸਕਦਾ ਹੈ। ਇਸ ਨਾਲ਼ੋਂ ਕੰਬਲ਼ ਜਾਂ ਸ਼ੌਲ ਦੀ ਬੁੱਕਲ਼ ਅਰਾਮਦੇਹ ਹੋਣ ਦੇ ਨਾਲ਼ ਨਾਲ਼ ਕੰਮ ਕਰਨ ਲਈ ਵੀ ਮੁਕਾਬਲਤਨ ਢੁਕਵੀਂ ਰਹਿੰਦੀ ਹੈ। ਆਪਣੇ ਕਸ਼ਮੀਰੀਆਂ ਦਾ ਅਜਿਹੀ ਠੰਢ ਨੂੰ ਰੋਕਣ ਲਈ ਵਿਕਸਿਤ ਕੀਤਾ ਫਿਰਨ ਤਾਂ ਬਹੁਤ ਹੀ ਵਧੀਆ ਹੈ ਜਿਸ ਨੂੰ ਪਹਿਨ ਕੇ ਠੰਢੇ ਮੌਸਮ ਵਿੱਚ ਕੰਮ ਵੀ ਕੀਤਾ ਜਾ ਸਕਦਾ ਹੈ। ਇਸੇ ਤਰਾਂ ਦੀ ਠੰਢ ਤੋਂ ਨਿਜਾਤ ਪਾਉਂਦੀ ਅਤੇ ਕੰਮ ਕਰਨ ਲਈ ਢੁਕਵੀਂ ਕਾਢ ਦੱਖਣੀ ਅਮਰੀਕਾ ਦੇ ਆਦਿਵਾਸੀਆਂ ਨੇ ਪੌਂਚੋ ਦੀ ਵੀ ਕੀਤੀ ਹੈ ਜੋ ਸਾਡੇ ਕੋਲ਼ ਸਿਰਫ਼ ਫੈਸ਼ਨ ਦੀ ਤਰਜ਼ ਤੇ ਪੁੱਜਿਆ ਹੈ। ਯੂਰਪੀ ਪਹਿਰਾਵਾ ਅਪਣਾਉਣ ਦੀ ਇੱਥੇ ਹੀ ਬੱਸ ਨਹੀਂ, ਅਸੀਂ ਉਨ੍ਹਾਂ ਦੀ ਸਭ ਤੋਂ ਨਿਕੰਮੀ ਚੀਜ਼ ਟਾਈ ਵੀ ਅਪਣਾ ਲਈ ਜਿਸਦਾ ਗਲ਼ ਘੁੱਟਣ ਤੋਂ ਸਿਵਾ ਕੋਈ ਕੰਮ ਹੀ ਨਹੀਂ ਦਿਸਦਾ। ਹੈਰਾਨੀ ਦੀ ਗੱਲ ਹੈ ਕਿ ਟਾਈ (ਨੈੱਕਟਾਈ) ਸਾਰੀ ਦੁਨੀਆਂ 'ਚ ਅੱਜ-ਕੱਲ੍ਹ ਇੱਕ ਗਹਿਣੇ ਦੀ ਤਰਾਂ ਪਹਿਨੀ ਜਾ ਰਹੀ ਹੈ। ਵੈਸੇ ਸ਼ੁਕਰ ਹੈ ਕਿ ਅਜੇ ਔਰਤਾਂ ਨੇ ਇਸ ਨਿਕੰਮੀ ਚੀਜ਼ ਨੂੰ ਨਹੀਂ ਅਪਣਾਇਆ। ਕਮੀਜ਼ਾਂ ਦੇ ਕਾਲਰ ਵੀ ਫਾਲਤੂ ਵਾਧਾ ਹੈ ਕੁੜਤਿਆਂ ਵਿੱਚ ਜੋ ਯੂਰਪੀਆਂ ਦੀ ਕਾਢ ਹੈ। ਇਹ ਟਾਈ ਨੂੰ ਸਹਾਰਾ ਦੇਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਆਉਂਦੇ, ਸਗੋਂ ਇਨ੍ਹਾਂ ਨੂੰ ਬਣਾਉਣ ਲਈ ਫਾਲਤੂ ਕੱਪੜਾ ਵੀ ਬਰਬਾਦ ਹੁੰਦਾ ਹੈ।

ਜੁੱਤੀਆਂ ਦੇ ਵਿਕਾਸ ਵਿੱਚ ਵੀ ਕੁੱਝ ਵਾਧੇ ਨੁਕਸਾਨਦੇਹ ਹਨ। ਇਨ੍ਹਾਂ ਵਿੱਚ ਖਾਸ ਹਨ ਊਚੀਆਂ ਅੱਡੀਆਂ ਵਾਲ਼ੀਆਂ ਜੁੱਤੀਆਂ ਜਾਂ ਸੈਂਡਲ ਜਿਨ੍ਹਾਂ 'ਚੋਂ ਪੈਂਸਿਲ-ਹੀਲ ਵਾਲ਼ੇ ਤਾਂ ਔਰਤਾਂ ਲਈ ਇੱਕ ਤਰਾਂ ਦਾ ਅੱਤਿਆਚਾਰਕ ਵਾਧਾ ਹੈ। ਇਹ ਦੁੱਖਦਾਇਕ ਵਾਧਾ ਵੀ ਗਹਿਣਿਆਂ ਦੀ ਤਰਾਂ ਫੈਸ਼ਨੀ ਵਾਧਾ ਹੀ ਹੈ। ਸਾਡੇ ਕੁਦਰਤੀ ਵਿਕਾਸ ਵਿੱਚ ਅਸੀਂ ਮਨੁੱਖ ਜੁੱਤੀਆਂ ਪਾ ਕੇ ਵਿਕਸਿਤ ਨਹੀਂ ਹੋਏ ਇਹ ਤਾਂ ਬਾਅਦ ਦੀਆਂ ਲੱਭਤਾਂ ਹਨ ਜੋ ਅਰਾਮਦੇਹ ਹੋਣ ਦੀ ਥਾਂ ਸਰੀਰਕ ਦੁੱਖ ਦੇਣ ਵੱਲ ਵਾਧਾ (ਵਿਕਾਸ) ਹੈ। ਅੱਡੀ ਸਾਡੀ ਸਰੀਰਕ ਉਚਾਈ ਨੂੰ ਜ਼ਰਾ ਕੁ ਵੱਡਾ ਦਰਸਾਉਣ 'ਚ ਜ਼ਰੂਰ ਕਾਰਗਰ ਹੁੰਦੀ ਹੈ, ਪਰ ਇਸਦਾ ਨੁਕਸਾਨ ਤੁਹਾਨੂੰ ਆਪਣੀ ਵਿਗੜੀ ਚਾਲ ਅਤੇ ਕਈ ਹੋਰ ਨਕਾਰਾਤਮਕ ਅਸਰ ਜੋ ਸਾਡੇ ਸਰੀਰ ਨੂੰ ਝੱਲਣੇ ਪੈਂਦੇ ਹਨ ਉਨ੍ਹਾਂ ਵਿੱਚ ਨਿੱਕਲ਼ਦਾ ਹੈ। ਮਰਦਾਂ ਦੀਆਂ ਤਿੱਖੀਆਂ ਨੋਕਾਂ ਵਾਲ਼ੀਆਂ ਜੁੱਤੀਆਂ ਵੀ ਸਾਡੇ ਸਰੀਰਾਂ 'ਤੇ ਇਸੇ ਤਰ੍ਹਾਂ ਕਈ ਨੁਕਸਾਨਦੇਹ ਅਸਰ ਪਾਉਂਦੀਆਂ ਹਨ। ਇਸ ਤਿੱਖੀ ਨੋਕ ਵਾਲ਼ੀ ਜੁੱਤੀ ਕਾਰਨ ਪੈਰਾਂ ਦੀ ਕੁਦਰਤੀ ਬਣਾਵਟ ਬੇਢਵੀ ਹੋਣ ਕਾਰਨ ਸਾਡੇ ਸਰੀਰ ਦਾ ਨੁਕਾਸਨ ਹੁੰਦਾ ਹੈ। ਜੁੱਤੀ ਦੀ ਚੋਣ ਕਰਨ ਵੇਲ਼ੇ ਚੌੜੇ ਪੰਜੇ ਵਾਲ਼ੀ ਜੁੱਤੀ ਦੀ ਚੋਣ ਕਰਨੀ ਚਾਹੀਦੀ ਹੈ ਜਿਸ ਵਿੱਚ ਸਾਡੇ ਪੈਰ ਅਰਾਮਦੇਹ ਸਥਿੱਤੀ ਵਿੱਚ ਆ ਸਕਣ। ਮੇਰਾ ਸੁਝਾਅ ਤਾਂ ਹੈ ਕਿ ਜੁੱਤੀਆਂ ਦਾ ਵਿਕਾਸ ਸਾਡੇ ਪਹਿਰਾਵੇ ਵਿੱਚ ਇੱਕ ਵਧੀਆ ਵਾਧਾ ਹੈ, ਪਰ ਇਸ ਨੂੰ ਫੈਸ਼ਨੀ ਵਾਧਿਆਂ ਰਾਹੀਂ ਆਪਣੇ ਸਰੀਰਾਂ ਲਈ ਘਾਤਕ ਨਾ ਬਣਨ ਦਿਓ।

### ਕੁੱਝ ਸਿਹਤਮੰਦ ਵਾਧੇ

ਵੈਸੇ ਗੋਰਿਆਂ ਦੇ ਪਹਿਰਾਵੇ ਦਾ ਸਭ ਕੁੱਝ ਤਾਂ ਨਕਾਰਨ ਵਾਲ਼ਾ ਨਹੀਂ ਹੈ। ਫੀਤਿਆਂ ਵਾਲ਼ੀਆਂ ਜੁੱਤੀਆਂ ਵੀ ਸਾਨੂੰ ਯੂਰਪੀਅਨਾਂ ਤੋਂ ਮਿਲੀਆਂ। ਠੰਢ 'ਚ ਪਹਿਨਣ ਵਾਲ਼ੇ ਦਸਤਾਨੇ (ਗਲੱਵਜ਼) ਤੇ ਜੁਰਾਬਾਂ ਵੀ ਉਨ੍ਹਾਂ ਦੀ ਹੀ ਦੇਣ ਹਨ ਜੋ ਸਾਡੇ ਪਹਿਰਾਵੇ ਲਈ ਵਧੀਆ ਜੋੜ ਹੀ ਕਹੀਆਂ ਜਾਣਗੀਆਂ; ਕਿਉਂਕਿ ਇਹ ਪਹਿਨ ਕੇ ਅਸੀਂ ਅਰਾਮ ਨਾਲ਼ ਕੰਮ ਕਰ ਸਕਦੇ ਹਾਂ ਅਤੇ ਠੰਢ ਤੋਂ ਬਚ ਸਕਦੇ ਹਾਂ। ਫੀਤਿਆਂ ਵਾਲ਼ੇ ਫਲੀਟਾਂ ਬਗੈਰਾ ਨੂੰ ਪਾ ਕੇ ਆਪਣੇ ਬੱਚੇ ਖੇਢਦੇ ਹਨ, ਅਸਲ ਵਿੱਚ ਇਨ੍ਹਾਂ ਤੋਂ ਬਿਨਾਂ ਤਾਂ ਅੱਜ-ਕੱਲ੍ਹ ਗਰਾਊਂਡਾਂ ਵਿੱਚ ਖੇਢਣਾ ਹੀ ਸੰਭਵ ਨਹੀਂ ਹੈ। ਬਹੁਤ ਸਾਰੀਆਂ ਖੇਢਾਂ ਵਿੱਚ ਤਾਂ ਮੈਦਾਨ 'ਚ ਤਿਲਕ ਜਾਣ ਤੋਂ ਬਚਣ ਲਈ ਜਾਂ ਪੈਰਾਂ ਦੀ ਪਕੜ ਮਜਬੂਤ ਕਰਨ ਲਈ ਜੁੱਤੀਆਂ ਦੇ ਤਲ਼ੇ ਤੇ ਪੜਾਵੇ ਜਿਹੇ ਜਾਂ ਮੇਖਾਂ ਵਰਗੇ ਕਿੱਲ ਜਿਹੇ ਵੀ ਲੱਗੇ ਹੁੰਦੇ ਹਨ। ਇਨ੍ਹਾਂ ਸਭ ਚੀਜ਼ਾਂ ਨਾਲ਼ ਖੇਢਾਂ ਹੋਰ ਦਿਲਚਸਪ ਤੇ ਵਿਕਸਿਤ ਹੋਈਆਂ ਹਨ। ਸਭ ਤੋਂ ਵੱਧ ਵਿਕਸਿਤ ਅਤੇ ਅਰਾਮਦੇਹ ਪਹਿਨਣ ਵਾਲ਼ੀਆਂ ਚੀਜ਼ਾਂ ਵਿੱਚੋਂ ਮੇਰੀ ਮਨ-ਪਸੰਦ ਚੀਜ਼ ਤਾਂ ਟਰੈਕ-ਸੂਟ ਹੈ। ਇਹ ਪਹਿਨਣ ਲਈ ਅਰਾਮਦੇਹ ਅਤੇ ਪਹਿਨ ਕੇ ਕਸਰਤ ਕਰਨ ਲਈ ਵੀ ਅਰਾਮਦੇਹ ਹਨ। ਮੌਸਮ ਦੇ ਹਿਸਾਬ ਨਾਲ਼ ਜੇ ਤੁਸੀਂ ਜ਼ਰੂਰਤ ਮਹਿਸੂਸ ਕਰੋ ਤਾਂ ਜੈਕਟ ਬਗੈਰਾ ਦੀ ਵਰਤੋਂ ਵੀ ਕਰ ਸਕਦੇ ਹੋ। ਅੱਜ-ਕੱਲ੍ਹ ਬਹੁਤ ਲੋਕ ਆਮ ਵਰਤੋਂ ਲਈ ਅਤੇ ਕੰਮ-ਕਾਰ ਵੇਲ਼ੇ ਵੀ ਟਰੈਕ-ਸੂਟ ਪਹਿਨਦੇ ਦੇਖੇ ਜਾ ਸਕਦੇ ਹਨ। ਇਹ ਆਮ ਵਰਤਾਅ ਟਰੈਕ-ਸੂਟਾਂ ਦੇ ਅਰਾਮਦੇਹ ਪਹਿਰਾਵਾ ਹੋਣ ਦੀ ਗਵਾਹੀ ਦਿੰਦਾ ਹੈ।

ਸਭ ਕੁੱਝ ਤਾਂ ਕਿਸੇ ਵੀ ਸੱਭਿਆਚਾਰ ਵਿੱਚ ਚੰਗਾ ਨਹੀਂ ਹੁੰਦਾ ਖਾਸ ਕਰਕੇ ਜੇ ਵੱਖੋ-ਵੱਖਰੇ ਵਾਤਾਵਰਣ ਜਾਂ ਮੌਸਮਾਂ ਦੇ ਅਨੁਸਾਰ ਦੇਖਿਆ ਜਾਵੇ। ਇਹ ਇੱਕ ਜ਼ਬਰਦਸਤ ਇਸ਼ਾਰਾ ਵੀ ਬਣਦਾ ਹੈ ਕਿ ਅਸੀਂ ਲਕੀਰ ਦੇ ਫਕੀਰ ਬਣਨ ਜਾਂ ਆਪਣੇ ਤੇ ਰਾਜ ਕਰਨ ਦੀ ਨਕਲ ਕਰਨ ਨਾਲ਼ੋਂ ਆਪਣੇ ਮੌਸਮ ਨਾਲ਼ ਢੁਕਵੇਂ ਪਰ ਅਰਾਮਦੇਹ ਪਹਿਰਾਵੇ ਨੂੰ ਪਹਿਲ ਦੇਈਏ ਜਾਂ ਅਜਿਹੇ ਪਹਿਰਾਵੇ ਵਿਕਸਿਤ ਕਰਨ ਵੱਲ ਧਿਆਨ ਦੇਈਏ। ਇਹੋ ਹੀ ਨਹੀਂ ਸਾਨੂੰ ਆਪਣੇ ਕੁੱਲ ਸੱਭਿਆਚਾਰ ਨੂੰ ਵੀ ਹੋਰ ਵਿਕਾਸਣ ਅਤੇ ਵਧੀਆ ਬਣਾਉਣ ਲਈ ਇਸ ਦਿਸ਼ਾ ਵਿੱਚ ਕੰਮ ਕਰਨ ਦੀ ਲੋੜ ਹੈ। ਹਰ ਸੱਭਿਆਚਾਰ ਦਾ ਸਮਾਜਿਕ ਵਿਕਾਸ ਜਾਰੀ ਰਹਿਣਾ ਚਾਹੀਦਾ ਹੈ ਜੋ ਅਸਲ ਵਿੱਚ ਹੁੰਦਾ ਰਹਿੰਦਾ ਵੀ ਹੈ, ਪਰ ਕੁੱਝ ਦਕੀਆਨੂਸੀ ਸੋਚ ਵਾਲ਼ੇ ਲੋਕ ਅਜਿਹੇ ਵਿਕਾਸਿਕ ਵਾਧਿਆਂ ਦੇ ਖਿਲਾਫ਼ ਵੀ ਹੋ ਭੁਗਤਦੇ ਨੇ। ਸ਼ਾਇਦ ਇਸਦਾ ਕਾਰਨ ਉਨ੍ਹਾਂ ਦੇ ਕਿਸੇ ਮੁਫ਼ਤ ਦੇ ਧਾਰਮਿਕ ਵਪਾਰ ਨੂੰ ਕੋਈ ਖਤਰਾ ਹੁੰਦਾ ਹੈ।



## ਹੁਸ਼ਿਆਰ! ਦਿਮਾਗੀ ਨਕਸਲ ਪਿਛੇ ਮਨਸ਼ਾ ਕੁਝ ਹੋਰ

# 15 ਅਗਸਤ ਨੂੰ ਹਿਟਲਰ ਦੀ ਰੂਹ ਬੋਲੀ

**ਨਰਭਿੰਦਰ**
**93544-30211**

ਇਸ ਵਾਰ 15 ਅਗਸਤ ਨੂੰ ਲਾਲ ਕਿਲ੍ਹੇ ਦੇ ਚਬੂਤਰੇ 'ਚੋਂ ਮੋਦੀ ਨੇ ਜੋ ਭਾਸ਼ਣ ਦਿੱਤਾ, ਉਹਦੇ 'ਚ ਇਹ ਗਿਲਾ ਜ਼ਾਹਿਰ ਕੀਤਾ ਕਿ ਉਹਦੇ ਵਲੋਂ ਪਿਛਲੇਰੇ 12 ਸਾਲ ਤੋਂ ਜਿਹੜਾ ਵਿਕਾਸ (ਵਿਨਾਸ਼) ਕੀਤਾ ਜਾ ਰਿਹਾ ਹੈ ਉਸ ਵਿਚ ਕੁਝ ਤਾਕਤਾਂ ਰੋਕ ਬਣ ਰਹੀਆਂ ਨੇ। ਉਨ੍ਹਾਂ ਨੂੰ ਇਹ ਪਸੰਦ ਨਹੀਂ। ਜੰਗਲਾਂ ਵਿਚੋਂ ਤਾਂ ਹਥਿਆਰਬੰਦ ਨਕਸਲੀ ਖਤਮ ਕਰ ਦਿੱਤੇ ਗਏ ਹਨ ਪਰ ਦੇਸ਼ ਵਿਚ 'ਦਿਮਾਗੀ ਨਕਸਲ' ਅਜੇ ਵੀ ਵੱਡੀ ਗਿਣਤੀ 'ਚ ਹਨ, ਜਿਹੜੇ ਮੇਰੇ ਵਿਰੁੱਧ ਲੋਕਾਂ ਨੂੰ ਭੜਕਾ ਰਹੇ ਹਨ। ਇਸ ਤੋਂ ਪਹਿਲਾਂ ਸ਼ਬਦ ਅਰਬਨ ਨਕਸਲ ਪ੍ਰਚਲਤ ਸੀ ਜਿਸ ਤਹਿਤ ਦੇਸ਼ ਦੇ ਦਰਜਨਾਂ ਬੁੱਧੀਜੀਵੀ ਤੇ ਹੋਰ ਖੇਤਰ ਵਿਚ ਕੰਮ ਕਰਦੇ, ਜਮਹੂਰੀ ਅਧਿਕਾਰਾਂ ਦੀ ਗੱਲ ਕਰਦੇ ਲੋਕਾਂ ਨੂੰ ਭੀਮੇਕੋਰੇ ਗਾਂਵ ਅਤੇ ਅਜਿਹੇ ਹੀ ਅੱਧੀ ਦਰਜਨ ਤੋਂ ਵੱਧ ਕੇਸਾਂ ਵਿਚ ਜੇਲ੍ਹਾਂ ਵਿਚ ਸੜਨ ਲਈ ਸੁੱਟ ਦਿੱਤਾ ਗਿਆ ਸੀ। ਹਕੂਮਤਾਂ ਦਾ ਆਪਣੇ ਵਿਰੋਧੀ ਵਿਚਾਰਾਂ ਨੂੰ ਚੁੱਪ ਕਰਵਾਉਣ ਦਾ ਇਹ ਇਕ ਪੁਰਾਣਾ ਹਥਿਆਰ ਹੈ। ਪਰ ਭਾਜਪਾ ਜਾਂ ਕਹੋ, ਸੰਘ ਇਕ ਵਿਸ਼ੇਸ਼ ਪ੍ਰਚਾਰ ਰਾਹੀਂ ਆਪਣੇ ਦੁਸ਼ਮਣ ਟਿਕਦਾ ਹੈ ਅਤੇ ਫਿਰ ਹਮਲੇ ਕਰਦਾ ਹੈ। ਮੋਦੀ ਜਾਂ ਸੰਘ ਦੀ ਪਿਛਲੇਰੇ 12 ਸਾਲ ਦੀ ਕਾਰਗੁਜ਼ਾਰੀ ਤੇ ਨਿਗ੍ਹਾ ਮਾਰੀਏ ਤਾਂ ਦੇਸ਼ ਦੇ ਪੱਤਰਕਾਰਾਂ ਤੋਂ ਲੈ ਕੇ ਵਿਦਿਆਰਥੀ ਕਾਰਕੁੰਨਾਂ ਤੱਕ ਇਥੋਂ ਤੱਕ ਕਿ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਤੱਕ ਨੂੰ ਦੇਸ਼ ਦੇ ਹਰ ਰਾਜ, ਹਰ ਖੇਤਰ ਵਿਚ ਚੁੱਪ ਕਰਾਉਣ ਲਈ ਫਰਜ਼ੀ ਕੇਸ ਬਣਾ ਕੇ ਜੇਲ੍ਹਾਂ 'ਚ ਸੁਟਣ ਦਾ ਇਕ ਲੰਬਾ ਸਿਲਸਿਲਾ ਚਲਦਾ ਆ ਰਿਹਾ ਹੈ ਤੇ ਅਜੇ ਵੀ ਜਾਰੀ ਸੀ। ਪਰ ਹੁਣ 'ਅਰਬਨ ਨਕਸਲ' ਤੋਂ 'ਦਿਮਾਗੀ ਨਕਸਲ' ਸ਼ਬਦ ਤੱਕ ਦੀ ਯਾਤਰਾ ਦੇ ਨਾਲ-ਨਾਲ ਕੁਝ ਗੁੱਝੇ ਮਨਸ਼ਿਆਂ ਵੱਲ ਵੀ ਮੋਦੀ ਨੇ ਇਸ਼ਾਰਾ ਕੀਤਾ ਹੈ। ਉਹ 'ਨਾਦਾਨ ਲੋਕ' ਜਿਹੜੇ ਮੋਦੀ ਦੇ ਵਿਕਾਸ ਨੂੰ ਪਸੰਦ ਨਹੀਂ ਕਰਦੇ ਉਨ੍ਹਾਂ ਨਾਲ ਨਿਪਟਣ ਦੀ ਇਕ ਕਾਰਜ ਸ਼ਿਾ ਵੀ ਮੋਦੀ ਨੇ ਇਸੇ ਭਾਸ਼ਣ 'ਚ ਨਾਲ ਹੀ ਰੱਖੀ ਹੈ। ਉਹ ਹੈ 'ਸਿਵਲ ਡਿਫੈਂਸ'। ਦਿਮਾਗੀ ਨਕਸਲ 'ਤੇ ਤਾਂ ਦੇਸ਼ ਭਰ ਵਿਚ ਇਕ ਚਰਚਾ ਚਲ ਰਹੀ ਹੈ ਪਰ ਸਿਵਲ ਡਿਫੈਂਸ ਵੱਲ ਧਿਆਨ ਬਹੁਤ ਘੱਟ ਗਿਆ ਹੈ। ਆਦਿਵਾਸੀ ਹਥਿਆਰ ਬੰਦ ਨਕਸਲੀਆਂ ਨੂੰ ਕੁਚਲਣ ਲਈ ਪੈਰਾ ਮਿਲਟਰੀ ਤੇ ਪੁਲਿਸ ਫੋਰਸ ਦੀ ਨਿਸੰਗ ਵਰਤੋਂ ਕੀਤੀ ਗਈ। ਸੈਂਕੜਿਆਂ ਦੀ ਤਾਦਾਤ ਵਿਚ ਆਦਿਵਾਸੀ ਮਾਰ ਸੁੱਟੇ, ਸੈਂਕੜੇ ਪਿੰਡ ਉਜਾੜੇ ਸਾੜੇ। ਇਹ ਸਭ ਆਦਿਵਾਸੀ ਖੇਤਰਾਂ ਦੇ ਵਿਕਾਸ ਲਈ ਕੀਤਾ ਗਿਆ ਫੇਰ ਅਰਬਨ ਨਕਸਲੀਆਂ ਲਈ ਕਾਲੇ ਕਾਨੂੰਨਾਂ ਦਾ ਸਹਾਰਾ ਲਿਆ। ਇਸ 'ਤੇ ਵੀ ਦੇਸ਼ ਭਰ ਵਿਚ ਮੋਦੀ ਤੇ ਭਾਜਪਾ ਸਰਕਾਰ ਨੂੰ ਬੇਪੜਦ ਹੋਣਾ ਪਿਆ। ਹੁਣ ਦਿਮਾਗੀ ਨਕਸਲੀਆਂ ਲਈ ਸਿਵਲ ਡਿਫੈਂਸ ਫੋਰਸ ਨੂੰ ਅੱਗੇ ਆਉਣ ਦੀ ਹਰੀ ਝੰਡੀ ਦੇ ਦਿੱਤੀ ਹੈ।

ਮੋਦੀ ਕਹਿੰਦਾ ਹੈ ਕਿ ਇਹ ਦਿਮਾਗੀ ਨਕਸਲ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਖਤਰਾ ਹੈ। ਸੋ ਇਸ ਖਤਰੇ ਲਈ ਲੋਕਾਂ ਦਾ ਇਕ ਹਿੱਸਾ ਹੀ ਅਜਿਹੇ ਵਿਕਾਸ ਦੇ ਰਾਹ 'ਤੇ ਰੋੜਿਆਂ ਨੂੰ ਹਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਮੋਦੀ ਦੀ ਕੋਈ ਨਵੀਂ ਧਾਰਨਾ ਨਹੀਂ ਹੈ। ਯਾਦ ਹੋਵੇਗਾ ਇਤਿਹਾਸ ਦੇ ਪੰਨਿਆਂ 'ਚ ਦਰਜ ਹੈ ਕਿ ਜਰਮਨੀ ਹਿਟਲਰ ਦੇ ਰਾਜ ਕਾਲ ਵਿਚ ਹਿਟਲਰ ਤੋਂ ਦੂਸਰੇ ਨੰਬਰ ਦੇ ਵਿਅਕਤੀ ਹਰਮਨ ਗੋਰਿਗ (Herman goring) ਨੇ 1933 ਵਿਚ ਆਰ ਵੀ ਐਲ ਨਾਮੀ ਗੈਂਗਫੋਰਸ ਬਣਾਈ ਸੀ। ਜਿਸ ਦਾ ਕੰਮ ਸੀ ਹਿਟਲਰ ਅਤੇ ਉਹਦੇ ਨਾਜ਼ੀਵਾਦ ਵਿਰੁੱਧ ਵਿਚਾਰ ਰੱਖਣ ਵਾਲਿਆਂ ਦਾ ਪਤਾ ਲਾਉਣਾ ਅਤੇ ਫਿਰ ਗੈਸਟਾਪੋ ਤੱਕ ਉਸ ਦੀ ਜਾਣਕਾਰੀ ਭੇਜਣਾ। ਉਹ ਗੈਸਟਾਪੋ ਅਜਿਹੇ ਲੋਕਾਂ ਨਾਲ ਕੀ ਕਰਦੀ ਸੀ, ਇਹਦੇ ਲਈ ਜੂਲੀਅਸ ਫਿਊਚਕ ਦੀ ਕਿਤਾਬ ਤੇ ਹੋਰ ਕਿਤਾਬਾਂ ਪੜ੍ਹ ਲੈਣੀਆਂ ਚਾਹੀਦੀਆਂ ਹਨ। ਮੋਦੀ ਸਰਕਾਰ ਵਿਚ ਦੂਸਰੇ ਨੰਬਰ ਦਾ ਆਦਮੀ ਕੋਈ ਲੁਕਿਆ ਛਿਪਿਆ ਨਹੀਂ। ਜੰਗਲਾਂ 'ਚੋਂ ਮਾਰਚ 26 ਤੱਕ ਨਕਸਲੀਆਂ ਦੇ ਸਫ਼ਾਏ ਦੀ ਪੂਰੀ ਵਿਉਂਤ ਵਾਲੇ ਇਸੇ ਸ਼ਖਸ ਨੇ ਹੀ ਸਿਵਲ ਡਿਫੈਂਸ ਫੋਰਸ ਦੀ ਕਮਾਨ ਸੰਭਾਲਣੀ ਹੈ।

ਵੈਸੇ ਆਰ.ਐਸ.ਐਸ. ਕਈ ਦਹਾਕਿਆਂ ਤੋਂ ਅਜਿਹੀ 'ਸਿਵਲ ਡਿਫੈਂਸ' ਫੋਰਸ ਵੱਖ ਵੱਖ ਨਾਵਾਂ ਹੇਠ ਖੜ੍ਹੀ ਕਰਦੀ ਆ ਰਹੀ ਹੈ। ਬਰਜੰਗ ਦਲ, ਸ੍ਰੀ ਰਾਮ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ, ਕਰਨੀ ਸੈਨਾ ਅਤੇ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਨਾਵਾਂ ਹੇਠ ਦਰਜਨਾਂ ਅਜਿਹੇ ਸੰਗਠਨ ਅਜਿਹੀ ਹੀ ਭੂਮਿਕਾ ਨਿਭਾਉਂਦੇ ਆ ਰਹੇ ਹਨ। ਜਿਹਦੇ ਵੱਲ ਮੋਦੀ ਇਸ਼ਾਰਾ ਕਰ ਰਿਹਾ ਹੈ। ਗਊ ਰੱਖਿਆ, ਲਵ ਜੇਹਾਦ ਆਦਿ ਤੋਂ ਲੈ ਕੇ ਦਲਿਤਾਂ ਅਤੇ ਮੁਸਲਮਾਨਾਂ 'ਤੇ ਹਮਲਿਆਂ ਤੱਕ। ਪਿਛਲੇਰੇ 12 ਸਾਲ ਵਿਚ ਜੋ ਨਾਕਾਰਾਆਤਮਕ ਭੂਮਿਕਾ ਇਨ੍ਹਾਂ ਸੰਗਠਨਾਂ ਨੇ ਨਿਭਾਈ ਅਤੇ ਸਮਾਜ ਨੂੰ ਦਹਿਸ਼ਤਜਦਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਇਹ ਦੇਸ਼ ਦੇ ਲੋਕਾਂ ਦੇ ਸਾਹਮਣੇ ਹੈ। ਬਹੁਤ ਸਾਰੇ ਅਜਿਹੇ ਅਨਸਰ ਵੀ ਸਰਗਰਮ ਰਹੇ ਜਿਹੜੇ ਮੋਦੀ ਜਾਂ ਮੋਦੀ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ 'ਤੇ ਮੁਕੱਦਮੇ ਦਰਜ ਕਰਾਉਣ ਦਾ ਹਥਿਆਰ ਵਰਤਦੇ ਰਹੇ। ਪਰ ਸਮਾਜ ਨੇ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਪ੍ਰਵਾਨ ਨਹੀਂ ਕੀਤਾ ਸਗੋਂ ਇਨ੍ਹਾਂ ਨੂੰ ਲੰਪਟ ਅਨਸਰ ਕਹਿ ਕੇ ਹੀ ਗਰਦਾਨਿਆਂ।

ਯਾਦ ਹੋਵੇਗਾ ਜਦੋਂ ਨਾਗਰਿਕਤਾ ਸੋਧ ਕਾਨੂੰਨ ਤੇ ਕੌਮੀ ਨਾਗਰਿਕ ਰਜਿਸਟਰ ਵਿਰੁੱਧ ਦੇਸ਼ ਭਰ ਵਿਚ ਅੰਦੋਲਨ ਚਲਿਆ ਸੀ ਜਾਂ ਫਿਰ ਜਵਾਹਰ ਲਾਲ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟ ਤੇ ਹੋਰ ਵਿਦਿਅਕ ਸੰਸਥਾਵਾਂ ਵਿਚ ਸੰਘ ਦੀ ਵਿਦਿਆਰਥੀ ਪ੍ਰੀਸ਼ਦ ਨੇ ਆਵਾਜ਼ ਉਠਾਉਣ ਵਾਲੇ ਲੋਕਾਂ ਨਾਲ ਜਿਹੋ ਜਿਹਾ ਵਰਤਾ ਕੀਤਾ ਸੀ ਤਾਂ ਦੇਸ਼ ਦੇ ਵੱਡੇ ਹਿੱਸੇ ਨੇ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ ਸਗੋਂ ਸਰਕਾਰ 'ਤੇ ਹੀ ਸਵਾਲ ਉਠਾਏ ਸਨ। ਇਵੇਂ ਹੀ ਕਿਸਾਨ ਸੰਘਰਸ਼ ਵੇਲੇ ਵੀ ਸਿੰਘੂ ਬਾਰਡਰ ਅਤੇ ਹੋਰ ਥਾਵਾਂ ਵਿਸ਼ੇਸ਼ ਕਰਕੇ ਲਖੀਮਪੁਰ ਖੇੜੀ, ਹਰਿਆਣਾ ਦੇ ਕਈ ਸ਼ਹਿਰਾਂ ਵਿਚ ਸੰਘੀ ਫੋਰਸ ਨੇ ਸੰਘਰਸ਼ ਕਰਦੇ ਲੋਕਾਂ ਨੂੰ ਖਦੇੜਨ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਭਾਜਪਾ ਸਰਕਾਰ ਬੇਪੜਦ ਹੋਈ ਸੀ। ਇਹਦੇ ਵੇਰਵਿਆਂ ਦੀ ਇਕ ਲੰਬੀ ਲਿਸਟ ਹੈ।

ਹੁਣੇ ਹੀ ਜਦੋਂ ਨਵੀਂ ਪੀੜ੍ਹੀ ਨੇ ਵਿਦਿਅਕ ਪ੍ਰਬੰਧ ਦੀਆਂ ਕੁਰੀਤੀਆਂ ਨੂੰ ਲੈ ਕੇ ਜੰਤਰ ਮੰਤਰ ਵਿਚ ਰੋਸ ਪ੍ਰਦਰਸ਼ਨ ਕੀਤਾ ਸੀ ਤਾਂ ਪੁਲਿਸ ਨੇ ਨਾਲ ਸਿਵਲ ਕੱਪੜਿਆਂ ਵਿਚ ਡੰਡੇ ਤੇ ਹਥਿਆਰ ਲੈ ਕੇ ਵਿਦਿਆਰਥੀਆਂ 'ਤੇ ਹਮਲੇ ਕਰਨ ਵਾਲੀ ਇਹ ਸੰਘੀ ਫੋਰਸ ਵੀ ਸੀ। ਜਿਸ ਨੂੰ ਸੋਸ਼ਲ ਮੀਡੀਆ ਨੇ ਬੇਪਰਦ ਕੀਤਾ ਸੀ। ਹੁਣੇ ਹੀ ਜਾਦਵਪੁਰ ਯੂਨੀਵਰਸਿਟੀ ਵਿਚ ਕਾਨੂੰਨ ਦੇ ਵਿਦਿਆਰਥੀਆਂ ਨੇ ਜਦੋਂ ਚੀਫ਼ ਜਸਟਿਸ ਤੋਂ ਡਿਗਰੀਆਂ ਲੈਣਾ ਅਸਵੀਕਾਰ ਕੀਤਾ ਤਾਂ ਪਹਿਲਾਂ ਤਾਂ ਉਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਦੀ ਗੱਲ ਕਹੀ ਤੇ ਫਿਰ 19 ਅਗਸਤ ਨੂੰ ਸੰਘੀ ਲਾਣੇ ਦੇ ਹਜੂਮ ਨੇ ਪੁਲਿਸ ਦੀ ਹਾਜ਼ਰੀ ਵਿਚ ਉਸ ਹੋਸਟਲ 'ਤੇ ਹਮਲਾ ਕਰ ਦਿੱਤਾ ਜਿਥੇ ਇਹ ਵਿਦਿਆਰਥੀ ਰਹਿੰਦੇ ਸਨ। ਇੱਟਾਂ ਰੋੜਿਆਂ ਤੇ ਹਥਿਆਰਾਂ ਨਾਲ ਲੈਸ ਇਸ ਗੁੰਡਾ ਗੈਂਗ ਤੋਂ ਬਚਾਅ ਲਈ ਜਦੋਂ ਉਨ੍ਹਾਂ ਗੇਟ ਲਾ ਲਏ ਤਾਂ ਉਨ੍ਹਾਂ 'ਤੇ ਬਲਦੇ ਹੋਏ ਕੱਪੜੇ ਤੇ ਹੋਰ ਸਮਾਨ ਸੁੱਟਿਆ ਤਾਂ ਕਿ ਉਹ ਅੰਦਰ ਹੀ ਸੜ ਜਾਣ। ਇਹ ਉਹੀ ਸਿਵਲ ਡਿਫੈਂਸ ਦੀ ਭਾਸ਼ਾ ਬੋਲਣ ਪਿਛੋਂ ਵਾਪਰਿਆ ਜਿਹੜੀ ਮੋਦੀ ਨੇ 15 ਅਗਸਤ ਨੂੰ ਬੋਲੀ ਸੀ।

ਮੋਦੀ ਨੇ ਦਿਮਾਗੀ ਨਕਸਲੀਆਂ ਨੂੰ ਭਾਵ ਭਾਜਪਾ ਸਰਕਾਰ 'ਤੇ ਮੋਦੀ ਵਿਰੁੱਧ ਬੋਲਣ ਵਾਲੇ ਜਾਂ ਸਰਕਾਰ ਦੀਆਂ ਨੀਤੀਆਂ ਵਿਰੁੱਧ ਸੰਘਰਸ਼ ਕਰਨ ਵਾਲਿਆਂ ਵਿਰੁੱਧ ਸਿਵਲ ਡਿਫੈਂਸ ਫੋਰਸ ਖੜ੍ਹੀ ਕਰਨ ਦਾ ਜੋ ਸੱਦਾ ਦਿੱਤਾ ਹੈ, ਇਹ ਆਪਣੇ ਆਪ ਵਿਚ ਉਸ ਫੋਰਸ ਨੂੰ ਕਾਨੂੰਨੀਜਾਮਾ ਪਹਿਨਾਉਣ ਦਾ ਇਸ਼ਾਰਾ ਹੈ ਜਿਹੜੀ ਫੋਰਸ ਪਹਿਲਾਂ ਹੀ ਅਜਿਹੀ ਭੂਮਿਕਾ ਵੱਖ-ਵੱਖ ਰੂਪ ਵਿਚ ਨਿਭਾਅ ਰਹੀ ਹੈ। ਵਿਦਿਅਕ ਸੰਸਥਾਵਾਂ 'ਤੇ ਖੁੱਲ੍ਹੇ ਹਾਲਾਂ ਵਿਚ ਸੰਘ ਦੀ ਆਲੋਚਨਾ ਕਰਨ ਵਾਲੀਆਂ ਗੋਸ਼ਟੀਆਂ ਨੂੰ ਖਦੇੜਨ ਵਿਚ ਅਜਿਹੇ ਲੰਪਟ ਅਨਸਰਾਂ ਨੇ ਜੋ ਭੂਮਿਕਾਵਾਂ ਨਿਭਾਈਆਂ ਹਨ ਹੁਣ ਸਰਕਾਰ ਨੇ ਇਨ੍ਹਾਂ ਨੂੰ ਇਸ ਨਾਂ ਹੇਠ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਦੇਸ਼ ਦੇ ਵਿਕਾਸ ਦੇ ਰਾਹ ਵਿਚ ਇਹੀ ਵੱਡੇ ਰੋੜੇ ਹਨ। ਇਨ੍ਹਾਂ ਨੂੰ ਅਜਿਹੇ ਭੜਕਾਊ ਲੋਕਾਂ ਦਾ ਇਕ ਹਿੱਸਾ ਹੀ ਨਿਪਟੇਗਾ ਅਤੇ ਪੁਲਿਸ ਇਹਦੀ ਰਾਖੀ ਲਈ ਪਿਛੇ ਖਲੋਵੇਗੀ।

ਜਦੋਂ ਦੇਸ਼ ਭਰ ਦੀ ਪੁਲਿਸ ਨੂੰ ਸਿੱਧਾ ਅਮਿਤ ਸ਼ਾਹ ਭਾਵ ਗ੍ਰਹਿ ਵਿਭਾਗ ਚਲਾ ਰਿਹਾ ਹੋਵੇ ਤੇ ਪੈਰਾ ਮਿਲਟਰੀ ਫੋਰਸਾਂ ਦੀ ਨਿਸੰਗ ਵਰਤੋਂ ਵੀ ਹਕੂਮਤ ਕਰ ਰਹੀ ਹੋਵੇ। ਸਮੁੱਚੀ ਨਿਆਂਪਾਲਿਕਾ ਹਕੂਮਤ ਦੀ ਰਾਖੀ ਲਈ ਤਤਪਰ ਹੋਵੇ ਤਾਂ ਫਿਰ ਸਿਵਲ ਡਿਫੈਂਸ ਫੋਰਸ ਖੜ੍ਹੀ ਕਰਨ ਪਿਛੇ ਕੀ ਮਕਸਦ ਹੈ? ਇਸ਼ਾਰਾ ਸਾਫ਼ ਹੈ ਕਿ ਲੋਕਾਂ ਦੇ ਇਕ ਕੱਟੜਵਾਦੀ ਹਿੱਸੇ ਨੂੰ ਸੰਘੀ ਫਾਸ਼ੀਵਾਦੀ ਪ੍ਰਚਾਰ ਨਾਲ ਗੁੰਮਰਾਹ ਕਰਕੇ ਸਮਾਜ ਦੇ ਚੇਤੰਨ ਹਿੱਸਿਆਂ ਨੂੰ ਚੁੱਪ ਕਰਵਾਉਣ ਤੇ ਦਬਾਉਣ ਲਈ ਇਸ ਦੀ ਨੰਗੀ ਚਿੱਟੀ ਵਰਤੋਂ ਕਰਨਾ। ਬੰਗਾਲ ਵਿਚ ਚੋਣਾਂ ਪਿਛੋਂ ਜੋ ਤਾਂਡਵ ਸੰਘੀ ਗੈਂਗਾਂ ਵਲੋਂ ਮਚਾਇਆ ਗਿਆ ਹੈ, ਇਹ ਕੋਈ ਗੁੱਝਾ ਨਹੀਂ। ਮੋਦੀ ਨੇ ਸਾਫ਼ ਇਸ਼ਾਰਾ ਦੇਸ਼ ਦੇ ਲੋਕਾਂ ਨੂੰ ਅਤੇ ਵਿਸ਼ੇਸ਼ ਕਰਕੇ ਅਗਾਂਹਵਧੂ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਦਿੱਤਾ ਹੈ।

ਜੋ ਭੂਮਿਕਾ ਸੰਘ 2014 ਤੋਂ ਪਹਿਲਾਂ ਲੁਕਵੇਂ ਰੂਪ ਵਿਚ ਨਿਭਾਉਂਦਾ ਆ ਰਿਹਾ ਸੀ ਅਤੇ 2014 ਤੋਂ ਪਿਛੋਂ ਅੱਧਾ ਘੁੰਡ ਕੱਢ ਕੇ ਨਿਭਾਅ ਰਿਹਾ ਸੀ, ਹੁਣ ਉਹਨੂੰ ਨੰਗੇ ਚਿੱਟੇ ਰੂਪ ਵਿਚ ਖੇਡਣ ਲਈ ਤਿਆਰ ਬੈਠਾ ਹੈ। ਇਹ ਹੀ ਨਹੀਂ ਸੰਘ ਦੀ ਇਸ ਲਈ ਹੇਠਾਂ ਤੱਕ ਤਿਆਰੀ ਹੈ ਤੇ ਇਸ ਤਿਆਰੀ ਦੀਆਂ ਕਈ ਸ਼ਕਲਾਂ ਨੂੰ ਜੋੜ ਕੇ ਦੇਖਣਾ ਬਣਦਾ ਹੈ। ਪਿਛਲੇਰੇ ਲੰਮੇ ਸਮੇਂ ਤੋਂ ਦੇਸ਼ ਦੇ ਲਗਭਗ ਹਰ ਰਾਜ ਵਿਚੋਂ ਨਜਾਇਜ਼ ਹਥਿਆਰਾਂ ਦੀ ਬਰਾਮਦਗੀ ਨਾਲ ਸੰਘ ਦੇ ਕਾਰਕੁੰਨਾਂ ਦੇ ਨਾਮ ਜੁੜਦੇ ਆ ਰਹੇ ਹਨ। ਸੰਘ ਨੇ ਆਪਣੇ ਸੈਨਿਕ ਸਕੂਲ ਵੀ ਖੜ੍ਹੇ ਕੀਤੇ ਹ ਨ ਅਤੇ ਦੇਸ਼ ਭਰ ਵਿਚ ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੇ ਅਪਰਾਧਿਕ ਗੈਂਗਾਂ ਨਾਲ ਵੀ ਇਸ ਦੀ ਨੇੜਤਾ ਹੈ। ਸੰਘ ਤੇ ਭਾਜਪਾ ਸਿਰਫ਼ ਫਿਰਕੂ ਨਫ਼ਰਤ ਦੀ ਅੱਗ 'ਚ ਹੀ ਸਮਾਜ ਤੇ ਦੇਸ਼ ਨੂੰ ਧੱਕਦੀ, ਸਗੋਂ ਦੇਸ਼ ਦੇ ਹਰ ਖਿੱਤੇ ਵਿਚ ਘਰੇਲੂ ਯੁੱਧ (ਭਾਵ ਗ੍ਰਹਿ ਯੁੱਧ) ਦੀ ਤਿਆਰੀ ਕਰ ਰਹੀ ਹੈ। ਮਨੀਪੁਰ ਇਸ ਦੀ ਉਘੜਵੀਂ ਮਿਸਾਲ ਹੈ। ਬੰਗਾਲ ਤੇ ਅਸਾਮ ਤੋਂ ਲੈ ਕੇ ਉਤਰੀ ਭਾਰਤ ਵਿਚ ਹਰਿਆਣਾ ਪੰਜਾਬ ਤੱਕ ਇਸ ਦੇ ਖਤਰੇ ਮੰਡਲਾ ਰਹੇ ਹਨ। ਮੋਦੀ ਦਾ ਇਸ਼ਾਰਾ ਸੰਘਰਸ਼ਸ਼ੀਲ ਤਬਕਿਆਂ ਨੂੰ ਸਿਵਲ ਡਿਫੈਂਸ ਫੋਰਸ ਨਾਲ ਕੁਚਲਣ ਵੱਲ ਹੈ। ਇਹ ਇਕ ਪ੍ਰਤੱਖ ਸੱਚਾਈ ਹੈ। ਸੰਘ ਤੇ ਮੋਦੀ ਜੰਤਰ ਮੰਤਰ ਵਿਚ ਨੌਜਵਾਨ, ਵਿਦਿਆਰਥੀਆਂ ਵਲੋਂ ਵਿਦਿਅਕ ਪ੍ਰਬੰਧ ਦੇ ਨਿਘਾਰ ਵਿਰੁੱਧ ਕੀਤੇ ਰੋਸ ਪ੍ਰਦਰਸ਼ਨ ਤੋਂ ਖੌਫ਼ਜਦਾ ਹੋ ਗਿਆ ਹੈ। ਕਿਉਂਕਿ ਇਸ ਵਿਚ ਉਨ੍ਹਾਂ ਦੇ ਮਾਪੇ ਵੀ ਸ਼ਾਮਲ ਸਨ ਅਤੇ ਦੇਸ਼ ਵਿਦੇਸ਼ ਤੋਂ ਇਹਨੂੰ ਹਮਾਇਤ ਵੀ ਮਿਲ ਰਹੀ ਸੀ। ਸੰਘ ਦੇ ਥਿੰਕ ਟੈਂਕ ਜਾਣਦੇ ਹਨ ਕਿ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਭਰ ਵਿਚ ਉਨ੍ਹਾਂ ਵਿਰੁੱਧ ਲੋਕਾਈ 'ਚ ਵਿਆਪਕ ਗੁੱਸਾ ਹੈ। ਨਵੀਂ ਪੀੜ੍ਹੀ ਤੇ ਫਿਰ ਛੋਟੀ ਪੀੜ੍ਹੀ ਵੀ ਸੜਕਾਂ 'ਤੇ ਆ ਰਹੀ ਹੈ ਜਿਸ ਨੂੰ ਪੁਲਿਸ ਫੋਰਸ ਨਾਲ ਦਹਿਸ਼ਤਜਦਾ ਕੀਤਾ ਜਾ ਰਿਹਾ ਹੈ ਉਹ ਜਾਣਦੇ ਹਨ ਕਿ ਜੇ ਇਸ ਆਪਮੁਹਾਰੇ ਰੋਹ ਦੇ ਅੱਗੇ ਬਦਲਵੀਂ ਸੇਧ ਦੇਣ ਵਾਲੀਆਂ ਫੋਰਸਾਂ ਆ ਜੁੜੀਆਂ ਤਾਂ ਹਕੂਮਤ ਲਈ ਨਵੀਂ ਮੁਸੀਬਤ ਖੜ੍ਹੀ ਹੋ ਜਾਵੇਗੀ। ਇਹ ਖੌਫ਼ ਮੋਦੀ ਤੇ ਸੰਘ ਨੂੰ ਸਤਾ ਰਿਹਾ ਹੈ।

ਵੈਸੇ ਵੀ ਮੋਦੀ ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਹਰ ਸਮੇਂ ਦੇ ਹਾਕਮ ਚੇਤੰਨ ਤਬਕਿਆਂ ਤੇ ਲੋਕ ਰੋਹ ਤੋਂ ਖ਼ਫ਼ਾ ਹੋ ਕੇ ਅਜਿਹੀ ਸ਼ਬਦਾਵਲੀ ਹੀ ਬੋਲਦੇ ਰਹੇ ਹਨ। ਕਦੇ ਮਾਰਕਸ ਦਾ ਭੂਤ ਯੂਰਪ ਨੂੰ ਸਤਾਉਂਦਾ ਸੀ। ਕਦੇ ਪ੍ਰਸਿੱਧ ਮਾਰਕਸ ਵਿਗਿਆਨੀ ਗ੍ਰਾਮ ਨੂੰ ਜੇਲ੍ਹ 'ਚ ਸੁੱਟਣ ਸਮੇਂ ਉਸ ਸਮੇਂ ਦੇ ਜੱਜਾਂ ਨੇ ਅਜਿਹੀ ਹੀ ਟਿਪਣੀ ਕੀਤੀ ਸੀ ਕਿ "ਇਸ ਆਦਮੀ ਦੇ ਦਿਮਾਗ ਨੂੰ 20 ਸਾਲ ਤੱਕ ਕੰਮ ਕਰਨ ਤੋਂ ਰੋਕਣਾ ਪਵੇਗਾ।" ਦਿਮਾਗ ਦਾ ਕੰਮ ਕਰਨਾ ਸੱਤਾ ਲਈ ਮੁਸੀਬਤ ਰਿਹਾ ਹੈ। ਸੋ ਦਿਮਾਗ ਨਾਲ ਸਿਡਨ ਲਈ ਮੋਦੀ ਉਸੇ ਹਥਿਆਰ ਨੂੰ ਪਾਲਿਸ਼ ਕਰਕੇ ਲਿਆਉਣ ਦੀ ਤਿਆਰੀ ਵਿਚ ਹੈ, ਜਿਸ ਨੂੰ ਨਾਜ਼ੀ ਜਰਮਨ ਲੈ ਕੇ ਆਏ ਸਨ। ਜਦੋਂ ਦਿਮਾਗਾਂ ਦੇ ਕੰਮ ਕਰਨ ਤੋਂ ਰੋਕਣ ਲਈ ਪੁਲਿਸ, ਨਿਆਂਪਾਲਿਕ, ਨੀਮ ਫੌਜੀ ਫੋਰਸਾਂ ਤੇ ਜੇਲ੍ਹਾਂ ਛੋਟੀਆਂ ਪੈ ਜਾਣ ਤਾਂ ਫਿਰ 'ਸੋਸ਼ਲ ਡਿਫੈਂਸ ਫੋਰਸ' ਦਾ ਹਥਿਆਰ ਹੀ ਲਿਆਂਦਾ ਜਾਂਦਾ ਹੈ। ਸਾਫ਼ ਹੈ ਕਿ ਐਸ ਵੇਲੇ ਕਾਰਪੋਰੇਟ ਪੂੰਜੀ ਤੇ ਕੱਟੜ ਧਾਰਮਿਕ ਸੰਘੀ ਵਿਚਾਰਧਾਰਾ ਲਈ ਉਹ ਦਿਮਾਗ ਬਹੁਤ ਖਤਰਨਾਕ ਹਨ ਜਿਹੜੇ ਉਨ੍ਹਾਂ ਦੀ ਵਿਵਸਥਾ ਦੇ ਨਿਘਾਰ ਨੂੰ ਬੇਪੜਦ ਕਰਦੇ ਹਨ ਅਤੇ ਮਨੁੱਖ ਹਿਤੈਸ਼ੀ ਵਿਵਸਥਾ ਸਿਰਜਨ ਦਾ ਮਤ ਰੱਖਦੇ ਹਨ।

ਜਦੋਂ ਤੱਕ ਗੈਰ ਬਰਾਬਰੀ ਰਹੇਗੀ, ਮਨੁੱਖ ਦੇ ਜੀਉਣ ਦੀਆਂ ਹਾਲਤਾਂ ਹੋਰ ਤੰਗ ਹੁੰਦੀਆਂ ਰਹਿਣਗੀਆਂ, ਨੌਜਵਾਨ ਪੀੜ੍ਹੀ ਤੋਂ ਵਿਦਿਆ, ਸਿਹਤ, ਰੋਜ਼ਗਾਰ ਤੇ ਨਿਆਂਸ਼ੀਲ ਪ੍ਰਬੰਧ ਖੋਹਿਆ ਜਾਂਦਾ ਰਹੇਗਾ, ਉਦੋਂ ਤੱਕ ਦਿਮਾਗ ਵਿਚ ਹਲਚਲ ਪੈਦਾ ਹੁੰਦੀ ਰਹੇਗੀ। ਸਵਾਲ ਉਠਦੇ ਰਹਿਣਗੇ। ਹਾਕਮ ਜਿੰਨਾ ਮਰਜ਼ੀ ਡਰ ਤੇ ਦਹਿਸ਼ਤ ਦਾ ਮਾਹੌਲ ਬਣਾ ਲੈਣ, ਔਖੀਆਂ ਤੋਂ ਔਖੀਆਂ ਹਾਲਤਾਂ ਵਿਚ ਵੀ ਦਿਮਾਗ ਤਾਂ ਸੋਚੇਗਾ ਹੀ ਸੋਚੇਗਾ। ਹਿਟਲਰ ਨੇ ਵੀ ਅਜਿਹਾ ਹੀ ਸੁਪਨਾ ਵੇਖਿਆ ਸੀ। ਪਰ ਜੁਲਮਾਂ ਦੀ ਇੰਤਹਾ ਪਿਛੇ, ਲੋਕਾਈ ਦੀ ਦਿਮਾਗੀ ਚੇਤੰਨਤਾ ਨੇ ਉਹਦਾ ਵੀ ਅੰਤ ਕੀਤਾ ਸੀ। ਭਗਤ ਸਿੰਘ ਦੇ ਬੋਲ ਰਹੇ ਹੈ :

**ਹਵਾ ਮੇਂ ਰਹੇਂਗੀ, ਮੇਰੇ ਖਿਆਲ ਕੀ ਬਿਜਲੀਆਂ।**
**ਯੇ ਮਸ਼ਤ-ਏ-ਖਾਕ ਹੈ, ਫਾਨੀ ਰਹੇ ਨਾ ਰਹੇ**




## ਪੱਤਰਕਾਰ ਰਮਨਜੀਤ ਸਿੰਘ ਸਿੱਧੂ ਵਿਰੁੱਧ ਮਾਣਹਾਨੀ ਕੇਸ ਦਾ ਡੱਟਕੇ ਵਿਰੋਧ ਕਰੋ : ਸਰੋਕਾਰਾਂ ਦੀ ਆਵਾਜ਼

EWH Media ਅਤੇ ਨਿਧੜਕ ਪੱਤਰਕਾਰ ਰਮਨਜੀਤ ਸਿੰਘ ਸਿੱਧੂ ਨੇ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕ 'ਚ ਡੱਟ ਕੇ ਆਵਾਜ਼ ਉਠਾਈ ਹੈ। ਇਸ ਕਾਰਨ CIOT ਗਰੁੱਪ ਵੱਲੋਂ ਉਸਦੀ ਆਵਾਜ਼ ਨੂੰ ਦਬਾਉਣ ਲਈ ਮਾਣਹਾਨੀ ਦੇ ਝੂਠੇ ਕੇਸ ਵਿਚ ਉਲਝਾਇਆ ਗਿਆ ਹੈ। ਉਸ ਵਿਰੁੱਧ 10 ਲੱਖ ਡਾਲਰ ਮਾਣਹਾਨੀ ਦਾ ਦਾਅਵਾ ਕੀਤਾ ਗਿਆ ਹੈ ਤਾਂ ਕਿ ਸੱਚ ਬੋਲਣ ਦਾ ਮੁੱਲ ਤਾਰਨ ਦੀ ਭਿਆਨਕਤਾ ਤੋਂ ਖ਼ੌਫ਼ਜ਼ਦਾ ਹੋ ਕੇ ਉਹ ਚੁੱਪ ਕਰ ਜਾਵੇ ਅਤੇ ਹੋਰ ਕੋਈ ਮੀਡੀਆ ਵਾਲਾ ਵੀ ਆਵਾਜ਼ ਉਠਾਉਣ ਦੀ ਜ਼ੁਅਰਤ ਨਾ ਕਰੇ। ਇਤਿਹਾਸ ਗਵਾਹ ਹੈ ਕਿ ਅਜਿਹੇ ਜਾਬਰ ਕਾਰੇ ਪੱਤਰਕਾਰਾਂ ਨੂੰ ਸੱਚ ਬੋਲਣ ਤੋਂ ਨਹੀਂ ਰੋਕ ਸਕਦੇ। ਅਦਾਰਾ ਸਰੋਕਾਰਾਂ ਦੀ ਆਵਾਜ਼ ਮੀਡੀਆ ਦੀ ਜ਼ੁਬਾਨਬੰਦੀ ਦੀ ਇਸ ਘਿਣਾਉਣੀ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਾ ਹੈ। ਅਸੀਂ ਮੰਗ ਕਰਦੇ ਹਾਂ ਕਿ ਕੈਨੇਡਾ ਸਰਕਾਰ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨਾ ਬੰਦ ਕਰੇ, ਪੜ੍ਹਾਈ ਨੂੰ ਮੁਨਾਫ਼ੇ ਦਾ ਧੰਦਾ ਬਣਾ ਕੇ ਵਿਦਿਆਰਥੀਆਂ ਨਾਲ ਕੀਤੀ ਜਾ ਰਹੀ ਧੋਖਾਧੜੀ ਬੰਦ ਕੀਤੀ ਜਾਵੇ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਟ ਵਰਕ ਪਰਮਿਟ ਦਿੱਤੇ ਜਾਣ। ਅਦਾਰਾ ਸਮੂਹ ਲੋਕਪੱਖੀ, ਨਿਆਂਪਸੰਦ ਤਾਕਤਾਂ ਨੂੰ ਮੀਡੀਆ ਤੇ ਪੱਤਰਕਾਰਤਾ ਦੀ ਆਜ਼ਾਦੀ ਦੇ ਹੱਕ ਵਿਚ ਇਕਜੁੱਟ ਹੋ ਕੇ ਆਵਾਜ਼ ਉਠਾਉਣ ਦੀ ਪੁਰਜ਼ੋਰ ਅਪੀਲ ਕਰਦਾ ਹੈ।

SHAHEED BHAGAT SINGH BOOK CENTRE
Calgary Canada



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote
New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ
ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

# ਕਿਊਬਾ 'ਚ ਨਵੇਂ 'ਆਰਥਿਕ ਸੁਧਾਰਾਂ' ਉਪਰ ਇੱਕ ਨਜ਼ਰ

**ਗੁਰਪ੍ਰੀਤ ਅੰਮ੍ਰਿਤਸਰ**

ਲਾਤੀਨੀ ਅਮਰੀਕਾ ਦੇ, ਸਮਾਜਵਾਦੀ ਕਹਾਏ ਜਾਂਦੇ ਦੇਸ਼ ਕਿਊਬਾ ਨੇ, ਸਾਮਰਾਜੀ ਅਮਰੀਕਾ ਵੱਲੋਂ ਪਿਛਲੇ ਕੁਝ ਸਮੇਂ ਤੋਂ ਕੀਤੀ ਹੋਈ ਦਮਘੋਟੂ ਆਰਥਿਕ ਨਾਕਾਬੰਦੀ ਅੱਗੇ ਗੋਡੇ ਟੇਕਦਿਆਂ ਦੇਸ਼ ਦੇ ਅਰਥਚਾਰੇ ਨੂੰ ਪੂਰੀ ਤਰ੍ਹਾਂ ਨਾਲ਼ ਤਬਦੀਲ ਕਰਨ ਲਈ ਆਰਥਿਕ ਨੀਤੀ ਦਾ ਐਲਾਨ ਕਰ ਦਿੱਤਾ। ਇਹ ਅਖੌਤੀ ਸੁਧਾਰ ਦੇਸ਼ ਦੇ ਅਖੌਤੀ "ਸਮਾਜਵਾਦੀ" ਅਰਥਚਾਰੇ ਵਿੱਚ ਆਈ ਖੜੋਤ ਨੂੰ ਤੋੜਨ ਅਤੇ "ਪੈਦਾਵਾਰੀ ਤਾਕਤਾਂ ਨੂੰ ਮੁਕਤ ਕਰਨ" ਅਤੇ ਚੀਨ ਅਤੇ ਵੀਅਤਨਾਮ ਦੀ ਤਰਜ 'ਤੇ ਅਰਥਚਾਰੇ ਦੇ ਮੁੜ-ਗਠਨ ਲਈ ਕੀਤੇ ਗਏ ਹਨ। ਪਾਠਕਾਂ ਨੂੰ ਇਸ ਭਾਰੀ-ਭਰਕਮ ਸ਼ਬਦਾਵਲੀ ਦੇ ਓਹਲੇ ਲੁਕੇ ਅਸਲ ਸੱਚ ਯਾਨੀ ਕਿਊਬਾ ਵਿੱਚ ਬਚੇ-ਖੁਚੇ ਲੋਕ ਭਲਾਈ ਦੇ ਖੇਤਰਾਂ, ਸਕੀਮਾਂ ਨੂੰ ਵੀ ਪੂਰੀ ਤਰ੍ਹਾਂ ਨਾਲ਼ ਖਤਮ ਕਰਕੇ, ਸਿੱਧੇ ਰੂਪ ਵਿੱਚ ਸਰਮਾਏਦਾਰੀ ਦੇਸ਼ ਹੋਣ ਦੇ ਐਲਾਨ ਦੇ ਰੂਪ ਵਿੱਚ ਸਮਝਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਕਿਊਬਾ ਕੋਈ ਸਮਾਜਵਾਦੀ ਦੇਸ਼ ਨਹੀਂ ਸੀ, ਸਗੋਂ ਰਾਜਕੀ ਸਰਮਾਏਦਾਰੀ ਅਤੇ ਮੰਡੀ-ਸਮਾਜਵਾਦ ਦੇ ਨਾਮ 'ਤੇ ਇੱਕ ਸਰਮਾਏਦਾਰਾ ਦੇਸ਼ ਹੀ ਸੀ। ਭਾਵੇਂ ਇਹਨਾਂ ਸੁਧਾਰਾਂ ਤੋਂ ਬਾਅਦ ਵੀ ਅਮਰੀਕੀ ਸਾਮਰਾਜੀਆਂ ਦਾ ਦਿਲ ਨਹੀਂ ਪਿਘਲਿਆ ਹੈ ਅਤੇ ਖ਼ਾਸਕਰ ਮਾਰਕੋ ਰੂਬੀਓ ਦੀ ਅਗਵਾਈ ਵਿੱਚ ਉਹ ਆਰਥਿਕ ਦੇ ਨਾਲ਼-ਨਾਲ਼ ਕਿਊਬਾ ਦੇ ਸਿਆਸੀ ਪ੍ਰਬੰਧ ਵਿੱਚ ਵੀ ਬਦਲਾਅ ਚਾਹੁੰਦੇ ਹਨ ਜਦਕਿ ਕਿਊਬਾ ਦੀ ਅਖੌਤੀ ਕਮਿਊਨਿਸਟ ਪਾਰਟੀ (ਜੋ ਸਿਰਫ਼ ਨਾਮ ਵਿੱਚ ਹੀ ਕਮਿਊਨਿਸਟ ਹੈ), ਨੇ ਕਿਹਾ ਹੈ ਕਿ ਦੇਸ਼ ਦੇ ਸਿਆਸੀ ਪ੍ਰਬੰਧ ਉੱਪਰ ਕੋਈ ਸਮਝੌਤਾ ਨਹੀਂ ਹੋਵੇਗਾ। ਅਜੇ ਵੀ ਅਮਰੀਕਾ ਵੱਲੋਂ ਕਿਊਬਾ ਦੀ ਆਰਥਿਕ ਨਾਕਾਬੰਦੀ ਜਾਰੀ ਹੈ ਜਿਸ ਨਾਲ਼ ਕਿਊਬਾ ਦੀ ਕਿਰਤੀ ਲੋਕਾਈ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਵਿੱਚ ਸਨਅਤ, ਖੇਤੀ, ਸੈਰ-ਸਪਾਟਾ, ਹੋਟਲ ਆਦਿ ਬੰਦ ਪਏ ਹੋਣ ਕਰਕੇ ਕਿਰਤੀ ਲੋਕਾਂ ਨੂੰ ਭੁੱਖਮਰੀ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕੀ ਸਦਰ ਟਰੰਪ ਨੇ ਕਿਊਬਾ ਨੂੰ ਸੰਯੁਕਤ ਰਾਜ ਅਮਰੀਕਾ ਲਈ ਇੱਕ ਵੱਡਾ ਖਤਰਾ ਐਲਾਨ ਦਿੱਤਾ ਅਤੇ ਕਿਊਬਾ ਉੱਪਰ ਪਹਿਲਾਂ ਤੋਂ ਹੀ ਜਾਰੀ ਆਰਥਿਕ ਪਾਬੰਦੀਆਂ ਦਾ ਘੇਰਾ ਹੋਰ ਵਧਾ ਦਿੱਤਾ।

ਕਿਸੇ ਵੀ ਦੇਸ਼ ਵੱਲੋਂ ਕਿਊਬਾ ਨੂੰ ਤੇਲ ਬਰਾਮਦ ਕਰਨ 'ਤੇ ਆਰਥਿਕ ਪਾਬੰਦੀਆਂ ਲਗਾਉਣ ਦੀ ਧਮਕੀ ਵੀ ਦੇ ਦਿੱਤੀ। ਕਿਊਬਾ ਨੂੰ ਬਿਲਕੁਲ ਸਪੱਸ਼ਟ ਧਮਕੀ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਕਿਊਬਾ ਨੇ ਅਮਰੀਕਾ ਦੇ ਕੌਮੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲ਼ੀਆਂ ਕਾਰਵਾਈਆਂ ਕੀਤੀਆਂ ਹਨ ਜਿਸ ਕਾਰਨ ਇਹ ਨਾਕਾਬੰਦੀ ਲਾਗੂ ਕੀਤੀ ਗਈ ਹੈ। ਮੁੱਦੇ ਦੀ ਗੱਲ ਇਹ ਹੈ ਕਿ ਆਪਣੇ ਆਪ ਨੂੰ ਸੰਸਾਰ ਦੀ ਸਭ ਤੋਂ ਵੱਡੀ ਆਰਥਿਕ ਅਤੇ ਫੌਜੀ ਮਹਾਂਸ਼ਕਤੀ ਕਹਿਣ ਵਾਲ਼ੇ ਦੇਸ਼ ਨੂੰ ਇੱਕ ਨਿੱਕੇ ਜਿਹੇ, ਕਮਜੋਰ ਅਰਥਚਾਰੇ ਵਾਲ਼ੇ ਕਿਊਬਾ ਤੋਂ ਕੀ ਖਤਰਾ ਹੋ ਸਕਦਾ ਹੈ? ਅਸਲ ਗੱਲ ਇਹ ਹੈ ਕਿ ਅਮਰੀਕਾ ਹੁਣ ਆਪਣੇ ਗੁਆਂਢ ਵਿੱਚ ਆਪਣਾ ਗਲਬਾ ਹੋਰ ਪੱਕੇ ਪੈਰੀਂ ਕਰਨਾ ਲੋਚਦਾ ਹੈ। ਅਜਿਹੀ ਕੋਈ ਵੀ ਹਕੂਮਤ ਜੋ ਇਸ ਖਿੱਤੇ ਵਿੱਚ ਰੂਸ-ਚੀਨ ਦੀ ਸਾਮਰਾਜੀ ਧੁਰੀ ਨਾਲ਼ ਮਿਲ਼ਕੇ ਚੱਲਦੀ ਹੋਵੇ, ਅਮਰੀਕਾ ਨੂੰ ਹੁਣ ਬਿਲਕੁਲ ਮਨਜੂਰ ਨਹੀਂ ਹੈ। ਇਸ ਸਾਲ ਦੇ ਸ਼ੁਰੂ ਵਿੱਚ ਵੈਨੇਜ਼ੁਏਲਾ ਦੇ ਸਦਰ ਮਾਦੂਰੋ ਨੂੰ ਅਗਵਾ ਕੀਤਾ ਗਿਆ ਅਤੇ ਹੁਣ ਵੈਨੇਜ਼ੁਏਲਾ ਦੀ ਸਰਕਾਰ ਅਮਰੀਕੀ ਸਾਮਰਾਜ ਅੱਗੇ ਗੋਡੇ ਟੇਕ ਚੁੱਕੀ ਹੈ। ਟਰੰਪ ਹਕੂਮਤ ਮਾਦੁਰੋ ਨੂੰ ਅਗਵਾ ਕਰਕੇ ਖਿੱਤੇ ਵਿੱਚ ਇੱਕ ਤਰ੍ਹਾਂ ਦੀ ਮਿਸਾਲ ਕਾਇਮ ਕਰਨਾ ਚਾਹੁੰਦੀ ਸੀ ਕਿ ਉਸਦੇ ਵਿਰੋਧ ਵਿੱਚ ਰੂਸ-ਚੀਨ ਧੁਰੀ ਦੀ ਹਮਾਇਤ ਕਰਨ ਦਾ ਕੀ ਸਿੱਟਾ ਨਿੱਕਲ਼ੇਗਾ। ਕਿਊਬਾ ਦੇ ਨਵੇਂ ਆਰਥਿਕ ਸੁਧਾਰ ਕਿਊਬਾ ਦੇ ਹਾਕਮਾਂ ਵੱਲੋਂ ਕਿਊਬਾ ਵਿੱਚ ਕਿਸੇ ਵੀ ਤਰ੍ਹਾਂ ਦੀ ਆਰਥਿਕ ਯੋਜਨਾ, ਰਾਜ ਵੱਲੋਂ ਅਰਥਚਾਰੇ ਦੇ ਕੰਟਰੋਲ, ਯੋਜਨਾ ਤਹਿਤ ਨਿਵੇਸ਼ ਨੂੰ ਖਤਮ ਕਰਕੇ, ਪੂਰੀ ਤਰ੍ਹਾਂ ਨਾਲ਼ ਮੰਡੀ ਉੱਪਰ ਨਿਰਭਰ ਅਰਥਚਾਰੇ ਦੀ ਉਸਾਰੀ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਵੈਸੇ ਕਿਊਬਾ ਵਿੱਚ ਪਹਿਲਾਂ ਹੀ ਇਸ ਤਰ੍ਹਾਂ ਦੀ ਯੋਜਨਾ ਦਾ ਕੋਈ ਖਾਸ ਮਤਲਬ ਨਹੀਂ ਸੀ। ਦੂਜਾ, ਵਿਦੇਸ਼ੀ ਵਪਾਰ ਉੱਪਰ ਰਾਜ ਦੀ ਅਜਾਰੇਦਾਰੀ ਖਤਮ, ਜਨਤਕ ਸਨਅਤ ਦਾ ਨਿੱਜੀਕਰਨ, ਨਿੱਜੀ ਬੈਂਕਾਂ ਨੂੰ ਖੁੱਲ੍ਹ, ਰਾਜਕੀ ਅਤੇ ਨਿੱਜੀ ਸਨਅਤ ਨੂੰ ਮਰਜ਼ੀ ਮੁਤਾਬਕ ਆਪਣੇ ਫੈਸਲੇ ਲੈਣ ਦੀ ਅਜਾਦੀ, ਹਰ ਤਰ੍ਹਾਂ ਦੇ ਵਿਦੇਸ਼ੀ ਸਰਮਾਏ ਨੂੰ ਨਿਵੇਸ਼ ਦੀ ਖੁੱਲ੍ਹ ਅਤੇ ਖਾਸ ਛੋਟਾਂ, ਬਰਖਾਸਤਗੀ ਦੇ ਨਿਯਮਾਂ ਵਿੱਚ ਢਿੱਲ ਅਤੇ ਤਿੰਨ ਤੋਂ ਛੇ ਮਹੀਨਿਆਂ ਦੇ ਵਿਚਕਾਰ ਰਹਿਣ ਵਾਲ਼ੇ ਬੇਰੁਜਗਾਰੀ ਭੱਤੇ ਦੀ ਸ਼ੁਰੂਆਤ ਆਦਿ ਇਹਨਾਂ ਵਿੱਚੋਂ ਪ੍ਰਮੁੱਖ ਬਦਲਾਅ ਹਨ। ਕਿਊਬਾ ਦੇ ਹਾਕਮਾਂ ਦੀ ਇਸ ਨੀਤੀ ਨੂੰ ਵੇਖ ਕੇ, ਮਹਾਂ-ਪਿਛਾਖੜੀ ਸਰਮਾਏਦਾਰਾ 'ਇਕੋਨੋਮਿਸਟ' ਮੈਗਜੀਨ ਨੇ ਵੀ ਕਿਊਬਾ ਵਿੱਚ "ਇਨਕਲਾਬੀ" ਬਦਲਾਅ ਦੀ ਆਸ ਜਾਹਰ ਕੀਤੀ ਹੈ। ਹਾਸੋ-ਹੀਣੀ ਗੱਲ ਇਹ ਹੈ ਕਿ ਸਰਕਾਰ ਦੇ ਇੱਕ ਮੰਤਰੀ ਨੇ ਕਿਹਾ ਹੈ ਕਿ ਮੁਨਾਫ਼ਾ ਅਧਾਰਤ ਨਿੱਜੀ ਸਨਅਤੀ ਅਦਾਰੇ ਵੀ ਸਮਾਜਵਾਦੀ ਹੋ ਸਕਦੇ ਹਨ! ਕਿਊਬਾ ਦੇ ਸਦਰ ਡਿਆਜ-ਕੈਨਲ ਨੇ ਕਿਊਬਾ ਦੇ ਅਰਥਸ਼ਾਸਤਰੀਆਂ ਨੂੰ ਇਨ੍ਹਾਂ ਸੁਧਾਰਾਂ 'ਤੇ ਸਲਾਹ ਦੇਣ ਲਈ ਸੱਦਾ ਦਿੱਤਾ ਹੈ। ਇਹਨਾਂ ਵਿੱਚੋਂ ਉਮਰ ਐਵਰਲੇਨੀ ਅਤੇ ਟਰੀਆਨਾ ਕੋਰਡੋਵੀ ਹਨ, ਜੋ ਲੱਗਭੱਗ 20 ਸਾਲਾਂ ਤੋਂ, ਕਿਊਬਾ ਦੇ ਅਰਥਚਾਰੇ ਦੇ ਅਧਿਐਨ ਕੇਂਦਰ ਨਾਮ ਦੀ ਇੱਕ ਸੰਸਥਾ ਚਲਾ ਰਹੇ ਹਨ ਜਿਸ ਵਿੱਚ ਉਹ ਕਿਊਬਾ ਵਿੱਚ ਚੀਨ ਅਤੇ ਵੀਅਤਨਾਮੀ ਮਾਰਗ ਦੀ ਵਕਾਲਤ ਕਰ ਰਹੇ ਹਨ। ਇਸ ਸਭ ਵਿੱਚ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਕਿਊਬਾ ਦੇ ਅਰਥਚਾਰੇ ਵਿੱਚ ਜੇਕਰ ਨਿੱਜੀ ਸਰਮਾਏਦਾਰ ਪੈਦਾ ਹੁੰਦੇ ਵੀ ਹਨ (ਉਹ ਪਹਿਲਾਂ ਤੋਂ ਹੀ ਮੌਜੂਦ ਹਨ) ਤਾਂ ਉਹ ਵੀ ਲੋਕਾਂ ਦੀ ਭਲਾਈ ਲਈ ਕੰਮ ਕਰਨਗੇ ਜੋ ਕਿ ਇੱਕ ਮੁਨਾਫ਼ਾ ਅਧਾਰਤ ਪ੍ਰਬੰਧ ਵਿੱਚ ਇੱਕ ਬਚਕਾਨੀ ਖੁਸ਼ਫ਼ਹਿਮੀ ਜਾਂ ਲੋਕਾਂ ਨੂੰ ਮੂਰਖ ਬਣਾਉਣ ਦੀ ਇੱਕ ਸ਼ਾਤਰ ਚਾਲ ਤੋਂ ਬਿਨਾਂ ਹੋਰ ਕੁਝ ਨਹੀਂ ਹੈ।

ਕਿਊਬਾ ਉੱਪਰ ਦਮਘੋਟੂ ਅਮਰੀਕੀ ਨਾਕਾਬੰਦੀ ਕਿਊਬਾ ਪਿਛਲੇ 60 ਸਾਲਾਂ ਤੋਂ ਅਮਰੀਕੀ ਨਾਕਾਬੰਦੀ ਝੱਲ ਰਿਹਾ ਹੈ। ਕਿਊਬਾ ਦਾ ਅਰਥਚਾਰਾ ਵਿਭਿੰਨਤਾ ਵਾਲ਼ਾ ਨਹੀਂ ਹੈ ਤੇ ਇਸ ਨੂੰ ਕਈ ਜ਼ਰੂਰੀ ਵਸਤਾਂ ਲਈ ਹੋਰਾਂ ਮੁਲਕਾਂ ਉੱਤੇ ਨਿਰਭਰ ਹੋਣਾ ਪੈਂਦਾ ਹੈ। ਇਸੇ ਕਾਰਨ ਅਮਰੀਕਾ ਦੀ ਆਰਥਿਕ ਨਾਕਾਬੰਦੀ ਨੇ ਇਸ ਉੱਤੇ ਭੈੜਾ ਅਸਰ ਪਾਇਆ ਹੈ। ਵੈਨੇਜੁਏਲਾ ਦੇ ਅਮਰੀਕੀ ਪ੍ਰਭਾਵ ਵਿੱਚ ਆਉਣ ਨਾਲ਼ ਕਿਊਬਾ ਦੇ ਤੇਲ ਦੀਆਂ ਲੋੜਾਂ ਪੂਰੀਆਂ ਕਰਨ ਵਾਲ਼ਾ ਇੱਕ ਵੱਡਾ ਸਰੋਤ ਹੁਣ ਖਤਮ ਹੋ ਚੁੱਕਾ ਹੈ। ਟਰੰਪ ਦੀ ਧਮਕੀ ਤੋਂ ਡਰ ਕੇ, ਮੈਕਸੀਕੋ ਨੇ ਵੀ ਕਿਊਬਾ ਨੂੰ ਤੇਲ ਦੀ ਬਰਾਮਦ ਫਿਲਹਾਲ ਰੋਕ ਦਿੱਤੀ ਹੈ। ਦੂਜੇ ਹੱਥ, ਰੂਸ ਨੇ ਕਿਊਬਾ ਨੂੰ ਤੇਲ ਦੀ ਬਰਾਮਦ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਪਰ ਇਹ ਸਰੋਤ ਵੀ ਕਿਊਬਾ ਦੀਆਂ ਲੋੜਾਂ ਲਈ ਕਾਫੀ ਨਹੀਂ ਹੈ ਅਤੇ ਨਾ ਹੀ ਰੂਸ ਫਿਲਹਾਲ ਇਸ ਖਿੱਤੇ ਵਿੱਚ ਅਮਰੀਕਾ ਨਾਲ਼ ਸਿੱਧਾ ਉਲਝਦਾ ਦਿਖਦਾ ਹੈ। ਚੀਨ ਨੇ ਵੀ ਕਮਜੋਰ ਜਿਹੀ ਅਪੀਲ ਤੋਂ ਬਿਨਾਂ ਕੁਝ ਖਾਸ ਨਹੀਂ ਕੀਤਾ ਹੈ। ਵੈਸੇ ਵੀ, ਰੂਸ ਅਤੇ ਚੀਨ ਵੀ ਸਾਮਰਾਜੀ ਮੁਲਕ ਹਨ ਅਤੇ ਆਪਣੇ ਹਿੱਤਾਂ ਨੂੰ ਹੀ ਪਹਿਲ ਦਿੰਦੇ ਹਨ। ਇਨ੍ਹਾਂ ਤੋਂ ਕਿਸੇ ਲੋਕ ਪੱਖੀ ਕਦਮ ਦੀ ਉਮੀਦ ਰੱਖਣਾ ਵੀ ਬੇਵਕੂਫ਼ੀ ਹੋਵੇਗੀ। ਕਿਊਬਾ ਦੀ ਲੋਕਾਈ ਅਮਰੀਕੀ ਨਾਕਾਬੰਦੀ ਕਾਰਨ ਬਹੁਤ ਔਖੇ ਸਮੇਂ ਵਿੱਚੋਂ ਲੰਘ ਰਹੀ ਹੈ। ਮੁਲਕ ਵਿੱਚ ਤੇਲ, ਕੋਲ਼ੇ ਅਤੇ ਹੋਰ ਊਰਜਾ ਸਰੋਤਾਂ ਦੀ ਘਾਟ ਕਾਰਨ, ਸਨਅਤ ਰੁਕੀ ਹੋਈ ਹੈ। ਦੇਸ਼ ਦਾ ਜਰਜਰ ਹੋ ਚੁੱਕਿਆ ਬੁਨਿਆਦੀ ਢਾਂਚਾ ਅਤੇ ਖ਼ਾਸਕਰ ਬਿਜਲੀ ਦਾ ਗਰਿੱਡ ਬਹੁਤ ਹੀ ਬੁਰੀ ਹਾਲਤ ਵਿੱਚ ਹੈ। ਇਸੇ ਸਾਲ ਹੀ ਇਹ ਕਈ ਵਾਰ ਫੇਲ੍ਹ ਹੋ ਚੁੱਕਾ ਹੈ ਅਤੇ ਕਈ ਵਾਰ ਤਾਂ 24 ਘੰਟੇ ਤੋਂ ਵੀ ਵੱਧ ਸਮੇਂ ਦੇ ਬਿਜਲੀ ਦੇ ਕੱਟ ਲੱਗ ਰਹੇ ਹਨ। ਕਿਊਬਾ ਦੀ ਆਮਦਨ ਦਾ ਵੱਡਾ ਸਾਧਨ ਸੈਰ-ਸਪਾਟਾ ਵੀ ਅਮਰੀਕੀ ਪਬੰਦੀਆਂ ਕਾਰਨ ਠੱਪ ਹੈ। ਲੱਗਭੱਗ ਸਾਰੇ ਵੱਡੇ ਹੋਟਲ ਬੰਦ ਹਨ। ਇੰਡੋਨੇਸ਼ੀਆ, ਕਨੇਡਾ, ਬਰਤਾਨੀਆ ਆਦਿ ਨੇ ਅਮਰੀਕੀ ਦਬਾਅ ਕਾਰਨ, ਕਿਊਬਾ ਦੇ ਹੋਟਲਾਂ ਨਾਲ਼ ਹੋਏ ਕਰਾਰਨਾਮੇ ਤੋੜ ਦਿੱਤੇ ਹਨ। ਕਨੇਡਾ ਦੀ ਇੱਕ ਖਣਿਜ ਕੰਪਨੀ ਨੇ ਨਿੱਕਲ ਦੀ ਖਾਣ ਬੰਦ ਕਰਕੇ ਕਿਊਬਾ ਦੀ ਸਰਕਾਰ ਦੇ ਆਮਦਨ ਦੇ ਇਸ ਸਾਧਨ ਨੂੰ ਖਤਮ ਕਰ ਦਿੱਤਾ ਹੈ। ਦਬਾਅ ਦੇ ਨਾਲ਼ ਹੀ, ਕਿਊਬਾ ਦੇ ਫੌਜੀ ਜਰਨੈਲਾਂ, ਸੂਹੀਆ ਏਜੰਸੀਆਂ, ਸਨਅਤਕਾਰਾਂ ਅਤੇ ਸਰਕਾਰ ਦੀਆਂ ਅਮਰੀਕੀ ਸਰਮਾਏਦਾਰਾਂ ਨਾਲ਼ ਗੱਲਬਾਤ ਵੀ ਚੱਲ ਰਹੀ ਹੈ। ਮਈ ਦੇ ਅੰਤ ਵਿੱਚ, ਅਮਰੀਕੀ ਕਾਰੋਬਾਰੀ ਅਤੇ ਰ੍ਹੋਡ ਆਈਲੈਂਡ ਦੇ ਗਵਰਨਰ ਲਈ ਟਰੰਪ-ਸਮਰਥਕ ਸਿਆਸੀ ਆਗੂ, ਵਿਕ ਮੇਲੋਰ, "ਕਿਊਬਾ ਦੇ ਕਾਰੋਬਾਰੀਆਂ ਦੇ ਸੱਦੇ 'ਤੇ" ਕਿਊਬਾ ਗਿਆ। ਆਪਣੀ ਫੇਰੀ ਦੌਰਾਨ, ਉਹ ਰਾਉਲ ਕਾਸਤਰੋ (ਫਿਦੇਲ ਕਾਸਤਰੋ ਦਾ ਭਰਾ ਅਤੇ ਕਿਊਬਾ ਦੇ ਇਨਕਲਾਬ ਦਾ ਮੋਹਰੀ ਆਗੂ) ਦੇ ਪੋਤਰੇ ਨਾਲ਼ ਦੋ ਵਾਰ ਮਿਲ਼ਿਆ।

ਰਾਉਲ ਦੇ ਪੋਤਰੇ ਨੇ ਅਮਰੀਕਾ-ਕਿਊਬਾ ਸਬੰਧਾਂ ਨੂੰ ਸੁਧਾਰਨ ਲਈ ਸੰਯੁਕਤ ਅਰਬ ਅਮੀਰਾਤ ਰਾਹੀਂ ਅਮਰੀਕਾ ਨੂੰ ਪਹਿਲਾਂ ਵੀ ਕਈ ਸੁਨੇਹੇ ਭੇਜੇ ਹਨ। ਵਪਾਰ ਅਤੇ ਸੈਰ-ਸਪਾਟਾ ਮੰਤਰੀ, ਕਾਰਲੋਸ ਮੈਂਡੇਜ ਨੇ ਅਮਰੀਕੀ ਸਰਮਾਏਦਾਰਾਂ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕਰਦੇ ਹੋਏ ਕਿਹਾ "ਅਸੀਂ ਚਾਹੁੰਦੇ ਹਾਂ ਕਿ ਅਮਰੀਕੀ ਕਾਰੋਬਾਰੀ ਇਹ ਜਾਣਨ ਅਤੇ ਸਮਝਣ ਕਿ ਕਿਊਬਾ ਇੱਕ ਅਜਿਹਾ ਦੇਸ਼ ਹੈ ਜੋ ਨਿਵੇਸ਼ ਲਈ ਖੁੱਲ੍ਹਾ ਹੈ ਖਣਿਜ, ਸੈਰ-ਸਪਾਟਾ, ਜਾਇਦਾਦ, ਬੈਂਕਿੰਗ ਅਤੇ ਵਿੱਤ ਵਰਗੇ ਖੇਤਰਾਂ ਵਿੱਚ, "ਸਾਡੀਆਂ ਸਰਕਾਰਾਂ ਦਰਮਿਆਨ ਕੁਝ ਮਤਭੇਦ ਹਨ ਜੋ ਵਪਾਰਕ ਭਾਈਚਾਰੇ ਨੂੰ ਕਿਊਬਾ ਦੀ ਆਰਥਿਕਤਾ ਵਿੱਚ ਹਿੱਸਾ ਲੈਣ ਤੋਂ ਨਹੀਂ ਰੋਕਣਗੇ।"ਸਪੱਸ਼ਟ ਹੈ, ਕਿਊਬਾ ਦੇ ਹਾਕਮ, ਆਪਣੀ ਸਿਆਸੀ ਅਜਾਦੀ ਕਾਇਮ ਰੱਖਦੇ ਹੋਏ, ਅਮਰੀਕੀ ਸਰਮਾਏ ਨੂੰ ਖੁੱਲ੍ਹੇ ਤੌਰ 'ਤੇ ਕਿਊਬਾ ਵਿੱਚ ਨਿਵੇਸ਼ ਦੀ ਖੁੱਲ੍ਹ ਦੇਣ ਲਈ ਤਿਆਰ ਹਨ। ਅਮਰੀਕੀ ਸਾਮਰਾਜੀ ਲਾਤੀਨੀ ਅਮਰੀਕਾ ਨੂੰ ਨਿਰੋਲ ਆਪਣਾ ਪ੍ਰਭਾਵ ਖੇਤਰ ਸਮਝਦੇ ਹਨ। ਇਹ ਖਿੱਤਾ ਲੰਬੇ ਸਮੇਂ ਤੋਂ ਅਮਰੀਕਾ ਦੇ ਜੁਲਮਾਂ ਦਾ ਸ਼ਿਕਾਰ ਰਿਹਾ ਹੈ। ਜਦੋਂ ਹੀ ਇਹਨਾਂ ਮੁਲਕਾਂ ਵਿੱਚ ਕੋਈ ਵੀ ਸਰਕਾਰ, ਅਮਰੀਕਾ ਵਿਰੁੱਧ ਥੋੜ੍ਹੀ ਜਿਹੀ ਵੀ ਚੂੰ ਕਰਦੀ ਹੈ ਤਾਂ ਅਮਰੀਕਾ ਇਸਨੂੰ ਬਦਲਣ ਲਈ ਪੱਬਾਂ ਭਾਰ ਰਹਿੰਦਾ ਹੈ। ਇਨਕਲਾਬੀ ਸਮਾਜਵਾਦੀ ਲਹਿਰਾਂ ਤਾਂ ਦੂਰ ਦੀ ਗੱਲ, ਇੱਥੇ ਫੋਕੀ ਸੁਧਾਰਵਾਦੀ ਹਕੂਮਤ ਵੀ ਅਮਰੀਕਾ ਨੂੰ ਬਰਦਾਸ਼ਤ ਨਹੀਂ ਹੈ। ਇਸ ਤੋਂ ਬਿਨਾਂ, ਇਸ ਖਿੱਤੇ ਵਿੱਚ ਕਿਸੇ ਵੀ ਹੋਰ ਸਾਮਰਾਜੀ ਤਾਕਤ ਦੇ ਦਖਲ ਨੂੰ ਅਮਰੀਕਾ ਰੋਕਦਾ ਹੈ। ਟਰੰਪ ਹਕੂਮਤ ਦੀ ਜਨਤਕ ਹੋਈ ਨਵੀਂ ਕੌਮੀ ਸੁਰੱਖਿਆ ਨੀਤੀ (ਅਸਲ ਵਿੱਚ ਨਵੀਂ ਸਾਮਰਾਜੀ ਯੁੱਧਨੀਤੀ) ਮੁਤਾਬਕ ਪੂਰਾ ਪੱਛਮੀ ਅਰਧ ਗੋਲ਼ਾ ਜਿਸ ਵਿੱਚ ਪੂਰਾ ਲਾਤੀਨੀ ਅਮਰੀਕਾ ਆਉਂਦਾ ਹੈ, ਸੰਯੁਕਤ ਰਾਜ ਅਮਰੀਕਾ ਦਾ ਪ੍ਰਭਾਵ ਖੇਤਰ ਹੈ ਅਤੇ ਇੱਥੇ ਰੂਸ ਅਤੇ ਚੀਨ ਦੀ ਸਾਮਰਾਜੀ ਧੁਰੀ ਦੇ ਦਖਲ ਨੂੰ ਹਮਲਾਵਰ ਢੰਗ ਨਾਲ਼ ਰੋਕਿਆ ਜਾਵੇਗਾ। ਇਹਦੇ ਲਈ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿੱਚ ਅਮਰੀਕਾ ਪੱਖੀ ਹਕੂਮਤਾਂ ਬਣਾਉਣ ਦੀ ਲੋੜ ਪਵੇਗੀ। ਇਸ ਕੰਮ ਲਈ ਆਰਥਿਕ ਪਬੰਦੀਆਂ ਅਤੇ ਜੇਕਰ ਲੋੜ ਪਈ ਤਾਂ ਫੌਜੀ ਤਾਕਤ ਦੀ ਵੀ ਵਰਤੋਂ ਕੀਤੀ ਜਾਵੇਗੀ। ਇਸੇ ਨੀਤੀ ਤਹਿਤ ਕੁਝ ਮਹੀਨੇ ਪਹਿਲਾਂ ਵੈਨੇਜੁਏਲਾ ਦੇ ਸਦਰ ਨੂੰ ਅਗਵਾ ਕਰਕੇ ਵੈਨੇਜੁਏਲਾ ਨੂੰ ਅਮਰੀਕਾ ਪੱਖੀ ਆਰਥਿਕ ਫੈਸਲੇ ਲੈਣ ਲਈ ਮਜਬੂਰ ਕੀਤਾ ਗਿਆ। ਅਮਰੀਕੀ ਹਾਕਮ ਜਮਾਤ ਵਿੱਚ ਕਿਊਬਾ ਪ੍ਰਤੀ ਨੀਤੀ ਬਾਰੇ ਕਈ ਮਤਭੇਦ ਹਨ। ਟਰੰਪ ਹਕੂਮਤ ਦਾ ਵਿਦੇਸ਼ ਮੰਤਰੀ ਮਾਰਕੋ ਰੂਬੀਓ ਕਿਊਬਾ ਵਿੱਚ ਮੁਕੰਮਲ ਤੌਰ 'ਤੇ ਨਵੀਂ ਸਰਕਾਰ ਚਾਹੁੰਦਾ ਹੈ ਜਦਕਿ ਟਰੰਪ ਨਿਵੇਸ਼ ਦੀਆਂ ਖੁੱਲ੍ਹਾਂ, ਰੂਸੀ-ਚੀਨੀ ਸਾਮਰਾਜੀ ਧੁਰੀ ਨੂੰ ਕਿਊਬਾ ਵਿੱਚੋਂ ਬਾਹਰ ਕੱਢਣ ਤੱਕ ਹੀ ਸੋਚਦਾ ਹੈ। ਅਮਰੀਕਾ ਵਿੱਚ ਕਈ ਹਾਕਮ ਜਮਾਤੀ ਬੁੱਧੀਜੀਵੀ ਵੀ ਅਮਰੀਕਾ ਦੇ ਕਿਊਬਾ ਉੱਪਰ ਕੀਤੀ ਜਾ ਰਹੀ ਆਰਥਿਕ ਨਾਕਾਬੰਦੀ ਨਾਲ਼ ਸਹਿਮਤ ਨਹੀਂ ਹਨ। ਉਦਾਹਰਨ ਵਜੋਂ, ਅਮਰੀਕੀ ਰਸਾਲੇ "ਦਾ ਹਿੱਲ" ਵਿੱਚ ਛਪੇ ਇੱਕ ਲੇਖ ਮੁਤਾਬਕ, ਅਮਰੀਕੀ ਹਾਕਮਾਂ ਨੂੰ ਕਿਊਬਾ ਉਪਰ ਹੱਦੋਂ ਵੱਧ ਦਬਾਅ ਨਹੀਂ ਪਾਉਣਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਕਿਊਬਾ ਦੀ ਸਰਕਾਰ, ਲੋਕਾਂ ਨੂੰ ਪੇਸ਼ ਆ ਰਹੀਆਂ ਔਖਿਆਈਆਂ ਲਈ ਅਮਰੀਕਾ ਨੂੰ ਜਿੰਮੇਵਾਰ ਹੋਣ ਦਾ ਪ੍ਰਚਾਰ ਕਰੇਗੀ ਜਿਸ ਨਾਲ਼ ਲੋਕਾਂ ਵਿੱਚ ਅਮਰੀਕਾ ਖ਼ਿਲਾਫ਼ ਹੋਰ ਗੁੱਸਾ ਭੜਕ ਸਕਦਾ ਹੈ ਅਤੇ ਕਿਊਬਨ ਹਕੂਮਤ ਦੀ ਉਮਰ ਲੰਬੀ ਹੋ ਸਕਦੀ



ਹੈ। ਕੁੱਲ ਮਿਲਾ ਕੇ ਅਮਰੀਕੀ ਹਾਕਮ ਜਮਾਤ ਦੇ ਸਾਰੇ ਧੜੇ ਕਿਊਬਾ ਦੀ ਲੋਕਾਈ ਦੀ ਲੁੱਟ ਕਰਨ ਲਈ ਕਾਹਲੇ ਹਨ, ਬੱਸ ਉਹਨਾਂ ਦੇ ਢੰਗਾਂ ਵਿੱਚ ਫਰਕ ਹੈ। ਇਸੇ ਕਾਰਨ, ਕਿਊਬਾ ਵੀ ਅਮਰੀਕੀ ਪਾਬੰਦੀਆਂ ਖ਼ਿਲਾਫ਼ ਸੰਯੁਕਤ ਰਾਸ਼ਟਰ ਵਿੱਚ ਚਰਚਾ ਲਈ ਮਤਾ ਲੈ ਕੇ ਆਇਆ ਹੈ ਜੋ ਪਾਸ ਵੀ ਹੋ ਗਿਆ ਹੈ ਪਰ ਇਸਦੇ ਨਾਲ਼ ਕੋਈ ਵੀ ਗੁਣਾਤਮਕ ਫਰਕ ਨਹੀਂ ਆਉਣ ਵਾਲ਼ਾ। ਇਹ ਤਾਂ ਆਉਣ ਵਾਲ਼ਾ ਸਮਾਂ ਦੱਸੇਗਾ ਕਿ ਅਮਰੀਕੀ ਹਾਕਮ, ਕਿਊਬਾ ਦੇ ਹਾਕਮਾਂ ਦੇ ਗੋਡੇ ਟੇਕਣ ਅਤੇ ਆਰਥਿਕ ਸੁਧਾਰਾਂ ਨਾਲ਼ ਹੀ ਸੰਤੁਸ਼ਟ ਹੋ ਜਾਂਦੇ ਹਨ ਜਾਂ ਇਹ ਕਿਊਬਾ ਵਿੱਚ ਮੁਕੰਮਲ ਸਿਆਸੀ ਬਦਲਾਅ ਚਾਹੁੰਦੀ ਹੈ। ਦੋਹਾਂ ਹੀ ਹਾਲਤਾਂ ਵਿੱਚ, ਕਿਊਬਾ ਦੀ ਲੋਕਾਈ ਨੂੰ ਹੀ ਲੁੱਟ-ਜਬਰ ਦਾ ਸਾਹਮਣਾ ਕਰਨਾ ਪਵੇਗਾ। ਕੀ ਕਿਊਬਾ ਵਿੱਚ ਸਮਾਜਵਾਦ ਹੈ? ਕੀ ਕਿਊਬਾ ਸਮਾਜਵਾਦੀ ਦੇਸ਼ ਹੈ? ਕਿਊਬਾ ਕਿਸੇ ਵੀ ਤਰ੍ਹਾਂ ਨਾਲ਼ ਇੱਕ ਸਮਾਜਵਾਦੀ ਦੇਸ਼ ਨਹੀਂ ਹੈ ਅਤੇ ਇਹ ਇਤਿਹਾਸ ਵਿੱਚ ਵੀ ਕਦੀ ਸਮਾਜਵਾਦੀ ਨਹੀਂ ਰਿਹਾ ਹੈ।

ਕਿਊਬਾ ਵਿੱਚ 1959 ਦਾ ਇਨਕਲਾਬ ਇੱਕ ਜਮਹੂਰੀ ਇਨਕਲਾਬ ਸੀ ਜੋ ਇੱਕ ਅਮਰੀਕੀ ਸਾਮਰਾਜ ਦੀ ਦਲਾਲ ਹਕੂਮਤ ਵਿਰੁੱਧ ਹੋਇਆ ਸੀ। ਇਸ ਇਨਕਲਾਬ ਦੀ ਅਗਵਾਈ ਮਜਦੂਰ ਜਮਾਤ ਅਤੇ ਉਸਦੀ ਪਾਰਟੀ ਦੇ ਹੱਥ ਨਹੀਂ ਸਗੋਂ ਕੌਮਵਾਦੀਆਂ ਦੇ ਹੱਥ ਵਿੱਚ ਸੀ। ਕਾਸਟਰੋ ਅਤੇ ਉਸਦੇ ਸਾਥੀ ਐਲਾਨੀਆਂ ਤੌਰ 'ਤੇ ਕਮਿਊਨਿਸਟ ਨਹੀਂ ਸਨ। ਸਾਲ 1961 ਤੱਕ ਕਾਸਟਰੋ ਅਮਰੀਕੀ ਹਮਾਇਤ ਅਤੇ ਆਰਥਿਕ ਮੱਦਦ ਲਈ ਕੋਸ਼ਿਸ਼ ਕਰਦਾ ਰਿਹਾ ਜੋ ਉਸਨੂੰ ਨਹੀਂ ਮਿਲ਼ੀ ਕਿਉਂਕਿ ਅਮਰੀਕੀ ਹਾਕਮ ਕਿਊਬਾ ਵਿੱਚ ਪੂਰੀ ਤਰ੍ਹਾਂ ਨਾਲ਼ ਗੋਡੇ ਟੇਕਣ ਵਾਲ਼ੀ ਹਕੂਮਤ ਚਾਹੁੰਦੇ ਸਨ। ਕਾਸਟਰੋ ਕਿਊਬਾ ਦੇ ਹਿੱਤਾਂ ਦੇ ਨਾਲ਼ ਸਮਝੌਤਾ ਕਰਕੇ ਅਮਰੀਕੀ ਮੱਦਦ ਲੈਣ ਲਈ ਰਾਜੀ ਨਹੀਂ ਸੀ। ਪਰ ਇਸਦੇ ਉਲਟ ਉਹ ਆਤਮ-ਨਿਰਭਰ, ਸਮਾਜਵਾਦੀ ਰਾਜ ਬਣਾਉਣ ਦੇ ਪੱਖ ਵਿੱਚ ਵੀ ਨਹੀਂ ਸੀ। ਕਿਊਬਾ ਨੇ ਕਾਮਰੇਡ ਸਤਾਲਿਨ ਦੀ ਮੌਤ ਤੋਂ ਬਾਅਦ ਰੰਗ ਬਦਲ ਚੁੱਕੇ, ਸਾਮਰਾਜੀ ਸੋਵੀਅਤ ਯੂਨੀਅਨ ਕੋਲ਼ ਮੱਦਦ ਲੈਣ ਦਾ ਰਾਹ ਚੁਣਿਆ। ਇਸ ਤੋਂ ਬਾਅਦ ਹੀ ਕਿਊਬਾ ਵਿੱਚ ਕਮਿਊਨਿਸਟ ਪਾਰਟੀ (ਜੋ ਬੱਸ ਨਾਮ ਵਿੱਚ ਹੀ ਕਮਿਊਨਿਸਟ ਸੀ) ਬਣਾਈ ਗਈ ਜੋ ਕਿ ਸ਼ੁਰੂ ਤੋਂ ਹੀ ਮਜਦੂਰ ਜਮਾਤ ਦੇ ਹਿੱਤਾਂ ਦੀ ਨੁਮਾਇੰਦਗੀ ਨਹੀਂ ਕਰਦੀ ਸੀ ਸਗੋਂ ਕਿਊਬਾ ਵਿੱਚ ਇੱਕ ਰਾਜਕੀ ਸਰਮਾਏਦਾਰੀ ਦੀ ਉਸਾਰੀ ਕਰ ਰਹੀ ਸੀ। ਹਾਲ ਇਹ ਸੀ ਕਿ ਸਾਲ 1975 ਤੱਕ ਇਸ ਪਾਰਟੀ ਦੀ ਪਹਿਲੀ ਕਾਂਗਰਸ ਤੱਕ ਨਹੀਂ ਹੋਈ। ਭਾਵੇਂ ਕਿਊਬਾ ਵਿੱਚ ਆਮ ਲੋਕਾਂ ਲਈ ਸਿਹਤ ਸਹੂਲਤਾਂ, ਸਿੱਖਿਆ ਆਦਿ ਵਿੱਚ ਕਈ ਸੁਧਾਰ ਕੀਤੇ ਗਏ ਜੋ ਇੰਨੀਆਂ ਔਖੀਆਂ ਹਾਲਤਾਂ ਵਿੱਚ ਕਰਨ ਕਾਰਨ ਜਰੂਰ ਹੀ ਅਗਾਂਹਵਧੂ ਹਨ ਪਰ ਸਿਰਫ ਚੰਗੀਆਂ ਸਿਹਤ ਸੇਵਾਵਾਂ ਅਤੇ ਸਿੱਖਿਆ ਸੁਧਾਰਾਂ ਲਈ ਹੀ ਕਿਊਬਾ ਨੂੰ ਸਮਾਜਵਾਦੀ ਕਹਿਣਾ ਭੁੱਲ ਹੋਵੇਗੀ। ਕਿਊਬਾ ਵਿੱਚ ਸਿਆਸੀ ਤਾਕਤ ਮਜਦੂਰ ਜਮਾਤ ਦੇ ਹੱਥ, ਆਪਣੀ ਪਾਰਟੀ ਦੇ ਜਰੀਏ ਨਹੀਂ ਸੀ ਸਗੋਂ, ਇੱਕ ਨੌਕਰਸ਼ਾਹ, ਕੌਮਵਾਦੀ ਪਾਰਟੀ ਦੇ ਹੱਥ ਵਿੱਚ ਸੀ ਜੋ ਸਮਾਜਵਾਦ ਨਹੀਂ, ਰਾਜਕੀ ਸਰਮਾਏਦਾਰੀ ਉਸਾਰ ਰਹੀ ਸੀ। ਕੁਝ ਹੱਦ ਤੱਕ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਕਦਮ ਚੁੱਕੇ ਗਏ ਪਰ ਪੈਦਾਵਾਰ ਮੁਨਾਫ਼ਾ ਅਧਾਰਤ ਰਹੀ, ਉਜਰਤੀ ਮਜਦੂਰੀ ਨੂੰ ਖਤਮ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੋਈ, ਮਜਦੂਰਾਂ ਨੂੰ ਖੁਦ, ਸਨਅਤ, ਰਾਜਕੀ ਸੰਸਥਾਵਾਂ ਚਲਾਉਣ ਲਈ ਸਿੱਖਿਅਤ ਕਰਨ ਦੇ ਯਤਨ ਨਹੀਂ ਹੋਏ। ਸਾਮਰਾਜੀ ਸੋਵੀਅਤ ਯੂਨੀਅਨ ਉੱਪਰ ਹੱਦੋਂ ਵੱਧ ਨਿਰਭਰਤਾ ਕਾਰਨ, ਕਿਊਬਾ ਨੇ ਆਪਣੀ ਸਨਅਤ ਵਿੱਚ ਵਿਭਿੰਨਤਾ ਲਿਆਉਣ ਦੀ ਥਾਵੇਂ, ਖੰਡ ਦੀ ਪੈਦਾਵਾਰ ਉੱਪਰ ਹੀ ਜੋਰ ਰੱਖਿਆ। ਇਹ ਕਿਊਬਾ ਵਲੋਂ ਲਾਗੂ ਕੀਤੇ ਜਾ ਰਹੇ ਰਾਜਕੀ ਸਰਮਾਏਦਾਰੀ ਦੇ ਮਾਡਲ ਵਿੱਚ ਹੋਣਾ ਹੀ ਸੀ। ਸਾਲ 1991 ਵਿੱਚ ਸਮਾਜੀ-ਸਾਮਰਾਜੀ ਸੋਵੀਅਤ ਯੂਨੀਅਨ ਦੇ ਖਿੰਡ ਜਾਣ ਤੋਂ ਬਾਅਦ, ਕਿਊਬਾ ਲਈ ਵਿਦੇਸ਼ੀ ਫੌਜੀ ਅਤੇ ਆਰਥਿਕ ਮੱਦਦ ਕਾਫੀ ਘੱਟ ਹੋ ਗਈ। ਇਸ ਹਾਲਤ ਵਿੱਚ ਕਿਊਬਾ ਨੇ ਰਾਜਕੀ ਜਾਇਦਾਦ ਦਾ ਨਿੱਜੀਕਰਨ ਕੀਤਾ, ਪੈਦਾਵਾਰ ਵਿੱਚ ਨਿੱਜੀ ਸਰਮਾਏਦਾਰੀ ਦਾ ਦਖਲ ਵਧਿਆ। ਕਿਊਬਾ ਨੇ ਸਾਮਰਾਜੀ ਸਰਮਾਏ ਦੇ ਨਿਵੇਸ਼ ਨੂੰ ਖੁੱਲ੍ਹ ਦੇਣ ਤੋਂ ਲੈ ਕੇ, ਸਰਮਾਏਦਾਰਾ ਚੀਨ ਦੀ ਤਰਜ 'ਤੇ, ਮਜਦੂਰਾਂ ਦੀ ਲੁੱਟ ਨੂੰ ਬੇਕਿਰਕ ਅਤੇ ਹੋਰ ਵਧੇਰੇ ਖੁੱਲ੍ਹੀ ਬਣਾਉਣ ਲਈ ਵਿਸ਼ੇਸ਼ ਆਰਥਿਕ ਖੇਤਰ ਬਣਾਏ। ਵੱਡੇ ਪੱਧਰ ਉੱਪਰ ਮਜਦੂਰਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢ ਕੇ, ਨਿੱਜੀ ਖੇਤਰਾਂ ਵਿੱਚ ਲੁੱਟ ਹੋਣ ਲਈ ਛੱਡ ਦਿੱਤਾ ਗਿਆ ਹੈ।

ਸੈਰ-ਸਪਾਟਾ ਸਨਅਤ ਲੱਗਭੱਗ ਪੂਰੀ ਤਰ੍ਹਾਂ ਨਾਲ਼ ਨਿੱਜੀ ਹੱਥਾਂ ਵਿੱਚ ਕਰ ਦਿੱਤੀ ਗਈ। ਹੁਣ ਕਿਊਬਾ ਅਖੌਤੀ "ਮੰਡੀ-ਸਮਾਜਵਾਦ" (ਸਰਮਾਏਦਾਰੀ) ਤੋਂ ਹੀ ਬਹੁਤ ਤੇਜੀ ਨਾਲ਼ ਖੁੱਲ੍ਹੇ ਰੂਪ ਵਿੱਚ ਸਰਮਾਏਦਾਰਾ ਦੇਸ਼ ਵਿੱਚ ਤਬਦੀਲ ਹੋ ਚੁੱਕਾ ਹੈ ਭਾਵੇਂ ਅਜੇ ਵੀ ਲੋਕ ਭਲਾਈ ਸਕੀਮਾਂ ਕੁਝ ਹੱਦ ਤੱਕ ਬਚੀਆਂ ਹੋਈਆਂ ਹਨ। ਇਸ ਲਈ ਇਹ ਕਹਿਣਾ ਭੁੱਲ ਹੋਵੇਗੀ ਕਿ ਕਿਊਬਾ ਵਿੱਚ ਨਵੇਂ ਆਰਥਿਕ ਸੁਧਾਰਾਂ ਰਾਹੀਂ ਸਮਾਜਵਾਦ ਖਤਮ ਹੋ ਰਿਹਾ ਹੈ। ਅਸਲ ਵਿੱਚ ਕਿਊਬਾ, ਰਾਜਕੀ-ਨੌਕਰਸ਼ਾਹ ਸਰਮਾਏਦਾਰੀ ਦੇ ਮਾਡਲ ਤੋਂ, ਖੁੱਲ੍ਹੀ ਮੰਡੀ ਦੇ ਪ੍ਰਬੰਧ ਵੱਲ ਹੋਰ ਤੇਜੀ ਨਾਲ਼ ਵਧ ਰਿਹਾ ਹੈ। ਕਿਊਬਾ ਪਹਿਲਾਂ ਤੋਂ ਹੀ ਇੱਕ ਸਰਮਾਏਦਾਰਾ ਦੇਸ਼ ਹੈ ਜਿੱਥੇ ਹਕੂਮਤ ਮਜਦੂਰ ਜਮਾਤ ਦੇ ਹੱਥ ਨਹੀਂ ਹੈ ਅਤੇ ਨਾ ਕਦੀ ਸੀ। ਕਿਊਬਾ ਦੇ ਹਾਕਮਾਂ ਦੀ ਨਵੀਂ ਆਰਥਿਕ ਨੀਤੀ ਵਿੱਚ ਵੀ, ਨੌਕਰਸ਼ਾਹ-ਸਰਮਾਏਦਾਰੀ ਦਾ ਇੱਕ ਧੜਾ ਪੂਰੀ ਤਰ੍ਹਾਂ ਨਾਲ਼ ਖੁੱਲ੍ਹੀ ਮੰਡੀ ਵਾਲ਼ੀ ਸਰਮਾਏਦਾਰੀ ਨਹੀਂ ਚਾਹੁੰਦਾ ਕਿਉਂਕਿ ਇਸ ਨਾਲ਼ ਉਸਦੇ ਰਾਜ ਅਤੇ ਆਰਥਿਕ ਵਸੀਲਿਆਂ ਉੱਪਰ ਵੀ ਸੱਟ ਵੱਜੇਗੀ। ਨਵੇਂ ਸੁਧਾਰ ਲਾਗੂ ਹੋਣ ਤੋਂ ਪਹਿਲਾਂ ਹੀ ਕਿਊਬਾ ਵਿੱਚ ਪੈਦਾਵਾਰ ਮੁਨਾਫ਼ਾ ਅਧਾਰਤ ਹੁੰਦੀ ਹੈ। ਕਿਊਬਾਈ ਹਾਕਮਾਂ ਵੱਲੋਂ "ਪੈਦਾਵਾਰੀ ਤਾਕਤਾਂ ਨੂੰ ਮੁਕਤ ਕਰਨ"ਦਾ ਅਰਥ, ਸਿੱਧਮ-ਸਿੱਧਾ ਸਰਮਾਏਦਾਰਾ ਖੁੱਲ੍ਹੀ ਮੰਡੀ ਦੇ ਰਾਹ ਵਿੱਚ ਲੱਗੀਆਂ ਮਾੜੀਆਂ-ਮੋਟੀਆਂ ਰੋਕਾਂ ਹਨ ਜੋ ਉਹ ਇਹਨਾਂ ਸੁਧਾਰਾਂ ਰਾਹੀਂ ਖਤਮ ਕਰਨ ਲਈ ਤਿਆਰ ਹਨ। ਬਿਨਾਂ ਸ਼ੱਕ ਸਾਨੂੰ ਕਿਊਬਾ ਉੱਪਰ ਹਰ ਤਰ੍ਹਾਂ ਦੇ ਸਾਮਰਾਜੀ ਹਮਲੇ, ਪਬੰਦੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਇਸਦਾ ਸਭ ਤੋਂ ਵੱਧ ਨੁਕਸਾਨ ਕਿਰਤੀ ਲੋਕਾਂ ਨੂੰ ਝੱਲਣਾ ਪੈਣਾ ਹੈ। ਫਿਲਹਾਲ ਅਮਰੀਕਾ ਆਰਥਿਕ ਨਾਕਾਬੰਦੀ ਰਾਹੀਂ ਕਿਊਬਾ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਰਿਹਾ ਹੈ। ਇਹਨਾਂ ਹਮਲਿਆਂ ਦਾ ਅਸਲ ਅਤੇ ਪ੍ਰਭਾਵੀ ਵਿਰੋਧ ਕਿਊਬਾ ਦੀ ਲੋਕਾਈ ਹੀ ਕਰ ਸਕਦੀ ਹੈ ਤੇ ਇਤਿਹਾਸ ਵਿੱਚ ਵੀ ਇਸਨੇ ਅਮਰੀਕੀ ਸਾਮਰਾਜੀਆਂ ਨੂੰ ਮੂੰਹ ਤੋੜ ਜਵਾਬ ਦਿੱਤਾ ਹੈ ਨਾ ਕਿ ਕਿਊਬਾ ਦੀ ਸੋਧਵਾਦੀ, ਨਕਲੀ ਕਮਿਊਨਿਸਟ ਪਾਰਟੀ ਦੇ ਪਰਦੇ ਹੇਠ ਲੁਕੇ ਸਰਮਾਏਦਾਰੀ ਦੇ ਸੇਵਾਦਾਰ।

**ਲਲਕਾਰ 'ਚੋਂ ਧੰਨਵਾਦ ਸਹਿਤ**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)



ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਊਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142

ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।




# ਡਾ. ਸਾਹਿਬ ਦੇ ਨਾਟਕ 4 ਅਕਤੂਬਰ ਨੂੰ ਕੈਲਗਰੀ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਹੋਣਗੇ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸੱਦੇ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਡਾ. ਸਾਹਿਬ ਸਿੰਘ ਇੱਕ ਵਾਰ ਫਿਰ ਆਪਣੇ ਨਾਟਕ ਲੈ ਕੇ ਕੈਲਗਰੀ ਪਹੁੰਚ ਚੁੱਕੇ ਹਨ ਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ ਨਵੇਂ ਨਾਟਕ "ਕੋਈ ਮੋੜ ਲਿਆਵੋ ਨੀ" ਦੀ ਤਿਆਰੀ ਆਰੰਭ ਕਰ ਦਿੱਤੀ ਹੈ। ਇਹ ਨਾਟਕ ਕੈਨੇਡਾ ਵਿੱਚ ਵਾਪਰੀਆਂ ਫ਼ਿਰੌਤੀ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਨੌਜਵਾਨਾਂ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਤੇ ਮੁਸ਼ਕਲਾਂ ਨੂੰ ਵੀ ਪੇਸ਼ ਕਰੇਗਾ ਤੇ ਗਲਤੀਆਂ 'ਤੇ ਵੀ ਉਂਗਲ ਧਰੇਗਾ। ਇਸ ਨਾਟਕ ਵਿੱਚ 16 ਕਲਾਕਾਰ ਹਿੱਸਾ ਲੈ ਰਹੇ ਹਨ। 4 ਅਕਤੂਬਰ 2026 ਨੂੰ ਇਹ ਨਾਟਕ 'ਬਰਟ ਚਰਚ ਥੀਏਟਰ' Bert Church Theatre Address: ਡੋਰ ਓਪਨ ਬਾ. ਦੁਪਹਿਰ 1.30 ਵਜੇ ਨਾਟਕ 6.00 ਵਜੇ 1000 East Lake Blvd NE, Airdrie, AB T4A 1P6 ਵਿਖੇ ਖੇਡਿਆ ਜਾਵੇਗਾ। ਇਸ ਮੌਕੇ ਡਾ. ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਲੱਛੂ ਕਬਾੜੀਆ" ਦਾ 225ਵਾਂ ਸ਼ੋਅ ਵੀ ਪੇਸ਼ ਕਰਨਗੇ।

ਇਸ ਤੋਂ ਇਲਾਵਾ ਡਾ. ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਤੂੰ ਅਗਲਾ ਵਰਕਾ ਫੋਲ" ਦੀਆਂ ਪੇਸ਼ਕਾਰੀਆਂ ਵੀ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਨਗੇ। 27 ਸਤੰਬਰ ਨੂੰ ਸਰੀ ਦੇ ਤਾਜ ਪਾਰਕ ਕਨਵੈਂਨਸ਼ਨ ਸੈਂਟਰ ਵਿਖੇ ਅਤੇ 10 ਅਕਤੂਬਰ ਨੂੰ ਕੰਵਰ ਫਾਰਮ ਚਿਲਾਵੈਕ ਵਿਖੇ ਇਹ ਨਾਟਕ ਖੇਡਿਆ ਜਾਵੇਗਾ। ਪਿਛਲੇ ਸਾਲਾਂ ਵਿੱਚ ਡਾ. ਸਾਹਿਬ ਸਿੰਘ "ਧਨੁ ਲੇਖਾਰੀ ਨਾਨਕਾ, ਸੰਮਾਂ ਵਾਲੀ ਡਾਂਗ, ਲੱਛੂ ਕਬਾੜੀਆ, ਸੰਦੂਕੜੀ ਖੋਲ੍ਹ ਨਰੈਣਿਆਂ" ਦੀਆਂ ਪੇਸ਼ਕਾਰੀਆਂ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰ ਚੁੱਕੇ ਹਨ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ "ਤੇਰੀ ਕਹਾਣੀ ਮੇਰੀ ਕਹਾਣੀ, ਐੱਲ ਐਮ ਆਈ ਏ, ਬੇਸਮੈਂਟ 'ਚ ਤਰੇੜ ਹੈ" ਨਾਟਕ ਤਿਆਰ ਕਰਵਾ ਕੇ ਕਾਮਯਾਬੀ ਨਾਲ ਖੇਡ ਚੁੱਕੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਮਾ. ਭਜਨ 403-455-4220

